**Reo-Bankowned Properties**
From San Jose to Sacramento
JASSI GILL Broker/Owner
510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969

Jassi Gill
CA DRE# 00966763

**Hardeep S.Rai**
ਇੰਮੀਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੇਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Twelfth Year in Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 52, December 24, 2011 | 20451 N Plum Grove Rd. Palatine, IL 60074 | Ph:847-359-0746, Fax:847-705-9388

## ਸਹਿਜਧਾਰੀਆਂ ਦਾ ਵੋਟ ਦਾ ਹੱਕ ਬਹਾਲ

# ਹਾਈਕੋਰਟ ਵੱਲੋਂ ਕੇਂਦਰ ਦਾ ਨੋਟੀਫਿਕੇਸ਼ਨ ਰੱਦ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਸਹਿਜਧਾਰੀਆਂ ਦੇ ਵੋਟ ਦਾ ਹੱਕ ਬਹਾਲ ਕਰ ਦਿੱਤਾ ਹੈ ਜਿਸ ਨਾਲ ਸਿੱਖਾਂ ਦੀ ਇਹ ਸੰਸਥਾ ਫਿਲਹਾਲ ਨੈਤਿਕ, ਕਾਨੂੰਨੀ ਤੇ ਸਿਆਸੀ ਸੰਕਟ ਵਿਚ ਘਿਰ ਗਈ ਹੈ। ਹਾਈਕੋਰਟ ਨੇ ਭਾਰਤ ਸਰਕਾਰ ਵੱਲੋਂ 8 ਅਕਤੂਬਰ, 2003 ਨੂੰ ਜਾਰੀ ਉਹ ਨੋਟੀਫਿਕੇਸ਼ਨ ਗ਼ੈਰ-ਕਾਨੂੰਨੀ ਕਰਾਰ ਦਿੰਦੇ ਹੋਏ ਖ਼ਾਰਜ ਕਰ ਦਿੱਤਾ ਹੈ ਜੋ ਸਹਿਜਧਾਰੀ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਵੋਟ ਪਾਉਣ ਤੋਂ ਰੋਕਦਾ ਸੀ। ਸਾਲ 2003 ਵਿਚ ਹੀ ਸਹਿਜਧਾਰੀ ਸਿੱਖ ਫ਼ੈਡਰੇਸ਼ਨ ਵੱਲੋਂ ਦਾਇਰ ਰਿੱਟ ਪਟੀਸ਼ਨ ਰਾਹੀਂ ਮੰਗ ਕੀਤੀ ਗਈ ਸੀ ਕਿ ਇਸ ਨੋਟੀਫਿਕੇਸ਼ਨ ਨੂੰ ਰੱਦ ਕੀਤਾ ਜਾਵੇ।

### ਸ਼੍ਰੋਮਣੀ ਕਮੇਟੀ ਹੁਣ ਸੁਪਰੀਮ ਕੋਰਟ ਜਾਵੇਗੀ


ਸ਼੍ਰੋਮਣੀ ਕਮੇਟੀ ਦਾ ਹੈਡ ਕੁਆਰਟਰ-ਤੇਜਾ ਸਿੰਘ ਸਮੁੰਦਰੀ ਹਾਲ

ਸਹਿਜਧਾਰੀ ਸਿੱਖ ਫੈਡਰੇਸ਼ਨ ਵੱਲੋਂ 8 ਅਕਤੂਬਰ, 2003 ਦੇ ਕੇਂਦਰੀ ਨੋਟੀਫਿਕੇਸ਼ਨ ਖ਼ਿਲਾਫ਼ ਦਾਇਰ ਪਟੀਸ਼ਨ ਸਵੀਕਾਰਦਿਆਂ ਅਦਾਲਤ ਨੇ ਨੋਟੀਫਿਕੇਸ਼ਨ ਨੂੰ ਕਾਨੂੰਨੀ ਤੌਰ 'ਤੇ ਮਾੜਾ ਕਰਾਰ ਦਿੰਦਿਆਂ ਕਿਹਾ ਕਿ ਇਹ ਪੰਜਾਬ ਪੁਨਰਗਠਨ ਕਾਨੂੰਨ ਦੀ ਧਾਰਾ 72 ਅਧੀਨ ਨਹੀਂ ਆਉਂਦਾ। ਜਸਟਿਸ ਸੂਰਿਆ ਕਾਂਤ, ਐਮ. ਜਯਾਪਾਲ ਤੇ ਐਮ.ਐਮ.ਐਸ. ਬੇਦੀ ਦੇ ਬੈਂਚ ਨੇ ਆਪਣੇ 128 ਸਫਿਆਂ ਦੇ ਹੁਕਮ ਵਿਚ ਕਿਹਾ ਹੈ ਕਿ ਕੇਂਦਰ ਦਾ ਨੋਟੀਫਿਕੇਸ਼ਨ ਸਿੱਖ ਗੁਰਦੁਆਰਾ ਕਾਨੂੰਨ 1925 ਦੇ ਬੁਨਿਆਦੀ ਖਾਸੇ ਤੋਂ ਉਲਟ ਹੈ। ਯਾਦ ਰਹੇ ਕਿ ਸ਼੍ਰੋਮਣੀ ਕਮੇਟੀ ਦੀਆਂ ਪਿਛਲੀਆਂ ਚੋਣਾਂ ਲੰਘੀ 18 ਸਤੰਬਰ ਨੂੰ ਹੋਈਆਂ ਸਨ ਪਰ ਇਨ੍ਹਾਂ ਚੋਣਾਂ 'ਚ ਸਹਿਧਾਰੀਆਂ ਨੂੰ ਵੋਟ ਪਾਉਣ ਦਾ ਹੱਕ ਨਹੀਂ ਮਿਲਿਆ ਸੀ।

ਹਾਈਕੋਰਟ ਦੇ ਬੈਂਚ ਨੇ ਕੇਂਦਰ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਰੱਦ ਕਰਦਿਆਂ ਕਿਹਾ ਹੈ ਕਿ 8 ਅਕਤੂਬਰ, 2003 ਦਾ ਨੋਟੀਫਿਕੇਸ਼ਨ ਰੱਦ ਕੀਤਾ ਜਾਂਦਾ ਹੈ ਅਤੇ ਇਹ ਗੱਲ ਢੁਕਵੀਂ ਤੇ ਸਮਰੱਥ ਵਿਧਾਨ ਪਾਲਿਕਾ 'ਤੇ ਛੱਡੀ ਜਾਂਦੀ ਹੈ ਕਿ ਸਿੱਖ ਗੁਰਦੁਆਰਾ ਕਾਨੂੰਨ, 1925 ਦੀ ਧਾਰਾ 45 ਤੇ 92 ਜਾਂ ਹੋਰ ਧਾਰਾਵਾਂ ਵਿਚ ਸੋਧ ਕਰਨੀ ਹੈ ਜਾਂ ਨਹੀਂ? ਬੈਂਚ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਇਸ ਫੈਸਲੇ ਦਾ ਸਿੱਖ ਜਾਂ ਸਹਿਜਧਾਰੀ ਸਿੱਖ ਦੀ ਪਰਿਭਾਸ਼ਾ ਉਪਰ ਸਿੱਧੇ ਜਾਂ ਅਸਿੱਧੇ ਤੌਰ 'ਤੇ ਕੋਈ ਅਸਰ ਨਹੀਂ ਪਵੇਗਾ। ਇਸ ਪਟੀਸ਼ਨ ਵਿਚ ਉਠਾਏ ਮੁੱਦੇ ਦਾ ਸਬੰਧ ਮਹਿਜ਼ ਕਾਨੂੰਨੀ ਨੁਕਤਾ ਨਜ਼ਰ ਤੋਂ ਬਣਦਾ ਹੈ।

ਬੈਂਚ ਨੇ ਮੰਨਿਆ ਕਿ ਕਿਸੇ ਵਰਗ ਲਈ ਵੋਟ ਦਾ ਅਧਿਕਾਰ ਇਕ ਕੀਮਤੀ ਕਾਨੂੰਨੀ ਅਧਿਕਾਰ ਹੈ ਅਤੇ ਕਿਸੇ ਇਕ ਧਿਰ ਨੂੰ ਇਸ ਬਾਰੇ ਫੈਸਲਾ ਕਰਨ ਦਾ ਹੱਕ ਨਹੀਂ ਹੈ। ਪਟੀਸ਼ਨਰ ਦੇ ਵਕੀਲ ਅਸ਼ਵਨੀ ਕੁਮਾਰ ਚੋਪੜਾ ਨੇ ਦੱਸਿਆ ਕਿ ਇਸ ਫੈਸਲੇ ਨਾਲ ਸ਼੍ਰੋਮਣੀ ਕਮੇਟੀ ਚੋਣਾਂ ਹਾਈ ਕੋਰਟ ਦੇ ਫੈਸਲੇ

*(ਬਾਕੀ ਸਫਾ 6 'ਤੇ)*


*ਅਮਰਿੰਦਰ ਸਿੰਘ ਕਾਂਗਰਸ 'ਚ ਆਉਣ 'ਤੇ ਢਿੱਲੋਂ ਤੇ ਬਰਾੜ ਦਾ ਸਵਾਗਤ ਕਰਦੇ ਹੋਏ*

## ਜਗਬੀਰ ਬਰਾੜ ਅਤੇ ਕੁਸ਼ਲਦੀਪ ਢਿੱਲੋਂ ਨੇ ਮਨਪ੍ਰੀਤ ਦਾ ਸਾਥ ਛੱਡਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਾਬਕਾ ਵਿਧਾਇਕ ਜਗਬੀਰ ਸਿੰਘ ਬਰਾੜ ਤੇ ਕੁਸ਼ਲਦੀਪ ਸਿੰਘ ਢਿੱਲੋਂ, ਜਿਨ੍ਹਾਂ ਨੇ ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਹੇਠ ਪੰਜਾਬ ਦੀ ਸਿਆਸਤ ਵਿਚ ਬਾਦਲਾਂ ਅਤੇ ਕਾਂਗਰਸ ਨੂੰ ਵੰਗਾਰਿਆ ਸੀ, ਨੇ ਆਪਣੀਆਂ ਸਿਆਸੀ ਗਿਣਤੀਆਂ-ਮਿਣਤੀਆਂ ਤੋਂ ਬਾਅਦ ਅਤੇ ਸੂਬੇ ਵਿਚ ਵਿਧਾਨ ਸਭਾ ਚੋਣਾਂ ਦਾ ਨਗਾਰਾ ਵੱਜਣ ਤੋਂ ਪਹਿਲਾਂ ਹੀ ਜੁਝਾਰੂ ਸਿਆਸਤ ਵਾਲਾ ਮੈਦਾਨ ਛੱਡ ਦਿੱਤਾ ਹੈ। ਇਹ ਦੋਵੇਂ ਆਗੂ ਹੁਣ ਕਾਂਗਰਸ ਵਿਚ ਰਲ ਗਏ ਹਨ। ਇਸ ਭਾਰੀ ਸੱਟ ਦੇ ਬਾਵਜੂਦ ਸ. ਮਨਪ੍ਰੀਤ ਸਿੰਘ ਬਾਦਲ ਦੇ ਹੌਸਲੇ ਬੁਲੰਦ ਹਨ ਅਤੇ ਉਨ੍ਹਾਂ ਐਲਾਨ ਕੀਤਾ ਹੈ ਕਿ ਅਜਿਹੀਆਂ ਕਾਲੀਆਂ ਭੇਡਾਂ ਦੀ ਉਨ੍ਹਾਂ ਅਤੇ ਉਨ੍ਹਾਂ ਦੀ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਨੂੰ ਉਕਾ ਹੀ ਕੋਈ ਲੋੜ ਨਹੀਂ ਹੈ। ਉਨ੍ਹਾਂ ਮੁਤਾਬਕ ਮੌਕਾਪ੍ਰਸਤਾਂ ਦੇ ਭੱਜਣ ਨਾਲ ਪਾਰਟੀ ਕਮਜ਼ੋਰ ਨਹੀਂ ਹੋਈ ਸਗੋਂ ਮਜ਼ਬੂਤ ਹੋ ਕੇ ਸਾਹਮਣੇ ਆਵੇਗੀ। ਉਨ੍ਹਾਂ ਕਿਹਾ ਕਿ ਬਹੁਤ ਥੋੜ੍ਹੇ ਲੋਕ ਥਿੜਕਣ ਤੋਂ ਬਚ ਸਕਦੇ ਹਨ, ਇਹ ਆਗੂ ਬਗਾਵਤ ਦੀ ਅਸਲੀ ਉਡਾਣ ਭਰਨ ਤੋਂ ਪਹਿਲਾਂ ਹੀ ਡਿੱਗ ਪਏ ਹਨ।

ਸ. ਕੁਸ਼ਲਦੀਪ ਸਿੰਘ ਢਿੱਲੋਂ ਤੇ ਜਗਬੀਰ ਸਿੰਘ ਬਰਾੜ ਪੀ.ਪੀ.ਪੀ. ਦੇ ਸੀਨੀਅਰ ਮੀਤ ਪ੍ਰਧਾਨ ਸਨ ਅਤੇ ਇਸ ਪਾਰਟੀ ਦਾ ਮੁੱਢ ਬੰਨ੍ਹਣ ਤੇ ਚਲਾਉਣ ਵਿਚ ਇਨ੍ਹਾਂ ਦੋਵਾਂ ਦਾ ਵੱਡਾ ਯੋਗਦਾਨ ਸੀ। ਕਾਂਗਰਸ ਵਿਚ ਰਲਣ ਮੌਕੇ ਜਗਬੀਰ ਬਰਾੜ ਤੇ ਕੁਸ਼ਲਦੀਪ ਢਿਲੋਂ ਨੇ ਮਨਪ੍ਰੀਤ ਬਾਦਲ 'ਤੇ ਦੋਸ਼ ਲਾਇਆ ਕਿ ਉਨ੍ਹਾਂ ਨੇ ਅਕਾਲੀ ਦਲ, ਸੁਖਬੀਰ ਸਿੰਘ ਬਾਦਲ ਦੀਆਂ ਨੀਤੀਆਂ ਤੇ ਧੱਕੇਸ਼ਾਹੀ ਤੋਂ ਅੱਕ ਕੇ ਛੱਡਿਆ ਸੀ ਅਤੇ ਆਪਣਾ ਕੈਰੀਅਰ ਦਾਅ 'ਤੇ ਲਾ ਕੇ ਪੀ.ਪੀ.ਪੀ. ਦੀ ਸਥਾਪਨਾ ਕੀਤੀ ਸੀ ਪਰ ਹੁਣ ਇਹ ਪਾਰਟੀ ਮਿੱਥੇ ਅਸੂਲਾਂ ਤੋਂ ਭਟਕ ਗਈ ਹੈ। ਪੀ.ਪੀ.ਪੀ. ਦੇ ਤਿੰਨ ਮੁੱਢਲੇ ਅਸੂਲ-ਪਰਿਵਾਰਵਾਦ ਤੋਂ ਦੂਰ ਰਹਿਣਾ, ਫੰਡਾਂ ਦਾ ਪਾਰਦਰਸ਼ੀ ਹਿਸਾਬ ਰੱਖਣਾ ਤੇ ਸੁਖਬੀਰ ਨਾਲ ਕੋਈ ਤਾਲਮੇਲ ਨਾ ਕਰਨਾ ਸਨ ਪਰ ਇਸ

*(ਬਾਕੀ ਸਫਾ 4 'ਤੇ)*

**REAL ESTATE & HOME LOANS**

ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
- Low Interest Rate
- 3.5% Down Payment
- Free Credit Report
- Free Pre-Approval

Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21 M&M and Associates
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
**Raja™ SWEETS & CATERING®**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Offices Of
**Manpreet S. Gahra**
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ

Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# Union Trucking Inc.

## Wanted Owner Operators Immediately



ਬੇਏਰੀਆ ਅਤੇ ਸਟਾਕਟਨ ਏਰੀਏ ਵਿਚ
ਲੋਕਲ ਕੰਮ ਕਰਨ ਲਈ

**ਓਨਰ ਅਪਰੇਟਰਾਂ ਦੀ ਤੁਰੰਤ ਲੋੜ ਹੈ**

- ਪੈਸੇ ਦਾ ਭੁਗਤਾਨ ਸਮੇਂ ਸਿਰ
- ਤੁਸੀਂ ਸਾਡੇ ਟਰੇਲਰ ਵੀ ਵਰਤ ਸਕਦੇ ਹੋ।



ਜੇ ਤੁਸੀਂ ਅਮਰੀਕਾ ਦੀਆਂ 48 ਸਟੇਟਾਂ ਵਿਚ ਕੰਮ ਕਰਨਾ
ਚਾਹੁੰਦੇ ਹੋ ਤਾਂ ਵੀ ਸਾਡੇ ਨਾਲ ਸੰਪਰਕ ਕਰ ਸਕਦੇ ਹੋ

**ਫੋਨ:510-324-2700**

**ਯੂਨੀਅਨ ਟਰੱਕਿੰਗ ਇੰਕ**



ਸੁੱਖ ਸੰਧੂ
ਫੋਨ:510-673-4537

3995 ਸਮਿਥ ਸਟਰੀਟ, #4 ਯੂਨੀਅਨ ਸਿਟੀ, ਕੈਲੀਫੋਰਨੀਆ
Email: uniontruckinginc@gmail.com

ਹਰਜੋਗ ਪੂਨੀਆ
ਫੋਨ:510-714-6039




# GLOBAL EAGLE TRANSPORTATION INC.

## Wanted Owner Operator and Drivers Immediately

**From Oakland Port and Rail to Red Bluff, Woodland & Sacramento area**

- ➔Loads available from Oakland to Tracy and Stockton area.
- ➔Dedicated Local Container work from Oakland Port and Rail
- ➔Hook and Drop in Red Bluff, Woodland & Sac.
- ➔Paid Weekly
- ➔24 Hours Dispatch Available.




*Contact :Bobby Thiara, Jas Gill*
Toll Free Phone # 1-800-788-2993
Phone: 510-832-4444, Fax : 510-832-4445

*web site : www.globaleagletrans.com*

## ਫਰਿਜ਼ਨੋ ’ਚ ਪੰਜਾਬੀ ਚੇਤਨਾ ਦਿਵਸ 24 ਮਾਰਚ ਨੂੰ

**ਫਰਿਜ਼ਨੋ:** ਇੰਡੋ ਯੂ ਐਸ ਹੈਰੀਟੇਜ਼ ਐਸੋਸੀਏਸ਼ਨ ਵਲੋਂ ਸ਼ਹੀਦੀ ਸਮਾਗਮ ਤੇ ਪੰਜਾਬੀ ਬੋਲੀ ਨੂੰ ਸਮਰਪਿਤ ਸਾਲਾਨਾ ਸਮਾਗਮ ਇਸ ਵਾਰ ਅਗਲੇ ਸਾਲ 24 ਮਾਰਚ ਨੂੰ ਮਨਾਇਆ ਜਾਵੇਗਾ। ਇਸ ਵਿਚ 23 ਮਾਰਚ ਦੇ ਕੌਮੀ ਸ਼ਹੀਦਾਂ-ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾਵੇਗੀ।


ਇਸ ਸਬੰਧੀ ਫੈਸਲਾ ਜਥੇਬੰਦੀ ਦੀ ਪ੍ਰਿੰ. ਪ੍ਰੀਤਮ ਸਿੰਘ ਨਾਹਲ ਦੀ ਪ੍ਰਧਾਨਗੀ ਹੇਠ ਰਣਜੀਤ ਗਿੱਲ ਦੇ ਫਾਰਮ ਤੇ ਹੋਈ ਮੀਟਿੰਗ ਵਿਚ ਲਿਆ ਗਿਆ। ਸੰਸਥਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਪੰਜਾਬੀ ਚੇਤਨਾ ਦਿਵਸ ਸਮਾਗਮ ਵਿਚ ਅੱਜ ਦੇ ਹਾਲਾਤ ਦੇ ਸੰਦਰਭ ਵਿਚ ਸ਼ਹੀਦਾਂ ਦੀ ਸੋਚ ਬਾਰੇ ਅਤੇ ਪੰਜਾਬੀ ਬੋਲੀ ਨੂੰ ਅਜੋਕੀ ਪੀੜ੍ਹੀ ਤੱਕ ਪਹੁੰਚਾਉਣ ਦੀਆਂ ਤਰਕੀਬਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਪੰਜਾਬ ਰੰਗ ਮੰਚ ਦੇ ਪਿਤਾਮਾ ਅਤੇ ਉਘੀ ਇਨਕਲਾਬੀ ਸਖ਼ਸ਼ੀਅਤ ਸ. ਗੁਰਸ਼ਰਨ ਸਿੰਘ ਨੂੰ ਸਮਰਪਿਤ ਇਕ ਕਵੀ ਦਰਬਾਰ ਹੋਵੇਗਾ। ਮੀਟਿੰਗ ਵਿਚ ਇੱਕ ਮਤੇ ਰਾਹੀਂ ਕਲੀਆਂ ਦੇ ਬਾਦਸ਼ਾਹ ਅਤੇ ਪੰਜਾਬੀ ਦੇ ਸਿਰਮੋਰ ਗਾਇਕ, ‘ਕੁਲਦੀਪ ਮਾਣਕ’ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਮੀਟਿੰਗ ਵਿਚ ਪ੍ਰਿੰ. ਪ੍ਰੀਤਮ ਸਿੰਘ ਨਾਹਲ ਤੋਂ ਇਲਾਵਾ, ਗੁਰਦੀਪ ਸਿੰਘ ਨਿੱਝਰ, ਆਤਮਾ ਸਿੰਘ ਚਾਹਲ, ਮਨਧੀਰ ਸਿੰਘ ਤੁੰਗ, ਰਣਜੀਤ ਗਿੱਲ ਜੱਗਾ, ਪਾਲ ਧਾਲੀਵਾਲ, ਹੈਰੀ ਮਾਨ, ਮਨਜੀਤ ਕੁਲਾਰ, ਬਿਕਰਮਜੀਤ ਕਾਹਲੋਂ ਅਤੇ ਸਾਧੂ ਸਿੰਘ ਸੰਘਾ ਹਾਜਰ ਸਨ। ਇਸ ਤੋਂ ਇਲਾਵਾ ਗੈਸਟ ਦੇ ਤੌਰ ਤੇ ਅਜਮੇਰ ਸਿੰਘ ਨਾਹਲ ਅਤੇ ਅਮਰਜੀਤ ਸਿੰਘ ਗਿੱਲ ਵੀ ਸ਼ਾਮਲ ਹੋਏ।

# ਫਰੀਮਾਂਟ ਗੁਰੂਘਰ ਲਈ ਚੋਣਾਂ ਦੀ ਥਾਂ ਸਿਲੈਕਸ਼ਨ ‘ਤੇ ਸਹਿਮਤੀ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧ ਵਿਚ ਸਰਗਰਮ ਦੋ ਮੁੱਖ ਧੜਿਆਂ ਵੱਲੋਂ ਆਮ ਸਹਿਮਤੀ ਨਾਲ ਬਣਾਈ ਗਈ ਸਾਲਸੀ ਕਮੇਟੀ ਦੇ ਤਿੰਨ ਮੈਂਬਰਾਂ-ਭਾਈ ਰਵਿੰਦਰ ਸਿੰਘ, ਭਾਈ ਕਸ਼ਮੀਰ ਸਿੰਘ ਸ਼ਾਹੀ ਤੇ ਭਾਈ ਪ੍ਰੀਤਮ ਸਿੰਘ ਚੀਮਾ ਨੇ ਗੁਰੂਘਰ ਦੀ ਸਟੇਜ ਤੋਂ ਬੋਲਦਿਆਂ ਇਸ ਗੱਲ ਤੇ ਤੱਸਲੀ ਤੇ ਖੁਸ਼ੀ ਪ੍ਰਗਟ ਕੀਤੀ ਕਿ ਪਿਛਲੇ ਲੰਮੇ ਸਮੇਂ ਦੌਰਾਨ ਇਕ ਦੂਜੇ ਦੇ ਵਿਰੋਧੀ ਰਹੇ ਮੁੱਖ ਧੜੇ ਗੁਰਦੁਆਰਾ ਸਾਹਿਬ ਦੇ ਅਹੁਦੇਦਾਰਾਂ ਦੀ ਨਿਯੁਕਤੀ ਆਮ ਸਹਿਮਤੀ ਨਾਲ ਕਰਨ ਲਈ ਰਾਜ਼ੀ ਹੋ ਗਏ ਹਨ। ਸਾਰੇ ਮਸਲੇ ਗੱਲਬਾਤ ਨਾਲ ਸੁਲਝਾ ਲਏ ਗਏ ਹਨ ਤੇ ਕਿਸੇ ਵੀ ਗੱਲ ‘ਤੇ ਕਿਸੇ ਕਿਸਮ ਦੇ ਮੱਤਭੇਤ ਨਹੀਂ ਹਨ।

ਦੀਵਾਨ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਚੋਣਾਂ ਨੇ ਵੀ ਕਿਸੇ ਮਸਲੇ ਦਾ ਹੱਲ ਨਹੀਂ ਕੱਢਿਆ ਬਲਕਿ ਆਪਸੀ ਪਾੜਾ ਵਧਾਇਆ ਹੈ, ਇਸ ਕਰਕੇ ਨਵੇਂ ਸਿਲੈਕਸ਼ਨ ਸਿਸਟਮ ਨੂੰ ਅਭਿਆਸ ਦੇ ਤੌਰ ‘ਤੇ ਸ਼ੁਰੂ ਕੀਤਾ ਜਾ ਰਿਹਾ ਹੈ। ਜੇ ਭਵਿਖ ਵਿਚ ਇਹ ਸਿਸਟਮ ਕਾਮਯਾਬ ਹੁੰਦਾ ਹੈ ਤਾਂ ਚੋਣਾਂ ਦੀ ਥਾਂ ਇਸ ਅਨੁਸਾਰ ਹੀ ਗੁਰਦੁਆਰਾ ਪ੍ਰਬੰਧ ਚਲਾਇਆ ਜਾਵੇਗਾ। ਇਸ ਗੱਲ ‘ਤੇ ਵੀ ਸਹਿਮਤੀ ਹੋਈ ਹੈ ਕਿ ਮੌਜੂਦਾ ਬਾਈਲਾਅਜ਼ ਨਾਲ ਛੇੜਛਾੜ ਕੀਤੇ ਬਗ਼ੈਰ ਸਿਲੈਕਸ਼ਨ ਪ੍ਰਣਾਲੀ ਦਾ ਅਜਿਹਾ ਮਾਡਲ ਵਿਕਸਤ ਕੀਤਾ ਜਾਵੇ ਜੋ ਸਭ ਪੰਥਕ ਧਿਰਾਂ ਨੂੰ ਪ੍ਰਵਾਨਤ ਹੋਵੇ। ਇਸ ਪ੍ਰਬੰਧ ਨੂੰ ਕੁਝ ਸਮੇਂ ਲਈ ਅਭਿਆਸ ਦੇ ਤੌਰ ‘ਤੇ ਲਾਗੂ ਕਰਕੇ ਵਾਚਿਆ ਜਾਵੇ, ਜੇ ਸਿਲੈਕਸ਼ਨ ਪ੍ਰਬੰਧ ਸੰਗਤ ਵਿਚ ਭਾਈਚਾਰਕ, ਇਕਮੁਠਤਾ, ਆਪਸੀ ਪਿਆਰ ਇਤਫਾਕ ਤੇ ਸਦਭਾਵਨਾ ਦਾ ਜ਼ਾਮਨ ਬਣਦਾ ਹੈ, ਤਾਂ ਹੀ ਇਸ ਨੂੰ ਸਵਿੰਧਾਨਿਕ ਸੋਧ ਲਈ ਰਖਿਆ ਜਾਵੇ। ਇਸ


ਗੁਰਮੀਤ ਸਿੰਘ ਖਾਲਸਾ


ਡਾ. ਪ੍ਰਿਤਪਾਲ ਸਿੰਘ


ਕਸ਼ਮੀਰ ਸਿੰਘ ਸ਼ਾਹੀ

ਗੱਲ ਉਤੇ ਵੀ ਰਜ਼ਾਮੰਦੀ ਹੋਈ ਹੈ ਕਿ ਚੋਣਾਂ ਦਾ ਸਿਸਟਮ ਸਿਰਫ ਆਖਰੀ ਰਾਹ ਦੇ ਤੌਰ ‘ਤੇ ਹੀ ਵਰਤਿਆ ਜਾਵੇ। ਨਵੇਂ ਸਿਲੈਕਸ਼ਨ ਸਿਸਟਮ ਨੂੰ ਨੇਪਰੇ ਚਾੜ੍ਹਨ ਲਈ ਇਕ ਸਰਬ ਸਾਂਝੀ ਕਮੇਟੀ ਕਾਇਮ ਕੀਤੀ ਜਾਵੇਗੀ ਤਾਂ ਜੋ ਸਿਲੈਕਸ਼ਨ ਸਿਸਟਮ ਦੇ ਢੰਗ ਨੂੰ ਨਿਪੱਖਤਾ ਤੇ ਸੂਝ ਬੂਝ ਨਾਲ ਨੇਪਰੇ ਚਾੜ੍ਹਿਆ ਜਾ ਸਕੇ।

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ, ਯੂਨਾਈਟਡ ਸਿੱਖਸ ਦੇ ਭਾਈ ਕਸ਼ਮੀਰ ਸਿੰਘ ਸ਼ਾਹੀ, ਗੁਰਦੁਆਰਾ ਫਰੀਮਾਂਟ ਦੇ ਸਾਬਕਾ ਪ੍ਰਧਾਨ ਭਾਈ ਗੁਰਮੀਤ ਸਿੰਘ ਖਾਲਸਾ, ਸਕੱਤਰ ਭਾਈ ਗੁਰਿੰਦਰ ਸਿੰਘ ਸਿੱਧੂ, ਸਾਬਕਾ ਸਕੱਤਰ ਭਾਈ ਸਤਨਾਮ ਸਿੰਘ ਖਾਲਸਾ, ਡਾ. ਅਮਰਜੀਤ ਸਿੰਘ ਤੇ ਯੂਨੀਅਨ ਸਿਟੀ ਸਿਖਿਆ ਬੋਰਡ ਦੇ ਮੈਂਬਰ ਬੀਬੀ ਸਰਬਜੀਤ ਕੌਰ ਨੇ ਇਸ ਗੱਲ ‘ਤੇ ਤੱਸਲੀ ਤੇ ਖੁਸ਼ੀ ਦਾ ਇਜ਼ਹਾਰ ਕੀਤਾ ਕਿ ਸਿਲੈਕਸ਼ਨ ਸਿਸਟਮ ਨਾਲ ਇਕ ਨਵੇਂ ਪੰਥਕ ਦੌਰ ਦਾ ਅਰੰਭ ਹੋਵੇਗਾ ਜੋ ਸਿੱਖ ਭਾਈਚਾਰੇ ਵਿਚ ਆਪਸੀ ਸਹਿਯੋਗ ਦਾ ਅਜਿਹਾ ਮਾਹੌਲ ਪੈਦਾ ਕਰੇਗਾ ਜੋ ਹੋਰਨਾਂ ਲਈ ਰਾਹ ਦਸੇਰਾ ਬਣੇਗਾ।

ਬੁਲਾਰਿਆਂ ਨੇ ਭਾਈ ਜਸਵਿੰਦਰ ਸਿੰਘ ਜੰਡੀ, ਗੁਰਮੀਤ ਸਿੰਘ ਖਾਲਸਾ, ਭਾਈ ਰਾਮ ਸਿੰਘ, ਬੀਬੀ ਗੁਰਬਖਸ਼ ਕੌਰ ਕਾਹਲੋਂ, ਡਾ. ਪ੍ਰਿਤਪਾਲ ਸਿੰਘ, ਭਾਈ ਗੁਰਚਰਨ ਸਿੰਘ ਮਾਨ, ਭਾਈ ਐਸ.ਪੀ. ਸਿੰਘ, ਭਾਈ ਜਸਦੀਪ ਸਿੰਘ, ਭਾਈ ਕੁਲਵੰਤ ਸਿੰਘ ਖਹਿਰਾ ਅਤੇ ਭਾਈ ਜਸਜੀਤ ਸਿੰਘ ਦਾ ਸਹਿਯੋਗ ਲਈ ਧੰਨਵਾਦ ਕੀਤਾ। ਕਾਇਮ ਕੀਤੀ ਗਈ ਤੇਰਾਂ ਮੈਂਬਰੀ ਕਮੇਟੀ ਨੇ ਇਲਾਕੇ ਦੀ ਸਾਧ ਸੰਗਤ ਨੂੰ ਵੀ ਬੇਨਤੀ ਕੀਤੀ ਹੈ ਕਿ ਨਵੇਂ ਸਿਲੈਕਸ਼ਨ ਸਿਸਟਮ ਲਈ ਆਪਣੇ ਲਿਖਤੀ ਸੁਝਾਅ ਗੁਰਦੁਆਰਾ ਫਰੀਮਾਂਟ ਦੇ ਦਫਤਰ ਵਿਚ ਜ਼ਰੂਰ ਦਿੱਤੇ ਜਾਣ, ਜਿਸ ਨਾਲ ਅਸੀਂ ਸਾਰੇ ਮਿਲ ਕੇ, ਇਕ ਅਜਿਹਾ ਪ੍ਰਬੰਧ ਸਿਰਜੀਏ, ਜੋ ਸੰਗਤ ਵਿਚ ਆਪਸੀ ਮਿਲਵਰਤਨ, ਸਦਭਾਵਨਾ ਤੇ ਪ੍ਰਬੰਧਕੀ ਪਾਰਦਰਸ਼ਤਾ ਵਿਚ ਵਾਧਾ ਕਰੇ।

## ਪੰਜਾਬੀ ਰੇਡੀਓ ਯੂ.ਐਸ.ਏ. ਦੇ ਸਰੋਤਿਆਂ ਵਲੋਂ ਨਨਕਾਣਾ ਸਾਹਿਬ ਲਈ ਗੱਦਿਆਂ ਦੀ ਸੇਵਾ

**ਸੈਨ ਹੋਜ਼ੇ (ਬਿਊਰੋ):** ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ‘ਤੇ ਪਹਿਲੀ ਵਾਰ ਸਿੱਧਾ ਪ੍ਰਸਾਰਣ ਕਰਨ ਵਾਲੇ ਪੰਜਾਬੀ ਰੇਡੀਓ ਯੂਐਸਏ ਨੇ ਪਿਛਲੇ ਮਹੀਨੇ ਗੁਰਪੁਰਬ ਮੌਕੇ ਲਗਾਤਾਰ ਇਕ ਹਫ਼ਤਾ ਗੁਰਦੁਆਰਾ ਨਨਕਾਣਾ ਸਾਹਿਬ ਤੋਂ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਕੀਤਾ ਜੋ ਵਿਸ਼ਵ ਦੇ ਵੱਖ ਵੱਖ ਦੇਸ਼ਾਂ ਵਿਚ ਸਰੋਤਿਆਂ ਨੇ ਬੜੀ ਸ਼ਰਧਾ ਨਾਲ ਸੁਣਿਆ।

ਇਸੇ ਪ੍ਰਸਾਰਣ ਦੌਰਾਨ ਪੰਜਾਬੀ ਰੇਡੀਓ ਯੂਐਸਏ ਦੇ ਭਾਵੁਕ ਸਰੋਤਿਆਂ ਨੇ ਗੁਰੂਘਰ ਨਨਕਾਣਾ ਸਾਹਿਬ ਲਈ ਆਪਣੀ ਕਿਰਤ ਕਮਾਈ ਵਿਚੋਂ ਦਸਵੰਧ ਦਿਤਾ ਜੋ ਗੁਰਦੁਆਰਾ ਨਨਕਾਣਾ ਸਾਹਿਬ ਦੇ ਹੈਡਗ੍ਰੰਥੀ ਭਾਈ ਜਨਮ ਸਿੰਘ ਖ਼ਾਲਸਾ ਤੱਕ ਪਹੁੰਚਾ ਦਿੱਤਾ ਗਿਆ। ਇਸ ਤਰ੍ਹਾਂ ਇਕੱਤਰ ਹੋਈ ਕਰੀਬ ਸਵਾ ਲੱਖ ਰੁਪਏ ਦੀ ਮਾਇਆ ਨਾਲ ਯਾਤਰੀਆਂ ਦੇ ਰੈਣ ਬਸੇਰੇ ਲਈ ਗੱਦੇ ਖਰੀਦੇ ਗਏ ਜਿਨ੍ਹਾਂ ਦੀ ਕਿ ਸਖਤ ਜ਼ਰੂਰਤ ਸੀ।

# ਗੁਰਦੁਆਰਾ ਟਾਇਰਾ ਬਿਊਨਾ ਦੀ ਪ੍ਰਬੰਧਕ ਕਮੇਟੀ ਦੀ ਚੋਣ ਉਲਝੀ

**ਯੂਬਾ ਸਿਟੀ (ਬਿਊਰੋ):** ਸਾਲਾਨਾ ਨਗਰ ਕੀਰਤਨ ਕਰਕੇ ਨਾ ਸਿਰਫ ਅਮਰੀਕਾ ਸਗੋਂ ਦੁਨੀਆਂ ਭਰ ਵਿਚ ਜਾਣੇ ਜਾਂਦੇ ਸਥਾਨਕ ਗੁਰਦੁਆਰਾ ਟਾਇਰਾ ਬਿਊਨਾ ਦੇ ਪ੍ਰਬੰਧਕਾਂ ਦੀ ਚੋਣ ਦਾ ਮਾਮਲਾ ਇੰਨਾ ਗੁੰਝਲਦਾਰ ਹੋ ਗਿਆ ਹੈ ਕਿ ਪਿਛਲੇ ਇਕ ਮਹੀਨੇ ਤੋਂ ਕਿਸੇ ਤਣ-ਪੱਤਣ ਨਹੀਂ ਲੱਗ ਰਿਹਾ। ਜ਼ਿਕਰਯੋਗ ਹੈ ਕਿ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਗੁਰੂ ਘਰ ਦੇ ਮੈਂਬਰਾਂ ਦੀ ਤਰਫੋਂ ਚੁਣੇ ਹੋਏ 73 ਡਾਇਰੈਕਟਰ ਕਰਦੇ ਹਨ। ਨਵੇਂ ਅਹੁਦੇਦਾਰਾਂ ਦੀ ਚੋਣ ਲਈ ਡਾਇਰੈਕਟਰਾਂ ਦੀ ਮੀਟਿੰਗ ਪਿਛਲੇ ਕੁਝ ਸਮੇਂ ਅੰਦਰ ਕਈ ਵਾਰ ਮੁਲਤਵੀ ਕੀਤੀ ਜਾ ਚੁਕੀ ਹੈ।

ਸੂਤਰਾਂ ਅਨੁਸਾਰ ਗੁਰੂ ਘਰ ਦੇ ਮੌਜੂਦਾ ਪ੍ਰਧਾਨ ਸ. ਪਵਿੰਦਰ ਸਿੰਘ ਕਰੀਹਾ ਨੇ ਪ੍ਰਧਾਨ ਦੇ ਅਹੁਦੇ ‘ਤੇ ਹੋਰ ਸਮੇਂ ਲਈ ਬਣੇ ਰਹਿਣ ਤੋਂ ਸਾਫ ਇਨਕਾਰ ਕਰ ਦਿੱਤਾ ਹੈ। ਦੂਜੇ ਸ਼ਬਦਾਂ ਵਿਚ ਉਨ੍ਹਾਂ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਸ. ਕਰੀਹਾ ਨੇ ਗੁਰੂ ਘਰ ਦੇ ਸਕੱਤਰ ਤਜਿੰਦਰ ਸਿੰਘ ਦੋਸਾਂਝ ਨੂੰ ਆਪਣੇ ਪ੍ਰਧਾਨ ਨਾ ਬਣੇ ਰਹਿਣ ਬਾਰੇ ਸੂਚਿਤ ਕਰ ਦਿਤਾ ਹੈ ਅਤੇ ਕਿਹਾ ਹੈ ਕਿ ਛੇਤੀ ਤੋਂ ਛੇਤੀ ਡਾਇਰੈਕਟਰਾਂ ਦੀ ਮੀਟਿੰਗ ਬੁਲਾ ਕੇ ਨਵੀਂ ਚੋਣ ਕਰਵਾਈ ਜਾਵੇ। ਉਨ੍ਹਾਂ ਇਹ ਵੀ ਆਖਿਆ ਕਿ ਨਵੇਂ ਅਹੁਦੇਦਾਰਾਂ ਦੀ ਚੋਣ ਬਹੁਸੰਮਤੀ ਨਾਲ ਹੋਵੇਗੀ। ਇਹ ਵੀ ਪਤਾ ਲੱਗਾ ਹੈ ਕਿ 73 ਡਾਇਰੈਕਟਰਾਂ ਦੀ ਮੀਟਿੰਗ ਦੀ ਤਰੀਕ ਕਈ ਵਾਰ ਅੱਗੇ ਪਾਈ ਜਾ ਚੁਕੀ ਹੈ। ਸੂਤਰਾਂ ਅਨੁਸਾਰ ਹੁਣ ਇਹ ਮੀਟਿੰਗ 24 ਦਸੰਬਰ ਨੂੰ ਰੱਖੀ ਗਈ ਹੈ ਪਰ ਇਸ ਦੀ ਵੀ ਪੁਸ਼ਟੀ ਨਹੀਂ ਹੋ ਸਕੀ।

ਪ੍ਰਧਾਨ ਸ. ਕਰੀਹਾ ਦਾ ਕਹਿਣਾ ਹੈ ਕਿ ਉਹ ਹੋਰ ਸਮੇਂ ਲਈ ਪ੍ਰਧਾਨ ਨਹੀਂ ਬਣੇ ਰਹਿਣਾ ਚਾਹੁੰਦੇ। ਉਨ੍ਹਾਂ ਦੇ ਪਰਿਵਾਰਕ ਮੈਂਬਰ ਹਲਕਾ ਨਵਾਂ ਸ਼ਹਿਰ ਤੋਂ ਵਿਧਾਇਕ ਸ. ਜਤਿੰਦਰ ਸਿੰਘ ਕਰੀਹਾ ਦਾ ਦਿਹਾਂਤ ਹੋ ਜਾਣ ਪਿਛੋਂ ਉਨ੍ਹਾਂ ਦੀਆਂ ਪਰਿਵਾਰਕ ਜ਼ਿੰਮੇਵਾਰੀਆਂ ਵਧ ਗਈਆਂ ਹਨ ਜਿਸ ਕਰਕੇ ਉਹ ਪ੍ਰਧਾਨਗੀ ਦੇ ਅਹੁਦੇ ਦੀਆਂ ਜ਼ਿੰਮੇਵਾਰੀਆਂ ਸੰਭਾਲਣ ਦੇ ਅਸਮਰਥ ਹਨ। ਉਨ੍ਹਾਂ ਨੇ ਆਪਣਾ ਫੋਨ ਨੰਬਰ 530-923-6790 ਵੀ ਕਟਵਾ ਦਿੱਤਾ ਹੈ ਅਤੇ 28 ਦਸੰਬਰ ਨੂੰ ਉਹ ਇੰਡੀਆ ਜਾ ਰਹੇ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਪ੍ਰਧਾਨ ਦੇ ਅਹੁਦੇ ਤੋਂ ਸੇਵਾ ਮੁਕਤੀ ਉਪਰੰਤ ਵੀ ਉਹ ਸੰਗਤ ਦੀ ਸੇਵਾ ਪਹਿਲਾਂ ਵਾਂਗ ਹੀ ਕਰਦੇ ਰਹਿਣਗੇ। ਜੇ ਉਨ੍ਹਾਂ ਤੋਂ ਕੋਈ ਗਲਤੀ ਹੋਈ ਹੋਵੇ ਤਾਂ ਗੁਰੂ ਤੇ ਸੰਗਤ ਬਖਸ਼ਣਹਾਰ ਹੈ।

ਇਸੇ ਦੌਰਾਨ ਪ੍ਰਧਾਨ ਸ. ਕਰੀਹਾ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਸ. ਕਰੀਹਾ ਨੇ ਸਪਸ਼ਟ ਕਰ ਦਿੱਤਾ ਹੈ ਕਿ ਇਸ ਵਾਰ ਉਹ ਕਿਸੇ ਸਹਿਜਧਾਰੀ ਸਿੱਖ ਨੂੰ ਪ੍ਰਧਾਨ ਬਣਾਉਣ ਬਾਰੇ ਵਿਚਾਰ ਕਰ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਜਿਹੜੇ ਡਾਇਰੈਕਟਰਾਂ ਵਿਰੁਧ ਕਿਸੇ ਤਰ੍ਹਾਂ ਦੇ ਅਦਾਲਤੀ ਕੇਸ ਚੱਲ ਰਹੇ ਹਨ, ਉਨ੍ਹਾਂ ਨੂੰ ਉਦੋਂ ਤੱਕ ਡਾਇਰੈਕਟਰ ਰਹਿਣ ਦਾ ਕੋਈ ਹੱਕ ਨਹੀਂ ਜਦੋਂ ਤੱਕ ਕੇਸਾਂ ਦਾ ਨਿਪਟਾਰਾ ਨਹੀਂ ਹੋ ਜਾਂਦਾ। ਅਜਿਹੇ ਡਾਇਰੈਕਟਰਾਂ ਨੂੰ ਡਾਇਰੈਕਟਰਸ਼ਿਪ ਤੋਂ ਬਰਖਾਸਤ ਕੀਤਾ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਇਹ ਵੀ ਪਤਾ ਲੱਗਾ ਹੈ ਕਿ ਸਕੱਤਰ ਤਜਿੰਦਰ ਸਿੰਘ ਦੁਸਾਂਝ ਕਿਸੇ ਅਜਿਹੇ ਵਿਅਕਤੀ ਨੂੰ ਪ੍ਰਧਾਨ ਬਣਾਉਣਾ ਚਾਹੁੰਦੇ ਹਨ ਜੋ ਉਨ੍ਹਾਂ ਦੇ ਇਸ਼ਾਰਿਆਂ ‘ਤੇ ਚੱਲੇ। ਸਮਝਿਆ ਜਾਂਦਾ ਹੈ ਕਿ ਸ. ਕਰੀਹਾ ਨੂੰ ਪ੍ਰਧਾਨ ਵੀ ਇਸੇ ਮਨੋਰਥ ਨਾਲ ਅਤੇ ਕੁਝ ਨਾਰਾਜ਼ ਡਾਇਰੈਕਟਰਾਂ ਨੂੰ ਖੁਸ਼ ਕਰਨ ਲਈ ਬਣਾਇਆ ਗਿਆ ਸੀ ਪਰ ਸਿੱਖ ਯੂਥ ਆਫ ਅਮੈਰਿਕਾ ਨਾਲ ਸਬੰਧਤ ਕੁਝ ਡਾਇਰੈਕਟਰ ਉਨ੍ਹਾਂ ਦੇ ਕੰਮ-ਕਾਜ ਵਿਚ ਲਗਾਤਾਰ ਅੜਿੱਕਾ ਡਾਹੁੰਦੇ ਰਹੇ।

ਚੇਤੇ ਰਹੇ, ਗੁਰੂ ਘਰ ਦੇ ਅਹੁਦੇਦਾਰਾਂ ਦੀ ਚੋਣ 73 ਡਾਇਰੈਕਟਰਾਂ ਦੀ ਬਹੁਸੰਮਤੀ ਵਲੋਂ ਕੀਤੀ ਜਾਣੀ ਹੁੰਦੀ ਹੈ। ਕੁਝ ਸਾਲ ਪਹਿਲਾਂ ਗੁਰੂ ਘਰ ਦੇ ਕੁਝ ਡਾਇਰੈਕਟਰ ਘੱਟਗਿਣਤੀ ਵਿਚ ਹੁੰਦੇ ਹੋਏ ਵੀ ਅਹਿਮ ਅਹੁਦਿਆਂ ਉਤੇ ਕਾਬਜ਼ ਹੋ ਗਏ। ਉਸ ਸਮੇਂ ਇਹ ਵੀ ਕਿਹਾ ਗਿਆ ਕਿ ਅਹੁਦੇਦਾਰਾਂ ਦੀ ਚੋਣ ਹਰ ਸਾਲ ਹੋਇਆ ਕਰੇਗੀ ਪਰ ਇਹ ਕਰਵਾਈ ਨਹੀਂ ਗਈ। ਬਾਅਦ ਵਿਚ 73 ਡਾਇਰੈਕਟਰਾਂ ਦੀ ਕਦੇ ਕੋਈ ਮੀਟਿੰਗ ਵੀ ਨਹੀਂ ਸੱਦੀ ਗਈ। ਕੁਝ ਮੈਂਬਰਾਂ ਦੀਆਂ ਆਪਹੁਦਰੀਆਂ ਕਰਨ ਕਈ ਡਾਇਰੈਕਟਰ ਨਿਰਾਸ਼ ਹੋ ਕੇ ਅਸਤੀਫਾ ਦੇ ਗਏ ਜਾਂ ਚੁੱਪ ਕਰਕੇ ਘਰ ਬੈਠ ਗਏ।

ਇਸੇ ਸਮੇਂ ਅੰਦਰੇ ਅੰਦਰ ਇਹ ਵੀ ਚਰਚਾ ਚੱਲ ਰਹੀ ਹੈ ਕਿ ਨਵੰਬਰ ਮਹੀਨੇ ਹੋਏ ਨਗਰ ਕੀਰਤਨ ਦੌਰਾਨ ਕੁਝ ਜੂਨੀਅਰ ਅਹੁਦੇਦਾਰ ਭਾਰਤ ਤੋਂ ਕੁਝ ਬੰਦਿਆਂ ਨੂੰ ਕਬੂਤਰਬਾਜ਼ੀ ਰਾਹੀਂ ਲੰਘਾਉਣਾ ਚਾਹੁੰਦੇ ਸਨ ਪਰ ਪ੍ਰਧਾਨ ਦੇ ਅੜ ਜਾਣ ਕਰਕੇ ਅਜਿਹਾ ਨਹੀਂ ਹੋ ਸਕਿਆ। ਪ੍ਰਧਾਨ ਨੇ ਨਗਰ ਕੀਰਤਨ ਬਹਾਨੇ ਬੰਦੇ ਬੁਲਾਉਣ ਲਈ ਭੇਜੀਆਂ ਜਾਣ ਵਾਲੀਆਂ ਸਪਾਂਸਰਸ਼ਿਪਾਂ ਉਤੇ ਦਸਤਖਤ ਕਰਨ ਤੋਂ ਕੋਰੀ ਨਾਂਹ ਕਰ ਦਿਤੀ ਸੀ ਜਿਸ ਨਾਲ ਨਾਰਾਜ਼ਗੀਆਂ ਵੀ ਪੈਦਾ ਹੋਈਆਂ।



## ਦੀਦਾਰ ਸਿੰਘ ਬੈਂਸ ਹਾਦਸੇ 'ਚ ਜ਼ਖਮੀ

**ਯੂਬਾ ਸਿਟੀ:** ਉਘੇ ਸਿੱਖ ਆਗੂ ਅਤੇ ਅਕਾਲੀ ਦਲ (ਬਾਦਲ), ਅਮਰੀਕਾ ਦੇ ਸਰਪ੍ਰਸਤ ਸ. ਦੀਦਾਰ ਸਿੰਘ ਬੈਂਸ ਇਕ ਹਾਦਸੇ ਵਿਚ ਸਖਤ ਜ਼ਖਮੀ ਹੋ ਗਏ। ਪਰਿਵਾਰਕ ਸੂਤਰਾਂ ਅਨੁਸਾਰ ਲੰਘੇ ਸਨਿਚਰਵਾਰ ਉਹ ਆਪਣੇ ਫਾਰਮ 'ਤੇ ਘੁੰਮਣ ਫਿਰਨ ਗਏ ਸਨ ਜਿਥੇ ਦਰਖਤਾਂ ਦੀ ਕਟਾਈ ਚੱਲ ਰਹੀ ਸੀ। ਅਚਾਨਕ ਇਕ ਦਰਖਤ ਦਾ ਇਕ ਵੱਡਾ ਟਾਹਣ ਉਨ੍ਹਾਂ ਦੇ ਉਪਰ ਆ ਡਿੱਗਾ ਜਿਸ ਕਾਰਨ ਉਨ੍ਹਾਂ ਦੀ ਇਕ ਲੱਤ ਦੀ ਹੱਡੀ ਟੁੱਟ ਗਈ ਅਤੇ ਕੁਝ ਪਸਲੀਆਂ ਵੀ ਜਰਬ ਖਾ ਗਈਆਂ।

ਸੂਤਰਾਂ ਅਨੁਸਾਰ ਉਨ੍ਹਾਂ ਨੂੰ ਤੁਰੰਤ ਮੈਰਿਸਵਿਲ ਹਸਪਤਾਲ ਲੈਜਾਇਆ ਗਿਆ ਜਿਥੋਂ ਉਨ੍ਹਾਂ ਨੂੰ ਯੂਨੀਵਰਸਿਟੀ ਆਫ ਡੇਵਿਸ ਦੇ ਹਸਪਤਾਲ ਤਬਦੀਲ ਕਰ ਦਿੱਤਾ ਗਿਆ। ਉਨ੍ਹਾਂ ਦੀ ਹਾਲਤ ਖਤਰੇ ਤੋਂ ਬਾਹਰ ਹੈ। ਡਾਕਟਰਾਂ ਨੇ ਉਨ੍ਹਾਂ ਨੂੰ ਕੁਝ ਸਮਾਂ ਪੂਰੀ ਤਰ੍ਹਾਂ ਆਰਾਮ ਕਰਨ ਲਈ ਕਿਹਾ ਹੈ। ਆਪਣੇ ਸ਼ੁਭਚਿੰਤਕਾਂ ਦਾ ਧੰਨਵਾਦ ਕਰਦਿਆਂ ਸ. ਬੈਂਸ ਨੇ ਕਿਹਾ ਕਿ ਸਰੀਰਕ ਕਮਜ਼ੋਰੀ ਕਰਕੇ ਇਸ ਸਮੇਂ ਉਹ ਹਾਲ-ਚਾਲ ਪੁੱਛਣ ਵਾਲੇ ਸਭ ਫੋਨ ਨਹੀਂ ਸੁਣ ਸਕਦੇ। ਉਨ੍ਹਾਂ ਦੀਆਂ ਦੁਆਵਾਂ ਸਕਦਾ ਉਹ ਜਲਦ ਹੀ ਸੰਗਤ ਦੀ ਸੇਵਾ ਵਿਚ ਮੁੜ ਹਾਜ਼ਰ ਹੋ ਜਾਣਗੇ।

## ਘੱਟ ਖਾਣ ਨਾਲ ਦਿਮਾਗ ਰਹਿੰਦੈ ਤਰੋ-ਤਾਜ਼ਾ

**ਲੰਡਨ:** ਜ਼ਿਆਦਾ ਖਾਣ ਨਾਲ ਤੁਹਾਡਾ ਦਿਮਾਗ ਜਲਦੀ ਬੁੱਢਾ ਹੋ ਸਕਦਾ ਹੈ ਜਦਕਿ ਘੱਟ ਨਾਲ ਇਸ ਨੂੰ ਜਵਾਨ ਰੱਖਣ ਵਾਲਾ ਤੰਤੂ ਗਤੀਸ਼ੀਲ ਹੋ ਜਾਂਦਾ ਹੈ। ਕੈਥੋਲਿਕ ਯੂਨੀਵਰਸਿਟੀ ਆਫ ਸੇਕਰਡ ਹਾਰਟ (ਰੋਮ) ਦੇ ਖੋਜ ਦਲ ਨੇ ਇਹ ਪਤਾ ਲਾਇਆ ਕਿ ਸੀ.ਆਰ.ਈ.ਬੀ.-1 ਨਾਮੀ ਤੰਤੂ ਨੇ ਚੂਹੀਆਂ ਦੇ ਦਿਮਾਗ ਵਿਚ ਕੈਲਰੀਆਂ ਦੀ ਖਪਤ ਘਟਾਉਣ ਵਾਲੇ ਰਸਾਇਣ ਨੂੰ ਉਕਸਾਅ ਦਿੱਤਾ।

ਪੈਥੋਲੋਜਿਸਟ ਜਿਓਵਮ ਬਟਿਸਟਾ ਪਾਨੀ ਦੀ ਅਗਵਾਈ ਵਾਲੇ ਇਸ ਖੋਜ ਦਲ ਨੇ ਪਤਾ ਲਾਇਆ ਕਿ ਸੀ.ਆਰ.ਈ.ਬੀ. ਦਿਮਾਗ ਦੀ ਲੰਮੀ ਆਯੂ ਤੇ ਸੁਚਾਰੂ ਕੰਮਕਾਜ ਨਾਲ ਸਬੰਧਤ ਕਈ ਜੀਨਾਂ ਨੂੰ ਗਤੀਸ਼ੀਲ ਕਰਦਾ ਹੈ।

# ਜਗਬੀਰ ਬਰਾੜ ਅਤੇ ਕੁਸ਼ਲਦੀਪ ਢਿੱਲੋਂ ਨੇ ਮਨਪ੍ਰੀਤ ਦਾ ਸਾਥ ਛੱਡਿਆ

### ਮਨਪ੍ਰੀਤ ਵੱਲੋਂ 'ਕਾਲੀਆਂ ਭੇਡਾਂ' ਨੂੰ ਮੂੰਹ ਨਾ ਲਾਉਣ ਦਾ ਐਲਾਨ

*(ਸਫਾ ਇਕ ਦੀ ਬਾਕੀ)*

ਦੇ ਉਲਟ ਪਾਰਟੀ ਵਿਚ ਫੰਡਾਂ ਦਾ ਕੋਈ ਹਿਸਾਬ-ਕਿਤਾਬ ਨਹੀਂ ਹੈ। ਸ. ਬਰਾੜ ਨੇ ਕਿਹਾ ਕਿ ਉਸ ਨੇ ਤਾਂ ਅਸੂਲਾਂ 'ਤੇ ਪਹਿਰਾ ਦੇਣ ਲਈ ਪੀ.ਪੀ.ਪੀ. ਦੀ ਖਾਤਰ ਅਕਾਲੀ ਦਲ ਦੀ ਵਿਧਾਇਕੀ ਤੋਂ ਅਸਤੀਫਾ ਦਿੱਤਾ ਸੀ ਤੇ ਉਹ ਪੈਨਸ਼ਨ ਤੋਂ ਵੀ ਵਾਂਝਾ ਹੋ ਗਿਆ ਹੈ ਪਰ ਮਨਪ੍ਰੀਤ ਦੇ ਵੀ ਅਕਾਲੀ ਦਲ ਦੀਆਂ ਨੀਤੀਆਂ ਦੇ ਰਾਹ ਪੈਣ ਕਾਰਨ ਉਨ੍ਹਾਂ ਕੋਲ ਕੌਮੀ ਪਾਰਟੀ ਕਾਂਗਰਸ ਵਿਚ ਸ਼ਾਮਲ ਹੋਣ ਤੋਂ ਇਲਾਵਾ ਹੋਰ ਕੋਈ ਰਾਹ ਨਹੀਂ ਸੀ।

ਇਸ ਦੌਰਾਨ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਦੱਸਿਆ ਕਿ ਇਹ ਆਗੂ ਪਿਛਲੇ ਕੁਝ ਸਮੇਂ ਤੋਂ ਉਨ੍ਹਾਂ ਦੇ ਸੰਪਰਕ ਵਿਚ ਸਨ ਤੇ ਪਾਰਟੀ ਦੀ ਹਾਈਕਮਾਂਡ ਤੋਂ ਮਨਜ਼ੂਰੀ ਲੈ ਕੇ ਇਨ੍ਹਾਂ ਨੂੰ ਬਿਨਾਂ ਸ਼ਰਤ ਕਾਂਗਰਸ ਵਿਚ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕਈ ਭਾਜਪਾ ਤੇ ਅਕਾਲੀ ਆਗੂ ਵੀ ਕਾਂਗਰਸ ਵਿਚ ਸ਼ਾਮਲ ਹੋਣ ਲਈ ਉਨ੍ਹਾਂ ਦੇ ਸੰਪਰਕ ਵਿਚ ਹਨ। ਬੀਬੀ ਰਜਿੰਦਰ ਕੌਰ ਭੱਠਲ ਨੇ ਕਿਹਾ ਕਿ ਇਹ ਤਾਂ ਹਾਲੇ ਸ਼ੁਰੂਆਤ ਹੈ, ਅਗਲੇ ਦਿਨੀਂ ਅਕਾਲੀ ਦਲ ਦੀ ਪੂਰੀ ਤਰ੍ਹਾਂ ਫੂਕ ਕੱਢ ਦਿੱਤੀ ਜਾਵੇਗੀ। ਚਰਚਾ ਹੈ ਕਿ ਸਾਬਕਾ ਵਿਧਾਇਕ ਜਗਬੀਰ ਸਿੰਘ ਬਰਾੜ ਨੂੰ ਕਾਂਗਰਸ ਵਿਚ ਸ਼ਾਮਲ ਕਰਾਉਣ ਲਈ ਰਾਮਪੁਰਾ ਫੂਲ ਹਲਕੇ ਦੇ ਵਿਧਾਇਕ ਗੁਰਪ੍ਰੀਤ ਸਿੰਘ ਕਾਂਗੜ ਨੇ ਅਹਿਮ ਭੂਮਿਕਾ ਨਿਭਾਈ ਹੈ।

ਇਸੇ ਦੌਰਾਨ, ਧਰਮਕੋਟ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਸ਼੍ਰੋਮਣੀ ਕਮੇਟੀ ਦੀ ਚੋਣ ਜਿੱਤਣ ਵਾਲੇ ਸੁਖਜੀਤ ਸਿੰਘ ਉਰਫ ਕਾਕਾ ਲੋਹਗੜ੍ਹ ਵੀ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਗਏ। ਇਸ ਤਾਜ਼ਾ ਸਿਆਸੀ ਘਟਨਾਕ੍ਰਮ ਨਾਲ ਪੀਪਲਜ਼ ਪਾਰਟੀ ਆਫ ਪੰਜਾਬ ਲਈ ਸੰਕਟ ਖੜ੍ਹਾ ਹੋ ਗਿਆ ਹੈ। ਅਕਾਲੀ ਦਲ (ਲੌਂਗੋਵਾਲ) ਵੀ ਉਨ੍ਹਾਂ ਨਾਲੋਂ ਕਿਨਾਰਾਕਸ਼ੀ ਕਰਦਾ ਜਾ ਰਿਹਾ ਹੈ। ਸਿਰਫ ਦੋ ਕਮਿਊਨਿਸਟ ਪਾਰਟੀਆਂ ਹੀ ਹੁਣ ਉਨ੍ਹਾਂ ਨਾਲ ਡਟਵੇਂ ਰੂਪ ਵਿਚ ਖੜ੍ਹੀਆਂ ਹਨ।

ਉਧਰ, ਸ. ਮਨਪ੍ਰੀਤ ਬਾਦਲ ਨੇ ਪਾਰਟੀ ਅੰਦਰਲੀਆਂ ਹੋਰ ਅਜਿਹੀਆਂ 'ਕਾਲੀਆਂ ਭੇਡਾਂ' ਨੂੰ ਵੀ ਪਾਰਟੀ ਵਿਚੋਂ ਚਲੇ ਜਾਣ ਦਾ ਖੁੱਲ੍ਹਾ ਸੱਦਾ ਦਿੱਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਨ੍ਹਾਂ ਆਗੂਆਂ ਨੇ ਸ਼ਹੀਦ ਭਗਤ ਸਿੰਘ ਦੀ ਸੋਚ ਨੂੰ ਧੋਖਾ ਦਿੱਤਾ ਹੈ। ਉਹ ਆਪ ਤਾਂ ਇਨ੍ਹਾਂ ਭਗੌੜੇ ਆਗੂਆਂ ਨੂੰ ਮੁਆਫ ਕਰ ਦੇਣਗੇ ਪਰ ਇਕ ਦਿਨ ਇਨ੍ਹਾਂ ਨੂੰ ਲੋਕ ਅਦਾਲਤ ਵਿਚ ਪੇਸ਼ ਹੋਣਾ ਪਵੇਗਾ ਤੇ ਲੋਕ ਉਨ੍ਹਾਂ ਨੂੰ ਨਹੀਂ ਬਖਸ਼ਣਗੇ।

ਚੇਤੇ ਰਹੇ ਕਿ ਮਨਪ੍ਰੀਤ ਵੱਲੋਂ ਅਕਾਲੀ ਦਲ ਖਿਲਾਫ ਬਗਾਵਤ ਕਰਨ ਮੌਕੇ ਵਿਧਾਇਕ ਸੰਤ ਅਜੀਤ ਸਿੰਘ, ਜਗਬੀਰ ਸਿੰਘ ਬਰਾੜ ਤੇ ਮਨਜਿੰਦਰ ਸਿੰਘ ਉਨ੍ਹਾਂ ਨਾਲ ਝੰਡਾ ਚੁੱਕ ਕੇ ਤੁਰੇ ਸਨ। ਸੰਤ ਅਜੀਤ ਸਿੰਘ ਤਾਂ ਸਿਆਸੀ ਦਬਾਅ ਕਾਰਨ ਕੁਝ ਦਿਨਾਂ ਬਾਅਦ ਹੀ ਅਕਾਲੀ ਦਲ ਵੱਲ ਮੁਹਾਰ ਮੋੜ ਗਏ, ਮਨਜਿੰਦਰ ਸਿੰਘ ਕੰਗ ਵੀ ਪੰਦਰਾਂ ਦਿਨਾਂ ਬਾਅਦ ਖਿੜ੍ਹਕ ਗਏ। ਕਾਂਗਰਸ ਤੋਂ ਅਕਾਲੀ ਦਲ ਵਿਚ ਰਲੇ ਅਤੇ ਫਿਰ ਮਨਪ੍ਰੀਤ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਵਾਲੇ ਬੀਰਦਵਿੰਦਰ ਸਿੰਘ ਵੀ ਕੁਝ ਦਿਨਾਂ ਬਾਅਦ ਹੀ ਲਾਂਭੇ ਹੋ ਗਏ। ਰਾਜ ਸਭਾ ਦੇ ਸਾਬਕਾ ਮੈਂਬਰ ਵਰਿੰਦਰ ਸਿੰਘ ਬਾਜਵਾ ਪਿਛਲੀ ਫਰਵਰੀ ਵਿਚ ਮਨਪ੍ਰੀਤ ਨਾਲ ਆ ਖੜ੍ਹੇ ਹੋਏ ਸਨ ਪਰ ਕੁਝ ਮਹੀਨਿਆਂ ਦੇ ਸਾਥ ਪਿੱਛੋਂ ਹੀ ਉਹ ਮੁੜ ਅਕਾਲੀ ਦਲ ਵਿਚ ਪਰਤ ਗਏ। ਮਨਪ੍ਰੀਤ ਦੇ ਓ.ਐਸ.ਡੀ. ਰਹੇ ਚਰਨਜੀਤ ਸਿੰਘ ਬਰਾੜ ਤੇ ਲੰਬੀ ਤੋਂ ਹਲਕਾ ਇੰਚਾਰਜ ਸਤਿੰਦਰਜੀਤ ਸਿੰਘ ਮੰਟਾ ਵੀ ਅਕਾਲੀ ਦਲ ਵਿਚ ਪਰਤ ਚੁੱਕੇ ਹਨ। ਸਿਆਸੀ ਪੰਡਿਤਾਂ ਦਾ ਕਹਿਣਾ ਹੈ ਕਿ ਇਨ੍ਹਾਂ ਆਗੂਆਂ ਦੀਆਂ ਸਿਆਸੀ ਗਰਜਾਂ ਹੀ ਵਾਰ ਵਾਰ ਦਲ-ਬਦਲੀ ਦਾ ਕਾਰਨ ਬਣਦੀਆਂ ਹਨ। ਇਨ੍ਹਾਂ ਸਾਰੇ ਆਗੂਆਂ ਨੇ ਤਾਨਾਸ਼ਾਹੀ ਖਿਲਾਫ ਆਵਾਜ਼ ਬੁਲੰਦ ਕੀਤੀ ਪਰ ਆਪਣੇ ਸਿਆਸੀ ਹਿਤਾਂ ਕਾਰਨ ਇਹ ਫਿਰ ਪਿਛਾਂਹ ਹਟ ਗਏ।

## ਬਾਦਲ ਵੱਲੋਂ ਮਨਪ੍ਰੀਤ ਨੂੰ 'ਘਰ ਵਾਪਸੀ' ਦਾ ਸੱਦਾ

**ਬਠਿੰਡਾ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਭਤੀਜੇ ਤੇ ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੂੰ 'ਘਰ ਵਾਪਸੀ' ਦਾ ਸੱਦਾ ਦਿੱਤਾ ਹੈ। ਉਨ੍ਹਾਂ ਆਖਿਆ ਕਿ ਪਾਰਟੀ ਦੇ ਸਭ ਦਰਵਾਜ਼ੇ ਮਨਪ੍ਰੀਤ ਬਾਦਲ ਲਈ ਖੁੱਲ੍ਹੇ ਹਨ। ਉਹ ਜਦੋਂ ਚਾਹੇ ਪਾਰਟੀ 'ਚ ਵਾਪਸ ਆ ਸਕਦਾ ਹੈ। ਉਸ ਦੇ ਵਾਪਸ ਆਉਣ 'ਤੇ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੈ।

ਸ. ਬਾਦਲ ਨੇ ਕਿਹਾ ਕਿ ਉਸ ਨੇ ਆਪਣੀ ਮਰਜ਼ੀ ਨਾਲ ਪਾਰਟੀ ਛੱਡੀ ਸੀ ਤੇ ਹੁਣ ਮਰਜ਼ੀ ਨਾਲ ਵਾਪਸ ਆ ਸਕਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮਨਪ੍ਰੀਤ ਇਕ ਗੱਲ ਜ਼ਰੂਰ ਯਾਦ ਰੱਖੇ ਕਿ ਪਾਰਟੀ ਵੱਡੀ ਹੁੰਦੀ ਹੈ ਨਾ ਕਿ ਵਿਅਕਤੀ। ਮੁੱਖ ਮੰਤਰੀ ਨੇ ਆਖਿਆ ਕਿ ਮਨਪ੍ਰੀਤ ਸਿੰਘ ਬੜਾ ਹੀ ਸਿਆਣਾ ਤੇ ਬੀਬਾ ਬੱਚਾ ਹੈ ਤੇ ਉਸ ਨੂੰ ਕੁਝ ਲੋਕਾਂ ਨੇ ਉਂਗਲਾਂ 'ਤੇ ਚੜ੍ਹਾਇਆ ਹੋਇਆ ਸੀ ਜੋ ਹੁਣ ਦਲਬਦਲੀ ਕਰਕੇ ਉਸ ਨੂੰ ਛੱਡ ਗਏ ਹਨ। ਹੁਣ ਤਾਂ ਮਨਪ੍ਰੀਤ ਨੂੰ ਵੀ ਇਸ ਦਾ ਅਹਿਸਾਸ ਹੋ ਗਿਆ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਨੇ ਹੀ ਮਨਪ੍ਰੀਤ ਨੂੰ ਚਾਰ ਵਾਰ ਵਿਧਾਇਕ ਬਣਾਇਆ ਸੀ। ਹੁਣ ਬਿਨ੍ਹਾਂ ਪਾਰਟੀ ਤੋਂ ਮਨਪ੍ਰੀਤ ਵਿਧਾਇਕ ਬਣ ਕੇ ਦਿਖਾਵੇ। ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਮਨਪ੍ਰੀਤ ਮੁੜ ਪਾਰਟੀ 'ਚ ਆ ਸਕਦਾ ਹੈ ਪਰ ਦੂਸਰੇ ਦਲ-ਬਦਲੂਆਂ ਲਈ ਕੋਈ ਥਾਂ ਨਹੀਂ ਹੈ। ਬਲਵੰਤ ਸਿੰਘ ਰਾਮੂਵਾਲੀਏ ਬਾਰੇ ਸ. ਬਾਦਲ ਨੇ ਆਖਿਆ ਕਿ ਉਸ ਨੇ ਤਾਂ ਆਪਣੀ ਪਾਰਟੀ ਹੀ ਅਕਾਲੀ ਦਲ ਵਿਚ ਮਿਲਾ ਲਈ ਹੈ।

ਮੁੱਖ ਮੰਤਰੀ ਨੇ ਆਖਿਆ ਕਿ ਦਲ ਬਦਲੀ ਸਭ ਤੋਂ ਵੱਡਾ ਸਿਆਸੀ ਜੁਰਮ ਹੈ ਜਿਸ ਨੂੰ ਠੱਲਣ ਲਈ ਸਖਤ ਕਾਨੂੰਨ ਦੀ ਜ਼ਰੂਰਤ ਹੈ ਤਾਂ ਜੋ ਦਲ-ਬਦਲੀ ਕਰਨ ਵਾਲਿਆਂ ਨੂੰ ਸਖਤ ਸਜ਼ਾ ਦਿੱਤੀ ਜਾ ਸਕੇ। ਉਨ੍ਹਾਂ ਆਖਿਆ ਕਿ ਕੈਪਟਨ ਅਮਰਿੰਦਰ ਸਿੰਘ ਵੀ ਦਲ ਬਦਲੀ ਵਿਚ 'ਮਾਹਿਰ' ਹਨ ਤੇ ਬਹੁਤੇ ਲੋਕ ਤਾਂ ਕੱਪੜਿਆਂ ਵਾਂਗ ਪਾਰਟੀ ਬਦਲ ਲੈਂਦੇ ਹਨ।


ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

**ਜਸਪ੍ਰੀਤ ਸਿੰਘ**

**ਅਟਾਰਨੀ ਐਟ ਲਾਅ**

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



*Attorny At Law*

***Law Offices Of Jaspreet Singh***

*4491 W. Shaw Ave.,*
*Suite 300 B*
*(Near Costco)*
*Fresno, CA 93722*
***Ph: 559-271-5511***

*44790 S. Grimmer*
*Blvd. #204*
*Fremont CA-94538*
***Ph:510-657-6444***
*Fax: 510-657-6443*

*2945 W. Capitol Ave,*
*Sacramento CA-95691*
***Ph: 916-372-4448***
*Fax: 916-372-4440*



**Law Offices of Gill & Heridis**

**Immigration Services**
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

**Personal Injury**
- Auto Collision



*Bhupinder Gill*
*Attorney at Law*
*(Admitted in CA)*

*Call for free initial consultation*

**(408) 940-6065, (408) 736-5203**

**Email: gill@ghfirm.com Web: www.ghfirm.com**

**830 Stewart Drive, Suite#231, Sunnyvale, CA 94085**



**ATM's & Credit Card Terminals at Lowest Prices! No Hidden Fees.**

Merchant Accounts-Grocery, Motels, Limos/Taxis, Gas stations.

**Credit card** terminals -Verifone, Hypercom...

Transfer existing CC processing to us for **lower rates.**

***99% approved same day.*** We specialize in high risk businesses.


**ATMs – TRANAX/TRITON/WRG,** starting at $69/mo.*
*(Perfect for retail stores, hotels, gas stations, etc.)*

***Need Money?*** We provide cash advance against credit card processing with **NO collateral** or personal guaran-tee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: **773-416-8526**
or 773-935-VISA, SagarATM@yahoo.com

**www.GoldCoastATM.com**






**ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ**

ੴ ਸਤਿਗੁਰ ਪ੍ਰਸਾਦਿ॥
ਆਇਆ ਤਾ ਕਾ ਸਫਲ ਹੈ ਜਾ ਪਰ ਉਪਕਾਰੀ ਹੋਇ॥

ਸੇਵਾ ਸਿਮਰਨ ਸੁਸਾਇਟੀ, ਯੂਬਾ ਸਿਟੀ ਵਲੋਂ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਉਪਦੇਸ਼ ਨੂੰ ਘਰ ਘਰ ਪਹੁੰਚਾਉਣ ਲਈ ਹਫਤਾਵਾਰੀ ਪ੍ਰੋਗਰਾਮ ਹਰੇਕ ਸਨਿਚਰਵਾਰ ਨੂੰ ਯੂਬਾ ਸਿਟੀ ਇਲਾਕੇ ਵਿਚ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਸੰਗਤ ਰੂਪ ਵਿਚ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦੇ ਪਾਠ ਤੋਂ ਇਲਾਵਾ ਕੀਰਤਨ, ਕਥਾ ਅਤੇ ਨਾਮ ਸਿਮਰਨ ਕੀਤਾ ਜਾਂਦਾ ਹੈ। ਸੁਸਾਇਟੀ ਵਲੋਂ ਇਹ ਨਿਸ਼ਕਾਮ ਸੇਵਾ ਕੀਤੀ ਜਾਂਦੀ ਹੈ, ਕੋਈ ਵੀ ਸ਼ਰਧਾਵਾਨ ਪਰਿਵਾਰ ਇਹ ਸੇਵਾ ਆਪਣੇ ਘਰ ਵਿਚ ਕਰਵਾਉਣਾ ਚਾਹੁੰਦਾ ਹੈ ਤਾਂ ਹੇਠ ਲਿਖੇ ਸੱਜਣਾਂ ਨਾਲ ਸੰਪਰਕ ਕਰ ਸਕਦਾ ਹੈ:

| ਨਰਿੰਦਰ ਸਿੰਘ | ਜੋਗਿੰਦਰ ਸਿੰਘ | ਨਿਰਮਲ ਸਿੰਘ |
|---|---|---|
| 530-682-7383 | 530-870-3440 | 530-635-0273 |

# ਪੰਜਾਬੀਆਂ ਨੂੰ ਕੁਸ਼ਲਦੀਪ ਢਿੱਲੋਂ ਤੇ ਜਗਬੀਰ ਬਰਾੜ ਦੇ ਬਾਈਕਾਟ ਦਾ ਸੱਦਾ

**ਸ਼ਿਕਾਗੋ:** ਪੀਪਲਜ਼ ਪਾਰਟੀ ਆਫ ਪੰਜਾਬ (ਪੀ ਪੀ ਪੀ) ਦੇ ਸੀਨੀਅਰ ਮੀਤ ਪ੍ਰਧਾਨ ਜਗਬੀਰ ਸਿੰਘ ਬਰਾੜ ਅਤੇ ਮੀਤ ਪ੍ਰਧਾਨ ਕੁਸ਼ਲਦੀਪ ਸਿੰਘ 'ਕਿੱਕੀ' ਢਿੱਲੋਂ ਦੇ ਪਾਰਟੀ ਛਡ ਕੇ ਕਾਂਗਰਸ ਵਿਚ ਸ਼ਾਮਲ ਹੋਣ ਉਤੇ ਤਿਖਾ ਪ੍ਰਤੀਕਰਮ ਜਾਹਰ ਕਰਦਿਆਂ ਪਾਰਟੀ ਦੀ ਅਮਰੀਕਾ-ਕੈਨੇਡਾ ਇਕਾਈ ਦੇ ਆਗੂਆਂ ਨੇ ਕਿਹਾ ਹੈ ਕਿ ਇਨ੍ਹਾਂ ਦੋਹਾਂ ਨੇ ਅਖੀਰ ਆਪਣੀ ਔਕਾਤ ਦਿਖਾ ਦਿਤੀ ਹੈ ਅਤੇ ਜਾਹਰ ਕਰ ਦਿਤਾ ਹੈ ਕਿ ਉਹ ਅਸੂਲਾਂ ਲਈ ਨਹੀਂ ਸਗੋਂ ਰਾਜਸੀ ਤਾਕਤ ਹਾਸਲ ਕਰਨ ਲਈ ਹੀ ਮਨਪ੍ਰੀਤ ਸਿੰਘ ਬਾਦਲ ਨਾਲ ਰਲੇ ਸਨ। ਜਦੋਂ ਉਨ੍ਹਾਂ ਨੂੰ ਕਾਂਗਰਸ ਵਲੋਂ ਸਿਆਸੀ ਅਹੁਦੇ ਦੀ ਬੁਰਕੀ ਸੁਟੀ ਗਈ ਤਾਂ ਝੱਟ ਕਾਂਗਰਸ ਵਿਚ ਜਾ ਰਲੇ।

ਪਾਰਟੀ ਵਲੋਂ ਜਾਰੀ ਇਕ ਬਿਆਨ ਵਿਚ ਪੀ ਪੀ ਪੀ ਆਗੂਆਂ ਨੇ ਆਖਿਆ ਹੈ ਕਿ ਪਾਰਟੀ ਲਈ ਤਾਂ ਸਗੋਂ ਇਹ ਚੰਗਾ ਹੀ ਹੋਇਆ ਹੈ ਕਿ ਸਵਾਰਥੀ ਲੋਕ ਇਸ ਨੂੰ ਛਡ ਗਏ ਹਨ। ਇਹ ਲੋਕ ਤਾਂ ਇਹ ਵੀ ਭੁਲ ਗਏ ਕਿ ਉਨ੍ਹਾਂ ਅਜੇ 8 ਮਹੀਨੇ ਪਹਿਲਾਂ ਹੀ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਲਈ ਜੂਝ ਮਰਨ ਦੀ ਸਹੁੰ ਖਾਧੀ ਸੀ। ਪਾਰਟੀ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਦਾ ਕਹਿਣਾ ਬਿਲਕੁਲ ਠੀਕ ਹੈ ਕਿ ਮੈਂ ਉਨ੍ਹਾਂ ਨੂੰ ਮੁਆਫ ਕਰ ਦੇਵਾਂਗਾ...ਪਰ ਇਕ ਦਿਨ ਉਨ੍ਹਾਂ ਨੂੰ ਲੋਕ ਅਦਾਲਤ ਵਿਚ ਪੇਸ਼ ਹੋਣਾ ਪਵੇਗਾ ਅਤੇ ਲੋਕ ਉਨ੍ਹਾਂ ਨੂੰ ਨਹੀਂ ਬਖਸ਼ਣਗੇ।

ਪਾਰਟੀ ਛਡ ਕੇ ਕਾਂਗਰਸ ਵਿਚ ਗਏ ਇਨ੍ਹਾਂ ਆਗੂਆਂ ਵਲੋਂ ਲਾਏ ਗਏ ਦੋਸ਼ਾਂ ਨੂੰ ਮੂਲੋਂ ਹੀ ਰੱਦ ਕਰਦਿਆਂ ਬਿਆਨ ਵਿਚ ਕਿਹਾ ਗਿਆ ਹੈ ਕਿ ਪਾਰਟੀ ਵਿਚ ਪਰਿਵਾਰਵਾਦ ਤੋਂ ਦੂਰ ਰਹਿਣ, ਫੰਡਾਂ ਦਾ ਪਾਰਦਰਸ਼ੀ ਹਿਸਾਬ ਰੱਖਣ ਅਤੇ ਸੁਖਬੀਰ ਨਾਲ ਕੋਈ ਤਾਲਮੇਲ ਨਾ ਕਰਨ ਦੇ ਅਸੂਲਾਂ ਉਤੇ ਬਾਕਾਇਦਾ ਪਹਿਰਾ ਦਿਤਾ ਜਾ ਰਿਹਾ ਹੈ ਅਤੇ ਬਰਾੜ ਤੇ ਢਿਲੋਂ ਦਾ ਇਹ ਦੋਸ਼ ਝੂਠ ਦੇ ਪੁਲੰਦੇ ਤੋਂ ਵੱਧ ਕੁਝ ਵੀ ਨਹੀਂ ਹੈ ਕਿ ਅਗਸਤ ਮਹੀਨੇ ਦੇ ਵਿਦੇਸ਼ ਦੌਰੇ ਦੌਰਾਨ ਇਕੱਤਰ ਹੋਏ 50 ਹਜ਼ਾਰ ਡਾਲਰ ਦੇ ਫੰਡ ਦਾ ਮਨਪ੍ਰੀਤ ਬਾਦਲ ਤੇ ਭਗਵੰਤ ਮਾਨ ਨੇ ਕੋਈ ਹਿਸਾਬ-ਕਿਤਾਬ ਨਹੀਂ ਦਿੱਤਾ, ਜਦੋਂਕਿ ਸੱਚ ਤਾਂ ਇਹ ਹੈ ਕਿ ਸ੍ਰੀ ਬਰਾੜ ਤੇ ਢਿਲੋਂ ਜਦੋਂ ਅਮਰੀਕਾ ਆਏ ਸਨ ਤਾਂ ਇਨ੍ਹਾਂ ਦੀ ਕੁਝ ਕਾਂਗਰਸੀ ਆਗੂਆਂ ਨਾਲ ਗਿੱਟਮਿਟ ਤੋਂ ਹੀ ਜਾਹਰ ਹੋ ਗਿਆ ਸੀ ਕਿ ਇਨ੍ਹਾਂ ਦੇ ਮਨ ਸਾਫ ਨਹੀਂ ਹਨ। ਇਸੇ ਕਰ ਕੇ ਇਨ੍ਹਾਂ ਦੋਹਾਂ ਨੂੰ ਨਿਊ ਯਾਰਕ ਅਤੇ ਸ਼ਿਕਾਗੋ ਵਿਚ ਹੋਏ ਸਮਾਗਮਾਂ ਦੇ ਨੇੜੇ ਵੀ ਨਹੀਂ ਸੀ ਢੁਕਣ ਦਿਤਾ ਗਿਆ।

ਇਸ ਬਿਆਨ ਵਿਚ ਸ਼ਿਕਾਗੋ ਤੋਂ ਸਰਵਣ ਸਿੰਘ ਟਿਵਾਣਾ, ਦਰਸ਼ਨ ਸਿੰਘ ਬਸਰਾਉ, ਨਿਊ ਯਾਰਕ ਤੋਂ ਜਸਵੰਤ ਸਿੰਘ ਜੱਸਾ, ਕੈਲੀਫੋਰਨੀਆ ਤੋਂ ਕੁਲਦੀਪ ਸਿੰਘ ਧਾਲੀਵਾਲ ਪ੍ਰੋ. ਬਲਵਿੰਦਰ ਸਿੰਘ ਲਾਲੀ ਧਨੋਆ, ਗੁਲਿੰਦਰ ਸਿੰਘ ਗਿੱਲ, ਡਾ. ਜਗਤਾਰ ਸਿੰਘ ਸੰਧੂ, ਜੰਗ ਬਦੇਸ਼ਾ, ਅਜੈ ਢਿੱਲੋਂ, ਮਦਨ ਸ਼ਰਮਾ, ਗੁਰਦੀਪ ਗਿੱਲ, ਬਲਵਿੰਦਰ ਡੂਲਕੂ, ਸਰਪੰਚ ਬਲਿਹਾਰ ਸਿੰਘ, ਡਾ. ਅਜੀਤ ਸਿੰਘ ਖਹਿਰਾ, ਪਰਮਜੀਤ ਦੋਸਾਂਝ, ਬਲਵਿੰਦਰ ਬਰਾੜ, ਗੁਰਚਰਨ ਢਿੱਲੋਂ, ਬੱਬੂ ਗੁਰਪਾਲ ਅਤੇ ਸ਼ਿਆਟਲ ਤੋਂ ਕਮਲਜੀਤ ਗਰੇਵਾਲ, ਰਣਜੀਤ ਪੰਮਾ ਅਤੇ ਰਾਜਿੰਦਰ ਰਾਏ ਨੇ ਕੁਸ਼ਲਦੀਪ ਢਿੱਲੋਂ ਤੇ ਜਗਬੀਰ ਬਰਾੜ ਦੀ ਪਾਰਟੀ ਨਾਲ ਗੱਦਾਰੀ ਦੀ ਤਿੱਖੀ ਆਲੋਚਨਾ ਕਰਦਿਆਂ ਦੁਨੀਆਂ ਭਰ ਦੇ ਪੰਜਾਬੀਆਂ ਨੂੰ ਸੱਦਾ ਦਿਤਾ ਹੈ ਕਿ ਇਨ੍ਹਾਂ ਆਗੂਆਂ ਦਾ ਸਿਆਸੀ ਬਾਈਕਾਟ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜੁਲਾਈ ਮਹੀਨੇ ਵਿਚ ਮਨਪ੍ਰੀਤ ਸਿੰਘ ਬਾਦਲ ਦੀ ਨਾਰਥ ਅਮਰੀਕਾ ਫੇਰੀ ਦੌਰਾਨ ਕਿਸੇ ਵੀ ਜਗ੍ਹਾ ਤੇ ਕੋਈ ਫੰਡ ਰੇਜਿੰਗ ਨਹੀਂ ਕੀਤਾ ਗਿਆ। ਸ਼ਿਕਾਗੋ, ਫਰੀਮਾਂਟ, ਸੈਕਰਾਮੈਂਟੋ, ਬੇਕਰਜ਼ਫੀਲਡ, ਫਰਿਜ਼ਨੋ ਅਤੇ ਸ਼ਿਆਟਲ ਵਿਚ ਮਨਪ੍ਰੀਤ ਦੀ ਫੇਰੀ ਦੇ ਪ੍ਰਬੰਧਕਾਂ ਨੇ ਇਸ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਢਿਲੋਂ ਤੇ ਬਰਾੜ ਵੱਲੋਂ ਕੀਤੀ ਗਈ ਗੱਦਾਰੀ ਨੇ ਪਰਦੇਸਾਂ ਵਿਚ ਵਸਦੇ ਪਰਵਾਸੀ ਪੰਜਾਬੀਆਂ ਨੂੰ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਪੰਜਾਬ ਦੇ ਇਨ੍ਹਾਂ ਕੁਰਸੀ ਦੇ ਭੁੱਖੇ ਲਾਲਚੀ ਲੀਡਰਾਂ ਦਾ ਯਕੀਨ ਨਾ ਕੀਤਾ ਜਾਵੇ, ਜਿਹੜੇ ਪੈਰ ਪੈਰ ਤੇ ਪੰਜਾਬ ਨਾਲ ਗੱਦਾਰੀ ਕਰ ਰਹੇ ਹਨ।

ਬਿਆਨ ਵਿਚ ਇਨ੍ਹਾਂ ਆਗੂਆਂ ਨੇ ਕਿਹਾ ਕਿ ਇਹ ਦੁੱਧ ਵਰਗਾ ਚਿੱਟਾ ਸੱਚ ਹੈ ਕਿ ਪਿਛਲੇ 65 ਸਾਲਾਂ ਵਿਚ ਕਾਂਗਰਸੀ ਤੇ ਅਕਾਲੀ ਹਾਕਮਾਂ ਨੇ ਪੰਜਾਬ ਨੂੰ ਆਰਥਿਕ, ਧਾਰਮਿਕ, ਸੱਭਿਆਚਾਰਕ ਅਤੇ ਸਮਾਜਿਕ ਤੇ ਸਿਆਸੀ ਤੌਰ 'ਤੇ ਕੰਗਾਲ ਕਰਕੇ ਰੱਖ ਦਿੱਤਾ ਹੈ। ਅੱਜ ਜਦੋਂ ਪੰਜਾਬ ਵਿਚ ਇਨ੍ਹਾਂ ਦੋਵਾਂ ਤਾਕਤਾਂ ਵਿਰੁਧ ਇਕ ਤੀਸਰਾ ਬਦਲ ਉਸਾਰਨ ਲਈ ਮਨਪ੍ਰੀਤ ਬਾਦਲ ਸੰਜ਼ੀਦਾ ਯਤਨ ਕਰ ਰਹੇ ਸਨ ਅਤੇ ਦੁਨੀਆਂ ਭਰ ਵਿਚ ਵੱਸਦੇ ਪਰਵਾਸੀ ਪੰਜਾਬੀ ਉਨ੍ਹਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਪੰਜਾਬ ਨੂੰ ਬਚਾਉਣ ਲਈ ਇਕਜੁਟਤਾ ਦਾ ਪ੍ਰਗਟਾਵਾ ਕਰ ਰਹੇ ਸਨ, ਤਾਂ ਠੀਕ ਉਸ ਸਮੇਂ ਬਰਾੜ ਤੇ ਢਿਲੋਂ ਨੇ ਪੰਜਾਬ ਦੇ ਹਿੱਤਾਂ ਲਈ ਉਸਰ ਰਹੀ ਲੋਕ ਪੱਖੀ ਲਹਿਰ ਨਾਲ ਗੱਦਾਰੀ ਕੀਤੀ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਪੰਜਾਬੀਆਂ ਨਾਲ ਕਿਸੇ ਨੇ ਗੱਦਾਰੀ ਕੀਤੀ ਤਾਂ ਪੰਜਾਬੀ ਜਲਦੀ ਹੀ ਉਸ ਗੱਦਾਰੀ ਦੀ ਭਾਜੀ ਮੋੜ ਦਿੰਦੇ ਹਨ। ਫਰਵਰੀ ਚੋਣਾਂ ਵਿਚ ਇਨ੍ਹਾਂ ਗੱਦਾਰ ਆਗੂਆਂ ਦਾ ਜਿਹੜਾ ਹਸ਼ਰ ਹੋਣਾ ਹੈ, ਉਹ ਇਨ੍ਹਾਂ ਨੂੰ ਕੰਧ ਤੇ ਲਿਖੇ ਵਾਂਗ ਪੜ੍ਹ ਲੈਣਾ ਚਾਹੀਦਾ ਹੈ।

ਬਿਆਨ ਵਿਚ ਕਿਹਾ ਗਿਆ ਹੈ ਕਿ ਬਰਾੜ ਤੇ ਢਿਲੋਂ ਦੀ ਕਾਂਗਰਸ ਵਿਚ ਸ਼ਮੂਲੀਅਤ ਨੇ ਇਹ ਵੀ ਸਾਬਤ ਕਰ ਦਿੱਤਾ ਹੈ ਕਿ ਰੋਜ਼ ਸਟੇਜਾਂ ਉਪਰ ਖੂੰਡੇ ਦਿਖਾਉਣ ਵਾਲੇ ਅਤੇ ਫੋਕੇ ਲਲਕਾਰੇ ਮਾਰਨ ਵਾਲੇ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਹੁਣ ਆਪਣੀ ਕਾਂਗਰਸ ਪਾਰਟੀ ਦੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਹਾਰ ਸਪੱਸ਼ਟ ਦਿਖਾਈ ਦੇ ਰਹੀ ਹੈ ਤਾਂ ਹੀ ਹੁਣ ਉਹ ਦੂਜੀਆਂ ਪਾਰਟੀਆ ਦੇ ਆਗੂਆਂ ਦਾ ਆਸਰਾ ਭਾਲਣ ਲੱਗਾ ਹੋਇਆ ਹੈ।

ਪੀ ਪੀ ਪੀ ਆਗੂਆਂ ਨੇ ਬਰਾੜ ਤੇ ਢਿਲੋਂ ਵਲੋਂ 50 ਹਜ਼ਾਰ ਡਾਲਰ ਮਨਪ੍ਰੀਤ ਤੇ ਭਗਵੰਤ ਮਾਨ ਵਲੋਂ ਅਮਰੀਕਾ ਫੇਰੀ ਦੌਰਾਨ ਇਕੱਠੇ ਕਰਨ ਦੇ ਦੋਸ਼ਾਂ ਨੂੰ ਮੂਲੋਂ ਰੱਦ ਕਰਦਿਆਂ ਕਿਹਾ ਕਿ ਅਸੀਂ ਸ਼ਰਮਿੰਦੇ ਹਾਂ ਕਿ ਅਸੀਂ ਇਹੋ ਜਿਹੇ ਝੂਠੇ ਤੇ ਗੱਦਾਰ ਆਗੂਆਂ ਦਾ ਮਾਣ-ਸਨਮਾਨ ਕਰ ਬੈਠੇ। ਮਨਪ੍ਰੀਤ ਬਾਦਲ ਲਈ 50 ਹਜਾਰ ਡਾਲਰ ਤਾਂ ਕੀ ਇਹ 50 ਡਾਲਰ ਵੀ ਕਿਤੋਂ ਇਕੱਠੇ ਕੀਤੇ ਸਾਬਤ ਕਰ ਦੇਣ ਤਾਂ ਅਸੀਂ ਦੇਣਦਾਰ ਹਾਂ। ਪਿਛਲੇ ਤਿੰਨ ਦਹਾਕਿਆਂ ਦਾ ਇਤਿਹਾਸ ਹੈ ਕਿ ਜਦੋਂ ਵੀ ਪੰਜਾਬ ਤੋਂ ਕਾਂਗਰਸੀ ਤੇ ਅਕਾਲੀ ਆਗੂ ਨਾਰਥ ਅਮਰੀਕਾ ਆਏ ਤਾਂ ਉਹ ਡਾਲਰ ਇਕੱਠੇ ਕਰਕੇ ਆਪਣੀਆਂ ਜੇਬਾਂ ਭਰਦੇ ਰਹੇ ਹਨ। ਪਰ ਮਨਪ੍ਰੀਤ ਬਾਦਲ ਹੀ ਅਜਿਹਾ ਆਗੂ ਹੈ ਜਿਸਨੇ ਪਰਵਾਸੀਆਂ ਦੀ ਹਰ ਸਟੇਜ ਤੇ ਹਰ ਮੀਟਿੰਗ ਵਿਚ ਠੋਕ ਕੇ ਕਿਹਾ ਕਿ ਉਹ ਡਾਲਰ ਲੈਣ ਨਹੀਂ ਬਲਕਿ ਪੰਜਾਬ ਬਚਾਉਣ ਲਈ ਪਰਵਾਸੀ ਪੰਜਾਬੀਆਂ ਨੂੰ ਲੈਣ ਆਏ ਹਨ।

ਇਨ੍ਹਾਂ ਆਗੂਆਂ ਨੇ ਕਿਹਾ ਹੈ ਕਿ ਪੰਜਾਬ ਨੂੰ ਬਚਾਉਣ ਲਈ ਮਨਪ੍ਰੀਤ ਬਾਦਲ ਵਲੋਂ ਉਸਾਰੀ ਜਾ ਰਹੀ ਲੋਕ ਲਹਿਰ ਲਈ ਪਰਵਾਸੀ ਪੰਜਾਬੀ ਚੱਟਾਨ ਦੀ ਤਰ੍ਹਾਂ ਮਨਪ੍ਰੀਤ ਨਾਲ ਖੜ੍ਹੇ ਹਨ। ਲੋਕ ਰੋਹ ਨੂੰ ਦੇਖਦਿਆਂ ਗੱਦਾਰ ਆਗੂਆਂ-ਢਿਲੋਂ ਤੇ ਬਰਾੜ ਨੇ ਹੁਣ ਆਪਣੀਆਂ ਫੇਸਬੁੱਕਾਂ ਦੇ ਅਕਾਊਂਟ ਵੀ ਬੰਦ ਕਰ ਦਿਤੇ ਹਨ ਕਿਉਂਕਿ ਦੁਨੀਆਂ ਭਰ ਦੇ ਪੰਜਾਬੀ ਇਨ੍ਹਾਂ ਦੀ ਗੱਦਾਰੀ 'ਤੇ ਲਾਹਨਤਾਂ ਪਾ ਰਹੇ ਹਨ।

## ਬਰਾੜ ਤੇ ਢਿੱਲੋਂ ਦੀ ਆਮਦ ਨਾਲ ਕਾਂਗਰਸ ਦੇ ਹੌਸਲੇ ਬੁਲੰਦ

**ਨਵੀਂ ਦਿੱਲੀ:** ਕਾਂਗਰਸ ਹਾਈ ਕਮਾਨ ਨੇ ਪੰਜਾਬ ਪ੍ਰਦੇਸ਼ ਕਾਂਗਰਸ ਦੀਆਂ ਸਰਗਰਮੀਆਂ ਤੇਜ਼ ਕਰਨ ਤੇ ਉਮੀਦਵਾਰਾਂ ਦੀ ਚੋਣ ਕਰਨ ਲਈ ਕੋਆਰਡੀਨੇਸ਼ਨ ਕਮੇਟੀ ਦੀ ਮੀਟਿੰਗ 23 ਦਸੰਬਰ ਨੂੰ ਨਵੀਂ ਦਿੱਲੀ ਵਿਚ ਸੱਦ ਲਈ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਇੰਚਾਰਜ ਗੁਲਚੈਨ ਸਿੰਘ ਚੜਕ ਨੇ ਦੱਸਿਆ ਕਿ ਕੋਆਰਡੀਨੇਸ਼ਨ ਕਮੇਟੀ ਦੀ ਮੀਟਿੰਗ 23 ਦਸੰਬਰ ਨੂੰ ਸੱਦੀ ਗਈ ਹੈ ਜਿਸ ਵਿਚ ਉਮੀਦਵਾਰਾਂ ਬਾਰੇ ਅਹਿਮ ਫੈਸਲੇ ਲਏ ਜਾਣਗੇ।

ਪਿਛਲੇ ਦਿਨੀਂ ਪੀਪਲਜ਼ ਪਾਰਟੀ ਆਫ ਪੰਜਾਬ ਦੇ ਆਗੂਆਂ ਵਿਧਾਇਕ ਜਗਬੀਰ ਸਿੰਘ ਬਰਾੜ ਤੇ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ ਨੂੰ ਕਾਂਗਰਸ 'ਚ ਸ਼ਾਮਲ ਕਰਨ ਬਾਰੇ ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਪਾਰਟੀ ਦੀ ਮੁਹਿੰਮ ਨੂੰ ਹੁਲਾਰਾ ਮਿਲਿਆ ਹੈ ਕਿਉਂਕਿ ਦੋਵੇਂ ਆਗੂ ਆਪੋ ਆਪਣੇ ਹਲਕਿਆਂ ਵਿਚ ਚੰਗਾ ਆਧਾਰ ਰੱਖਦੇ ਹਨ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਕਾਂਗਰਸ 'ਚ ਥੋੜ੍ਹੀ ਬਹੁਤ ਨਾਰਾਜ਼ਗੀ ਪੈਦਾ ਹੋਣੀ ਸੁਭਾਵਿਕ ਹੀ ਸੀ ਪਰ ਕਿਸੇ ਨੂੰ ਟਿਕਟ ਦੇਣ ਦਾ ਵਾਅਦਾ ਨਹੀਂ ਕੀਤਾ ਗਿਆ। ਇਨ੍ਹਾਂ ਆਗੂਆਂ ਨੂੰ ਵੀ ਟਿਕਟ ਹਾਸਲ ਕਰਨ ਲਈ ਹੋਰ ਕਾਂਗਰਸੀਆਂ ਵਾਂਗ ਪੂਰੀ ਪ੍ਰੀਕਿਰਿਆ ਵਿਚੋਂ ਲੰਘਣਾ ਪਵੇਗਾ।

ਉਨ੍ਹਾਂ ਕਿਹਾ ਕਿ ਪੀਪਲਜ਼ ਪਾਰਟੀ ਪੰਜਾਬ ਦੇ ਦੋਵਾਂ ਆਗੂਆਂ ਨੂੰ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਪ੍ਰਵਾਨਗੀ ਨਾਲ ਹੀ ਕਾਂਗਰਸ ਵਿਚ ਸ਼ਾਮਲ ਕੀਤਾ ਗਿਆ ਹੈ। ਕੁਝ ਹੋਰ ਆਗੂ ਵੀ ਕਾਂਗਰਸ ਵਿਚ ਸ਼ਾਮਲ ਹੋਣ ਲਈ ਸੰਪਰਕ ਵਿੱਚ ਹਨ ਪਰ ਉਨ੍ਹਾਂ ਨੂੰ ਵੀ ਕਾਂਗਰਸ ਪ੍ਰਧਾਨ ਦੀ ਪ੍ਰਵਾਨਗੀ ਨਾਲ ਹੀ ਕਾਂਗਰਸ ਵਿਚ ਸ਼ਾਮਲ ਕਰਨ ਦਾ ਫੈਸਲਾ ਹੋਵੇਗਾ। ਉਨ੍ਹਾਂ ਦੀ ਗੱਲਬਾਤ ਤੋਂ ਸੰਕੇਤ ਮਿਲੇ ਕਿ ਪੀਪਲਜ਼ ਪਾਰਟੀ ਪੰਜਾਬ ਦੇ ਇਹ ਦੋਵੇਂ ਆਗੂ ਕੁਝ ਸਮੇਂ ਤੋਂ ਕਾਂਗਰਸ ਹਾਈ ਕਮਾਨ ਦੇ ਸੰਪਰਕ ਵਿਚ ਸਨ ਪਰ ਇਨ੍ਹਾਂ ਨੂੰ ਕਾਂਗਰਸ ਵਿਚ ਸ਼ਾਮਲ ਕਰਨ ਦਾ ਉਹ ਦਿਨ ਚੁਣਿਆ ਜਿਸ ਦਿਨ ਸ਼੍ਰੋਮਣੀ ਅਕਾਲੀ ਦਲ ਨੇ ਮੋਗਾ ਵਿਚ ਵੱਡੀ ਰੈਲੀ ਕਰਨੀ ਸੀ।

ਕਾਂਗਰਸ ਪਾਰਟੀ ਵੱਲੋਂ ਕਰਵਾਏ ਦੋ ਸਰਵੇਖਣਾਂ ਬਾਰੇ ਉਨ੍ਹਾਂ ਕਿਹਾ ਕਿ ਇਕ ਪੰਜਾਬ ਪ੍ਰਦੇਸ਼ ਕਾਂਗਰਸ ਤੇ ਦੂਜਾ ਕਾਂਗਰਸ ਹਾਈ ਕਮਾਨ ਨੇ ਕਰਵਾਇਆ ਹੈ ਤੇ ਦੋਵਾਂ ਦੇ ਨਤੀਜੇ ਵੀ ਤਕਰੀਬਨ ਇਕੋ ਜਿਹੇ ਹਨ। ਦੋਵਾਂ ਵਿਚ ਕਾਂਗਰਸ ਨੂੰ 75 ਤੋਂ ਵੱਧ ਸੀਟਾਂ ਮਿਲਣ ਬਾਰੇ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਅਗਲੇ ਦਿਨਾਂ ਵਿਚ ਚਾਰ ਵੱਡੀਆਂ ਰੈਲੀਆਂ ਕਰਨ ਦਾ ਫੈਸਲਾ ਕੀਤਾ ਗਿਆ ਹੈ। 27 ਦਸੰਬਰ ਨੂੰ ਫਤਿਹਗੜ੍ਹ ਸਾਹਿਬ, 6 ਜਨਵਰੀ ਨੂੰ ਸਾਹਨੇਵਾਲ, 8 ਨੂੰ ਜਲੰਧਰ, 11 ਨੂੰ ਅੰਮ੍ਰਿਤਸਰ, 14 ਜਨਵਰੀ ਨੂੰ ਮਾਘੀ ਮੇਲੇ 'ਤੇ ਮੁਕਤਸਰ 'ਚ ਰੈਲੀਆਂ ਕੀਤੀਆਂ ਜਾਣਗੀਆਂ।





Amardeep Singh
Ph:916-712-2735
DRE#01357217

# Buy a Home With Zero Cash! No Money Down!

**For FREE list of properties and pre-recorded information on how "NO MONEY DOWN" Program Work. Govt. Loans, USDA, VA, Down Assistance Program and many more. Call Toll Free:1-888-450-6603 ID#4074**



**$151,000**
**Antelope - $576 Payment**
Great School. Ready to move. Clean. Family Home. Safe Neighborhood. Trees line street. FREE INFO:
**1-888-450-6603,** ID # 4251




**$165,000**
**Natomas – $630 Payment.**
Open floor plan. First time homebuyer. Bank Owned. Clean. Less than Rent. Beautiful FREE INFO:
**1-888-450-6603,** ID # 4252



**$139,900**
**Vintage – $529 Payment**
Great deal for home buyer. Walking distance to park, Desirable location. Family Home. FREE INFO:
**1-888-450-6603,** ID # 4253



**$179,900**
**Vintage – $566 Payment**
Beds. 3 Car garage. Quite Street. Pvt. backyard. Eat in Kitchen. Near school. Bright rooms. FREE INFO:
**1-888-450-6603,** ID # 4254



**I am making over $2,750**
With the help of Statewide Team, I am proud owner of two rentals in Sacramento. Each month I am making over $2,750 after all expenses. I live in Bay area and was nervous to invest in Sacramento. Statewide not only educated me but helped me in preparing the properties and finding good tenants. Great investment for my kids education.
***-Mr. Sood.***



**$189,000**
**Sacramento – $765 Payment**
2 story. Separate family living room. Desirable location. Beautiful. Tree lined streets. Great Area. FREE INFO:
**1-888-450-6603,** ID #4256



**$159,000**
**Elk Grove – $607 Payment**
Clean. Family room. Desirable location. Comfortable. Pvt. back yard. Beautiful Neighbourhood. FREE INFO:
**1-888-450-6603,** ID # 4257



**$175,000**
**Natomas - $668 Payment**
Preferable area. Quite Street. Open lay out. Good neighborhood. Family home. Lively. Walk to Park. FREE INFO:
**1-888-450-6603,** ID # 4258



**$245,000**
**Elk Grove – $935 Payment**
Preferable location. Tree lined street. Hardwood Floors. Formal Dining. Granite Counters. FREE INFO:
**1-888-450-6603,** ID # 4259

**Get Free list of Homes at www.statewideteam.net**

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana
**California:**
Shiara Dhindsa
Photographer
661-703-6664
**Bay Area**
Charanjit Singh Pannu
408-608-4961
**Sacramento**
Gurbarinder Singh Raja
916-533-2678
**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਹਿਜਧਾਰੀ ਸਿੱਖਾਂ ਲਈ ਵੋਟ ਦਾ ਹੱਕ ਬਹਾਲ

'ਤੇ ਨਿਰਭਰ ਸਨ ਤੇ ਹੁਣ ਸਹਿਜਧਾਰੀ ਸਿੱਖਾਂ ਦੀਆਂ ਵੋਟਾਂ ਨੂੰ ਸ਼ਾਮਲ ਕਰਕੇ ਨਵੀਆਂ ਵੋਟਰ ਸੂਚੀਆਂ ਦੇ ਆਧਾਰ 'ਤੇ ਨਵੀਆਂ ਚੋਣਾਂ ਕਰਾਉਣੀਆਂ ਚਾਹੀਦੀਆਂ ਹਨ।

ਹਾਈ ਕੋਰਟ ਨੇ ਭਾਵੇਂ ਸ਼੍ਰੋਮਣੀ ਕਮੇਟੀ ਦੀਆਂ ਹਾਲੀਆ ਚੋਣਾਂ ਬਾਰੇ ਕੋਈ ਵੱਖਰਾ ਫੈਸਲਾ ਨਹੀਂ ਦਿੱਤਾ ਪਰ ਮੌਜੂਦਾ ਸਦਨ ਦੇ ਭਵਿੱਖ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਨਿਜ਼ਾਮ ਨੂੰ ਫਿਕਰ ਪੈ ਗਿਆ ਹੈ। ਸ਼੍ਰੋਮਣੀ ਕਮੇਟੀ ਵਲੋਂ ਇਸ ਫੈਸਲੇ ਬਾਰੇ ਕਾਨੂੰਨੀ ਮਾਹਿਰਾਂ ਨਾਲ ਸਲਾਹ ਮਸ਼ਵਰਾ ਕੀਤਾ ਜਾ ਰਿਹਾ ਹੈ। ਸਹਿਜਧਾਰੀਆਂ ਨੂੰ ਵੋਟ ਪਾਉਣ ਦਾ ਹੱਕ ਮਿਲਣ ਕਰਕੇ ਚੋਣਾਂ ਗ਼ੈਰ-ਸੰਵਿਧਾਨਕ ਹੋਈਆਂ ਜਾਪਦੀਆਂ ਹਨ ਕਿਉਂਕਿ ਸਤੰਬਰ 2011 'ਚ ਹੋਈਆਂ ਚੋਣਾਂ ਹਾਈਕੋਰਟ ਦੇ ਫੈਸਲੇ ਨਾਲ ਹੀ ਜੁੜੀਆਂ ਸਨ।

ਸਹਿਜਧਾਰੀ ਸਿੱਖ ਫੈਡਰੇਸ਼ਨ ਦੇ ਪ੍ਰਧਾਨ ਪਰਮਜੀਤ ਸਿੰਘ ਰਾਣੂੰ ਦਾ ਕਹਿਣਾ ਹੈ ਕਿ ਕੇਂਦਰ ਦਾ ਨੋਟੀਫਿਕੇਸ਼ਨ ਰੱਦ ਹੋਣ ਨਾਲ ਸ਼੍ਰੋਮਣੀ ਕਮੇਟੀ ਚੋਣ ਵਿਚ ਸਹਿਜਧਾਰੀ ਸਿੱਖਾਂ ਨੂੰ ਵੋਟ ਦਾ ਹੱਕ ਮਿਲ ਗਿਆ ਹੈ। ਹੁਣ ਸ਼੍ਰੋਮਣੀ ਕਮੇਟੀ ਦੀਆਂ ਹਾਲ ਹੀ ਵਿਚ ਹੋਈਆ ਚੋਣਾਂ ਦੇ ਅਮਲ ਦਾ ਕੋਈ ਅਰਥ ਨਹੀਂ ਰਿਹਾ ਕਿਉਂਕਿ ਫੈਡਰੇਸ਼ਨ ਚੋਣਾਂ ਕਰਾਉਣ ਤੋਂ ਪਹਿਲਾਂ ਹੀ ਅਦਾਲਤ 'ਚ ਗਈ ਸੀ।

ਉਧਰ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦਾ ਕਹਿਣਾ ਹੈ ਕਿ ਹਾਈ ਕੋਰਟ ਨੇ ਸਿਰਫ ਸਹਿਜਧਾਰੀਆਂ ਨੂੰ ਵੋਟ ਨਾ ਪਾ ਸਕਣ ਬਾਰੇ ਨੋਟੀਫਿਕੇਸ਼ਨ ਰੱਦ ਕੀਤਾ ਹੈ। ਸ਼੍ਰੋਮਣੀ ਕਮੇਟੀ ਨੂੰ ਚੋਣਾਂ ਬਾਰੇ ਕੋਈ ਆਦੇਸ਼ ਨਹੀਂ ਦਿੱਤਾ, ਇਸ ਲਈ ਮੌਜੂਦਾ ਸਦਨ ਕਾਇਮ ਰਹੇਗਾ। ਉਂਜ, ਇਸ ਬਾਰੇ ਵਿਚ ਅਦਾਲਤ ਨੂੰ ਆਪਣੇ ਫੈਸਲੇ ਵਿਚ ਸਪੱਸ਼ਟ ਕਰਨਾ ਚਾਹੀਦਾ ਸੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਇਸ ਬਾਰੇ ਸੁਪਰੀਮ ਕੋਰਟ ਨਾਲ ਸਬੰਧਤ ਕੁਝ ਕਾਨੂੰਨੀ ਮਾਹਰਾਂ ਨਾਲ ਰਾਏ ਕੀਤੀ ਹੈ ਜਿਨ੍ਹਾਂ ਨੇ ਆਖਿਆ ਹੈ ਕਿ ਸ਼੍ਰੋਮਣੀ ਕਮੇਟੀ ਦਾ ਮੌਜੂਦਾ ਸਦਨ ਪੂਰੀ ਤਰ੍ਹਾਂ ਸੰਵਿਧਾਨਕ ਹੈ। ਇਸ ਲਈ ਹੁਣ ਇਸ ਫੈਸਲੇ ਖਿਲਾਫ ਸੁਪਰੀਮ ਕੋਰਟ ਵਿਚ ਜਾਣ ਲਈ ਸਲਾਹ ਲਈ ਜਾਵੇਗੀ।

ਇਸ ਬਾਰੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਹਾਈ ਕੋਰਟ ਦੇ ਇਸ ਫੈਸਲੇ ਨਾਲ ਉਨ੍ਹਾਂ ਦੇ ਇਸ ਸਟੈਂਡ ਦੀ ਪੁਸ਼ਟੀ ਹੋਈ ਹੈ ਕਿ ਸਹਿਜਧਾਰੀ ਸਿੱਖਾਂ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਵੋਟ ਪਾਉਣ ਦਾ ਅਧਿਕਾਰ ਮਿਲਣਾ ਚਾਹੀਦਾ ਹੈ ਕਿਉਂਕਿ ਇਹ


ਜਥੇਦਾਰ ਅਵਤਾਰ ਸਿੰਘ


ਡਾ. ਪਰਮਜੀਤ ਸਿੰਘ ਰਾਣੂੰ

ਵੀ ਸਿੱਖ ਧਰਮ ਨਾਲ ਸਬੰਧ ਰੱਖਦੇ ਹਨ।

ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਸਾਬਕਾ ਚੇਅਰਮੈਨ ਕਸ਼ਮੀਰ ਸਿੰਘ ਪੱਟੀ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਦੀਆਂ ਮੌਜੂਦਾ ਚੋਣਾਂ ਹਾਈ ਕੋਰਟ ਦੇ ਫੈਸਲੇ 'ਤੇ ਅਧਾਰਤ ਸਨ। ਇਸ ਫੈਸਲੇ ਰਾਹੀਂ ਅਦਾਲਤ ਨੇ ਸਹਿਜਧਾਰੀਆਂ ਨੂੰ ਵੋਟ ਪਾਉਣ ਦਾ ਹੱਕ ਦੇ ਦਿੱਤਾ ਹੈ ਜਦੋਂਕਿ ਹੁਣ ਹੋਈਆਂ ਚੋਣਾਂ ਵਿਚ ਸਹਿਜਧਾਰੀਆਂ ਨੂੰ ਵੋਟ ਨਹੀਂ ਪਾਉਣ ਦਿੱਤੀ ਗਈ ਸੀ। ਉਨ੍ਹਾਂ ਦਾਅਵਾ ਕੀਤਾ ਕਿ ਇਸ ਫੈਸਲੇ ਦੀ ਰੌਸ਼ਨੀ ਵਿਚ ਸ਼੍ਰੋਮਣੀ ਕਮੇਟੀ ਦਾ ਮੌਜੂਦਾ ਸਦਨ ਗ਼ੈਰ-ਸੰਵਿਧਾਨਕ ਹੋ ਗਿਆ ਹੈ ਤੇ ਹੁਣ ਨਵੀਆਂ ਚੋਣਾਂ ਹੋਣਗੀਆਂ।

**ਕੇਂਦਰ 'ਤੇ ਦੋਸ਼:** ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਕੇਂਦਰ ਸਰਕਾਰ 'ਤੇ ਦੋਸ਼ ਲਾਇਆ ਕਿ ਉਹ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਨਿਭਾਉਣ ਵਿਚ ਅਸਫਲ ਰਹੀ ਹੈ। ਦਲ ਖਾਲਸਾ ਦੇ ਬੁਲਾਰੇ ਭਾਈ ਕੰਵਰਪਾਲ ਸਿੰਘ ਨੇ ਸਹਿਜਧਾਰੀਆਂ ਬਾਰੇ ਅਦਾਲਤ ਦੇ ਫੈਸਲੇ ਨੂੰ ਸਿੱਖ ਜਗਤ 'ਚ ਨਿਰਾਸ਼ਾ ਪੈਦਾ ਕਰਨ ਵਾਲਾ ਫੈਸਲਾ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਸਹਿਜਧਾਰੀ ਮੁੱਦਾ ਬੀਤੇ ਦੀ ਗੱਲ ਬਣ ਚੁੱਕੀ ਹੈ ਤੇ ਹੁਣ ਉਸ ਦੀ ਕੋਈ ਮਹੱਤਤਾ ਨਹੀਂ ਹੈ। ਸਿੱਖ ਇਸ ਫੈਸਲੇ ਨੂੰ ਚੁਣੌਤੀ ਦੇਣਗੇ।

ਆਲ ਇੰਡੀਆ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਸਵੰਤ ਸਿੰਘ ਮਾਨ ਨੇ ਦਾਅਵਾ ਕੀਤਾ ਕਿ ਅਦਾਲਤੀ ਫੈਸਲੇ ਨਾਲ ਸ਼੍ਰੋਮਣੀ ਕਮੇਟੀ ਦਾ ਮੌਜੂਦਾ ਸਦਨ ਗ਼ੈਰ-ਸੰਵਿਧਾਨਕ ਬਣ ਗਿਆ ਹੈ ਤੇ ਇਸ ਦਾ ਪਹਿਲਾ ਸਦਨ ਹੀ ਕਾਰਵਾਈ ਚਲਾ ਸਕੇਗਾ। ਉਨ੍ਹਾ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਲਈ 30 ਨਵੰਬਰ ਤੋਂ ਪਹਿਲਾਂ ਚੋਣ ਕਰਾਉਣਾ ਲਾਜ਼ਮੀ ਹੁੰਦਾ ਹੈ ਪਰ ਇਸ ਵਾਰ ਇਹ ਚੋਣ ਨਹੀਂ ਹੋਈ। ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ ਨੇ ਦੋਸ਼ ਲਾਇਆ ਕਿ ਸਹਿਜਧਾਰੀਆਂ ਨੂੰ ਵੋਟ ਪਾਉਣ ਤੋਂ ਰੋਕਣ ਬਾਰੇ ਨੋਟੀਫਿਕੇਸ਼ਨ ਰੱਦ ਹੋਣ ਲਈ ਸ਼੍ਰੋਮਣੀ ਅਕਾਲੀ ਦਲ ਦੀਆਂ ਦੋਗਲੀਆਂ ਨੀਤੀਆਂ ਜ਼ਿੰਮੇਵਾਰ ਹਨ। ਉਨ੍ਹਾਂ ਆਖਿਆ ਕਿ 2002 ਵਿਚ ਵਿਧਾਨ ਸਭਾ ਚੋਣਾਂ ਹਾਰ ਚੁੱਕੇ ਸ਼੍ਰੋਮਣੀ ਅਕਾਲੀ ਦਲ ਨੇ ਐਨ.ਡੀ.ਏ. 'ਤੇ ਦਬਾਅ ਪਾ ਕੇ 2003 ਵਿਚ ਸਹਿਜਧਾਰੀਆਂ ਨੂੰ ਵੋਟ ਪਾਉਣ ਤੋਂ ਰੋਕਣ ਬਾਰੇ ਨੋਟੀਫਿਕੇਸ਼ਨ ਜਾਰੀ ਕਰਾਇਆ ਸੀ ਪਰ ਉਸ ਤੋਂ ਬਾਅਦ ਚੁੱਪ ਧਾਰੀ ਰੱਖੀ।

# ਸ਼੍ਰੋਮਣੀ ਕਮੇਟੀ ਲਈ ਕਾਨੂੰਨੀ ਸੰਕਟ

**ਚੰਡੀਗੜ੍ਹ:** ਹਾਈਕੋਰਟ ਵੱਲੋਂ ਸ਼੍ਰੋਮਣੀ ਕਮੇਟੀ ਵਿਚ ਸਹਿਜਧਾਰੀਆਂ ਦੇ ਵੋਟ ਦਾ ਹੱਕ ਬਹਾਲ ਕਰਨ ਨਾਲ ਸਿੱਖਾਂ ਦੀ ਸੰਸਥਾ ਨੂੰ ਅਜਿਹੇ ਕਾਨੂੰਨੀ ਤੇ ਸਿਆਸੀ ਸੰਕਟ ਦਾ ਸਾਹਮਣਾ ਕਰਨਾ ਪੈ ਗਿਆ ਹੈ ਜਿਸ ਦਾ 85 ਸਾਲ ਦੇ ਮਗਰਲੇ ਇਤਿਹਾਸ 'ਚ ਕਦੀ ਸਾਹਮਣਾ ਨਹੀਂ ਕੀਤਾ।

ਹਾਈ ਕੋਰਟ ਵੱਲੋਂ ਸਹਿਜਧਾਰੀਆਂ ਦਾ ਵੋਟ ਦਾ ਹੱਕ ਖ਼ਤਮ ਕਰਨ ਵਾਲੇ ਨੋਟੀਫ਼ਿਕੇਸ਼ਨ ਨੂੰ ਰੱਦ ਕੀਤੇ ਜਾਣ ਕਾਰਨ ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਨਾਲ 2004 ਤੇ 2011 ਦੀਆਂ ਚੋਣਾਂ ਖ਼ਤਰੇ ਵਿਚ ਪੈ ਗਈਆਂ ਹਨ ਕਿਉਂਕਿ ਇਨ੍ਹਾਂ ਚੋਣਾਂ ਵਿਚ ਸਹਿਜਧਾਰੀ ਵੋਟ ਨਹੀਂ ਪਾ ਸਕੇ ਪਰ 2004 'ਚ ਚੁਣੀ ਗਈ ਕਮੇਟੀ ਵੱਲੋਂ 7 ਸਾਲਾਂ ਦੌਰਾਨ ਜੋ ਵੀ ਕੰਮਕਾਜ ਕੀਤਾ ਗਿਆ ਤੇ ਫ਼ੈਸਲੇ ਲਏ ਗਏ ਉਨ੍ਹਾਂ ਦਾ ਕਾਨੂੰਨੀ ਭਵਿੱਖ ਕੀ ਹੋਵੇਗਾ, ਇਹ ਸਰਕਾਰ ਲਈ ਵੱਡਾ ਸਵਾਲ ਹੋਵੇਗਾ।

ਸ਼੍ਰੋਮਣੀ ਕਮੇਟੀ ਦੇ ਕਾਨੂੰਨੀ ਸਲਾਹਕਾਰ ਐਚ.ਐਸ. ਫੂਲਕਾ ਦਾ ਕਹਿਣਾ ਹੈ ਕਿ ਹਾਈਕੋਰਟ ਦੇ ਫ਼ੈਸਲੇ 'ਚ 2003 ਦੇ ਨੋਟੀਫ਼ਿਕੇਸ਼ਨ ਨੂੰ ਤਕਨੀਕੀ ਪੱਧਰ 'ਤੇ ਰੱਦ ਕੀਤਾ ਗਿਆ ਹੈ ਪਰ ਉਸ ਵੱਲੋਂ ਨਾ ਤਾਂ ਚੋਣ ਨੂੰ ਹੀ ਰੱਦ ਕੀਤਾ ਗਿਆ ਹੈ ਤੇ ਨਾ ਹੀ ਨਵੀਂ ਚੋਣ ਕਰਵਾਉਣ ਬਾਰੇ ਕੋਈ ਤਜਵੀਜ਼ ਦਿੱਤੀ ਗਈ ਹੈ। ਦੂਜੇ ਪਾਸੇ ਮਾਹਿਰਾਂ ਦਾ ਕਹਿਣਾ ਹੈ ਕਿ ਹਾਈ ਕੋਰਟ ਨੇ ਸਹਿਜਧਾਰੀ ਸਿੱਖ ਫ਼ੈਡਰੇਸ਼ਨ ਵੱਲੋਂ 2011 ਦੀਆਂ ਚੋਣਾਂ 'ਤੇ ਰੋਕ ਲਾਉਣ ਲਈ ਦਾਇਰ ਪਟੀਸ਼ਨ ਰੱਦ ਕਰਦਿਆਂ ਸਪੱਸ਼ਟ ਕੀਤਾ ਸੀ ਕਿ ਚੋਣਾਂ ਉਕਤ ਪਟੀਸ਼ਨ ਦੇ ਆਖ਼ਰੀ ਫ਼ੈਸਲੇ 'ਤੇ ਮੁਨੱਸਰ ਕਰਨਗੀਆਂ। ਪਟੀਸ਼ਨ ਵਿਚ ਚੋਣਾਂ ਰੱਦ ਕਰਨ ਦੀ ਮੰਗ ਨਹੀਂ ਰੱਖੀ ਗਈ ਸੀ ਤੇ ਇਸ ਲਈ ਹਾਈਕੋਰਟ ਨੇ ਕੋਈ ਟਿੱਪਣੀ ਨਹੀਂ ਕੀਤੀ। ਇਸ ਮੰਤਵ ਲਈ ਸਹਿਜਧਾਰੀ ਸਿੱਖ ਫ਼ੈਡਰੇਸ਼ਨ ਜਾਂ ਦੂਜੀਆਂ ਧਿਰਾਂ ਨੂੰ ਮੁੜ ਅਦਾਲਤ ਦਾ ਦਰਵਾਜ਼ਾ ਖੜਕਾਉਣਾ ਪੈ ਸਕਦਾ ਹੈ ਜਦੋਂਕਿ ਸ਼੍ਰੋਮਣੀ ਕਮੇਟੀ ਵੀ ਇਸ ਫ਼ੈਸਲੇ ਦੇ ਉਲਟ ਸੁਪਰੀਮ ਕੋਰਟ ਵਿਚ ਜਾ ਸਕਦੀ ਹੈ।

ਸ਼੍ਰੋਮਣੀ ਕਮੇਟੀ ਦਾ ਨਵਾਂ ਹਾਊਸ ਤੇ 5 ਦਸੰਬਰ ਨੂੰ 15 ਨਾਮਜ਼ਦ ਕੀਤੇ ਗਏ ਮੈਂਬਰਾਂ ਬਾਰੇ ਵੀ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਅਜੇ ਤੱਕ ਨੋਟੀਫ਼ਿਕੇਸ਼ਨ ਜਾਰੀ ਨਹੀਂ ਕੀਤਾ ਗਿਆ ਤੇ ਹਾਈ ਕੋਰਟ ਦੇ ਇਸ ਫ਼ੈਸਲੇ ਤੋਂ ਬਾਅਦ ਹੀ ਗ੍ਰਹਿ ਮੰਤਰਾਲਾ ਅਜਿਹਾ ਨੋਟੀਫ਼ਿਕੇਸ਼ਨ ਜਾਰੀ ਕਰ ਸਕੇਗਾ ਜਾਂ ਚੁਣੇ ਗਏ ਜਨਰਲ ਹਾਊਸ ਵੱਲੋਂ ਨਵੇਂ ਪ੍ਰਧਾਨ ਤੇ ਕਾਰਜਕਾਰਨੀ ਦੀ ਚੋਣ ਹੋ ਸਕੇਗੀ, ਇਸ ਬਾਰੇ ਵੀ ਸਵਾਲੀਆ ਚਿੰਨ੍ਹ ਲੱਗ ਗਿਆ ਹੈ।

ਸਿਆਸੀ ਹਲਕਿਆਂ ਦਾ ਕਹਿਣਾ ਹੈ ਕਿ ਅਕਾਲੀ ਦਲ (ਬਾਦਲ) ਨੇ ਸ਼੍ਰੋਮਣੀ ਕਮੇਟੀ ਦੀ ਇਸ ਚੋਣ 'ਚ ਹੂੰਝਾ-ਫੇਰੂ ਜਿੱਤ ਨਾਲ ਜੋ ਆਪਣਾ ਵਕਾਰ ਬਣਾਇਆ ਸੀ, ਉਸ ਲਈ ਇਹ ਵੱਡਾ ਸਿਆਸੀ ਧੱਕਾ ਹੈ ਕਿਉਂਕਿ ਸੁਪਰੀਮ ਕੋਰਟ ਤੋਂ ਕੋਈ ਰਾਹਤ ਨਾ ਮਿਲਣ ਦੀ ਸੂਰਤ ਵਿਚ ਤੇ ਚੋਣ ਮੁੜ ਹੋਣ ਕਾਰਨ ਅਕਾਲੀ ਦਲ ਨੂੰ ਇਹ ਸਮੁੱਚੀ ਲੜਾਈ ਮੁੜ ਲੜਨੀ ਪੈ ਸਕਦੀ ਹੈ। ਪੰਜਾਬ ਕਾਂਗਰਸ ਦੀ ਆਗੂਆਂ ਕੈਪਟਨ ਅਮਰਿੰਦਰ ਸਿੰਘ ਤੇ ਬੀਬੀ ਰਜਿੰਦਰ ਕੌਰ ਭੱਠਲ ਨੇ ਹਾਈ ਕੋਰਟ ਦੇ ਫ਼ੈਸਲੇ ਦਾ ਜਿਵੇਂ ਸਵਾਗਤ ਕੀਤਾ ਹੈ ਤੇ ਨਵਾਂ ਚੁਣਿਆ ਗਿਆ ਹਾਊਸ ਭੰਗ ਕਰ ਕੇ ਸਹਿਜਧਾਰੀ ਵੋਟਰਾਂ ਨੂੰ ਮੁੜ ਸ਼ਾਮਲ ਕਰਨ ਤੇ ਨਵੀਂ ਚੋਣ ਦੀ ਜੋ ਮੰਗ ਕੀਤੀ ਹੈ ਅਤੇ ਸ਼੍ਰੋਮਣੀ ਕਮੇਟੀ ਦੀ 18 ਸਤੰਬਰ ਨੂੰ ਹੋਈ ਚੋਣ ਤੋਂ ਬਾਅਦ ਨਵੇਂ ਹਾਊਸ ਦੇ ਗਠਨ ਤੇ ਨਵੇਂ ਪ੍ਰਧਾਨ ਦੀ ਚੋਣ ਵਿਚ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਜਿਵੇਂ ਲਗਾਤਾਰ ਟਾਲ-ਮਟੋਲ ਦਾ ਰਵੱਈਆ ਅਪਨਾਇਆ ਗਿਆ, ਉਸ ਤੋਂ ਸਪੱਸ਼ਟ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਇਸ ਸੰਕਟ 'ਚੋਂ ਕੱਢਣ ਲਈ ਮੌਜੂਦਾ ਕੇਂਦਰ ਸਰਕਾਰ ਸਹਿਜਧਾਰੀਆਂ ਦੇ ਵੋਟ ਨੂੰ ਖ਼ਤਮ ਕਰਨ ਬਾਰੇ ਨੋਟੀਫ਼ਿਕੇਸ਼ਨ ਨੂੰ ਸੰਸਦ ਤੋਂ ਮੁੜ ਪ੍ਰਵਾਨਗੀ ਦਿਵਾਉਣ ਦੇ ਰੌਂਅ 'ਚ ਨਜ਼ਰ ਨਹੀਂ ਆ ਰਹੀ।

ਦਿੱਲੀ ਗੁਰਦੁਆਰਾ ਕਮੇਟੀ ਜਿਸ ਦੀਆਂ ਚੋਣਾਂ ਮਾਰਚ-ਅਪਰੈਲ 2012 ਵਿਚ ਹੋਣ ਦੀ ਆਸ ਹੈ, ਵਿਚ ਸਹਿਜਧਾਰੀਆਂ ਨੂੰ ਵੋਟ ਦਾ ਅਧਿਕਾਰ ਨਹੀਂ ਹੈ ਤੇ ਕੇਂਦਰ ਨੂੰ ਇਹ ਵੀ ਵਿਚਾਰਨਾ ਪਵੇਗਾ ਕਿ ਕੀ ਦੇਸ਼ ਦੇ ਦੋ ਸੂਬਿਆਂ ਵਿਚ ਵੱਖੋ ਵੱਖ ਕਾਨੂੰਨ ਰੱਖਿਆ ਜਾ ਸਕਦਾ ਹੈ। ਕਾਨੂੰਨੀ ਮਾਹਿਰਾਂ ਦਾ ਵਿਚਾਰ ਹੈ ਕਿ ਇਸ ਫ਼ੈਸਲੇ ਕਾਰਨ ਜਿੱਥੇ ਸ਼੍ਰੋਮਣੀ ਕਮੇਟੀ ਵਿਚ ਸਹਿਜਧਾਰੀਆਂ ਦੀ ਵੋਟ ਦੇ ਪੁਰਾਣੇ ਵਿਵਾਦ ਨੂੰ ਇਕ ਵਾਰ ਮੁੜ ਖੜ੍ਹਾ ਕਰ ਦਿੱਤਾ ਹੈ, ਉਥੇ ਇਸ ਮੁੱਦੇ ਨੂੰ ਲੈ ਕੇ ਨਵਾਂ ਕਾਨੂੰਨੀ ਤੇ ਸਿਆਸੀ ਸੰਘਰਸ਼ ਵੀ ਸ਼ੁਰੂ ਹੋ ਜਾਵੇਗਾ।

# ਹਾਈ ਕੋਰਟ ਦੇ ਫੈਸਲੇ ਨਾਲ ਖੜ੍ਹੇ ਹੋਏ ਕਈ ਸਵਾਲ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਸਹਿਜਧਾਰੀਆਂ ਦਾ ਵੋਟ ਦਾ ਹੱਕ ਬਹਾਲ ਕਰਨ ਨਾਲ ਸ਼੍ਰੋਮਣੀ ਕਮੇਟੀ ਦੇ ਨਵੇਂ ਚੁਣੇ ਸਦਨ ਲਈ 'ਨੈਤਿਕ ਵੈਧਤਾ' ਦਾ ਸਵਾਲ ਖੜ੍ਹਾ ਹੋ ਗਿਆ ਹੈ। ਇਸ ਤੋਂ ਇਲਾਵਾ ਪ੍ਰਸਤਾਵਿਤ ਸਰਬ-ਹਿੰਦ ਸਿੱਖ ਗੁਰਦੁਆਰਾ ਕਾਨੂੰਨ ਵਿਚ 'ਸਹਿਜਧਾਰੀ' ਦੀ ਪਰਿਭਾਸ਼ਾ ਸ਼ਾਮਲ ਕਰਨ ਦਾ ਸਵਾਲ ਵੀ ਜਿਉਂ ਦਾ ਤਿਉਂ ਖੜ੍ਹਾ ਹੈ। ਇਸ ਸਾਲ ਤੇ ਇਸ ਤੋਂ ਪਹਿਲਾਂ 2005 'ਚ ਹੋਈਆਂ ਚੋਣਾਂ 'ਚ ਸਹਿਜਧਾਰੀ ਸਿੱਖਾਂ ਨੂੰ ਵੋਟ ਦੇ ਹੱਕ ਤੋਂ ਵਾਂਝਾ ਕਰ ਦਿੱਤਾ ਗਿਆ ਸੀ। ਸਹਿਜਧਾਰੀ ਸਿੱਖਾਂ ਨੂੰ ਵੋਟ ਦਾ ਹੱਕ ਵਾਪਸ ਲੈਣ ਦਾ ਨੋਟੀਫਿਕੇਸ਼ਨ ਉਦੋਂ ਜਾਰੀ ਹੋਇਆ ਸੀ ਜਦੋਂ ਕੇਂਦਰ 'ਚ ਐਨ.ਡੀ.ਏ. ਦੀ ਸਰਕਾਰ ਸੀ।

ਸਹਿਜਧਾਰੀ ਸਿੱਖਾਂ ਦਾ ਵਿਵਾਦ 1930ਵਿਆਂ ਤੋਂ ਚਲਿਆ ਆ ਰਿਹਾ ਹੈ ਕਿ ਗ਼ੈਰ-ਸਿੱਖ ਪਰਿਵਾਰਾਂ ਵਿਚ ਜਨਮੇ ਤੇ ਬਾਅਦ ਵਿਚ ਸਿੱਖ ਧਰਮ ਧਾਰਨ ਕਰਨ ਵਾਲਿਆਂ ਨੂੰ ਇਨ੍ਹਾਂ ਚੋਣਾਂ ਵਿਚ ਹਿੱਸਾ ਲੈਣ ਦਾ ਹੱਕ ਦਿੱਤਾ ਜਾਵੇ ਜਾਂ ਨਹੀਂ? 1939 'ਚ ਪਹਿਲੀ ਵਾਰ ਇਕ 'ਸਹਿਜਧਾਰੀ ਸਿੱਖ' ਭਾਈ ਖੁਸ਼ੀ ਰਾਮ ਮੁਲਤਾਨ ਤੋਂ ਸ਼੍ਰੋਮਣੀ ਕਮੇਟੀ ਲਈ ਚੁਣਿਆ ਗਿਆ ਸੀ। ਹਾਲੀਆ ਸਮਿਆਂ ਦੌਰਾਨ ਸ਼੍ਰੋਮਣੀ ਕਮੇਟੀ ਇਹ ਸਟੈਂਡ ਲੈਂਦੀ ਰਹੀ ਹੈ ਕਿ ਜਿਨ੍ਹਾਂ ਸਹਿਜਧਾਰੀਆਂ ਨੂੰ ਪਹਿਲਾਂ ਮਾਨਤਾ ਦਿੱਤੀ ਗਈ ਸੀ ਉਹ ਵੰਨਗੀ ਹੁਣ ਮੌਜੂਦ ਨਹੀਂ ਰਹੀ। ਖੱਤਰੀ ਜਾਂ ਅਰੋੜਾ ਹਿੰਦੂ ਪਰਿਵਾਰਾਂ ਵਿਚ ਇਹ ਪਿਰਤ ਰਹੀ ਹੈ ਕਿ ਉਨ੍ਹਾਂ ਦਾ ਵੱਡਾ ਪੁੱਤਰ ਸਿੱਖੀ ਧਾਰਨ ਕਰਦਾ ਸੀ। ਇਸੇ ਕਰਕੇ ਜਦੋਂ ਸ਼੍ਰੋਮਣੀ ਕਮੇਟੀ ਹੋਂਦ ਵਿਚ ਆਈ ਸੀ ਤਾਂ 'ਸਹਿਜਧਾਰੀ ਸਿੱਖਾਂ' ਦਾ ਚੋਖਾ ਤਬਕਾ ਹੁੰਦਾ ਸੀ। ਉਂਜ, ਭਾਰਤ-ਪਾਕਿ ਵੰਡ ਤੇ ਫਿਰ 1966 ਵਿਚ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਸਿੱਖ ਭਾਈਚਾਰੇ ਦੀ ਇਹ ਵੰਨਗੀ ਪੇਤਲੀ ਪੈਣੀ ਸ਼ੁਰੂ ਹੋ ਗਈ। 1940 ਤੇ 50ਵਿਆਂ ਵਿਚ ਹਜ਼ਾਰਾਂ ਦੀ ਤਾਦਾਦ ਵਾਲਾ ਇਹ ਤਬਕਾ 70ਵਿਆਂ ਵਿਚ ਸੈਂਕੜਿਆਂ 'ਚ ਸੁੰਗੜ ਗਿਆ।

'ਸਹਿਜਧਾਰੀ ਸਿੱਖ' ਦੀ ਹਾਲੀਆ ਮਿਸਾਲ ਭਾਈ ਚਮਨ ਸਿੰਘ ਤੋਂ ਮਿਲਦੀ ਹੈ ਜੋ ਕਾਫ਼ੀ ਸਮੇਂ ਤੋਂ ਕੀਰਤਨ ਕਰਦੇ ਆ ਰਹੇ ਸਨ ਪਰ 'ਸਿੱਖੀ ਸਰੂਪ' ਉਨ੍ਹਾਂ ਕਾਫ਼ੀ ਦੇਰ ਬਾਅਦ ਧਾਰਨ ਕੀਤਾ। ਅਮਰੀਕਾ ਤੇ ਹੋਰ ਪੱਛਮੀ ਦੇਸ਼ਾਂ ਵਿਚ ਸਿੱਖੀ ਧਾਰਨ ਕਰਨ ਵਾਲੇ ਲੋਕਾਂ ਨੂੰ ਇਸੇ ਵੰਨਗੀ ਵਿਚ ਸ਼ਾਮਲ ਕਰ ਲਿਆ ਜਾਂਦਾ ਰਿਹਾ।

1970ਵਿਆਂ ਦੇ ਅਖੀਰ ਵਿਚ ਖਾਲਿਸਤਾਨੀ ਲਹਿਰ ਉਭਰਨ ਕਰਕੇ ਤਕਰੀਬਨ ਡੇਢ ਦਹਾਕਾ ਇਹ ਮੁੱਦਾ ਨੁੱਕਰੇ ਲੱਗਿਆ ਰਿਹਾ ਅਤੇ ਵੀਹਵੀਂ ਸਦੀ ਦੇ ਅਖੀਰ ਵਿਚ ਜਾ ਕੇ ਫਿਰ ਉਭਰਿਆ। ਸ਼੍ਰੋਮਣੀ ਕਮੇਟੀ ਵੱਲੋਂ ਪਾਸ ਕੀਤੇ ਮਤੇ ਦੇ ਆਧਾਰ 'ਤੇ ਉਸ ਵੇਲੇ ਦੀ ਐਨ.ਡੀ.ਏ. ਸਰਕਾਰ ਨੇ 2003 ਵਿਚ ਇਸ ਬਾਰੇ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਜਿਸ ਨੂੰ ਤੁਰੰਤ ਹੀ ਵੰਗਾਰ ਪੈ ਗਈ ਪਰ 'ਸਹਿਜਧਾਰੀ ਸਿੱਖ' ਦੀ ਕੋਈ ਸਰਬਪ੍ਰਵਾਨਤ ਪਰਿਭਾਸ਼ਾ ਨਾ ਹੋਣ ਕਰਕੇ ਮਾਮਲਾ ਧੁਖਦਾ ਰਿਹਾ।

ਬਾਅਦ 'ਚ ਸਰਬ ਹਿੰਦ ਸਿੱਖ ਗੁਰਦੁਆਰਾ ਕਾਨੂੰਨ ਦਾ ਪ੍ਰਸਤਾਵ ਆਉਣ ਤੋਂ 'ਸਿੱਖ' ਦੀ ਪਰਿਭਾਸ਼ਾ ਘੜਨ ਦਾ ਮਸਲਾ ਪੈਦਾ ਹੋ ਗਿਆ ਸੀ। ਦਿਲਚਸਪ ਤੱਥ ਇਹ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ 14 ਵਿਚੋਂ 12 ਚੋਣਾਂ ਵਿਚ ਸਹਿਜਧਾਰੀ ਸਿੱਖ ਭਾਗ ਲੈਂਦੇ ਰਹੇ ਹਨ।

**ਇਤਿਹਾਸਕ ਵੇਰਵੇ ਨਹੀਂ:** ਇਤਿਹਾਸਕ ਤੌਰ 'ਤੇ ਸਿੱਖ ਗ੍ਰੰਥਾਂ ਜਾਂ ਰਹਿਤ ਮਰਿਆਦਾ ਵਿਚ 'ਸਹਿਜਧਾਰੀ' ਦਾ ਜ਼ਿਕਰ ਨਹੀਂ ਮਿਲਦਾ। 2008 ਵਿਚ ਜਦੋਂ ਪੰਜਾਬ-ਹਰਿਆਣਾ ਹਾਈਕੋਰਟ ਦੇ ਸੰਵਿਧਾਨਕ ਬੈਂਚ ਨੇ ਗੁਰਲੀਨ ਕੌਰ ਬਨਾਮ ਸ਼੍ਰੋਮਣੀ ਕਮੇਟੀ ਕੇਸ 'ਤੇ ਸੁਣਵਾਈ ਕੀਤੀ ਤਾਂ ਅੰਮ੍ਰਿਤਧਾਰੀ ਸਿੱਖ, ਗੈਰ-ਅੰਮ੍ਰਿਤਧਾਰੀ ਸਿੱਖ ਅਤੇ ਪਤਿਤ ਸਿੱਖ ਬਾਰੇ ਪੇਸ਼ ਕੀਤੇ ਹਵਾਲਿਆਂ ਵਿਚ ਸਹਿਜਧਾਰੀ ਬਾਰੇ ਕਿਤੇ ਕੋਈ ਜ਼ਿਕਰ ਨਹੀਂ ਆਇਆ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਸੈਨ ਹੋਜ਼ੇ ਗੁਰੂਘਰ ਦੀਆਂ ਸੰਗਤਾਂ ਨੂੰ ਮਾਇਆ ਭੇਟਾ ਦੀ ਅਪੀਲ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜੇ ਦੀ ਪ੍ਰਬੰਧਕ ਕਮੇਟੀ ਨੇ ਸਾਲ 2011 ਦੌਰਾਨ ਸਮੂਹ ਸੰਗਤਾਂ ਵਲੋਂ ਮਿਲੇ ਸਹਿਯੋਗ ਲਈ ਧੰਨਵਾਦ ਕੀਤਾ ਹੈ ਅਤੇ ਕਾਮਨਾ ਕੀਤੀ ਹੈ ਕਿ ਆਉਣ ਵਾਲਾ ਸਾਲ 2012 ਸਮੂਹ ਮਨੁੱਖਤਾ ਲਈ ਅਮਨ ਅਤੇ ਖੁਸ਼ਹਾਲੀ ਲੈ ਕੇ ਆਵੇ। ਪ੍ਰਧਾਨ ਭਾਈ ਭਾਈ ਹਰਦੇਵ ਸਿੰਘ ਤੱਖਰ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਜੇ ਪਿਛਲੇ ਕੁੱਝ ਸਾਲਾਂ ਵੱਲ ਝਾਤੀ ਮਾਰੀਏ ਤਾਂ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀ ਸੰਗਤ ਬਹੁਤ ਮਾਣ ਅਤੇ ਵਧਾਈ ਦੀ ਪਾਤਰ ਹੈ ਜਿਸ ਨੇ ਅਕਾਲ ਪੁਰਖ ਦੀ ਕਿਰਪਾ ਨਾਲ ਰਲ ਮਿਲ ਕੇ ਇੰਨੇ ਵੱਡੇ ਗੁਰੂ ਘਰ ਦਾ ਨਿਰਮਾਣ ਕੀਤਾ ਹੈ। ਸਾਰੀ ਸੰਗਤ ਨੇ ਪ੍ਰਬੰਧਕ ਕਮੇਟੀ ਨੂੰ ਸੰਪੂਰਨ ਸਹਿਯੋਗ ਦਿੱਤਾ ਅਤੇ ਗੁਰਦੁਆਰਾ ਸਾਹਿਬ ਦੀ ਖੂਬਸੂਰਤ ਬਿਲਡਿੰਗ ਮੁਕੰਮਲ ਹੋਣ ਦੀ ਕਾਮਨਾ ਕੀਤੀ। ਨਵੀਂ ਬਣੀ ਇਮਾਰਤ ਦੇ ਉਦਘਾਟਨੀ ਸਮਾਗਮ ਵਿਚ ਦੂਰੋਂ ਦੂਰੋਂ ਸਿੱਖ ਸੰਗਤਾਂ ਨੇ ਹਾਜ਼ਰੀ ਲਵਾਈ, ਇੱਥੋਂ ਤੱਕ ਕਿ ਕੈਲੀਫੋਰਨੀਆ ਦਾ ਗਵਰਨਰ ਜੈਰੀ ਬਰਾਊਨ ਵੀ ਇਸ ਸਮਾਗਮ ਵਿਚ ਪਹੁੰਚਿਆ। ਪ੍ਰਬੰਧਕ ਕਮੇਟੀ ਵਲੋਂ ਗੁਰੂਘਰ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਗੁਰੂਘਰ ਦੇ ਉਸਾਰੀ ਪ੍ਰਾਜੈਕਟ ਦੇ ਕੋਈ ਤਿੰਨ ਲੱਖ ਡਾਲਰ ਦੇ ਬਿਲ ਬਕਾਇਆ ਹਨ ਜਿਸ ਲਈ ਸੰਗਤਾਂ ਆਪਣੀ ਕਿਰਤ ਕਮਾਈ 'ਚੋਂ ਦਿਲ ਖੋਲ੍ਹ ਕੇ ਮਾਇਆ ਭੇਟਾ ਕਰਨ ਤਾਂ ਜੋ ਇਨ੍ਹਾਂ ਬਿਲਾਂ ਦਾ ਭੁਗਤਾਨ ਹੋ ਸਕੇ। ਭਾਈ ਤੱਖਰ ਨੇ ਕਿਹਾ ਹੈ ਕਿ ਜੇ ਸਾਰੇ ਪਰਿਵਾਰ ਗੁਰੂ ਘਰ ਨੂੰ ਰੋਜ਼ਾਨਾ/ਹਫਤਾਵਰੀ ਭੇਟਾ ਤੋਂ ਅਲੱਗ, ਘੱਟ ਤੋਂ ਘੱਟ 101 ਡਾਲਰ ਜਾਂ ਇਸ ਤੋਂ ਵਧੇਰੇ ਮਾਇਆ ਦੀ ਸੇਵਾ ਲੈ ਲੈਣ ਤਾਂ ਗੁਰੂ ਘਰ ਦੀ ਬਿਲਡਿੰਗ ਦੇ ਕਰਜ਼ੇ ਨੂੰ ਆਰਾਮ ਨਾਲ ਮੁਕਾਇਆ ਜਾ ਸਕਦਾ ਹੈ।

ਬਿਆਨ ਵਿਚ ਕਿਹਾ ਗਿਆ ਹੈ ਕਿ ਗੁਰਦੁਆਰਾ ਸਾਹਿਬ ਦੇ ਸਾਰੇ ਪ੍ਰੋਗਰਾਮ ਗੁਰੂ ਕਿਰਪਾ ਨਾਲ ਕਾਮਯਾਬ ਹੁੰਦੇ ਰਹੇ ਹਨ। ਬੰਦੀ ਛੋੜ ਦਿਵਸ (ਦਿਵਾਲੀ) ਤੇ ਸੰਗਤ ਦਾ ਬਹੁਤ ਵੱਡਾ ਇਕੱਠ ਸੀ। ਗੁਰਦੁਆਰਾ ਸਾਹਿਬ ਵਲੋਂ ਇੰਟਰਨੈਸ਼ਲ ਗਤਕਾ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ ਦੂਰੋਂ ਨੇੜਿਉਂ ਸਿੱਖ ਜਥੇਬੰਦੀਆ ਨੇ ਆਪੋ ਆਪਣੀਆਂ ਟੀਮਾਂ ਲਿਆ ਕੇ ਹਿੱਸਾ ਲਿਆ। ਸੈਂਟਾ ਕਰੂਜ਼ ਯੂਨੀਵਰਸਿਟੀ ਨਾਲ ਸਿੱਖ ਧਰਮ ਅਤੇ ਪੰਜਾਬੀ ਦੀ ਪੜ੍ਹਾਈ ਬਾਰੇ ਵਿਚਾਰ ਕੀਤਾ ਗਿਆ ਹੈ ਅਤੇ ਜਲਦ ਹੀ ਇਸ ਬਾਰੇ ਫੈਸਲਾ ਹੋ ਜਾਏਗਾ। ਇਸ ਵਾਰ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਲੋਂ ਦਸੰਬਰ ਅਤੇ ਜਨਵਰੀ ਦੇ ਮਹੀਨੇ ਵਿੱਚ ਵਿਸ਼ੇਸ਼ ਪ੍ਰੋਗਰਾਮ ਅਤੇ ਨਵੇਂ ਸਾਲ (2012) ਨੂੰ ਜੀ ਆਇਆ ਕਹਿਣ ਲਈ ਬਹੁਤ ਵੱਡੇ ਪੱਧਰ ਤੇ ਇੰਤਜ਼ਾਮ ਕੀਤੇ ਜਾ ਰਹੇ ਹਨ। ਨਵੇਂ ਸਾਲ ਦੀ ਪੂਰਵ ਸੰਧਿਆ 31 ਦਸੰਬਰ ਨੂੰ ਅਮੋਲਕ ਸਿੰਘ ਗਾਖਲ ਅਤੇ ਭਰਾਵਾਂ ਵਲੋਂ ਹਰ ਸਾਲ ਦੀ ਤਰ੍ਹਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਗੁਰੂ ਕੇ ਲੰਗਰਾਂ ਦੀ ਸੇਵਾ ਹੋਵੇਗੀ। ਸਾਰਾ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਦੇ ਸਬੰਧ 'ਚ ਕੀਰਤਨ ਹੋਵੇਗਾ। ਰਾਤ ਦੇ 12 ਵਜੇ ਤੱਕ ਕੀਰਤਨ ਦਰਬਾਰ ਹੋਵੇਗਾ ਅਤੇ ਨਵਾਂ ਸਾਲ 2012 'ਚ ਗੁਰੂ ਸਾਹਿਬ ਦੀਆਂ ਖੁਸ਼ੀਆ ਲੈਣ ਲਈ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਜਾਵੇਗੀ। ਸਨਿਚਰ ਅਤੇ ਐਤਵਾਰ ਹੌਲਿਸਟਰ ਦੀ ਸਾਧ ਸੰਗਤ ਵਲੋਂ ਹਰ ਸਾਲ ਦੀ ਤਰ੍ਹਾਂ ਦੋਨੋਂ ਦਿਨ ਛੋਲੇ ਭਟੂਰਿਆਂ ਦੇ ਲੰਗਰ ਅਤੁੱਟ ਵਰਤਣਗੇ।

## 'ਪੰਜਾਬ ਯੂਨੀਵਰਸਿਟੀ ਦਾ ਅਸਲ ਵਾਰਸ ਪੰਜਾਬ'

**ਚੰਡੀਗੜ੍ਹ:** ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵੀ ਸੀ ਪ੍ਰੋ. ਆਰ.ਸੀ. ਸੋਬਤੀ ਨੂੰ ਸੈਨੇਟ ਮੀਟਿੰਗ 'ਚ ਫਿਰ ਦੁਹਰਾਉਣਾ ਪਿਆ ਕਿ ਪੰਜਾਬ ਯੂਨੀਵਰਸਿਟੀ ਦਾ ਅਸਲ ਵਾਰਸ ਪੰਜਾਬ ਹੀ ਹੈ। ਉਨ੍ਹਾਂ ਨੂੰ ਇਹ ਪ੍ਰਗਟਾਵਾ ਉਸ ਵੇਲੇ ਕਰਨਾ ਪਿਆ ਜਦੋਂ ਸੈਨੇਟ ਬੈਠਕ ਵਿਚ ਵਿੱਤੀ ਮਾਮਲਿਆਂ ਬਾਰੇ ਚਰਚਾ ਦੌਰਾਨ ਸੀਨੀਅਰ ਸੈਨੇਟ ਮੈਂਬਰ ਡਾ. ਏ.ਸੀ. ਵੈਦ ਨੇ ਇਹ ਆਖ ਦਿੱਤਾ ਕਿ ਪੰਜਾਬ ਨੇ ਸਿਰਫ 21 ਕਰੋੜ ਨਾਲ ਯੂਨੀਵਰਸਿਟੀ ਖਰੀਦ ਤਾਂ ਨਹੀਂ ਲਈ। ਇਸ 'ਤੇ ਉਪ ਕੁਲਪਤੀ ਨੇ ਜ਼ੋਰ ਦਿੰਦਿਆਂ ਕਿਹਾ ਕਿ ਇਹ ਯੂਨੀਵਰਸਿਟੀ ਪੰਜਾਬ ਦੀ ਹੀ ਹੈ।

ਚੇਤੇ ਰਹੇ, ਪੰਜਾਬ ਯੂਨੀਵਰਸਿਟੀ ਦੇ ਬਹੁਤੇ ਪ੍ਰੋਫੈਸਰ ਇਸ ਗੱਲੋਂ ਔਖੇ ਹਨ ਕਿ ਪੰਜਾਬ ਯੂਨੀਵਰਸਿਟੀ ਕੇਂਦਰ ਸਰਕਾਰ ਅਧੀਨ ਕਿਉਂ ਨਹੀਂ ਕੀਤੀ ਜਾ ਰਹੀ। ਵੀ ਸੀ ਨੇ ਦੱਸਿਆ ਕਿ ਕੇਂਦਰ ਵੱਲੋਂ ਯੂਨੀਵਰਸਿਟੀ ਨੂੰ ਜਲਦ ਹੀ 150 ਕਰੋੜ ਰੁਪਏ ਰਾਸ਼ੀ ਭੇਜੀ ਜਾ ਰਹੀ ਹੈ।







Short Sale Specialist

We Can Sell Your Home in Short Sale at No Cost to You



For Buying & Selling Residential And For Loans

Call: Sohanpreet 'Sam' Chahal

@916-612-5773

Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2–3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

# ਅਕਾਲੀ ਦਲ ਵੱਲੋਂ ਕਿਲੀ ਚਾਹਲਾਂ 'ਚ ਸ਼ਕਤੀ ਪ੍ਰਦਰਸ਼ਨ

## ■ ਪੰਜਾਬ ਨੂੰ 'ਅੱਵਲ' ਸੂਬਾ ਬਣਾਉਣ ਲਈ ਇਕ ਹੋਰ ਮੌਕਾ ਮੰਗਿਆ

**ਮੋਗਾ (ਪੰਜਾਬ ਟਾਈਮਜ਼ ਬਿਊਰੋ):** ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ (ਬ) ਨੇ ਆਪਣੀ ਸ਼ਕਤੀ ਦਾ ਅੰਦਾਜ਼ਾ ਲਾਉਣ ਲਈ ਮੋਗਾ ਦੇ ਪਿੰਡ ਕਿਲੀ ਚਾਹਲਾਂ ਵਿਖੇ ਰੈਲੀ ਕੀਤੀ ਜਿਸ ਨੂੰ ਹੁਣ ਤੱਕ ਦੀ ਸਭ ਤੋਂ ਵੱਡੀ ਰੈਲੀ ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਇਸ ਰੈਲੀ ਨਾਲ ਅਕਾਲੀ-ਭਾਜਪਾ ਗੱਠਜੋੜ ਵੱਲੋਂ ਵਿਧਾਨ ਸਭਾ ਚੋਣਾਂ ਲਈ ਆਪਣੀ ਮੁਹਿੰਮ ਦਾ ਆਗਾਜ਼ ਕੀਤਾ ਗਿਆ। ਇਸ ਮੌਕੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਇਕ ਹੋਰ ਮੌਕਾ ਦੇਣ ਤਾਂ ਜੋ ਪੰਜਾਬ ਦਾ ਰਹਿੰਦਾ 'ਵਿਕਾਸ' ਕੀਤਾ ਜਾ ਸਕੇ। ਲੋਕ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਸੁਸ਼ਮਾ ਸਵਰਾਜ ਨੇ ਮੁੱਖ ਮੰਤਰੀ ਬਾਦਲ ਨੂੰ ਹੋਰ ਮੌਕਾ ਦੇਣ ਦੀ ਵਕਾਲਤ ਕੀਤੀ।

ਦੂਜੇ ਪਾਸੇ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੂੰ ਮਿਲੀਆਂ ਰਿਪੋਰਟਾਂ ਅਨੁਸਾਰ ਮੋਗਾ ਵਿਖੇ ਅਕਾਲੀ ਦਲ ਦੀ ਰੈਲੀ ਵਿਚ ਸਿਰਫ 25 ਹਜ਼ਾਰ ਦੇ ਕਰੀਬ ਹੀ ਲੋਕ ਪੁੱਜੇ ਹਨ ਤੇ ਇਹ ਰੈਲੀ ਫਲਾਪ ਰਹੀ ਹੈ। ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਵੱਲੋਂ ਪੰਜਾਬ ਦੀ ਯਾਤਰਾ ਦੌਰਾਨ ਕੀਤੀਆਂ 40 ਰੈਲੀਆਂ ਵਿਚ 10 ਲੱਖ ਲੋਕ ਸ਼ਾਮਲ ਹੋਏ ਹਨ। ਇਸ ਦੇ ਨਾਲ ਹੀ ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਨੇ ਮੋਗਾ ਰੈਲੀ ਨੂੰ ਪਟਵਾਰੀਆਂ, ਤਹਿਸੀਲਦਾਰਾਂ, ਥਾਣੇਦਾਰਾਂ ਸਮੇਤ ਸਰਕਾਰੀ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਯਤਨਾਂ ਨਾਲ ਕੀਤੀ ਰੈਲੀ ਦੱਸਦਿਆਂ ਕਿਹਾ ਕਿ ਇਸ ਰੈਲੀ ਵਿਚ ਹਾਕਮ ਧਿਰ ਓਨਾ ਇਕੱਠ ਨਹੀਂ ਜੁਟਾ ਸਕੀ ਜਿੰਨਾ ਉਹ ਦਾਅਵਾ ਕਰਦੀ ਸੀ।

ਰੈਲੀ ਵਿਚ ਸ. ਬਾਦਲ ਨੇ ਐਲਾਨ ਕੀਤਾ ਕਿ ਜੇਕਰ ਲੋਕ ਸੂਬੇ ਵਿਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਪੂਰਾ ਕਰਨ ਲਈ ਤੇ ਸਾਰੇ ਵਰਗਾਂ ਦੇ ਸਰਬਪੱਖੀ ਭਲਾਈ ਲਈ ਇਕ ਵਾਰ ਫਿਰ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਦਾ ਸਾਥ ਦਿੰਦੇ ਹਨ ਤਾਂ ਉਹ ਪੰਜਾਬ ਨੂੰ ਵਿਸ਼ਵ ਦਾ ਨੰਬਰ ਇਕ ਸੂਬਾ ਬਣਾ ਦੇਣਗੇ। ਉਨ੍ਹਾਂ ਕਿਹਾ ਕਿ 60 ਸਾਲ



ਦੇ ਰਾਜਸੀ ਜੀਵਨ ਵਿਚ ਇੰਨਾ ਵੱਡਾ ਇਕੱਠ ਉਨ੍ਹਾਂ ਕਿਸੇ ਸੂਬੇ ਜਾਂ ਵਿਸ਼ਵ ਵਿਚ ਨਹੀਂ ਦੇਖਿਆ। ਇਸ ਵਿਸ਼ਾਲ ਇਕੱਠ ਨੇ ਮੁੜ ਗੱਠਜੋੜ ਦੀ ਸਰਕਾਰ ਬਣਾਉਣ ਲਈ ਆਪਣਾ ਸਮਰਥਨ ਦੇ ਦਿੱਤਾ ਹੈ।

ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪਿਛਲੇ ਪੰਜ ਸਾਲਾਂ ਵਿਚ ਜਿਸ ਤਰ੍ਹਾਂ ਦਾ ਵਿਕਾਸ ਪੰਜਾਬ ਵਿਚ ਹੋਇਆ ਹੈ, ਉਹ ਆਜ਼ਾਦੀ ਤੋਂ ਬਾਅਦ ਦੇ ਹੁਣ ਤੱਕ ਦੇ 60 ਸਾਲਾਂ ਵਿਚ ਵੀ ਨਹੀਂ ਸੀ ਹੋਇਆ। ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਗਠਜੋੜ ਸਰਕਾਰ ਵਿਕਾਸ ਦੇ ਮੁੱਦੇ 'ਤੇ ਲੋਕਾਂ ਤੋਂ ਵੋਟਾਂ ਮੰਗ ਰਹੀ ਹੈ। ਭਾਜਪਾ ਦੀ ਸੀਨੀਅਰ ਆਗੂ ਸੁਸ਼ਮਾ ਸਵਰਾਜ ਨੇ ਰੈਲੀ ਨੂੰ 'ਰੈਲਾ' ਕਰਾਰ ਦਿੰਦਿਆਂ ਕਿਹਾ ਕਿ ਇਕੱਤਰ ਹੋਏ ਲੋਕ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਪੰਜਾਬ ਵਿਚ ਮੁੜ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਬਣੇਗੀ। ਭਾਜਪਾ ਦੇ ਸੀਨੀਅਰ ਆਗੂ ਤੇ ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਸ਼ਾਂਤਾ ਕੁਮਾਰ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਗੱਲ ਜਾਣ ਕੇ ਬੇਹੱਦ ਖੁਸ਼ੀ ਤੇ ਮਾਣ ਮਹਿਸੂਸ ਹੋ ਰਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਨੇ ਪੰਜ ਸਾਲ ਪਹਿਲਾਂ ਪੰਜਾਬ ਵਾਸੀਆਂ ਨਾਲ ਜੋ ਵਾਅਦੇ ਕੀਤੇ ਸਨ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉਨ੍ਹਾਂ 'ਤੇ ਖਰੇ ਉੱਤਰੇ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਅਗਾਮੀ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਦਾ ਮੁਕੰਮਲ ਸਫਾਇਆ ਕਰਨ ਦਾ ਅਹਿਦ ਲੈਣ ਤਾਂ ਜੋ ਪੰਜਾਬ ਦੇ ਭਲੇ ਲਈ ਮੌਜੂਦਾ ਸਰਕਾਰ ਵੱਲੋਂ ਚਲਾਈਆਂ ਲੋਕ ਭਲਾਈ ਸਕੀਮਾਂ ਅਤੇ ਵਿਕਾਸ ਕਾਰਜਾਂ ਨੂੰ ਜਾਰੀ ਰੱਖਿਆ ਜਾ ਸਕੇ। ਸਾਬਕਾ ਕੇਂਦਰੀ ਮੰਤਰੀ ਤੇ ਅਕਾਲੀ ਆਗੂ ਬਲਵੰਤ ਸਿੰਘ ਰਾਮੂਵਾਲੀਆ ਨੇ ਕਿਹਾ ਕਿ ਰੈਲੀ ਨੇ ਪ੍ਰਕਾਸ਼ ਸਿੰਘ ਬਾਦਲ ਦੇ ਪੰਜਵੀਂ ਵਾਰ ਮੁੱਖ ਮੰਤਰੀ ਬਣਨ ਦੀ ਨੀਂਹ ਰੱਖ ਦਿੱਤੀ ਹੈ। ਰੈਲੀ ਦੌਰਾਨ ਭਾਜਪਾ ਨੇਤਾ ਸ਼ਾਂਤਾ ਕੁਮਾਰ ਵੱਲੋਂ ਪ੍ਰਕਾਸ਼ ਸਿੰਘ ਬਾਦਲ ਨੂੰ ਪਰਸ਼ਾਦ ਸਿੰਘ ਬਾਦਲ ਕਹੇ ਜਾਣ 'ਤੇ ਪੰਡਾਲ 'ਚ ਹਾਸੀ ਮੱਚ ਗਈ। ਬਠਿੰਡਾ ਤੋਂ ਲੋਕ ਸਭਾ ਮੈਂਬਰ ਬੀਬੀ ਹਰਸਿਮਰਤ ਬਾਦਲ ਰੈਲੀ 'ਚ ਨਹੀਂ ਪਹੁੰਚੇ। ਇਥੇ ਇਕ ਹੋਰ ਖਾਸ ਗੱਲ ਇਹ ਰਹੀ ਕਿ ਕਈ ਮੰਤਰੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਬੋਲਣ ਤੋਂ ਪਹਿਲਾਂ ਹੀ ਚਲੇ ਗਏ।

## ਅਕਾਲੀ ਚੋਣ ਜ਼ਾਬਤੇ ਤੋਂ ਬਾਅਦ ਵੱਡਾ ਇਕੱਠ ਕਰਕੇ ਦਿਖਾਉਣ: ਅਮਰਿੰਦਰ ਸਿੰਘ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ ਦਲ ਦੀ ਮੋਗਾ ਰੈਲੀ 'ਚ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਦਾ ਦੋਸ਼ ਲਾਉਂਦਿਆਂ ਕਿਹਾ ਕਿ ਇਸ ਰੈਲੀ ਲਈ ਪੂਰੀ ਤਰ੍ਹਾਂ ਸਰਕਾਰ ਨੂੰ ਝੋਕ ਦਿੱਤਾ ਗਿਆ। ਸਰਕਾਰੀ ਅਫਸਰਾਂ ਨੂੰ ਆਪਣੇ ਨਾਲ ਲੋਕਾਂ ਨੂੰ ਲਿਆਉਣ ਤੋਂ ਇਲਾਵਾ ਮੋਗਾ 'ਚ ਰਿਪੋਰਟ ਕਰਨ ਤੇ ਰੈਲੀ 'ਚ ਆਪਣੀ ਮੌਜੂਦਗੀ ਦਰਜ ਕਰਵਾਉਣ ਨੂੰ ਕਿਹਾ ਗਿਆ।

ਕੈਪਟਨ ਨੇ ਸੁਖਬੀਰ ਨੂੰ ਚੁਣੌਤੀ ਦਿੱਤੀ ਕਿ ਉਹ ਚੋਣ ਜ਼ਾਬਤਾ ਲੱਗਣ ਤੋਂ ਬਾਅਦ ਰੈਲੀ ਕਰਨ ਦੀ ਹਿੰਮਤ ਦਿਖਾਉਣ। ਉਨ੍ਹਾਂ ਕਿਹਾ ਕਿ ਮੋਗਾ 'ਚ ਰੈਲੀ ਦੀ ਭੀੜ ਨੂੰ ਵਧਾਉਣ ਲਈ 40 ਹਜ਼ਾਰ ਪੁਲਿਸ ਮੁਲਾਜ਼ਮਾਂ ਨੂੰ ਨਿਯੁਕਤ ਕੀਤਾ ਗਿਆ ਤੇ ਇਸ ਤੋਂ ਇਲਾਵਾ ਸੂਬੇ ਭਰ ਤੋਂ ਪੁਲਿਸ ਮੁਲਾਜ਼ਮਾਂ ਤੇ ਸਰਕਾਰੀ ਅਫਸਰਾਂ ਨੂੰ ਮੋਗਾ 'ਚ ਰਿਪੋਰਟ ਕਰਨ ਤੇ ਰੈਲੀ 'ਚ ਸ਼ਾਮਲ ਹੋਣ ਲਈ ਕਿਹਾ ਗਿਆ ਹੈ। ਇੱਥੋਂ ਤੱਕ ਕਿ ਭੀੜ ਵਧਾਉਣ ਲਈ ਜੇਲ੍ਹ ਸਟਾਫ ਦੀ ਵੀ ਮੋਗਾ 'ਚ ਨਿਯੁਕਤੀ ਕੀਤੀ ਗਈ ਹੈ।



## ਸੁਖਬੀਰ ਬਾਦਲ ਵੱਲੋਂ ਪੀ.ਟੀ.ਸੀ. ਵਿਚ ਹਿੱਸੇਦਾਰੀ ਕਬੂਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਮੰਨਿਆ ਕਿ ਗੁਰਬਾਜ਼ ਮੀਡੀਆ ਪ੍ਰਾਈਵੇਟ ਲਿਮਟਿਡ ਤੇ ਜੀ. ਨੈਕਸਟ ਮੀਡੀਆ ਲਿਮਟਿਡ ਔਰਬਿਟ ਰਿਜ਼ੋਰਟ ਪ੍ਰਾਈਵੇਟ ਲਿਮਟਿਡ ਦੀਆਂ ਹੀ ਅਧੀਨ ਕੰਪਨੀਆਂ ਹਨ ਜਿਸ ਵਿਚ ਉਨ੍ਹਾਂ ਦਾ ਵੀ ਵੱਡਾ ਹਿੱਸਾ ਹੈ।



ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਬੈਰਿਸਟਰ ਹਿੰਮਤ ਸਿੰਘ ਸ਼ੇਰਗਿੱਲ ਵੱਲੋਂ ਪਾਈ ਗਈ ਜਨਹਿਤ ਪਟੀਸ਼ਨ ਸਬੰਧੀ ਅਦਾਲਤ ਨੂੰ ਜਵਾਬ ਦਿੰਦਿਆਂ ਉਪ ਮੁੱਖ ਮੰਤਰੀ ਨੇ ਕਿਹਾ ਕਿ ਇਲੈਕਟ੍ਰੋਨਿਕ ਚੈਨਲਾਂ ਨੂੰ ਕੀਤੇ ਗਏ 6.32 ਕਰੋੜ ਦੇ ਭੁਗਤਾਨ ਵਿਚੋਂ ਪੀ.ਟੀ.ਸੀ. ਚੈਨਲ ਨੂੰ ਪੰਜਾਬ ਲੋਕ ਸੰਪਰਕ ਵਿਭਾਗ ਵੱਲੋਂ ਇਸ਼ਤਿਹਾਰਾਂ ਲਈ ਭੁਗਤਾਨ ਵਜੋਂ 78 ਲੱਖ ਰੁਪਏ ਦਿੱਤੇ ਗਏ।

ਸ. ਸ਼ੇਰਗਿੱਲ ਕਾਫੀ ਸਮੇਂ ਤੋਂ ਆਖ ਰਹੇ ਹਨ ਕਿ ਗੁਰਬਾਜ਼ ਮੀਡੀਆ ਪ੍ਰਾਈਵੇਟ ਲਿਮਟਿਡ ਔਰਬਿਟ ਰਿਜ਼ੋਰਟ ਪ੍ਰਾਈਵੇਟ ਲਿਮਟਿਡ ਦੀ ਤੇ ਜੀ ਨੈਰਸ ਮੀਡੀਆ ਪ੍ਰਾਈਵੇਟ ਲਿਮਟਿਡ, ਗੁਰਬਾਜ਼ ਮੀਡੀਆ ਪ੍ਰਾਈਵੇਟ ਲਿਮਟਿਡ ਦੀ ਕੰਪਨੀ ਹੈ ਜਦਕਿ ਪੀ.ਟੀ.ਸੀ. ਚੈਨਲ ਜੀ. ਨੈਕਸਟ ਮੀਡੀਆ ਪ੍ਰਾਈਵੇਟ ਲਿਮਟਿਡ ਦੇ ਅਧੀਨ ਹੈ। ਉਨ੍ਹਾਂ ਕਿਹਾ ਕਿ ਅਦਾਲਤ ਦੇ ਧਿਆਨ ਵਿਚ ਇਹ ਲਿਆਉਣਾ ਜ਼ਰੂਰੀ ਸੀ ਕਿ ਪੰਜਾਬ ਸਰਕਾਰ ਪੀ.ਟੀ.ਸੀ. ਚੈਨਲ ਨੂੰ ਜੋ ਕਰੋੜਾਂ ਰੁਪਏ ਦੇ ਇਸ਼ਤਿਹਾਰ ਦੇ ਰਹੀ ਹੈ ਤੇ ਉਹ ਪੈਸਾ ਬਾਦਲਾਂ ਦੀਆਂ ਜੇਬਾਂ ਵਿਚ ਜਾ ਰਿਹਾ ਹੈ। ਚੀਫ ਜਸਟਿਸ ਰੰਜਨ ਗੋਗੋਈ ਨੇ ਤੇ ਜਸਟਿਸ ਸੂਰਿਆ ਕਾਂਤ ਨੇ ਪਟੀਸ਼ਨ 'ਤੇ ਫੈਸਲਾ ਰਾਖਵਾਂ ਰੱਖ ਲਿਆ।

## ਗਗਨਜੀਤ ਬਰਨਾਲਾ ਵੀ ਕਾਂਗਰਸ 'ਚ ਸ਼ਾਮਲ ਹੋਣ ਲਈ ਕਾਹਲਾ

**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਤੇ ਸਾਬਕਾ ਰਾਜਪਾਲ ਸੁਰਜੀਤ ਸਿੰਘ ਬਰਨਾਲਾ ਦੇ ਸਪੁੱਤਰ ਗਗਨਜੀਤ ਸਿੰਘ ਬਰਨਾਲਾ ਵੱਲੋਂ ਕਾਂਗਰਸ ਵਿਚ ਸ਼ਾਮਲ ਹੋਣ ਲਈ ਹੱਥ ਪੈਰ ਮਾਰੇ ਜਾ ਰਹੇ ਹਨ ਤੇ ਇਸ ਲਈ ਉਨ੍ਹਾਂ ਵੱਲੋਂ ਕਾਂਗਰਸ ਹਾਈ ਕਮਾਨ ਦੇ ਕਈ ਸੀਨੀਅਰ ਆਗੂਆਂ ਨਾਲ ਮੁਲਾਕਾਤਾਂ ਵੀ ਕੀਤੀਆਂ ਗਈਆਂ ਹਨ।

ਹਾਸਲ ਜਾਣਕਾਰੀ ਅਨੁਸਾਰ ਗਗਨਜੀਤ ਦੀਆਂ ਇਨ੍ਹਾਂ ਕੋਸ਼ਿਸ਼ਾਂ ਨੂੰ ਅਜੇ ਉਨ੍ਹਾਂ ਦੇ ਪਿਤਾ ਤੇ ਦੂਜੇ ਪਰਿਵਾਰਕ ਮੈਂਬਰਾਂ ਦਾ ਸਮਰਥਨ ਹਾਸਲ ਨਹੀਂ ਹੈ ਪਰ ਉਹ ਇਹ ਕੋਸ਼ਿਸ਼ਾਂ ਪਰਿਵਾਰਕ ਵਿਰੋਧ ਦੇ ਬਾਵਜੂਦ ਜਾਰੀ ਰੱਖ ਰਹੇ ਹਨ। ਗਗਨਜੀਤ ਵੱਲੋਂ ਕਾਂਗਰਸ ਹਾਈ ਕਮਾਨ ਤੋਂ ਸੰਗਰੂਰ ਦੇ ਹਲਕਾ ਧੂਰੀ ਤੋਂ ਟਿਕਟ ਮੰਗੀ ਜਾ ਰਹੀ ਹੈ। ਕਾਂਗਰਸ ਹਾਈ ਕਮਾਨ ਦੇ ਸੀਨੀਅਰ ਆਗੂ ਨੇ ਗਗਨਜੀਤ ਦੀਆਂ ਇਨ੍ਹਾਂ ਕੋਸ਼ਿਸ਼ਾਂ ਦੀ ਪੁਸ਼ਟੀ ਕੀਤੀ ਪਰ ਸਪੱਸ਼ਟ ਕੀਤਾ ਕਿ ਪ੍ਰਦੇਸ਼ ਕਾਂਗਰਸ ਸਮੁੱਚੇ ਬਰਨਾਲਾ ਪਰਿਵਾਰ ਦੀ ਕਾਂਗਰਸ ਵਿਚ ਸ਼ਮੂਲੀਅਤ ਦਾ ਸਵਾਗਤ ਜ਼ਰੂਰ ਕਰ ਸਕਦੀ ਹੈ ਪਰ ਇਕੱਲੇ ਗਗਨਜੀਤ ਸਿੰਘ ਬਰਨਾਲਾ ਦੀ ਕਾਂਗਰਸ ਵਿਚ ਸ਼ਮੂਲੀਅਤ ਪ੍ਰਦੇਸ਼ ਕਾਂਗਰਸ ਦੀ ਰਜ਼ਾਮੰਦੀ ਤੋਂ ਬਿਨਾਂ ਸੰਭਵ ਨਹੀਂ ਹੋਵੇਗੀ। ਇਸ ਬਾਰੇ ਪੰਜਾਬ ਕਾਂਗਰਸ ਦੇ ਇੰਚਾਰਜ ਗੁਲਚੈਨ ਸਿੰਘ ਚਰਕ ਦਾ ਕਹਿਣਾ ਹੈ ਕਿ ਅਕਾਲੀ ਦਲ ਲੌਂਗੋਵਾਲ ਦੇ ਆਗੂ ਤੇ ਸਾਬਕਾ ਵਿਧਾਇਕ ਗਗਨਜੀਤ ਸਿੰਘ ਬਰਨਾਲਾ ਨੇ ਕਾਂਗਰਸ ਵਿਚ ਸ਼ਾਮਲ ਹੋਣ ਲਈ ਉਨ੍ਹਾਂ ਨਾਲ ਸੰਪਰਕ ਕੀਤਾ ਸੀ ਤੇ ਇਸ ਬਾਬਤ ਹਾਈਕਮਾਂਡ ਨਾਲ ਵੀ ਗੱਲਬਾਤ ਕਰ ਲਈ ਸੀ। ਉਨ੍ਹਾਂ ਸ. ਬਰਨਾਲਾ ਨੂੰ ਆਪਣੀ ਪਾਰਟੀ ਸਮੇਤ ਕਾਂਗਰਸ ਵਿਚ ਸ਼ਾਮਲ ਹੋਣ ਲਈ ਕਿਹਾ ਸੀ ਪਰ ਬਾਅਦ ਵਿਚ ਉਹ ਵਾਪਸ ਨਹੀਂ ਆਏ। ਉਨ੍ਹਾਂ ਕਿਹਾ ਕਿ ਸ. ਬਰਨਾਲਾ ਨੂੰ ਇਕੱਲਿਆ ਕਾਂਗਰਸ ਵਿਚ ਸ਼ਾਮਲ ਕਰਨ ਦਾ ਕੋਈ ਤੁਕ ਨਹੀਂ ਹੈ।

# ਚੋਣਾਂ ਤੋਂ ਪਹਿਲਾਂ ਹੀ ਪੰਥਕ ਮੋਰਚਾ ਹੋਇਆ ਖੇਰੂੰ-ਖੇਰੂੰ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਟੱਕਰ ਦੇਣ ਲਈ ਬਣਾਇਆ ਪੰਥਕ ਮੋਰਚਾ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੀ ਖਿਲਰਨਾ ਸ਼ੁਰੂ ਹੋ ਗਿਆ ਹੈ। ਪੰਥਕ ਮੋਰਚਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਮੌਕੇ ਹੋਂਦ ਵਿਚ ਆਇਆ ਸੀ ਤੇ ਉਸ ਵੇਲੇ ਵਿਧਾਨ ਸਭਾ ਚੋਣਾਂ ਵਿਚ ਵੀ ਇਕੱਠੇ ਰਹਿ ਕੇ ਕਾਂਗਰਸ ਤੇ ਅਕਾਲੀ ਦਲ ਨੂੰ ਟੱਕਰ ਦੇਣ ਦਾ ਐਲਾਨ ਕੀਤਾ ਸੀ।









ਅਕਾਲੀ ਦਲ 1920 ਦੀ ਅਗਵਾਈ ਵਿਚ ਕਾਇਮ ਮੋਰਚੇ ਵਿਚ ਪੰਚ ਪ੍ਰਧਾਨੀ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਅਕਾਲੀ ਦਲ ਲੌਂਗੋਵਾਲ ਤੇ ਅਕਾਲੀ ਦਲ ਦਿੱਲੀ ਸਰਨਾ ਗਰੁੱਪ ਸਮੇਤ ਹਰਿਆਣਾ ਦੇ ਬਾਗ਼ੀ ਸਿੱਖਾਂ ਦਾ ਇਕ ਧੜਾ ਸ਼ਾਮਲ ਹੋਇਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਮੋਰਚੇ ਨੂੰ ਕਾਂਗਰਸ ਦੀ ਵੀ ਸਿੱਧੇ ਤੌਰ 'ਤੇ ਹਮਾਇਤ ਹਾਸਲ ਸੀ। ਬਾਦਲ ਵਿਰੋਧੀ ਇਨ੍ਹਾਂ ਸਾਰੇ ਧੜਿਆਂ ਵੱਲੋਂ ਸਾਂਝੇ ਚੋਣ ਨਿਸ਼ਾਨ ਟਰੱਕ ਤਹਿਤ ਚੋਣ ਲੜੀ ਗਈ ਪਰ ਇਸ ਨੂੰ ਦੋ ਚਾਰ ਸੀਟਾਂ ਛੱਡ ਕੇ ਬਾਕੀ ਸਾਰੀਆਂ ਸੀਟਾਂ ਉੱਤੇ ਅਸਫਲਤਾ ਦਾ ਮੂੰਹ ਦੇਖਣਾ ਪਿਆ ਸੀ।

ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿਚ ਮੋਰਚਾ ਵਿਰੋਧੀ ਧਿਰ ਨੂੰ ਟੱਕਰ ਦੇਣ ਦੀ ਥਾਂ ਖਿੰਡ ਪੁੰਡ ਗਿਆ ਲਗਦਾ ਹੈ। ਮੋਰਚੇ ਦੀ ਅਗਵਾਈ ਕਰਨ ਵਾਲੇ ਅਕਾਲੀ ਦਲ 1920 ਵੱਲੋਂ ਅਜੇ ਤਾਈਂ ਸਿਆਸੀ ਸਰਗਰਮੀਆਂ ਸ਼ੁਰੂ ਨਹੀਂ ਕੀਤੀਆਂ ਗਈਆਂ ਹਨ ਤੇ ਨਾ ਹੀ ਧੜੇ ਵਿਚ ਸ਼ਾਮਲ ਪਾਰਟੀਆਂ ਦੀ ਕੋਈ ਮੀਟਿੰਗ ਸੱਦੀ ਗਈ ਹੈ। ਅਕਾਲੀ ਦਲ ਲੌਂਗੋਵਾਲ ਦਾ ਪੀਪਲਜ਼ ਪਾਰਟੀ ਆਫ ਪੰਜਾਬ ਨਾਲ ਚੋਣ ਗਠਜੋੜ ਹੋ ਚੁੱਕਾ ਹੈ ਜਦੋਂਕਿ ਦਿੱਲੀ ਅਕਾਲੀ ਦਲ ਸਰਨਾ ਧੜਾ ਅਜੇ ਤਾਈਂ ਸਿਆਸੀ ਸਰਗਰਮੀਆਂ ਤੋਂ ਪਰ੍ਹੇ ਹੈ।

ਹਰਿਆਣੇ ਦੇ ਬਾਗ਼ੀ ਆਗੂਆਂ ਨੂੰ ਉਨ੍ਹਾਂ ਦੇ ਆਪਣੇ ਘਰ ਵਿਚ ਹੀ ਸਫਲਤਾ ਨਾ ਮਿਲਣ ਕਰਕੇ ਉਹ ਇਕ ਤਰ੍ਹਾਂ ਨਾਲ ਮਾਯੂਸ ਹੋਏ ਬੈਠੇ ਹਨ। ਪੰਚ ਪ੍ਰਧਾਨੀ ਨੇ ਅਜੇ ਤਾਈਂ ਆਪਣੇ ਪੱਤੇ ਨਹੀਂ ਖੋਲ੍ਹੇ ਹਨ। ਪੰਥਕ ਮੋਰਚੇ ਦੀ ਸ਼੍ਰੋਮਣੀ ਕਮੇਟੀ ਚੋਣਾਂ ਵੇਲੇ ਅੰਮ੍ਰਿਤਸਰ ਅਕਾਲੀ ਦਲ ਨਾਲ ਕਿਸੇ ਤਰ੍ਹਾਂ ਦੀ ਸਾਂਝ ਨਹੀਂ ਪੈ ਸਕੀ ਸੀ ਜਿਸ ਦਾ ਖਮਿਆਜ਼ਾ ਦੋਵਾਂ ਧਿਰਾਂ ਨੂੰ ਭੁਗਤਣਾ ਪਿਆ ਸੀ ਤੇ ਹੁਣ ਵਿਧਾਨ ਸਭਾ ਚੋਣਾਂ ਵਿਚ ਵੀ ਖਾਲਿਸਤਾਨ ਦੇ ਮੁੱਦੇ ਉੱਤੇ ਸਹਿਮਤੀ ਹੋਣ ਦੇ ਆਸਾਰ ਨਹੀਂ ਹਨ।

ਉਂਜ ਇਹ ਚਰਚਾ ਹੈ ਕਿ ਅਕਾਲੀ ਦਲ 1920 ਵੱਲੋਂ ਖਿੰਡੀ ਹੋਈ ਸ਼ਕਤੀ ਨੂੰ ਇਕੱਠਾ ਕਰਕੇ ਚੋਣਾਂ ਲੜਨ ਦੀ ਰਣਨੀਤੀ ਬਣਾਈ ਜਾ ਰਹੀ ਹੈ ਪਰ ਇਨ੍ਹਾਂ ਧੜਿਆਂ ਵਿਚ ਪੰਥਕ ਮੋਰਚੇ ਦੀਆਂ ਪਾਰਟੀਆਂ ਸ਼ਾਮਲ ਨਹੀਂ ਹਨ। ਅਕਾਲੀ ਦਲ 1920 ਵੱਲੋਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਲਈ ਮੀਟਿੰਗ ਕਰਕੇ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਹ ਕਮੇਟੀ ਦੂਜੇ ਧੜਿਆਂ ਨਾਲ ਗੱਠਜੋੜ ਦੀਆਂ ਸੰਭਾਵਨਾਵਾਂ ਉੱਤੇ ਵਿਚਾਰ ਕਰੇਗੀ। ਕਮੇਟੀ ਨੂੰ ਅਜਿਹੀਆਂ ਸੀਟਾਂ ਬਾਰੇ ਪਤਾ ਲਾਉਣ ਦੀ ਜ਼ਿੰਮੇਵਾਰੀ ਵੀ ਦਿੱਤੀ ਗਈ ਹੈ ਜਿਨ੍ਹਾਂ ਸੀਟਾਂ ਉੱਤੇ ਦਲ ਦੇ ਉਮੀਦਵਾਰ ਜਿੱਤਣ ਦੀ ਸੰਭਾਵਨਾ ਰੱਖਦੇ ਹਨ। ਨਵ ਗਠਿਤ ਕਾਰਜਕਾਰਨੀ ਵਿਚ ਜਥੇਦਾਰ ਰਘਵੀਰ ਸਿੰਘ, ਦਰਸ਼ਨ ਸਿੰਘ ਈਸਾਪੁਰ, ਮਨਮੋਹਨ ਸਿੰਘ ਸਠਿਆਲਾ, ਜਥੇਦਾਰ ਬੂਟਾ ਸਿੰਘ ਤੇ ਭਰਪੂਰ ਸਿੰਘ ਧਨੌਲਾ ਨੂੰ ਸ਼ਾਮਲ ਕੀਤਾ ਗਿਆ ਹੈ। ਦਲ ਦੀ ਅਗਲੀ ਮੀਟਿੰਗ ਪ੍ਰਧਾਨ ਤੇ ਸਾਬਕਾ ਸਪੀਕਰ ਰਵੀਇੰਦਰ ਸਿੰਘ ਦੀ ਅਗਵਾਈ ਹੇਠ 22 ਦਸੰਬਰ ਨੂੰ ਚਮਕੌਰ ਸਾਹਿਬ ਵਿਖੇ ਰੱਖੀ ਗਈ ਹੈ। ਕਾਰਜਕਾਰਨੀ ਵੱਲੋਂ ਆਪਣੀ ਰਿਪੋਰਟ ਦੇਣ ਦੇ ਬਾਅਦ ਹੀ ਚੋਣਾਂ ਲਈ ਅਗਲੀ ਰਣਨੀਤੀ ਤਿਆਰ ਕੀਤੀ ਜਾਵੇਗੀ।

ਅਕਾਲੀ ਦਲ 1920 ਦੇ ਅੰਦਰੂਨੀ ਸੂਤਰਾਂ ਅਨੁਸਾਰ ਅਜੇ ਤਾਈਂ ਕਿਸੇ ਵੀ ਧੜੇ ਵੱਲੋਂ ਚੋਣ ਗਠਜੋੜ ਲਈ ਸੰਪਰਕ ਨਹੀਂ ਕੀਤਾ ਗਿਆ ਪਰ ਸਮਝਿਆ ਜਾ ਰਿਹਾ ਹੈ ਕਿ ਪੰਚ ਪ੍ਰਧਾਨੀ ਨਾਲ ਰਲ ਕੇ ਚੋਣਾਂ ਲੜਣ ਵਾਸਤੇ ਆਪਸੀ ਸਹਿਮਤੀ ਹੋ ਸਕਦੀ ਹੈ। ਪੰਚ ਪ੍ਰਧਾਨੀ ਨਾਲ ਅਜੇ ਤਾਈਂ ਕੋਈ ਰਸਮੀ ਮੀਟਿੰਗ ਨਹੀਂ ਹੋਈ। ਸੂਤਰਾਂ ਅਨੁਸਾਰ ਦਲ ਦੇ ਪ੍ਰਧਾਨ ਰਵੀਇੰਦਰ ਸਿੰਘ ਆਪ ਚੋਣ ਲੜਣ ਵਿਚ ਦਿਲਚਸਪੀ ਨਹੀਂ ਰੱਖਦੇ ਹਨ।

ਅਕਾਲੀ ਦਲ 1920 ਦੇ ਜਨਰਲ ਸਕੱਤਰ ਤੇ ਰਵੀਇੰਦਰ ਸਿੰਘ ਦੇ ਸਭ ਤੋਂ ਨੇੜਲੇ ਸਾਥੀ ਰਜਿੰਦਰ ਸਿੰਘ ਬਡਹੇੜੀ ਨੇ ਕਿਹਾ ਹੈ ਕਿ ਪੰਥਕ ਮੋਰਚੇ ਵਿਚ ਸ਼ਾਮਲ ਸਾਰੇ ਧੜੇ ਬਿਖਰ ਗਏ ਲਗਦੇ ਹਨ ਤੇ ਉਨ੍ਹਾਂ ਦੀ ਪਾਰਟੀ ਵੱਲੋਂ ਖਿੰਡੀਆਂ ਪੁੰਡੀਆਂ ਤਾਕਤਾਂ ਨੂੰ ਨਾਲ ਲੈ ਕੇ ਚੋਣ ਲੜੀ ਜਾਵੇਗੀ।

# MRP TRAVEL

*Lowest International and Domestic Fares*

ARC **FLY ANY AIRLINE OF YOUR CHOICE** IATA

*Providing the lowest Air-fare, Cruise and Travel Packages to Asia, Africa, Europe, the Middle East and North America*

**408-929-8005**

E-mail:mrptravel@gmail.com

2123 Port Way, San Jose, CA 95133

*CST: 2097308-40*

*Passport & Visa services also available*



*India Vacation tour package also available.*

Asiana Airlines · Emirates · Korean Air · Singapore Airlines · Cathay Pacific · Lufthansa · China Airlines

*BUS tickets also available from Delhi to Punjab with lowest fare.*



*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*



# Mobal Trucking, Inc.

12 Aspen Ridge Ct., St Peters, MO 63376

**Ph:636-294-0770 or 314-267-4288**

## ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

*ਰੀਫਰ ਰੈਂਟ ਅਤੇ ਲੀਜ਼ 'ਤੇ ਉਪਲਬਧ ਹਨ*

ਸਾਡੇ ਪਾਸ ਹੇਠ ਲਿਖੇ ਰੂਟ ਹਨ



CA To East Coast & Back
MO To East Coast & Back

ਪੇਪਰ ਸਹੀ ਮਿਲਣ 'ਤੇ ਪੈਸੇ ਤੁਰੰਤ

ਫਿਊਲ ਐਡਵਾਂਸ

ਡਿਸਪੈਚ 24 ਘੰਟੇ, ਸੱਤੇ ਦਿਨ ਉਪਲਬਧ

e-mail: mal3855@charter.net






## Business Opportunity

International Company looking for serious people to work from home-part time or full time. Great earning potential, full training and support provided. To attend training in your area.

For more info. call:

**Sukhpreet Kaur Indiana**
**Ph:317-884-3557**
**Sharanjeet Kaur**
**Ph:317-332-1387**

*spkaurus@yahoo.co.in - www.shopherbalife.com/skaur*


# ਕੁਲਦੀਪ ਮਾਣਕ ਨਮਿਤ ਸ਼ਰਧਾਂਜਲੀ ਸਮਾਗਮ 24 ਨੂੰ

**ਫਰੀਮਾਂਟ (ਐਸ. ਅਸ਼ੋਕ ਭੌਰਾ):** ਪੰਜਾਬੀ ਯੁੱਗ ਗਾਇਕ ਕੁਲਦੀਪ ਮਾਣਕ ਦੀ ਯਾਦ ਵਿਚ ਇਕ ਸ਼ਰਧਾਂਜਲੀ ਸਮਾਗਮ 24 ਦਸੰਬਰ ਸਨਿੱਚਰਵਾਰ ਨੂੰ ਦੁਪਹਿਰ 12 ਵਜੇ ਸੰਨੀਵੇਲ ਮੰਦਰ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਦਾ ਪ੍ਰਬੰਧ ਉਸ ਪਰਿਵਾਰ ਵੱਲੋਂ ਕੀਤਾ ਜਾ ਰਿਹਾ ਹੈ ਜੋ ਮਾਣਕ ਦੀ ਗਾਇਕੀ ਨਾਲ ਕਿਸੇ ਨਾ ਕਿਸੇ ਰੂਪ ਵਿਚ ਸਦਾ ਹੀ ਜੁੜਿਆ ਰਿਹਾ ਹੈ।

ਸਾਜ਼ ਮੇਂ ਦਿਲ ਦੇ ਨਿਰਮਾਤਾ ਅਤੇ ਨੂਰ ਜਹਾਂ ਨਾਲ ਤਬਲੇ 'ਤੇ ਸੰਗਤ ਕਰਨ ਵਾਲੇ ਸਰਦਾਰ ਮੁਹੰਮਦ, ਉਸ ਦੇ ਭਰਾ ਗੁਲਜ਼ਾਰ ਮੁਹੰਮਦ ਨੇ ਮਾਣਕ ਨਾਲ ਦਸ ਵਰ੍ਹੇ ਢੋਲਕ 'ਤੇ ਸਾਥ ਦਿਤਾ। ਸਰਦਾਰ ਮੁਹੰਮਦ ਦਾ ਪੁੱਤਰ ਬੂਟਾ ਮੁਹੰਮਦ ਪੰਜਾਬ ਦਾ ਨਾਮੀ ਗਵੱਈਆ ਹੈ ਤੇ ਛੋਟਾ ਪੁੱਤਰ ਦਿਲਬਰ ਬੱਲੀ ਇਸ ਵੇਲੇ ਸੈਨ ਹੋਜ਼ੇ (ਕੈਲੇਫੋਰਨੀਆ) ਰਹਿ ਰਿਹਾ ਹੈ। ਪੰਜਾਬ ਦੇ ਸੰਗੀਤ ਘਰਾਣੇ ਨਾਲ ਜੁੜੇ ਇਸ ਪਰਿਵਾਰ ਨੇ ਸਮੂਹ ਪੰਜਾਬੀਆਂ ਨੂੰ ਇਸ ਸ਼ਰਧਾਂਜਲੀ ਸਮਾਗਮ ਵਿਚ ਸ਼ਿਰਕਤ ਕਰਨ ਦੀ ਬੇਨਤੀ ਕੀਤੀ ਹੈ। ਦਿਲਬਰ ਬੱਲੀ ਅਨੁਸਾਰ ਅਮਰੀਕਾ ਦੀਆਂ ਹੋਰ ਸਟੇਟਾਂ ਵਿਚੋਂ ਵੀ ਕੁਲਦੀਪ ਮਾਣਕ ਦੇ ਸ਼ੁਭਚਿੰਤਕ ਤੇ ਚਹੇਤੇ ਪੁੱਜ ਰਹੇ ਹਨ। ਕਰੀਬ ਚਾਰ ਘੰਟੇ ਦੇ ਇਸ ਸਮਾਗਮ ਦੌਰਾਨ ਚਾਹ-ਪਾਣੀ ਤੇ ਲੰਗਰ ਦਾ ਪ੍ਰਬੰਧ ਵੀ ਹੋਵੇਗਾ।


# SUPER TRAVEL

**847-676-9090, 773-465-5566**

*E-mail: supertravel2003@yahoo.com*

***Lowest Fares With Excellent Service***

*AMERICAN AIR, CONTINENTAL AIR*



*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*

EARLY BIRD SALE!!!!

India $545
London $250



# ਰੇਡੀਓ ਚੜ੍ਹਦੀ ਕਲਾ ਸੁਣੋ

RADIO CHARDI KALA

ਹੁਣ ਦੁਨੀਆਂ ਭਰ ਵਿਚ
www.radiock.com 'ਤੇ

ਬੇਏਰੀਆ ਅਤੇ ਯੂਬਾ ਸਿਟੀ
ਹਫਤੇ ਦੇ ਸੱਤੇ ਦਿਨ, 24 ਘੰਟੇ

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ, ਗੁਰਦੁਆਰਾ ਸੈਨ ਹੋਜ਼ੇ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

ਹੁਣ $40 ਵਾਲਾ ਵੱਡਾ ਰੇਡੀਓ ਸਿਰਫ $30 ਵਿਚ ਖਰੀਦੋ

ਬਹੁਤ ਹੀ ਵਧੀਆ ਕੁਆਲਿਟੀ

> Royal Bazar, San Jose
> Preet Fabric, Fremont
> Sidhartha International, Fremont
> Roshni, Union City
> Kash Fabrics, Hayward
> Maya Fashion, Newark
> LA Merchandise, Yuba City

*ਰੇਡੀਓ ਤੁਸੀਂ ਫੋਨ 832-551-5038 'ਤੇ ਵੀ ਸੁਣ ਸਕਦੇ ਹੋ*

*ਹੋਰ ਜਾਣਕਾਰੀ ਲਈ ਕਾਲ ਕਰੋ*

**ਗੁਰਚਰਨ ਸਿੰਘ ਮਾਨ ਫੋਨ 510-557-0061**
**ਲਖਬੀਰ ਸਿੰਘ ਫੋਨ 510-760-9882**

*ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com*

*Radio CK, PO Box 296, Fremont, CA 94537*



# Matrimonials

### *ਵਰ ਦੀ ਲੋੜ ਹੈ*

Wanted Sikh Saini US/Canadian match for Sikh Saini US citizen girl, 24, 5'-0" studying hospital/ medical billing & coding after bachelor in Bussiness Admn. Contact: singhp1@hotmail.com

Seeking a suitable Jatt Sikh US citizen match for a pretty 24, 5'-3" Dentist girl in India. Contact at skgurdeep7@gmail.com.

Wanted US/Canadian/UK/Australian citizen match for Amritdhari Sidhu girl from educated urban family in India, 5.4, 23 yrs, doing MSc Biochem. Call: 850-225-6388 in the US or email: sukhssohi@yahoo.com

### *ਕੰਨਿਆ ਦੀ ਲੋੜ ਹੈ*

ਰਵਿਦਾਸੀਆ ਸਿੱਖ ਲੜਕੇ, 36, 5'-7" ਵੈਸ਼ਨੋ ਕਲੀਨਸ਼ੇਵ ਵਰਕ ਪਰਮਿਟ 'ਤੇ ਕੰਮ ਕਰਦੇ ਲੜਕੇ ਲਈ ਅਮਰੀਕਨ ਇੰਮੀਗਰਾਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: 916-730-8029, Email: charanjitsingh916@yahoo.com

ਕੰਬੋਜ਼ ਸਿੱਖ ਐਚ ਵਨ ਵੀਜ਼ੇ 'ਤੇ ਚੰਗੀ ਨੌਕਰੀ ਕਰਦੇ ਸਾਫਟਵੇਅਰ ਇੰਜੀਨੀਅਰ, 26, 5'-10" ਲੜਕੇ ਲਈ ਅਮਰੀਕੀ ਇੰਮੀਗਰਾਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ ਫੋਨ:213-291-9594

Wanted US/Canadian citizen girl for B.D.S. (dentist) Gursikh Khatri boy, 26, 6'-0" in India. Contact Ph. +91-98153-67728.

ਜੱਟ ਸਿੱਖ ਚੀਮਾ 29, ਕੱਦ 5'-11" ਅਮਰੀਕੀ ਸਿਟੀਜ਼ਨ 10+2 ਪਾਸ ਲੜਕੇ ਲਈ ਇੰਡੀਆ ਤੋਂ ਪੜ੍ਹੀ ਲਿਖੀ 22 ਤੋਂ 27 ਸਾਲ ਉਮਰ ਦੀ ਘਟੋ ਘਟ 5' 4" ਕੱਦ ਦੀ ਘਰੇਲੂ ਲੜਕੀ ਦੀ ਲੋੜ ਹੈ। ਮੰਗਣੀ ਇੰਡੀਆ ਤੇ ਵਿਆਹ ਅਮਰੀਕਾ ਵਿਚ। ਲੜਕੇ ਦੇ ਮਾਪੇ ਇੰਡੀਆ ਵਿਚ ਹਨ। ਸੰਪਰਕ ਕਰੋ:ਫੋਨ 91-80591-27952 ਜਾਂ ਈਮੇਲ ਕਰੋ js.cheema@yahoo.com

Suitable match for 29/5'-9" cleanshaven, slim, Ramgarhia Sikh boy, Software Engineer well settled in US.Caste no bar. Call: 425- 307-1050: Email:biodata/photo: psingh03850@gmail.com



FARMERS INSURANCE GROUP — Symbol of Superior Service

# FARMERS®

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella**
***Business Work Comp.**

**Duabba Insurance Agency**

2450 Peralta Blvd Suite 120, Fremont CA 94536

**Phone: 510-797-7989 Fax: 510-794-7398**

visit us@ farmers.com



**Gurcharan Singh Mann**
**Insurance Agent**
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਬਾਦਲਾਂ ਦੇ ਹੈਲੀਕਾਪਟਰੀ ਝੂਟਿਆਂ ਨਾਲ ਖ਼ਜ਼ਾਨੇ ਨੂੰ ਰਗੜਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਬੇਟੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਲਏ ਜਾ ਰਹੇ ਹੈਲੀਕਾਪਟਰ ਦੇ ਝੂਟਿਆਂ ਦਾ ਪੰਜਾਬ ਦੇ ਲੋਕਾਂ ਦੇ ਸਿਰ ਰੋਜ਼ਾਨਾ ਸੱਤ-ਅੱਠ ਲੱਖ ਰੁਪਏ ਬੋਝ ਪੈ ਰਿਹਾ ਹੈ। ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਦੋਵੇਂ ਆਗੂਆਂ ਵੱਲੋਂ ਵਧਾਈਆਂ ਗਈਆਂ ਸਿਆਸੀ ਸਰਗਰਮੀਆਂ

## ਰੋਜ਼ਾਨਾ ਸੱਤ ਤੋਂ ਅੱਠ ਲੱਖ ਰੁਪਏ ਦਾ ਖਰਚਾ

ਕਾਰਨ ਸਰਕਾਰੀ ਖ਼ਾਜ਼ਾਨਾ ਖਾਲੀ ਹੋ ਗਿਆ ਹੈ ਤੇ ਮੁਲਾਜ਼ਮਾਂ ਨੂੰ ਕਈ-ਕਈ ਮਹੀਨਿਆਂ ਤੋਂ ਤਨਖਾਹਾਂ ਵੀ ਨਹੀਂ ਮਿਲ ਰਹੀਆਂ। ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਸਰਕਾਰੀ ਖ਼ਜਾਨੇ 'ਚ ਪੈਸਾ ਨਾ ਹੋਣ ਕਾਰਨ ਕਰਮਚਾਰੀਆਂ ਦੀ ਤਨਖਾਹਾਂ ਜਾਂ ਹੋਰ ਅਦਾਇਗੀਆਂ ਰੋਕ ਕੇ ਕੰਮ ਚਲਾਇਆ ਜਾ ਰਿਹਾ ਹੈ।

ਇਨ੍ਹਾਂ ਦਿਨਾਂ 'ਚ ਦੋਵੇਂ ਬਾਦਲਾਂ ਦੀਆਂ ਸਰਗਰਮੀਆਂ ਕਾਰਨ ਸ਼ਹਿਰੀ ਹਵਾਬਾਜ਼ੀ ਵਿਭਾਗ ਨੂੰ ਦੋ ਹੈਲੀਕਾਪਟਰਾਂ ਦਾ ਬੰਦੋਬਸਤ ਕਰਨਾ ਪੈ ਰਿਹਾ ਹੈ। ਸਰਕਾਰ ਵੱਲੋਂ ਹੈਲੀਕਾਪਟਰਾਂ ਦੀਆਂ ਚਾਰਟਰਡ ਫਲਾਈਟਾਂ ਦੀ ਇੰਨੀ ਵਰਤੋਂ ਕੀਤੀ ਗਈ ਹੈ ਕਿ ਪਿਛਲੇ ਪੌਣੇ ਪੰਜ ਸਾਲ ਦੇ ਸਮੇਂ ਦੌਰਾਨ ਇਹ ਖਰਚ ਤਕਰੀਬਨ 50 ਕਰੋੜ ਰੁਪਏ ਹੋ ਗਿਆ ਹੈ। ਸਰਕਾਰ ਨੇ 'ਗਲੋਬਲ ਵੈਕਟਰਾ' ਨਾਮੀ ਕੰਪਨੀ ਦਾ ਹੈਲੀਕਾਪਟਰ ਤਾਂ ਪਹਿਲਾਂ ਹੀ ਭਾੜੇ 'ਤੇ ਲਿਆ ਹੋਇਆ ਹੈ ਤੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੇ ਪ੍ਰੋਗਰਾਮ ਸਿਰੇ ਚਾੜ੍ਹਨ ਲਈ ਰੋਜ਼ਾਨਾ ਕਿਸੇ ਨਾ ਕਿਸੇ ਕੰਪਨੀ ਦਾ ਹੈਲੀਕਾਪਟਰ ਭਾੜੇ 'ਤੇ ਲੈਣਾ ਪੈ ਰਿਹਾ ਹੈ। ਇਕ ਹੈਲੀਕਾਪਟਰ ਦੇ ਹੋਰ ਕਿਰਾਏ 'ਤੇ ਲੈਣ ਕਾਰਨ ਸਰਕਾਰੀ ਖ਼ਜ਼ਾਨੇ 'ਤੇ ਰੋਜ਼ਾਨਾ 7 ਤੋਂ 8 ਲੱਖ ਤੱਕ ਦਾ ਭਾਰ ਪੈ ਰਿਹਾ ਹੈ।

ਪੰਜਾਬ ਸਰਕਾਰ ਵੱਲੋਂ ਆਨੰਦਪੁਰ ਸਾਹਿਬ ਵਿਚ ਖਾਲਸਾ ਵਿਰਾਸਤੀ ਕੰਪਲੈਕਸ ਦੇ ਉਦਘਾਟਨੀ ਸਮਾਰੋਹ ਮੌਕੇ ਮਹਿਮਾਨਾਂ ਦੀ ਸਹੂਲਤ ਲਈ ਇਕ ਦਿਨ ਦੌਰਾਨ ਤਿੰਨ ਹੈਲੀਕਾਪਟਰਾਂ ਦੀ ਵਰਤੋਂ ਕੀਤੀ ਗਈ। ਇਸ ਤੋਂ ਬਾਅਦ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਦੇ ਪ੍ਰੋਗਰਾਮ ਇੰਨੇ ਜ਼ਿਆਦਾ ਵਧ ਗਏ ਕਿ ਵਿਭਾਗ ਨੂੰ 'ਗਲੋਬਲ ਵੈਕਟਰਾ' ਦੇ ਹੈਲੀਕਾਪਟਰ ਸਮੇਤ ਇਕ ਹੋਰ ਹੈਲੀਕਾਪਟਰ ਦਾ ਪ੍ਰਬੰਧ ਕਰਨਾ ਪਿਆ। ਇਸ ਵੇਲੇ ਦੋ ਲੱਖ ਰੁਪਏ ਪ੍ਰਤੀ ਘੰਟਾ ਦੇ ਹਿਸਾਬ ਨਾਲ ਹੈਲੀਕਾਪਟਰ ਕਿਰਾਏ 'ਤੇ ਮਿਲ ਰਿਹਾ ਹੈ।

ਪਾਇਲਟਾਂ ਤੇ ਹੋਰ ਖਰਚੇ ਪਾ ਕੇ ਰੋਜ਼ਾਨਾ ਸੱਤ ਲੱਖ ਤੋਂ ਵਧੇਰੇ ਖਰਚ ਕਰਨਾ ਪੈ ਰਿਹਾ ਹੈ। ਦੋ ਦਿਨ ਪਹਿਲਾਂ ਇਕ ਅਜਿਹਾ ਮੌਕਾ ਵੀ ਆਇਆ ਜਦੋਂ ਮੁੱਖ ਮੰਤਰੀ ਲਈ ਭਾੜੇ 'ਤੇ ਲਏ ਹੈਲੀਕਾਪਟਰ ਨੂੰ ਕੰਪਨੀ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਰਾਇ ਬਰੇਲੀ ਫੇਰੀ ਲਈ ਭੇਜ ਦਿੱਤਾ। ਸ. ਸੁਖਬੀਰ ਸਿੰਘ ਬਾਦਲ ਦੇ ਉਪ ਮੁੱਖ ਮੰਤਰੀ ਬਣਨ ਤੋਂ ਬਾਅਦ ਤਾਂ ਸਰਕਾਰ ਨੂੰ ਅਕਸਰ ਦੋ ਹੈਲੀਕਾਪਟਰਾਂ ਦੀ ਜ਼ਰੂਰਤ ਪੈ ਰਹੀ ਹੈ।

ਇਸ ਸਾਲ ਦੇ ਆਰੰਭ ਵਿਚ ਤਾਂ ਸਰਕਾਰ ਨੇ ਬਹੁਤੀ ਵਾਰੀ ਇਕ ਦਿਨ ਵਿਚ ਤਿੰਨ ਜਾਂ ਚਾਰ ਹੈਲੀਕਾਪਟਰਾਂ ਦੀ ਵਰਤੋਂ ਕੀਤੀ। ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਨਜ਼ਦੀਕ ਆਉਣ ਕਾਰਨ ਸ਼ਹਿਰੀ ਹਵਾਬਾਜ਼ੀ ਦੇ ਖੇਤਰ ਨਾਲ ਜੁੜੀਆਂ ਕੰਪਨੀਆਂ ਦੇ ਨਖ਼ਰੇ ਵੀ ਵਧ ਗਏ ਹਨ। ਕੰਪਨੀਆਂ ਨੇ ਨਾ ਸਿਰਫ਼ ਭਾੜੇ ਵਿਚ ਵਾਧਾ ਕਰ ਦਿੱਤਾ ਸਗੋਂ ਹੈਲੀਕਾਪਟਰ ਦੀ ਰੋਜ਼ਾਨਾ ਵਰਤੋਂ ਦਾ ਘੱਟੋ-ਘੱਟ ਸਮਾਂ ਵੀ ਵਧਾ ਦਿੱਤਾ ਹੈ।

ਸਰਕਾਰ ਵੱਲੋਂ ਪਿਛਲੇ ਕਈ ਦਹਾਕਿਆਂ ਤੋਂ ਕਿਰਾਏ 'ਤੇ ਲਿਆ ਪਵਨ ਹੰਸ ਕੰਪਨੀ ਦਾ ਹੈਲੀਕਾਪਟਰ ਚੰਡੀਗੜ੍ਹ ਹਵਾਈ ਅੱਡੇ 'ਤੇ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ। ਉਸ ਤੋਂ ਬਾਅਦ ਨਿੱਜੀ ਖੇਤਰ ਦੀ ਇਸ ਕੰਪਨੀ ਨੇ ਰਾਜ ਸਰਕਾਰ ਨੂੰ ਹੈਲੀਕਾਪਟਰ ਨਹੀਂ ਦਿੱਤਾ ਤੇ ਸਰਕਾਰ ਨੇ 'ਗਲੋਬਲ ਵੈਕਟਰਾ' ਦਾ ਪੰਜ ਸੀਟਾਂ ਵਾਲਾ ਹੈਲੀਕਾਪਟਰ ਕਿਰਾਏ 'ਤੇ ਲਿਆ। ਇਸ ਦਾ ਕਿਰਾਇਆ 1 ਲੱਖ 40 ਹਜ਼ਾਰ ਰੁਪਏ ਪ੍ਰਤੀ ਘੰਟਾ ਅਦਾ ਕਰਨਾ ਪੈ ਰਿਹਾ ਹੈ।

ਸਾਲ 2010-11 ਦੌਰਾਨ ਸਰਕਾਰ ਨੇ ਹੈਲੀਕਾਪਟਰਾਂ ਦੀ ਇੰਨੀ ਜ਼ਿਆਦਾ ਵਰਤੋਂ ਕੀਤੀ ਹੈ ਕਿ ਇਕ ਦਿਨ ਵਿਚ ਚਾਰ-ਚਾਰ ਹੈਲੀਕਾਪਟਰ ਵੀ ਕਿਰਾਏ 'ਤੇ ਲਏ ਗਏ। ਇਸ ਸਾਲ ਦੌਰਾਨ ਭਾੜੇ 'ਤੇ ਲਏ ਹੈਲੀਕਾਪਟਰਾਂ ਦੀ ਵਰਤੋਂ 150 ਦਿਨ ਹੋਈ। ਸਰਕਾਰ ਵੱਲੋਂ ਪਿਛਲੇ ਕਈ ਦਹਾਕਿਆਂ ਤੋਂ ਜਨਤਕ ਖੇਤਰ ਦੀ ਕੰਪਨੀ ਪਵਨ ਹੰਸ ਦੇ ਕਿਰਾਏ 'ਤੇ ਲਏ ਹੈਲੀਕਾਪਟਰ ਦੀ ਵਰਤੋਂ ਇਨ੍ਹਾਂ ਦਿਨਾਂ ਨਾਲੋਂ ਵੱਖਰੀ ਹੈ।

ਪਵਨ ਹੰਸ ਤੇ ਹੋਰ ਚਾਰਟਡ ਹੈਲੀਕਾਪਟਰਾਂ ਦਾ ਕੁੱਲ ਭਾੜਾ 14 ਕਰੋੜ ਦੇ ਕਰੀਬ ਬਣਦਾ ਹੈ। ਸਰਕਾਰ ਵੱਲੋਂ ਚੈਲੈਂਜਰ ਏਵੀਏਸ਼ਨ, ਏਅਰ ਤੇ ਚਾਰਟਰ ਸਰਵਿਸਿਜ਼, ਸਪੈਨ ਏਅਰ, ਗਲੋਬਲ ਵੈਕਟਰਾ ਹੈਲੀਕਾਰਪ ਕੰਪਨੀਆਂ ਦੇ ਹੈਲੀਕਾਪਟਰ ਅਕਸਰ ਕਿਰਾਏ 'ਤੇ ਲਏ ਜਾਂਦੇ ਹਨ। ਸਾਲ 2008-2009 ਦੌਰਾਨ ਸਰਕਾਰ ਵੱਲੋਂ ਹੈਲੀਕਾਪਟਰਾਂ ਦੀ ਵਰਤੋਂ 'ਤੇ ਤਕਰੀਬਨ 9 ਕਰੋੜ ਰੁਪਏ ਖ਼ਰਚ ਕੀਤਾ ਗਿਆ। ਇਸ ਤੋਂ ਅਗਲੇ ਵਿੱਤੀ ਵਰ੍ਹੇ ਦੌਰਾਨ ਇਹ ਖਰਚ 8 ਕਰੋੜ ਰੁਪਏ ਦੇ ਆਸ-ਪਾਸ ਰਿਹਾ ਤੇ ਪਿਛਲੇ ਮਾਲੀ ਸਾਲ ਦੌਰਾਨ ਇਹ ਖ਼ਰਚ 14 ਕਰੋੜ ਦੇ ਕਰੀਬ ਹੋ ਗਿਆ।

## ਤਸਵੀਰਾਂ ਉਤੇ 34 ਹੀ ਲੱਖ ਉਡਾਏ!

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸਰਕਾਰੀ ਪੈਸੇ ਨਾਲ ਆਪਣੀ ਖੁੱਲ੍ਹ ਕੇ ਮਸ਼ਹੂਰੀ ਕੀਤੀ ਜਾ ਰਹੀ ਹੈ। ਪਹਿਲਾਂ ਐਂਬੂਲੈਂਸਾਂ, ਸਾਈਕਲਾਂ, ਕਾਰਡਾਂ ਤੇ ਰਜਿਸਟਰੇਸ਼ਨ ਸਰਟੀਫਿਕੇਟਾਂ 'ਤੇ ਤਸਵੀਰਾਂ ਲਾਉਣ ਤੋਂ ਬਾਅਦ ਹੁਣ ਪਿੰਡਾਂ 'ਚ ਬਣੀਆਂ ਜਿੰਮਾਂ 'ਚ ਵੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਬੇਟੇ ਉਪ ਮੁਖ ਮੰਤਰੀ ਸੁਖਬੀਰ ਸਿੰਘ ਬਾਦਲ ਦੀਆਂ ਤਸਵੀਰਾਂ ਲਾਈਆਂ ਜਾ ਰਹੀਆਂ ਹਨ। ਇਨ੍ਹਾਂ ਤਸਵੀਰਾਂ ਦਾ ਸਰਕਾਰੀ ਖਜ਼ਾਨੇ 'ਤੇ 34 ਲੱਖ ਰੁਪਏ ਦਾ ਬੋਝ ਪਿਆ ਹੈ। ਜ਼ਿਕਰਯੋਗ ਹੈ ਕਿ ਸਰਕਾਰ ਵੱਲੋਂ ਪਿੰਡਾਂ 'ਚ ਨੌਜਵਾਨਾਂ ਲਈ ਜਿੰਮ ਬਣਾਏ ਗਏ ਹਨ ਤੇ ਇਨ੍ਹਾਂ ਦਾ ਸਿਆਸੀ ਲਾਹਾ ਲੈਣ ਲਈ ਹੁਣ ਇਨ੍ਹਾਂ 'ਤੇ ਬਾਦਲ ਪਿਓ-ਪੁੱਤ ਦੀ ਫੋਟੋ ਲਾਈ ਜਾਣੀ ਹੈ। ਪੰਜਾਬ 'ਚ ਦੋ ਫਰਮਾਂ ਵੱਲੋਂ ਮਲਟੀ ਜਿੰਮ ਸਪਲਾਈ ਕੀਤੇ ਗਏ ਹਨ ਤੇ ਉਨ੍ਹਾਂ ਵੱਲੋਂ ਜਿੰਮਾਂ 'ਤੇ ਖੇਡ ਵਿਭਾਗ ਦਾ ਹੀ ਠੱਪਾ ਹੀ ਲਾਇਆ ਗਿਆ ਹੈ ਜਿਸ ਨੂੰ ਲੈ ਕੇ ਬਾਦਲਾਂ ਨੇ ਨਰਾਜ਼ਗੀ ਪ੍ਰਗਟਾਈ।

ਖੇਡ ਵਿਭਾਗ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਖੁਸ਼ ਕਰਨ ਲਈ ਉਨ੍ਹਾਂ ਦੀ ਫੋਟੋ ਮਲਟੀ ਜਿੰਮਾਂ 'ਤੇ ਲਾਉਣ ਦਾ ਫੈਸਲਾ ਕੀਤਾ ਹੈ। ਖੇਡ ਵਿਭਾਗ ਨੇ ਦੋਵੇਂ ਬਾਦਲਾਂ ਦੀ ਫੋਟੋ ਵਾਲੀ ਪਲੇਟ ਵੱਖਰੀ ਬਣਾਉਣ ਦੇ ਟੈਂਡਰ ਕੱਢੇ ਹਨ। ਭਾਵੇਂ ਇਨ੍ਹਾਂ ਪਲੇਟਾਂ 'ਤੇ ਨਸ਼ਿਆਂ ਖ਼ਿਲਾਫ਼ ਨਾਅਰੇ ਲਿਖੇ ਹਨ ਪਰ ਇਸ ਦਾ ਅਸਲ ਮਕਸਦ ਬਾਦਲਾਂ ਦੀ ਮਸ਼ਹੂਰੀ ਹੀ ਹੈ ਕਿਉਂਕਿ ਦੋਵੇਂ ਬਾਦਲਾਂ ਦੀ ਵੱਡੀ ਫੋਟੋ ਲਾਈ ਗਈ ਹੈ।

ਚੋਣਾਂ 'ਚ ਸਿਆਸੀ ਲਾਹਾ ਲੈਣ ਲਈ ਇਨ੍ਹਾਂ ਪਲੇਟਾਂ ਨੂੰ ਤਿਆਰ ਕਰਾਉਣ 'ਤੇ ਪੰਜਾਬ ਸਰਕਾਰ ਨੇ 34 ਲੱਖ ਰੁਪਏ ਖਰਚ ਦਿੱਤੇ ਹਨ। ਮਲਟੀ ਜਿੰਮ ਸਪਲਾਈ ਕਰਨ ਵਾਲੀਆਂ ਫਰਮਾਂ ਵੱਲੋਂ ਬਿਨਾਂ ਫੋਟੋ ਤੋਂ ਹੀ ਮਾਲ ਸਪਲਾਈ ਕੀਤਾ ਗਿਆ ਹੈ। ਖੇਡ ਵਿਭਾਗ ਵੱਲੋਂ ਹੁਣ ਜ਼ਿਲ੍ਹਿਆਂ 'ਚ ਹਜ਼ਾਰਾਂ ਫੋਟੋ ਵਾਲੀਆਂ ਪਲੇਟਾਂ ਸਪਲਾਈ ਕੀਤੀਆਂ ਜਾ ਰਹੀਆਂ ਹਨ।

ਸਰਕਾਰੀ ਸੂਤਰਾਂ ਅਨੁਸਾਰ ਇਕ ਫੋਟੋ ਵਾਲੀ ਪਲੇਟ ਦੀ ਕੀਮਤ 545 ਰੁਪਏ ਹੈ। ਚੰਡੀਗੜ੍ਹ ਦੀ ਕੈਨਵਸ ਫਰਮ ਤੋਂ ਇਹ ਪਲੇਟ ਤਿਆਰ ਕਰਾਈ ਗਈ ਹੈ। ਇਸ ਫਰਮ ਵੱਲੋਂ ਵੱਖਰੇ ਤੌਰ 'ਤੇ ਪਲੇਟਾਂ ਦੀ ਸਪਲਾਈ ਕੀਤੀ ਗਈ ਹੈ। ਪੰਜਾਬ ਭਰ ਵਿਚ 6250 ਮਲਟੀ ਜਿੰਮ ਵੰਡੇ ਹਨ ਤੇ ਇੰਨੀ ਗਿਣਤੀ ਵਿੱਚ ਪਲੇਟਾਂ





ਸਪਲਾਈ ਕੀਤੀਆਂ ਗਈਆਂ ਹਨ। ਇਸ ਹਿਸਾਬ ਨਾਲ ਸਰਕਾਰ ਨੂੰ ਫੋਟੋ ਵਾਲੀਆਂ ਪਲੇਟਾਂ ਦੀ ਕੀਮਤ 34 ਲੱਖ ਦੇ ਕਰੀਬ ਤਾਰਨੀ ਪਈ ਹੈ।

ਉਧਰ ਬਾਦਲਾਂ ਦੀਆਂ ਫੋਟੋਆਂ ਦਾ ਚੋਣ ਕਮਿਸ਼ਨ ਨੇ ਸਖ਼ਤ ਨੋਟਿਸ ਲਿਆ ਹੈ। ਕਮਿਸ਼ਨ ਨੇ ਰਾਜ ਦੇ ਮੁੱਖ ਸਕੱਤਰ ਨੂੰ ਹਦਾਇਤ ਕੀਤੀ ਹੈ ਕਿ ਆਗਾਮੀ ਵਿਧਾਨ ਸਭਾ ਚੋਣਾਂ ਦਾ ਐਲਾਨ ਹੁੰਦਿਆਂ ਹੀ ਚੋਣ ਜ਼ਾਬਤਾ ਲੱਗਣ ਸਾਰ ਕਿਸੇ ਵੀ ਸਰਕਾਰੀ ਵਸਤੂ 'ਤੇ ਸਿਆਸੀ ਸ਼ਖ਼ਸੀਅਤ ਦੀ ਫੋਟੋ ਜਾਂ ਫਿਰ ਕਿਸੇ ਪਾਰਟੀ ਦੀ ਫੋਟੋ ਨਹੀਂ ਦਿੱਸਣੀ ਚਾਹੀਦੀ।


ੴ ਸਤਿਗੁਰ ਪ੍ਰਸਾਦਿ॥

## ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਪੂਜਨੀਕ ਸ. ਊਧਮ ਸਿੰਘ ਭੰਡਾਲ ਵਾਹਿਗੁਰੂ ਵਲੋਂ ਬਖ਼ਸ਼ੇ ਸੁਆਸ ਪੂਰੇ ਕਰ ਕੇ 84 ਸਾਲ ਦੀ ਉਮਰ ਭੋਗ ਕੇ ਲੰਘੇ ਸ਼ੁੱਕਰਵਾਰ 16 ਦਸੰਬਰ 2011 ਨੂੰ ਪ੍ਰਭੂ ਚਰਨਾਂ ਵਿਚ ਜਾ ਬਿਰਾਜੇ ਹਨ। ਉਨ੍ਹਾਂ ਦਾ ਅੰਤਮ ਸਸਕਾਰ ਸ਼ੁੱਕਰਵਾਰ 23 ਦਸੰਬਰ ਨੂੰ ਹੇਵਰਡ ਦੇ ਚੈਪਲ ਆਫ ਚਾਈਮਜ਼ (32992 ਮਿਸ਼ਨ ਬੁਲੇਵਾਰਡ) ਵਿਖੇ ਬਾਅਦ ਦੁਪਹਿਰ 12 ਤੋਂ 2 ਵਜੇ ਤੱਕ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸੈਨ ਹੋਜ਼ੇ ਵਿਖੇ ਹੋਵੇਗੀ। ਸਮੂਹ ਸਬੰਧੀਆਂ ਅਤੇ ਮਿੱਤਰਾਂ-ਪ੍ਰੇਮੀਆਂ ਨੂੰ ਬੇਨਤੀ ਹੈ ਕਿ ਅੰਤਿਮ ਵਿਦਾਇਗੀ ਦੀਆਂ ਰਸਮਾਂ ਵਿਚ ਸ਼ਾਮਲ ਹੋ ਕੇ ਪਰਿਵਾਰ ਨੂੰ ਧੰਨਵਾਦੀ ਬਣਾਓ ਜੀ।



ਸ. ਊਧਮ ਸਿੰਘ ਭੰਡਾਲ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਚਰਨ ਸਿੰਘ ਭੰਡਾਲ 408-482-1372, ਕੁਲਦੀਪ ਸਿੰਘ ਭੰਡਾਲ 408-209-1651
ਰਾਮਕੰਵਲ ਸਿੰਘ ਭੰਡਾਲ 408-717-2216 ਅਤੇ ਜਸਵੀਰ ਸਿੰਘ ਪਵਾਰ 408-416-7200

# ਪੰਜਾਬ ਕਾਂਗਰਸ ਵਲੋਂ ਐਨ ਆਰ ਆਈ ਕੌਂਸਲ ਦਾ ਵਿਸਥਾਰ

**ਸ਼ਿਕਾਗੋ (ਬਿਊਰੋ):** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੇ ਐਨ ਆਰ ਆਈ ਕੌਂਸਲ ਦਾ ਵਿਸਥਾਰ ਕਰਦਿਆਂ ਇਸ ਵਿਚ ਕੁਝ ਹੋਰ ਮੈਂਬਰਾਂ ਨੂੰ ਸ਼ਾਮਲ ਕੀਤਾ ਹੈ। ਇਨ੍ਹਾਂ ਵਿਚ ਜਸਵਿੰਦਰ ਸਿੰਘ ਖੱਖ, ਫੁੰਮਣ ਸਿੰਘ, ਤੇਜਿੰਦਰ ਸਿੰਘ ਗਿੱਲ, ਗੁਰਬੀਰ ਸਿੰਘ ਅਤੇ ਜਰਨੈਲ ਸਿੰਘ ਸੰਧੂ ਦੇ ਨਾਂ ਸ਼ਾਮਲ ਹਨ। ਇਹ ਸਾਰੇ ਨਿਊ ਯਾਰਕ ਤੋਂ ਹਨ।

ਇਹ ਜਾਣਕਾਰੀ ਦਿੰਦਿਆਂ ਕੌਂਸਲ ਦੇ ਚੀਫ ਕੋਆਰਡੀਨੇਟਰ ਸ੍ਰੀ ਭੁਪਿੰਦਰ (ਬਾਬ) ਸਿੰਘ ਹੁੰਦਲ ਨੇ ਦੱਸਿਆ ਕਿ ਇਸੇ ਦੌਰਾਨ ਕੌਂਸਲ ਦੇ ਮਿਡਵੈਸਟ ਮੈਂਬਰਾਂ ਦੀ ਬੀਤੇ ਸਨਿਚਰਵਾਰ ਇਕ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿਚ ਆ ਰਹੀਆਂ ਪੰਜਾਬ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਪਾਰਟੀ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨਾਲ ਇਕ ਵੀਡੀਓ ਕਾਨਫਰੰਸ ਕਰਵਾਉਣ ਦੀ ਯੋਜਨਾ ਉਪਰ ਵਿਚਾਰ ਕੀਤੀ ਗਈ। ਇਹ ਕਾਨਫਰੰਸ ਜਨਵਰੀ 2012 ਦੇ ਸ਼ੁਰੂ ਵਿਚ ਕਰਵਾਈ ਜਾਵੇਗੀ ਅਤੇ ਇਸ ਦੀ ਮਿਤੀ ਦਾ ਐਲਾਨ ਛੇਤੀ ਕੀਤਾ ਜਾਵੇਗਾ। ਇਹ ਵੀਡੀਓ ਕਾਨਫਰੰਸ ਚੰਡੀਗੜ੍ਹ, ਸ਼ਿਕਾਗੋ, ਅਮਰੀਕਾ ਦੀਆਂ ਪੱਛਮੀ ਅਤੇ ਪੂਰਬੀ ਸਟੇਟਾਂ


ਬਾਬ ਹੁੰਦਲ

ਵਿਚ ਨਾਲੋ ਨਾਲ ਕਰਵਾਈ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਕੌਂਸਲ ਦੇ ਕੁਝ ਮੈਂਬਰ ਇਸ ਸਮੇਂ ਪੰਜਾਬ ਦੇ ਦੌਰੇ 'ਤੇ ਹਨ ਅਤੇ ਉਹ ਵੱਖੋ ਵੱਖ ਕਾਂਗਰਸ ਆਗੂਆਂ ਨਾਲ ਮੀਟਿੰਗਾਂ ਕਰ ਰਹੇ ਹਨ ਤਾਂ ਜੋ ਪੰਜਾਬ ਵਿਧਾਨ ਸਭਾ ਚੋਣਾਂ ਲਈ ਪਰਵਾਸੀ ਪੰਜਾਬੀਆਂ ਦੀ ਕਾਂਗਰਸ ਲਈ ਵਧ ਤੋਂ ਵਧ ਹਮਾਇਤ ਜੁਟਾਈ ਜਾ ਸਕੇ। ਹਾਲ ਹੀ ਵਿਚ ਇਨ੍ਹਾਂ ਮੈਂਬਰਾਂ ਨੇ ਵਿਧਾਇਕ ਸੁਰਿੰਦਰਪਾਲ ਸਿੰਘ ਸਿਬੀਆ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਅਰਵਿੰਦ ਖੰਨਾ ਨਾਲ ਮੁਲਾਕਾਤ ਕੀਤੀ। ਇਨ੍ਹਾਂ ਮੁਲਾਕਾਤਾਂ ਵਿਚ ਪੰਜਾਬ ਦੇ ਹਰ ਵਿਧਾਨ ਸਭਾ ਹਲਕੇ ਵਿਚ ਕਾਂਗਰਸ ਦੇ ਹੱਕ ਵਿਚ ਪਰਵਾਸੀਆਂ ਨੂੰ ਲਾਮਬੰਦ ਕਰਨ ਉਪਰ ਵਿਚਾਰ ਕੀਤੀ ਗਈ। ਉਨ੍ਹਾਂ ਕਿਹਾ ਕਿ ਸਾਡਾ ਨਿਸ਼ਾਨਾ ਪੰਜਾਬ ਚੋਣਾਂ ਦੌਰਾਨ ਘੱਟੋ ਘੱਟ ਇਕ ਹਜ਼ਾਰ ਪਰਵਾਸੀ ਪੰਜਾਬੀਆਂ ਨੂੰ ਕਾਂਗਰਸ ਦੇ ਹੱਕ ਵਿਚ ਪ੍ਰਚਾਰ ਲਈ ਪੰਜਾਬ ਲੈ ਜਾਣ ਦਾ ਹੈ।

ਸ੍ਰੀ ਹੁੰਦਲ ਨੇ ਪਰਵਾਸੀ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਪੰਜਾਬ ਦੀ ਮੌਜੂਦਾ ਭ੍ਰਿਸ਼ਟ, ਹੈਂਕੜਬਾਜ਼ ਅਤੇ ਕੁਨਬਾਪ੍ਰਸਤ ਸਰਕਾਰ ਤੋਂ ਛੁਟਕਾਰਾ ਪਾਉਣ ਲਈ ਉਹ ਪੰਜਾਬ ਕਾਂਗਰਸ ਅਤੇ ਕੈਪਟਨ ਅਮਰਿੰਦਰ ਸਿੰਘ ਪ੍ਰਤੀ ਹਮਾਇਤ ਲਈ ਆਪਣੇ ਨਾਂ ਕੌਂਸਲ ਦੀ ਵੈਬਸਾਈਟ www.punjabnricouncilusa.com ਉਤੇ ਰਜਿਸਟਰ ਕਰਵਾਉਣ।

ਹੋਰ ਜਾਣਕਾਰੀ ਲਈ ਐਨ ਆਰ ਆਈ ਕੌਂਸਲ ਨਾਲ ਇਸ ਦੇ ਫੋਨ ਨੰਬਰ 847-557-0558, ਫੈਕਸ 847-350-6436 ਜਾਂ ਬਾਬ ਹੁੰਦਲ ਫੋਨ 630-802-2179 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


ਟਰੱਕ ਸਟਾਪ ਲਈ
ਕੈਸ਼ੀਅਰ ਚਾਹੀਦੇ ਹਨ
ਸੈਂਟਰਲ ਕੈਲੀਫੋਰਨੀਆ ਦੀ ਟੂਲਹਿਰੀ ਕਾਊਂਟੀ ਦੇ
ਸ਼ਹਿਰ ਅਰਲੀ ਮਾਰਟ ਵਿਚ
*ਅੰਗਰੇਜ਼ੀ ਬੋਲਣੀ ਆਉਣੀ ਜ਼ਰੂਰੀ*
ਚੰਗੀ ਤਨਖਾਹ ਤੇ ਸਹੂਲਤਾਂ
ਸੰਪਰਕ ਕਰੋ:559-380-8888

Indian Oven
11000, I-40 East, Amarillo Texas, 79118 (Exit 77, Right Hand Side)
Ph:1-806-335-3600

Breakfast, Lunch & Dinner (Buffet 11 to 3, Every Day)
ਬਹਿ ਕੇ ਖਾਓ ਜਾਂ ਨਾਲ ਲੈ ਜਾਓ
ਪੰਜਾਬੀ ਵੈਸ਼ਨੂ ਤੇ ਗੈਰ ਵੈਸ਼ਨੂ
ਤਾਜ਼ੀ ਰੋਟੀ, ਪਰਾਂਠੇ ਤੇ ਨਾਨ
*ਮੰਗਲਵਾਰ ਛੁੱਟੀ, ਬਾਕੀ ਦਿਨ ਸਵੇਰੇ 8 ਤੋਂ ਰਾਤ 10 ਵਜੇ ਤੱਕ ਖੁੱਲ੍ਹਾ*
Easy Truck Parking, Special Deals For Truckers
ਆਈ-40 ਵੈਸਟ ਵਾਲੇ ਪਾਸਿਓਂ ਖੱਬੇ ਹੱਥ, ਆਈ-40 ਈਸਟ ਵਾਲੇ ਪਾਸਿਓਂ ਸੱਜੇ ਹੱਥ

Are You Tired Of All Treatments?
Try
Homeopathic Natural Medicines [HNM]
Well Experienced as:
Director, Principal, Professor, and Chief Medical Officer in Medical Colleges and Hospitals of Punjab - India
Practice Under State of California Act SB 577.
EX Member:
☑ *The California Homeopathic Society*
☑ *National Center For Homeopathy- USA*
Homeopathic Natural Medicines
Serving Since 1973
Gurdip Singh Sandhu
Homeopathic Practitioner/Consultant
DHMS-Gold Medalist, DHMS, BAMS, MDEh.- India
21272 Mission Blvd. Hayward, CA 94541
1188 E Santa Clara St.San Jose Ca95116
Natural Medicines Medical Supply
☎ (510) 870 - 5045
(408) 729 – 6691
Fax: (408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)

Desi Cuts Yuba City
440 N. Palora Ave., Yuba City, CA 95991 (Near LA Merchandise)
Grand Opening
For Men & Children
ਫੋਨ:530-673-1455
ਬੇਏਰੀਆ, ਕੈਲੀਫੋਰਨੀਆ ਤੋਂ ਬਾਅਦ
ਹੁਣ ਯੂਬਾ ਸਿਟੀ ਵਿਚ

*Tony*
*Hair cut
*Beard Perm
*Hair styler
*Color
*Threading
ਵਾਜਿਬ ਰੇਟ
ਵਧੀਆ
ਸਰਵਿਸ

ਜ਼ਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।
Monday to Friday 9:00-7:30 (Tuesday Closed)
Saturday 9:00-7:00, Sunday 10:00-6:00

Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869
*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay
We Specialize in Bankowned, Foreclosure and Short Sale Homes
ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ
If you want to sell your house in shortsale, first call 209-815-1869
*We are certified Home Afordable Foreclosure Alternative (HAFA) specilist in shortsale of homes.*

Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com
Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ
REALTY WORLD Millennium
Gurbans Gill 209-815-1869

# ਸ਼੍ਰੋਮਣੀ ਕਮੇਟੀ ਦੇ ਬਜ਼ੁਰਗ ਮੁਲਾਜ਼ਮਾਂ ਦੀ ਹੋਵੇਗੀ ਛਾਂਟੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਸੇਵਾ ਮੁਕਤੀ ਤੋਂ ਬਾਅਦ ਆਪਣੀਆਂ ਸੇਵਾਵਾਂ ਜਾਰੀ ਨਹੀਂ ਰੱਖ ਸਕਣਗੇ। ਸੇਵਾ ਮੁਕਤੀ ਲਈ ਵੱਧ ਤੋਂ ਵੱਧ ਉਮਰ ਹੱਦ 60 ਸਾਲ ਤੱਕ ਹੀ ਰੱਖੀ ਜਾ ਸਕੇਗੀ। ਇਸ ਬਾਰੇ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਨੇ ਇਤਿਹਾਸਿਕ ਫ਼ੈਸਲਾ ਸੁਣਾਉਂਦਿਆਂ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਵੱਲੋਂ ਉਮਰ ਹੱਦ ਵਧਾਏ ਜਾਣ ਦੇ ਮਤੇ ਨੂੰ ਰੱਦ ਕਰ ਦਿੱਤਾ ਹੈ ਤੇ ਸਪੱਸ਼ਟ ਕੀਤਾ ਹੈ ਕਿ ਕਾਰਜਕਾਰਨੀ ਨੂੰ ਅਜਿਹੇ ਮਤੇ ਪਾਉਣ ਦਾ ਕੋਈ ਅਧਿਕਾਰ ਨਹੀਂ।



ਇਸ ਫੈਸਲੇ ਨਾਲ ਸ਼੍ਰੋਮਣੀ ਕਮੇਟੀ 'ਚ ਕਈ ਅਹਿਮ ਅਹੁਦਿਆਂ 'ਤੇ ਤਾਇਨਾਤ ਮੁਲਾਜ਼ਮਾਂ 'ਤੇ ਫਾਰਗ ਕੀਤੇ ਜਾਣ ਦੀ ਤਲਵਾਰ ਲਟਕ ਗਈ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਦਾ ਕਹਿਣਾ ਹੈ ਕਿ ਫਿਲਹਾਲ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਵੱਲੋਂ ਕੀਤੇ ਗਏ ਫੈਸਲੇ ਦੀ ਕਾਪੀ ਉਨ੍ਹਾਂ ਕੋਲ ਨਹੀਂ ਪੁੱਜੀ। ਉਨ੍ਹਾਂ ਕਿਹਾ ਕਿ ਇਹ ਫੈਸਲੇ ਦੀ ਕਾਪੀ ਪੁੱਜਣ ਤੋਂ ਬਾਅਦ ਹੀ ਇਸ ਬਾਰੇ ਕੋਈ ਅਗਲੀ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਸ਼੍ਰੋਮਣੀ ਕਮੇਟੀ ਵਲੋਂ ਇਸ ਫੈਸਲੇ ਨੂੰ ਉੱਚ ਅਦਾਲਤ ਵਿਚ ਚੁਣੌਤੀ ਦੇਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਤੇ ਕਿਹਾ ਕਿ ਇਸ ਬਾਰੇ ਕਾਨੂੰਨੀ ਮਾਹਰਾਂ ਨਾਲ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ 25 ਅਪਰੈਲ, 2010 ਨੂੰ ਮਤਾ ਨੰਬਰ 344 ਪਾਸ ਕਰਕੇ 60 ਸਾਲ ਤੋਂ ਵਡੇਰੀ ਉਮਰ ਦੇ ਵਿਅਕਤੀਆਂ ਨੂੰ ਨੌਕਰੀ 'ਤੇ ਰੱਖਿਆ ਸੀ। ਇਨ੍ਹਾਂ ਵਿਚ ਸਿੱਖਿਆ ਵਿਭਾਗ ਦੇ ਡਾਇਰੈਕਟਰ ਡਾ. ਗੁਰਮੋਹਨ ਸਿੰਘ ਵਾਲੀਆ,

## ਜੁਡੀਸ਼ੀਅਲ ਕਮਿਸ਼ਨ ਵੱਲੋਂ ਝਟਕਾ

ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ ਦੇ ਡਾਇਰੈਕਟਰ ਡਾ. ਜਸਬੀਰ ਸਿੰਘ ਸਾਬਰ, ਪ੍ਰਿੰ. ਐਸ.ਐਸ. ਪਰਮਾਰ, ਗ੍ਰੰਥ ਸੰਪਾਦਨਾ ਪ੍ਰਾਜੈਕਟ ਦੇ ਇੰਚਾਰਜ ਡਾ. ਕਿਰਪਾਲ ਸਿੰਘ, ਗੁਰਮਤਿ ਸੰਗੀਤ ਅਕੈਡਮੀ ਅਨੰਦਪੁਰ ਦੇ ਡਾਇਰੈਕਟਰ ਪ੍ਰੋ. ਕਰਤਾਰ ਸਿੰਘ, ਅਕੈਡਮੀ ਦੇ ਅਧਿਆਪਕ ਪ੍ਰੋ. ਪਿਆਰਾ ਸਿੰਘ ਦਿਲਰੁਬਾ ਸ਼ਾਮਲ ਸਨ।

ਸ਼੍ਰੋਮਣੀ ਕਮੇਟੀ ਦੇ ਇਸ ਮਤੇ ਨੂੰ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਆਗੂ ਬਲਦੇਵ ਸਿੰਘ ਸਿਰਸਾ ਵਲੋਂ ਸਿੱਖ ਗੁਰਦੁਆਰਾ ਜੁਡੀਸ਼ੀਅਲ ਵਿਚ ਚੁਣੌਤੀ ਦਿੱਤੀ ਗਈ ਸੀ।

ਇਹ ਫ਼ੈਸਲਾ ਸ. ਮਨਮੋਹਨ ਸਿੰਘ ਬਰਾੜ ਚੇਅਰਮੈਨ, ਸ. ਅਮਰੀਕ ਸਿੰਘ ਰੰਧਾਵਾ ਤੇ ਸ. ਅਜਵੰਤ ਸਿੰਘ ਮਾਨ ਦੇ ਸਾਂਝੇ ਬੈਂਚ ਵੱਲੋਂ ਸੁਣਾਇਆ ਗਿਆ ਹੈ। ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਦੀ ਸੇਵਾ ਮੁਕਤੀ ਦੀ ਉਮਰ ਹੱਦ 58 ਸਾਲ ਰੱਖਣ ਲਈ ਗੁਰਪ੍ਰੀਤ ਸਿੰਘ ਬਨਾਮ ਕ੍ਰਿਪਾਲ ਸਿੰਘ ਬੰਡੂਗਰ ਪਟੀਸ਼ਨ 'ਤੇ ਕਮਿਸ਼ਨ ਵੱਲੋਂ ਸਟੇਅ ਦਿੱਤਾ ਸੀ ਤੇ 58 ਸਾਲ ਤੋਂ ਵੱਧ ਉਮਰ ਵਾਲੇ 7000 ਤੋਂ ਵੱਧ ਤਨਖਾਹਦਾਰ ਕਰਮਚਾਰੀਆਂ ਤੇ ਮੁਲਾਜ਼ਮਾਂ ਨੂੰ ਫ਼ਾਰਗ ਕਰਨ ਦੇ ਹੁਕਮ ਦਿੱਤੇ ਸਨ ਪਰ ਇਸ ਬਾਰੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿਗ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਦੇ ਸੇਵਾਵਾਂ ਨਿਯਮ 21 ਤੇ ਪ੍ਰਬੰਧ ਸਕੀਮ ਦੇ ਅੰਕ ਨੰਬਰ 69 ਅਨੁਸਾਰ ਕਮੇਟੀ ਦੇ ਮੁਲਾਜ਼ਮਾਂ ਨੂੰ ਉਨ੍ਹਾਂ ਦੀ ਯੋਗਤਾ ਦੇ ਮੱਦੇਨਜ਼ਰ 60 ਸਾਲ ਤੱਕ ਸੇਵਾਵਾਂ ਜਾਰੀ ਰੱਖਣ ਦੀ ਪੈਰਵਾਈ ਕੀਤੀ ਗਈ ਸੀ ਤੇ ਖਾਸ ਸ਼ਰਤਾਂ 'ਚ 60 ਸਾਲ ਤੋਂ ਉਪਰ ਉਮਰ ਦੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਜਾਰੀ ਰੱਖਣ ਲਈ ਸ਼ਰਤਾਂ ਢਿੱਲੀਆਂ ਕਰਨ ਨੂੰ ਪ੍ਰਵਾਨਗੀ ਦਿੱਤੀ ਸੀ। ਇਸ ਮਤੇ 'ਚ ਇਹ ਵੀ ਪ੍ਰਵਾਨ ਹੋਇਆ ਕਿ ਪੁਰਾਣੇ ਪਟਵਾਰੀਆਂ ਨੂੰ ਮਾਲ ਦਾ ਰਿਕਾਰਡ ਦੇਖਣ ਲਈ ਉਰਦੂ ਭਾਸ਼ਾ ਪੜ੍ਹੇ ਹੋਣ ਤੇ ਗੁਰਦੁਆਰਾ ਸਾਹਿਬਾਨ ਦੀਆਂ ਮਲਕੀਅਤੀ ਜ਼ਮੀਨਾਂ ਦੇ ਪੁਰਾਣੇ ਰਿਕਾਰਡ ਨੂੰ ਵਾਚਣ ਦੇ ਮੱਦੇਨਜ਼ਰ ਇਨ੍ਹਾਂ ਨੂੰ ਤੈਅ ਉਮਰ ਦੀ ਹੱਦ 'ਤੋਂ ਛੋਟ ਦਿੱਤੀ ਜਾਂਦੀ ਹੈ। ਸ਼੍ਰੋਮਣੀ ਕਮੇਟੀ ਤੇ ਸਬੰਧਤ ਗੁਰਦੁਆਰਾ ਸਾਹਿਬਾਨ ਵਿਖੇ ਕੰਮ ਕਰ ਰਹੇ ਪਟਵਾਰੀਆਂ ਨੂੰ ਪਹਿਲਾਂ ਦੀ ਤਰ੍ਹਾਂ ਠੇਕੇ 'ਤੇ ਸੇਵਾ ਜਾਰੀ ਰੱਖਣ ਦੀ ਪ੍ਰਵਾਨਗੀ ਦਿੱਤੀ ਗਈ ਸੀ।

ਸ਼੍ਰੋਮਣੀ ਕਮੇਟੀ ਵੱਲੋਂ ਪਾਏ ਇਸ ਮਤੇ ਨੂੰ ਪੰਚ ਪ੍ਰਧਾਨੀ ਦੇ ਆਗੂ ਜਥੇਦਾਰ ਬਲਦੇਵ ਸਿੰਘ ਸਿਰਸਾ ਵੱਲੋਂ ਚੁਣੌਤੀ ਦਿੰਦੀ ਪਟੀਸ਼ਨ ਕਮਿਸ਼ਨ ਕੋਲ 2010 'ਚ ਦਾਇਰ ਕਰਵਾਈ ਗਈ ਜਿਸ ਅਨੁਸਾਰ ਮੰਗ ਕੀਤੀ ਕਿ ਤੈਅ ਉਮਰ ਤੋਂ ਵੱਧ ਉਮਰ ਦੇ ਮੁਲਾਜ਼ਮ ਦੀਆਂ ਸੇਵਾਵਾਂ ਜਾਰੀ ਰੱਖਣ ਲਈ ਕਾਰਜਕਾਰਨੀ ਮਤਾ ਪਾਉਣ ਦਾ ਵਿਸ਼ੇਸ਼ ਅਧਿਕਾਰ ਨਹੀਂ ਰੱਖਦੀ ਤੇ ਅਜਿਹਾ ਮਤਾ ਸਿਰਫ ਜਨਰਲ ਹਾਊਸ 'ਚ ਹੀ ਰੱਖਿਆ ਜਾ ਸਕਦਾ ਹੈ। ਕਮਿਸ਼ਨ ਨੇ ਸ. ਸਿਰਸਾ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਉਕਤ ਫੈਸਲਾ ਸੁਣਾ ਕੇ ਸ਼੍ਰੋਮਣੀ ਕਮੇਟੀ ਨੂੰ ਕਰਾਰਾ ਝਟਕਾ ਦਿੱਤਾ ਹੈ।

# ਦਲ ਖ਼ਾਲਸਾ ਵੱਲੋਂ ਜਥੇਦਾਰ ਦੀ ਨਿਯੁਕਤੀ ਤੇ ਸੇਵਾ ਸ਼ਰਤਾਂ ਬਾਰੇ ਖਰੜਾ ਤਿਆਰ

**ਅੰਮ੍ਰਿਤਸਰ:** ਦਲ ਖਾਲਸਾ ਜਥੇਬੰਦੀ ਵਲੋਂ ਸਿੱਖ ਸੰਸਥਾਵਾਂ ਤੇ ਬੁੱਧੀਜੀਵੀਆਂ ਦੇ ਸਹਿਯੋਗ ਨਾਲ ਸਿੰਘ ਸਾਹਿਬਾਨ ਦੀ ਨਿਯੁਕਤੀ, ਸੇਵਾ ਮੁਕਤੀ, ਕਾਰਜ ਖੇਤਰ ਬਾਰੇ ਲੰਮੀ ਮਿਹਨਤ ਤੋਂ ਬਾਅਦ ਸੋਧ ਕੇ ਤਿਆਰ ਕੀਤਾ ਵਿਧੀ ਵਿਧਾਨ ਬਾਰੇ ਪ੍ਰਸਤਾਵਿਤ ਖਰੜਾ ਸ਼੍ਰੋਮਣੀ ਕਮੇਟੀ ਦੇ ਨਵੇਂ ਸਦਨ ਨੂੰ ਸੌਂਪਿਆ ਜਾਵੇਗਾ ਤਾਂ ਜੋ ਨਵਾ ਸਦਨ ਇਸ ਪ੍ਰਸਤਾਵਿਤ ਖਰੜੇ 'ਤੇ ਵਿਚਾਰ ਵਟਾਂਦਰਾ ਕਰਨ ਉਪਰੰਤ ਇਸ ਨੂੰ ਅਗਲੀ ਕਾਰਵਾਈ ਲਈ ਵਰਤ ਸਕੇ।

ਸਿੱਖ ਜਥੇਬੰਦੀ ਵਲੋਂ ਇਹ ਪ੍ਰਸਤਾਵਿਤ ਖਰੜਾ 2003 ਤੋਂ ਤਿਆਰ ਕਰਨ ਲਈ ਜਦੋ ਜਹਿਦ ਕੀਤੀ ਜਾ ਰਹੀ ਹੈ ਤੇ ਹੁਣ ਤਕ ਪ੍ਰਸਤਾਵਿਤ ਖਰੜੇ ਨੂੰ ਦੋ ਤਿੰਨ ਵਾਰ ਸੋਧਿਆ ਜਾ ਚੁੱਕਾ ਹੈ। ਹਾਲ ਹੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਫਖ਼ਰ-ਏ-ਕੌਮ ਪੰਥ ਰਤਨ ਦੀ ਉਪਾਧੀ ਦੇਣ ਸਮੇਂ ਹੋਏ ਵਿਰੋਧ ਨੇ ਸਿੱਖ ਜਥੇਬੰਦੀ ਨੂੰ ਇਹ ਖਰੜਾ ਸੌਂਪਣ ਲਈ ਝੰਜੋੜਿਆ ਹੈ ਤਾਂ ਜੋ ਭਵਿੱਖ ਵਿਚ ਸਿੱਖ ਸੰਸਥਾਵਾਂ ਦਾ ਕੱਦ ਬੁੱਤ ਛੋਟਾ ਨਾ ਹੋਵੇ।

ਇਸ ਬਾਰੇ ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਦੱਸਿਆ ਕਿ ਇਹ ਖਰੜੇ ਬਾਰੇ ਹੋਰ ਵੀ ਸੈਮੀਨਾਰ ਕਰਵਾਏ ਸਨ। ਸਿੱਖ ਬੁੱਧੀਜੀਵੀਆਂ ਦੇ ਸੁਝਾਅ ਮੁਤਾਬਕ ਇਸ ਵਿਚ ਸੋਧਾਂ ਕੀਤੀਆਂ ਗਈਆਂ ਪਰ ਜਥੇਦਾਰ ਵੇਦਾਂਤੀ ਦੇ ਇਸ ਅਹੁਦੇ ਤੋਂ ਫਾਰਗ ਹੋਣ ਉਪਰੰਤ ਉਹ ਇਸ ਮਾਮਲੇ ਵਿਚ ਕੁਝ ਸੁਸਤ ਹੋ ਗਏ ਸਨ ਪਰ ਹਾਲ ਹੀ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਪੰਥ ਰਤਨ ਦੀ ਉਪਾਧੀ ਦੇਣ ਸਮੇਂ ਹੋਏ ਭਾਰੀ ਵਿਰੋਧ ਨੇ ਜਥੇਬੰਦੀ ਨੂੰ ਖਰੜੇ ਨੂੰ ਮੁਕੰਮਲ ਕਰਨ ਲਈ ਜ਼ੋਰ ਪਾਇਆ।

ਤਿਆਰ ਕੀਤੇ ਗਏ ਇਸ ਖਰੜੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਬਾਰੇ, ਜਥੇਦਾਰ ਦੀ ਯੋਗਤਾ, ਨਿਯੁਕਤੀ ਦਾ ਢੰਗ ਤਰੀਕਾ, ਜਥੇਦਾਰ ਦਾ ਕਾਰਜ ਖੇਤਰ, ਜਥੇਦਾਰ ਦੇ ਅਧਿਕਾਰ, ਜਥੇਦਾਰ ਦੀਆਂ ਸੀਮਾਵਾਂ, ਸਹੂਲਤਾਂ, ਸੇਵਾ ਮੁਕਤੀ ਦੇ ਨਿਯਮਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਖਰੜਾ ਤਿਆਰ ਕਰਨ ਵਾਲੀਆਂ ਦੋ ਕਮੇਟੀਆਂ ਵਿਚ ਕੰਵਰਪਾਲ ਸਿੰਘ, ਜਸਪਾਲ ਸਿੰਘ ਢਿੱਲੋਂ, ਕਰਮਜੀਤ ਸਿੰਘ, ਪ੍ਰਿੰ; ਹਰਸਿਮਰਨਜੀਤ ਸਿੰਘ, ਹਰਚਰਨਜੀਤ ਸਿੰਘ ਧਾਮੀ, ਭਾਗ ਸਿੰਘ ਅਣਖੀ, ਮਨਜੀਤ ਸਿੰਘ ਕਲਕੱਤਾ, ਮੋਹਕਮ ਸਿੰਘ ਦੇ ਨਾਂ ਸ਼ਾਮਲ ਹਨ।

# ਸਿੱਖ ਕਤਲੇਆਮ ਦੇ ਪੀੜਤਾਂ ਨੂੰ ਫਲੈਟ ਦੇਣ ਦਾ ਹੁਕਮ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਰੰਜਨ ਗੋਗੋਈ ਤੇ ਜਸਟਿਸ ਸੂਰਿਆ ਕਾਂਤ 'ਤੇ ਆਧਾਰਤ ਬੈਂਚ ਨੇ 1984 ਦੇ ਸਿੱਖ ਕਤਲੇਆਮ ਦੇ ਮਾਮਲੇ ਵਿਚ ਲੁਧਿਆਣਾ ਸਿੱਖ ਮਾਈਗ੍ਰੈਂਟਸ ਵੈਲਫੇਅਰ ਬੋਰਡ ਵੱਲੋਂ ਦਾਖਲ ਪਟੀਸ਼ਨ ਦਾ ਨਿਬੇੜਾ ਕਰਦੇ ਹੋਏ ਹੁਕਮ ਦਿੱਤੇ ਹਨ ਕਿ ਪੀੜਤਾਂ ਨੂੰ ਫਲੈਟ ਦਿੱਤੇ ਜਾਣ। ਪਟੀਸ਼ਨਰ ਚਾਹੁਣ ਤਾਂ ਆਪਣਾ ਦਾਅਵਾ ਦਸਤਾਵੇਜ਼ਾਂ ਸਮੇਤ ਡਿਪਟੀ ਕਮਿਸ਼ਨਰ ਕੋਲ ਦਾਖਲ ਕਰ ਸਕਦੇ ਹਨ ਜਿਸ ਦੀ ਜਾਂਚ ਤੋਂ ਬਾਅਦ ਯੋਗ ਤੇ ਸਹੀ ਵਿਅਕਤੀਆਂ ਦੀ ਸੂਚੀ ਅਗਲੀ ਕਾਰਵਾਈ ਲਈ ਤਿਆਰ ਕੀਤੀ ਜਾਵੇਗੀ। ਬੈਂਚ ਨੇ ਡਿਪਟੀ ਕਮਿਸ਼ਨਰ ਲੁਧਿਆਣਾ, ਗ੍ਰੇਟਰ ਲੁਧਿਆਣਾ, ਅਰਬਨ ਡਿਵੈਲਪਮੈਂਟ ਅਥਾਰਿਟੀ ਤੇ ਪੁੱਡਾ ਨੂੰ ਕੁਲਜੀਤ ਸਿੰਘ ਬਨਾਮ ਪੰਜਾਬ ਸਰਕਾਰ ਤੇ ਗ੍ਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ ਬਨਾਮ ਕੁਲਜੀਤ ਸਿੰਘ ਤੇ ਸਬੰਧਤ ਅਪੀਲਾਂ ਵਿਚ ਦਿੱਤੇ ਗਏ ਨਿਰਦੇਸ਼ਾਂ ਦੀ ਪਾਲਣਾ ਇਸ ਮਾਮਲੇ ਵਿਚ ਵੀ ਕਰਨ ਲਈ ਕਿਹਾ ਹੈ।

# 'ਪੰਜ ਸਰੋਵਰ ਯਾਤਰਾ' ਸੈਰ ਸਪਾਟਾ ਵਿਭਾਗ ਦੀ ਅਣਗਹਿਲੀ ਦਾ ਸ਼ਿਕਾਰ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਦੇਸ਼-ਵਿਦੇਸ਼ ਤੋਂ ਸ੍ਰੀ ਹਰਿਮੰਦਰ ਸਾਹਿਬ ਆਉਣ ਵਾਲੇ ਸ਼ਰਧਾਲੂਆਂ ਨੂੰ ਸ਼ਹਿਰ ਦੇ ਇਤਿਹਾਸਕ ਗੁਰਧਾਮਾਂ ਤੇ ਸਰੋਵਰਾਂ ਤੋਂ ਜਾਣੂ ਕਰਾਉਣ ਲਈ ਪੰਜਾਬ ਵਿਰਾਸਤ ਤੇ ਸੈਰ ਸਪਾਟਾ ਵਿਕਾਸ ਬੋਰਡ ਨੇ 'ਪੰਜ ਸਰੋਵਰ ਯਾਤਰਾ' ਆਰੰਭੀ ਹੈ ਪਰ ਇਸ ਬਾਰੇ ਵੰਡੇ ਗਏ ਪਰਚਿਆਂ ਵਿਚ ਦਰਸਾਏ ਗਏ ਇਤਿਹਾਸ ਵਿਚ ਕੁਝ ਖ਼ਾਮੀਆਂ ਹਨ।

ਇਹ ਯਾਤਰਾ ਗੁਰਦੁਆਰਾ ਸ੍ਰੀ ਸੰਤੋਖਸਰ ਤੋਂ ਆਰੰਭ ਹੋਵੇਗੀ ਤੇ ਜਲ੍ਹਿਆਂਵਾਲਾ ਬਾਗ ਕੋਲੋਂ ਹੁੰਦੀ ਹੋਈ ਬਿਬੇਕਸਰ, ਰਾਮਸਰ ਤੋਂ ਕੌਲਸਰ ਤੇ ਸ੍ਰੀ ਹਰਿਮੰਦਰ ਸਾਹਿਬ ਆ ਕੇ ਸਮਾਪਤ ਹੋਵੇਗੀ। ਇਸ ਯਾਤਰਾ ਦੀ ਸ਼ੁਰੂਆਤ ਲਈ ਸਵੇਰੇ 8.30 ਵਜੇ ਦਾ ਸਮਾਂ ਤੈਅ ਕੀਤਾ ਗਿਆ ਹੈ। ਇਸ ਯਾਤਰਾ ਦੇ ਆਰੰਭ ਸਮੇਂ ਸਰੋਵਰਾਂ ਦੇ ਇਤਿਹਾਸ ਬਾਰੇ ਵੰਡੇ ਗਏ ਪਰਚਿਆਂ ਵਿਚ ਦਰਸਾਏ ਇਤਿਹਾਸ ਵਿਚ ਊਣਤਾਈਆਂ ਸਾਹਮਣੇ ਆਈਆਂ ਹਨ।

ਵੰਡੇ ਗਏ ਪਰਚਿਆਂ ਵਿਚ ਦਰਸਾਏ ਗਏ ਇਤਿਹਾਸ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਅੰਮ੍ਰਿਤ ਸਰੋਵਰ ਦੇ ਇਤਿਹਾਸ ਬਾਰੇ ਲਿਖਿਆ ਗਿਆ ਹੈ ਕਿ ਇਹ ਜ਼ਮੀਨ ਤੀਜੇ ਗੁਰੂ ਸ੍ਰੀ ਗੁਰੂ ਅਮਰਦਾਸ ਵੱਲੋਂ ਖਰੀਦੀ ਗਈ ਸੀ ਜਦੋਂਕਿ ਇਤਿਹਾਸਕ ਤੱਥ ਇਹ ਹਨ ਕਿ ਇਹ ਜ਼ਮੀਨ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਵੱਲੋਂ 700 ਅਕਬਰੀ ਮੋਹਰਾਂ ਦੇ ਕੇ ਖਰੀਦੀ ਗਈ ਸੀ। ਇਹ ਜ਼ਮੀਨ ਪਿੰਡ ਤੁੰਗ ਤੇ ਸੁਲਤਾਨਵਿੰਡ ਨਾਲ ਸਬੰਧਤ ਸੀ। ਵੰਡੇ ਗਏ ਪਰਚਿਆਂ ਵਿਚ ਅੰਮ੍ਰਿਤ ਸਰੋਵਰ ਦੀ ਖੁਦਾਈ ਦਾ ਸਮਾਂ 1573 ਈਸਵੀ ਤੇ ਸੰਪੰਨ ਹੋਣ ਦਾ ਸਮਾਂ 1577 ਈਸਵੀ ਦੱਸਿਆ ਗਿਆ ਹੈ ਜਦੋਂਕਿ ਇਤਿਹਾਸਕ ਹਵਾਲਿਆਂ ਮੁਤਾਬਕ 1573 ਵਿਚ ਜ਼ਮੀਨ ਖਰੀਦੀ ਗਈ ਸੀ ਤੇ 1577 ਵਿਚ ਖੁਦਾਈ ਲਈ ਟੱਕ ਲਾਇਆ ਗਿਆ ਸੀ। ਇਸੇ ਆਧਾਰ 'ਤੇ ਹੀ 1977 ਵਿਚ 400 ਸਾਲਾ ਸਮਾਗਮ ਮਨਾਏ ਗਏ ਸਨ।

ਇਸੇ ਤਰ੍ਹਾਂ ਰਾਮਸਰ ਸਰੋਵਰ ਬਾਰੇ ਦਿੱਤੀ ਜਾਣਕਾਰੀ ਵਿੱਚ ਲਿਖਿਆ ਹੈ ਕਿ 'ਇਹ ਮੰਨਿਆ ਜਾਂਦਾ ਹੈ' ਕਿ ਇਥੇ ਗੁਰਬਾਣੀ 'ਸੁਖਮਨੀ ਸਾਹਿਬ' ਦੀ ਰਚਨਾ ਹੋਈ ਜਦੋਂਕਿ ਇਤਿਹਾਸ ਵਿੱਚ ਸਪੱਸ਼ਟ ਦਰਜ ਹੈ ਕਿ ਸ੍ਰੀ ਸੁਖਮਨੀ ਸਾਹਿਬ ਇੱਥੇ ਹੀ ਗੁਰੂ ਸਾਹਿਬ ਵੱਲੋਂ ਉਚਾਰਿਆ ਗਿਆ ਤੇ ਬਾਅਦ ਵਿਚ ਲਿਖਿਆ ਗਿਆ ਸੀ। ਇਸੇ ਸਥਾਨ 'ਤੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਹੋਈ ਸੀ। ਇਸ ਵਿਚ ਵਰਤੀ ਗਈ ਸ਼ਬਦਾਵਲੀ ਵਿਚ ਧਾਰਮਿਕ ਭਾਵਨਾ ਦਾ ਪ੍ਰਗਟਾਵਾ ਨਹੀਂ ਹੁੰਦਾ। ਇਸ ਵਿਚ ਲਿਖਿਆ ਕਿ ਇਸ ਥਾਂ 'ਤੇ ਗੁਰੂ ਗ੍ਰੰਥ ਸਾਹਿਬ ਦਾ ਮੁੱਢ ਬੱਝਾ ਤੇ ਪਾਵਨ ਸਰੋਵਰਾਂ ਦੇ ਜਲ ਨੂੰ ਵੀ ਆਮ ਪਾਣੀ ਦੱਸਿਆ ਗਿਆ ਹੈ। ਇਸ ਤੋਂ ਪਹਿਲਾਂ ਅਰੰਭ ਕੀਤੀ ਗਈ ਵਿਰਾਸਤੀ ਯਾਤਰਾ ਸਮੇਂ ਵੀ ਵੰਡੇ ਗਏ ਕਿਤਾਬਚੇ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਨੂੰ ਝੀਲ ਦਰਸਾਇਆ ਗਿਆ ਸੀ ਤੇ ਹੋਰ ਵੀ ਕਈ ਊਣਤਾਈਆਂ ਸਨ। ਇਹ ਸਾਰੇ ਸਰੋਵਰ ਗੁਰੂ ਕਾਲ ਵੇਲੇ ਸ੍ਰੀ ਗੁਰੂ ਰਾਮਦਾਸ, ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ 1574 ਤੋਂ ਲੈ ਕੇ 1627 ਦੇ ਸਮੇਂ ਦੌਰਾਨ ਬਣਾਏ ਗਏ। ਸੈਰ ਸਪਾਟਾ ਵਿਭਾਗ ਦੇ ਮੰਤਰੀ ਹੀਰਾ ਸਿੰਘ ਗਾਬੜੀਆ ਨੇ ਮੰਨਿਆ ਕਿ ਇਤਿਹਾਸ ਨੂੰ ਦਰਸਾਉਣ ਤੇ ਯਾਤਰਾ ਬਾਰੇ ਪ੍ਰਬੰਧਾਂ ਵਿਚ ਕੁਝ ਉਣਤਾਈਆਂ ਹਨ ਤੇ ਜਲਦੀ ਹੀ ਇਹ ਸਾਰੀਆਂ ਉਣਤਾਈਆਂ ਮਾਹਰਾਂ ਦੀ ਰਾਏ ਨਾਲ ਦੂਰ ਕਰ ਲਈਆਂ ਜਾਣਗੀਆਂ।

## ਪਰਚਿਆਂ ਵਿਚ ਇਤਿਹਾਸਕ ਤੱਥ ਗਲਤ



# ਸ਼ੁਰੂ ਹੁੰਦਿਆਂ ਹੀ ਦਮ ਤੋੜਨ ਲੱਗੀ ਪੰਜ ਸਰੋਵਰ ਯਾਤਰਾ

**ਅੰਮ੍ਰਿਤਸਰ:** ਵੱਖ-ਵੱਖ ਸੰਸਥਾਵਾਂ ਵਿਚਾਲੇ ਆਪਸੀ ਤਾਲਮੇਲ ਤੇ ਪ੍ਰਚਾਰ ਦੀ ਘਾਟ ਕਾਰਨ ਹਾਲ ਹੀ ਵਿਚ ਸ਼ੁਰੂ ਕੀਤੀ ਗਈ ਪੰਜ ਸਰੋਵਰ ਯਾਤਰਾ ਵੀ ਦਮ ਤੋੜਦੀ ਨਜ਼ਰ ਆ ਰਹੀ ਹੈ।

ਸੈਰ ਸਪਾਟਾ ਵਿਭਾਗ ਵੱਲੋਂ ਸ਼ੁਰੂ ਕੀਤੀ ਇਸ ਯਾਤਰਾ ਦੌਰਾਨ ਸ਼ਹਿਰ ਦੇ ਪਵਿੱਤਰ ਸ਼ਹਿਰ ਅੰਮ੍ਰਿਤਸਰ ਦੇ ਪੰਜ ਇਤਿਹਾਸਕ ਤੇ ਪੁਰਾਤਨ ਸਰੋਵਰਾਂ ਦੇ ਦਰਸ਼ਨ ਕਰਾਉਂਦਿਆਂ ਯਾਤਰੂਆਂ ਨੂੰ ਇਨ੍ਹਾਂ ਦੇ ਇਤਿਹਾਸ ਤੋਂ ਜਾਣੂ ਕਰਾਉਣਾ ਮੁੱਖ ਮੰਤਵ ਹੈ ਪਰ ਹਫ਼ਤੇ 'ਚ ਹੀ ਯਾਤਰੂ ਤਾਂ ਕੀ ਖੁਦ ਗਾਈਡ ਵੀ ਗ਼ੈਰ ਹਾਜ਼ਰ ਹੈ। ਇਸ ਯਾਤਰਾ ਬਾਰੇ ਵੱਖ-ਵੱਖ ਸੰਸਥਾਵਾਂ ਵਿਚਾਲੇ ਆਪਸੀ ਸਾਂਝ ਦੀ ਘਾਟ ਪਹਿਲਾਂ ਵਾਂਗ ਹੀ ਹੈ। ਯਾਤਰਾ ਲਈ ਤੈਅ ਪੰਜ ਸਰੋਵਰ ਜਿਨ੍ਹਾਂ ਵਿਚ ਸ੍ਰੀ ਹਰਿਮੰਦਰ ਸਾਹਿਬ ਦਾ ਪਾਵਨ ਸਰੋਵਰ, ਗੁਰਦੁਆਰਾ ਸ੍ਰੀ ਸੰਤੋਖਸਰ ਦਾ ਸਰੋਵਰ, ਗੁਰਦੁਆਰਾ ਸ੍ਰੀ ਰਾਮਸਰ ਦਾ ਸਰੋਵਰ, ਗੁਰਦੁਆਰਾ ਸ੍ਰੀ ਬਿਬੇਕਸਰ ਦਾ ਸਰੋਵਰ ਤੇ ਗੁਰਦੁਆਰਾ ਸ੍ਰੀ ਕੌਲਸਰ ਦਾ ਸਰੋਵਰ ਸ਼ਾਮਲ ਹਨ, ਵਿਖੇ ਸਾਫ ਸਫਾਈ ਨਹੀਂ ਹੋ ਸਕੀ।

ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਨੂੰ ਛੱਡ ਕੇ ਬਾਕੀ ਥਾਵਾਂ 'ਤੇ ਸਰੋਵਰ ਵਿਚ ਕਈ ਜਗ੍ਹਾ ਜਲ ਤੇ ਕਾਈ ਤੇ ਜਾਲਾ ਆਇਆ ਹੋਇਆ ਹੈ। ਸਰੋਵਰਾਂ ਦੀ ਯਾਤਰਾ ਦੌਰਾਨ ਆਉਣ ਵਾਲੇ ਯਾਤਰੂਆਂ 'ਤੇ ਇਸ ਦਾ ਮਾੜਾ ਅਸਰ ਪੈਂਦਾ ਹੈ। ਇਸੇ ਤਰ੍ਹਾਂ ਨਗਰ ਨਿਗਮ ਨਾਲ ਤਾਲ ਮੇਲ ਦੀ ਘਾਟ ਕਾਰਨ ਸਰੋਵਰ ਯਾਤਰਾ ਦੇ ਰਸਤੇ ਵਿਚ ਸਫਾਈ ਦੀ ਘਾਟ ਹੈ ਤੇ ਕਈ ਥਾਵਾਂ 'ਤੇ ਗੰਦਗੀ ਦੇ ਢੇਰ ਵੀ ਲੱਗੇ ਹੋਏ ਹਨ ਜੋ ਯਾਤਰਾ 'ਤੇ ਆਉਣ ਵਾਲਿਆਂ ਨੂੰ ਪ੍ਰਬੰਧਾਂ ਦੀ ਦਾਸਤਾਨ ਦੱਸਦੇ ਹਨ। ਸੈਰ ਸਪਾਟਾ ਵਿਭਾਗ ਵੱਲੋਂ ਕੁਝ ਮਹੀਨੇ ਪਹਿਲਾਂ ਸ਼ਹਿਰ ਦੇ ਵਿਰਾਸਤੀ ਥਾਵਾਂ ਦੀ ਯਾਤਰਾ ਸ਼ੁਰੂ ਕੀਤੀ ਗਈ ਸੀ। ਇਹ ਯਾਤਰਾ ਵੀ ਉਕਤ ਕਾਰਨਾਂ ਕਾਰਨ ਹੀ ਹੁਣ ਤਕ ਸਫਲ ਨਹੀਂ ਹੋ ਸਕੀ।

# ਅਮਿਤਾਭ ਬੱਚਨ ਖ਼ਿਲਾਫ਼ ਹੋਰ ਗਵਾਹ ਨਿੱਤਰਿਆ

**ਅੰਮ੍ਰਿਤਸਰ:** ਸਿੱਖ ਜਥੇਬੰਦੀ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਦੱਸਿਆ ਕਿ ਇਕ ਹੋਰ ਗਵਾਹ ਮਨਜੀਤ ਸਿੰਘ ਸੈਣੀ ਨੇ ਦਾਅਵਾ ਕੀਤਾ ਕਿ ਉਸ ਨੇ ਬਾਲੀਵੁੱਡ ਅਦਾਕਾਰ ਅਮਿਤਾਭ ਬਚਨ ਨੂੰ ਨਵੰਬਰ 1984 ਵਿਚ ਸਿੱਖ ਕਤਲੇਆਮ ਲਈ ਲੋਕਾਂ ਨੂੰ ਉਕਸਾਉਂਦਿਆਂ ਦੇਖਿਆ ਸੀ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸਿੱਖ ਕਤਲੇਆਮ ਦੀ ਚਸ਼ਮਦੀਦ ਗਵਾਹ ਬੀਬੀ ਜਗਦੀਸ਼ ਕੌਰ ਤੇ ਦਿੱਲੀ ਵਾਸੀ ਬਾਬੂ ਸਿੰਘ ਦੁਖੀਆ ਇਸ ਮਾਮਲੇ ਦੇ ਗਵਾਹ ਹੋਣ ਦਾ ਦਾਅਵਾ ਕਰ ਚੁੱਕੇ ਹਨ। ਉਨ੍ਹਾਂ ਦਾਅਵਾ ਕੀਤਾ ਸੀ ਕਿ ਇੰਦਰਾ ਗਾਂਧੀ ਦੀ ਮੌਤ ਉਪਰੰਤ ਦਿੱਲੀ ਦੂਰਦਰਸ਼ਨ ਵੱਲੋਂ ਕੀਤੇ ਜਾ ਰਹੇ ਸਿੱਧੇ ਪ੍ਰਸਾਰਣ ਦੌਰਾਨ ਸ੍ਰੀ ਬਚਨ ਨੇ ਦੰਗਿਆਂ ਲਈ ਲੋਕਾਂ ਨੂੰ ਉਕਸਾਇਆ ਸੀ ਜਦੋਂਕਿ ਸ੍ਰੀ ਬਚਨ ਇਸ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਪੱਤਰ ਭੇਜ ਕੇ ਬੇਕਸੂਰ ਹੋਣ ਦਾ ਦਾਅਵਾ ਕਰ ਚੁੱਕੇ ਹਨ।

ਇਹ ਪੱਤਰ ਦਾ ਮਾਮਲਾ ਇਸ ਵਾਰ 22 ਦਸੰਬਰ ਨੂੰ ਪੰਜ ਸਿੰਘ ਸਾਹਿਬਾਨ ਦੀ ਹੋਣ ਵਾਲੀ ਇਕੱਤਰਤਾ ਵਿਚ ਵਿਚਾਰਿਆ ਜਾਵੇਗਾ।

ਸ. ਪੰਨੂ ਦੱਸਿਆ ਕਿ 52 ਸਾਲਾ ਮਨਜੀਤ ਸਿੰਘ ਸੈਣੀ ਦਿੱਲੀ ਦੀ ਕੱਲੂ ਸਰਾਏ ਆਬਾਦੀ ਵਿਖੇ ਰਹਿੰਦਾ ਸੀ ਤੇ ਹੁਣ ਕੈਲੇਫੋਰਨੀਆ ਵਿਖੇ ਰਹਿ ਰਿਹਾ ਹੈ। ਉਸ ਨੇ ਦਾਅਵਾ ਕੀਤਾ ਕਿ 31 ਅਕਤੂਬਰ, 1984 ਨੂੰ ਉਹ ਆਲ ਇੰਡੀਆ ਇੰਸੀਚਿਊਟ ਫਾਰ ਮੈਡੀਕਲ ਸਾਇੰਸ ਨੇੜੇ ਹਾਜ਼ਰ ਸੀ ਜਿੱਥੇ ਸ੍ਰੀ ਬਚਨ ਨੇ ਸਿੱਖ ਕਤਲੇਆਮ ਲਈ ਭੀੜ ਨੂੰ ਉਕਸਾਇਆ ਸੀ। ਸ. ਮਨਜੀਤ ਸਿੰਘ ਸੈਣੀ ਇਸ ਤੋਂ ਪਹਿਲਾਂ 1985 ਵਿਚ ਦਿੱਲੀ ਪੁਲਿਸ ਦੇ ਸੀਨੀਅਰ ਅਧਿਕਾਰੀ ਵੇਦ ਮਰਵਾਹ ਦੇ ਸਾਹਮਣੇ ਇਸ ਬਾਰੇ ਆਪਣਾ ਬਿਆਨ ਦਾਇਰ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਹ ਸ਼ਿਕਾਇਤ ਦਿੱਤੇ ਜਾਣ ਦੇ ਬਾਵਜੂਦ ਦਿੱਲੀ ਪੁਲਿਸ ਨੇ ਸ੍ਰੀ ਬਚਨ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਸੀ।

# ਬੱਚਿਆਂ ਨੂੰ ਪੰਜਾਬੀ ਨਾਲ ਜੋੜਨ ਦੀ ਵੱਡੀ ਲੋੜ: ਡਾ. ਜੋਗਿੰਦਰ ਸਿੰਘ ਕੈਰੋਂ

## *ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦਾ ਸਾਲਾਨਾ ਸਮਾਗਮ*

**ਸੈਨ ਹੋਜ਼ੇ (ਬਿਊਰੋ):** "ਮਾਂ ਬੋਲੀ ਪੰਜਾਬੀ ਲਈ ਸਾਨੂੰ ਬਹੁਤੀ ਚਿੰਤਾ ਦੀ ਲੋੜ ਨਹੀਂ, ਇਹ ਸੰਸਕ੍ਰਿਤ ਤੋਂ ਪੁਰਾਣੀ ਹੀ ਨਹੀਂ ਸਗੋਂ ਸੰਸਕ੍ਰਿਤ ਇਸ ਵਿਚੋਂ ਜਨਮੀ ਹੈ। ਬੋਲੀਆਂ ਤਾਂ ਵਧਦੀਆਂ





ਘਟਦੀਆਂ ਹੀ ਰਹਿੰਦੀਆਂ ਹਨ, ਲੋੜ ਹੈ ਤਾਂ ਇਸ ਗੱਲ ਦੀ ਕਿ ਬੱਚਿਆਂ ਨੂੰ ਇਸ ਨਾਲ ਜੋੜੀਏ।" ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਦੇ ਇਥੇ ਗੁਰਦੁਆਰਾ ਸੈਨ ਹੋਜ਼ੇ ਵਿਚ ਹੋਏ ਸਲਾਨਾ ਸਮਾਗਮ ਨੂੰ ਸੰਬੋਧਨ ਕਰਦਿਆਂ ਇਹ ਵਿਚਾਰ ਮੁੱਖ ਮਹਿਮਾਨ ਡਾ. ਜੋਗਿੰਦਰ ਸਿੰਘ ਕੈਰੋਂ ਨੇ ਪ੍ਰਗਟਾਏ। ਉਨ੍ਹਾਂ ਕਿਹਾ ਕਿ ਮੈਂ ਪੰਜਾਬੀ ਸਹਿਤ ਸਭਾ ਦੀ ਕਾਰਗੁਜ਼ਾਰੀ ਤੋਂ ਬੇਹੱਦ ਪ੍ਰਭਾਵਿਤ ਹਾਂ।

ਇਥੇ ਸੈਨ ਹੋਜ਼ੇ ਗੁਰੂ ਘਰ ਦੇ ਲਾਇਬ੍ਰੇਰੀ ਹਾਲ ਵਿਚ ਹੋਏ ਇਸ ਪ੍ਰੋਗਰਾਮ ਦਾ ਆਗਾਜ਼ ਲਾਲ ਸਿੰਘ ਭੱਟੀ ਅਤੇ ਉਨ੍ਹਾਂ ਦੇ ਸ਼ਾਗਿਰਦ ਮਾਸਟਰ ਈਸ਼ਾਨ ਦੇ ਢੋਲ ਦੀ ਤਾਲ ਨਾਲ ਹੋਇਆ। ਫਿਰ ਸ. ਲਾਲ ਸਿੰਘ ਭੱਟੀ, ਸੁਖਦੇਵ ਸਾਹਿਲ, ਮਾਸਟਰ ਰੈਂਕੋ ਅਤੇ ਜਯੋਤੀ ਸਿੰਘ ਨੇ ਧਾਰਮਿਕ ਅਤੇ ਸਭਿਆਚਾਰਕ ਗੀਤ ਪੇਸ਼ ਕਰਕੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿਤਾ।


ਪੇਪਰ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਮੁੱਖ ਮਹਿਮਾਨ ਪੰਜਾਬੀ ਵਿਦਵਾਨ ਡਾ. ਜੁਗਿੰਦਰ ਸਿੰਘ ਕੈਰੋਂ (ਇੰਡੀਆ), ਡਾ. ਕੁਲਵੀਰ ਸਿੰਘ ਥਿੰਦ, ਰਾਬਿੰਦਰ ਸਿੰਘ ਅਟਵਾਲ ਅਤੇ ਅਮਰਜੀਤ ਕੌਰ ਪਨੂੰ ਸ਼ਾਮਿਲ ਹੋਏ। ਪਰਮਿੰਦਰ ਸਿੰਘ ਪਰਵਾਨਾ ਨੇ ਆਪਣੇ ਪਰਚੇ ਵਿਚ ਕਿਹਾ ਕਿ ਪੰਜਾਬੀ ਨੂੰ ਸਿਰਫ਼ ਸਿੱਖਾਂ ਦੀ ਬੋਲੀ ਹੀ ਨਹੀਂ ਸਮਝਿਆ ਜਾਣਾ ਚਾਹੀਦਾ ਕਿਉਂਕਿ ਇਹ ਮੁਸਲਿਮ, ਹਿੰਦੂ ਅਤੇ ਇਸਾਈ ਭਾਈਚਾਰੇ ਦੀ ਵੀ ਮਾਂ ਬੋਲੀ ਹੈ। ਬਾਬਾ ਫ਼ਰੀਦ, ਸ਼ਾਹ ਹੁਸੈਨ, ਬਾਬਾ ਬੁੱਲ੍ਹੇ ਸ਼ਾਹ, ਵਾਰਿਸ ਤੋਂ ਲੈ ਕੇ ਸ਼ਿਵ ਕੁਮਾਰ ਬਟਾਲਵੀ ਤੱਕ ਦੀ ਦੇਣ ਨੂੰ ਭਲਾ ਕੌਣ ਭੁਲਾ ਸਕਦਾ ਹੈ। ਸ. ਹਰਬੰਸ ਸਿੰਘ ਜਗਿਆਸੂ ਨੇ ਕਿਹਾ ਕਿ ਇਸ ਵਿਚ ਸ਼ੱਕ ਨਹੀ ਕਿ ਪੰਜਾਬੀ ਬੋਲੀ ਵਲ ਆਉਣਾ ਔਖਾ ਹੈ ਪਰ ਇਸ ਸੱਚ ਨੂੰ ਝੁਠਲਾਇਆ ਨਹੀਂ ਜਾ ਸਕਦਾ ਕਿ ਇਸ ਵੱਲ ਆ ਕੇ ਮੁੜ ਜਾਣਾ ਨਾਮੁਮਕਿਨ ਹੈ। ਸ. ਅਵਤਾਰ ਸਿੰਘ ਧਾਮੀ ਨੇ ਕਿਹਾ ਕਿ ਬੱਚਿਆਂ ਨੂੰ ਪੰਜਾਬੀ ਨਾਲ ਜ਼ਰੂਰ ਜੋੜਨਾ ਚਾਹੀਦਾ ਹੈ ਅਤੇ ਗੁਰੂ ਘਰਾਂ ਦੇ ਸਕੂਲ ਇਸ ਪਾਸੇ ਅਹਿਮ ਭੂਮਿਕਾ ਨਿਭਾ ਸਕਦੇ ਹਨ।

ਸ. ਤਾਰਾ ਸਿੰਘ ਸਾਗਰ ਨੇ ਕਿਹਾ ਕਿ ਕੁਲਦੀਪ ਸਿੰਘ ਢੀਂਡਸਾ ਦੀ ਅਗਵਾਈ ਹੇਠ ਸਭਾ ਦੀ ਟੀਮ ਬਹੁਤ ਸੁੱਚਜੇ ਢੰਗ ਨਾਲ ਕੰਮ ਕਰ ਰਹੀ ਹੈ। ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਨੇ ਪੰਜਾਬੀ ਸਾਹਿਤ ਸਭਾ ਦੇ 30 ਸਾਲ ਪੁਰਾਣੇ ਇਤਿਹਾਸ ਦੀ ਰਿਪੋਰਟ ਪੜ੍ਹਦੇ ਹੋਏ ਕਿਹਾ ਕਿ ਅੱਜ ਦਾ ਸਮਾਗਮ ਵਿਛੜੀਆਂ ਸਾਹਿਤਕ ਅਤੇ ਸਭਿਆਚਾਰਕ ਸ਼ਖ਼ਸ਼ੀਅਤਾਂ ਨੂੰ ਸਮਰਪਿਤ ਹੈ, ਕਹਾਣੀਕਾਰ ਬਲਦੇਵ ਮਡਾਹੜ, ਲੇਖਿਕਾ ਇੰਦਰਾ ਗੋਸਵਾਮੀ ਅਤੇ ਕਲੀਆਂ ਦੇ ਬਾਦਸ਼ਾਹ ਮਾਣਕ ਦੇ ਤੁਰ ਜਾਣ ਨਾਲ ਪੰਜਾਬੀ ਸਾਹਿਤ ਤੇ ਸਭਿਆਚਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਉਪਰੰਤ ਡਾ. ਜੋਗਿੰਦਰ ਸਿੰਘ ਕੈਰੋਂ, ਡਾ. ਕੁਲਵੀਰ ਸਿੰਘ ਥਿੰਦ, ਤਾਰਾ ਸਿੰਘ ਸਾਗਰ, ਹਰਬੰਸ ਸਿੰਘ ਜਗਿਆਸੂ, ਮਹਿੰਦਰ ਸਿੰਘ ਘੱਗ, ਰਾਬਿੰਦਰ ਸਿੰਘ ਅਟਵਾਲ, ਸਰਬਜੀਤ ਕੌਰ ਚੀਮਾ, ਪਰਮਜੀਤ ਸਿੰਘ ਦਾਖਾ, ਡਾ. ਦਲਵੀਰ ਸਿੰਘ ਪਨੂੰ, ਸ. ਸੁਖਦੇਵ ਸਿੰਘ ਬੈਨੀਵਾਲ, ਗੁਰਚਰਨ ਸਿੰਘ ਮਾਨ ਅਤੇ ਸੁਦੇਸ਼ ਸਿੰਘ ਅਟਵਾਲ ਦਾ ਪੰਜਾਬੀ ਸਾਹਿਤ ਸਭਾ ਅਤੇ ਪੰਜਾਬੀ ਸਾਹਿਤ ਪ੍ਰਤੀ ਨਿਭਾਈਆਂ ਸੇਵਾਵਾਂ ਬਦਲੇ ਸਨਮਾਨ ਕੀਤਾ ਗਿਆ। ਡਾ. ਕੁਲਵੀਰ ਸਿੰਘ ਥਿੰਦ ਨੇ 'ਕੰਪਿਊਟਰ 'ਤੇ ਪੰਜਾਬੀ ਕਿਵੇਂ ਟਾਈਪ ਕਰੀਏ?' ਬਾਰੇ ਪ੍ਰਾਜੈਕਟਰ ਰਾਹੀਂ ਸੰਖੇਪ ਜਾਣਕਾਰੀ ਦਿੱਤੀ। ਚੇਤੇ ਰਹੇ ਗੁਰੂ ਘਰ ਸੈਨ ਹੋਜ਼ੇ ਦੇ ਖ਼ਾਲਸਾ ਸਕੂਲ ਦੇ ਲਾਇਬ੍ਰੇਰੀ ਹਾਲ ਵਿਚ ਉਨ੍ਹਾਂ ਵਲੋਂ 14 ਜਨਵਰੀ 2012 ਨੂੰ ਬਾਅਦ ਦੁਪਹਿਰ 2 ਤੋਂ 5 ਤੱਕ ਵਰਕਸ਼ਾਪ ਲਾਈ ਜਾ ਰਹੀ ਹੈ। ਉਨ੍ਹਾਂ ਤਾਕੀਦ ਕੀਤੀ ਕਿ ਪੰਜਾਬੀ ਟਾਈਪ ਸਿੱਖਣ ਦੇ ਚਾਹਵਾਨ ਉਸ ਦਿਨ ਆਪਣਾ ਲੈਪਟਾਪ ਜ਼ਰੂਰ ਲਿਆਉਣ।



ਦੁਪਹਿਰ ਦੇ ਖਾਣੇ ਤੋਂ ਬਾਅਦ ਸ. ਰਾਬਿੰਦਰ ਸਿੰਘ ਅਟਵਾਲ ਦਾ ਨਾਵਲ 'ਕਿਹੜੇ ਦੇਸੀਂ ਜਾਣਾ' ਕਾਲਮਨਵੀਸ ਸ. ਤਰਲੋਚਨ ਸਿੰਘ ਦੁਪਾਲਪੁਰ ਨੇ ਲੋਕ ਅਰਪਿਤ ਕੀਤਾ। ਸ. ਚਰਨਜੀਤ ਪਨੂੰ ਨੇ ਨਾਵਲ ਦੀ ਤਾਰੀਫ ਕਰਦਿਆਂ ਕਿਹਾ ਕਿ ਇਸ ਨਾਵਲ ਦੀ ਵਿਸ਼ੇਸ਼ਤਾ ਇਹ ਹੈ ਕਿ ਹਰ ਕਾਂਡ ਵਿਚ ਕਹਾਣੀ ਛੁਰਲੀ ਦੀ ਤਰ੍ਹਾਂ ਤੇਜੀ ਨਾਲ ਸ਼ੁਰੂ ਹੋ ਕੇ ਖ਼ਤਮ ਹੁੰਦੀ ਹੈ। ਇਸ ਮੌਕੇ ਹੋਏ ਕਵੀ ਦਰਬਾਰ ਵਿਚ ਰੁਪਿੰਦਰ ਸਿੰਘ ਚੌਹਾਨ, ਡਾ. ਆਲਾ ਸਿੰਘ, ਰੁਪਿੰਦਰ ਸਿੰਘ ਮਾਂਗਟ, ਹਰਬੰਸ ਸਿੰਘ ਜਗਿਆਸੂ, ਮਹਿੰਦਰ ਸਿੰਘ ਘੱਗ, ਹਰਜਿੰਦਰ ਸਿੰਘ ਪੰਧੇਰ, ਦਲਵੀਰ ਦਿਲ ਨਿੱਜਰ, ਤਰਲੋਚਨ ਸਿੰਘ ਦੁਪਾਲਪੁਰ, ਨਵਨੀਤ ਕੌਰ ਪਨੂੰ, ਜਸਦੀਪ ਸਿੰਘ, ਪਰਮਿੰਦਰ ਸਿੰਘ ਪਰਵਾਨਾ, ਦੇਵੀ ਦਾਸ ਬੱਬਰ (ਲੰਡਨ), ਗੁਰਬਚਨ ਸਿੰਘ ਭਾਟੀਆ, ਇੰਦਰਜੀਤ ਗਰੇਵਾਲ, ਪ੍ਰੋ. ਸੁਰਜੀਤ ਸਿੰਘ ਨਨੂਆ, ਪਰਮਜੀਤ ਸਿੰਘ ਦਾਖਾ, ਤਾਰਾ ਸਿੰਘ ਸਾਗਰ, ਚਰਨਜੀਤ ਸਿੰਘ ਪਨੂੰ, ਸਰਬਜੀਤ ਕੌਰ ਚੀਮਾ, ਗੁਰਦਿਆਲ ਸਿੰਘ ਨੂਰਪਰ, ਜਸਵੰਤ ਸਿੰਘ ਜੱਸੀ (ਹੈਪੋਵਾਲੀਆ) ਅਤੇ ਅਮਰਜੀਤ ਕੌਰ ਪਨੂੰ ਸਮੇਤ ਹੋਰ ਸ਼ਾਇਰਾਂ ਨੇ ਹਿੱਸਾ ਲਿਆ। ਮੰਚ ਸੰਚਾਲਨ ਨਵਨੀਤ ਪਨੂੰ, ਪਰਮਿੰਦਰ ਸਿੰਘ ਪਰਵਾਨਾ ਅਤੇ ਨੀਲਮ ਸੈਣੀ ਨੇ ਕੀਤਾ। ਇਸ ਮੌਕੇ ਲਾਈ ਗਈ ਪੁਸਤਕ ਪ੍ਰਦਰਸ਼ਨੀ ਵੀ ਖਿਚ ਦਾ ਕੇਂਦਰ ਰਹੀ। ਪੰਜਾਬੀ ਸਾਹਿਤ ਸਭਾ ਦਾ ਪਿਛਲੇ ਸਾਲ ਦਾ ਸੋਵੀਨਾਰ, ਸਭਾ ਵਲੋਂ ਪ੍ਰਕਾਸ਼ਿਤ ਤੇਜਿੰਦਰ ਸਿੰਘ ਥਿੰਦ ਦੀ ਪੁਸਤਕ 'ਮਸ਼ਾਲ ਗਜ਼ਲਾਂ ਦੀ', ਨੀਲਮ ਸੈਣੀ ਦੇ ਕਾਵਿ ਸੰਗ੍ਰਿਹ 'ਕਾਨੀ ਦੇ ਘੁੰਗਰੂ' ਅਤੇ 'ਹਰਫ਼ਾਂ ਦੀ ਡੋਰ', ਅਮਰਜੀਤ ਕੌਰ ਪਨੂੰ ਦਾ ਕਹਾਣੀ ਸੰਗ੍ਰਿਹ 'ਅਧੂਰੀਆਂ ਕਹਾਣੀਆਂ ਦੇ ਪਤਾਰ' ਆਦਿ ਪਾਠਕਾਂ ਨੂੰ ਭੇਂਟ ਕੀਤੀਆਂ ਗਈਆਂ। ਹੋਰ ਜਾਣਕਾਰੀ ਲਈ ਕੁਲਦੀਪ ਸਿੰਘ ਢੀਂਡਸਾ (ਪ੍ਰਧਾਨ) 510-676-4440, ਨੀਲਮ ਸੈਣੀ (ਜਨਰਲ ਸਕੱਤਰ) 510-502-0551, ਪਰਮਿੰਦਰ ਸਿੰਘ ਪਰਵਾਨਾ (ਪ੍ਰਬੰਧਕ) 510-415-9377 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਧਰਮ ਭਾਅ ਜੀ ਅਤੇ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$5 'ਚ 1000 ਮਿੰਟ 16.5 ਘੰਟੇ

ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ

*24/7 Custmore Service Available*

ਟੌਲ ਫਰੀ ਨੰਬਰ 1-888-652-6268

732-983-4332/4333



24 ਘੰਟੇ 11 ਸਟੇਸ਼ਨਾਂ ਤੋਂ ਚੱਲਣ ਵਾਲਾ ਪੰਜਾਬੀ ਰੇਡੀਓ

San Jose, Livermore, Berkeley, Tracy, Sacramento, Yuba City, Stocton, Modesto, Fresno, Bakersfield, Reno

ਪੰਜਾਬੀ ਰੇਡੀਓ ਯੂਐਸਏ

Punjabi RADIO USA

ON THE AIR

ਛੋਟੇ ਰੇਡੀਓ ਦੀ ਕੀਮਤ $25 • ਵੱਡੇ ਰੇਡੀਓ ਦੀ ਕੀਮਤ $35 • ਇੰਟਰਨੈਟ ਰੇਡੀਓ ~~$140~~ ਵਾਲਾ ਹੁਣ $99 ਨੂੰ

PUNJABI RADIO USA

ਦੁਨੀਆਂ ਵਿਚ ਪਹਿਲਾ ਪੰਜਾਬੀ ਰੇਡੀਓ ਹੈ, ਜਿਸ ਦੀ I-Phone ਤੇ Android Application ਤੁਸੀਂ ਕਿਸੇ ਸਮੇਂ ਵੀ ਮੁਫ਼ਤ ਡਾਊਨਲੋਡ ਕਰ ਸਕਦੇ ਹੋ।

- ਸਵੇਰੇ 4 ਵਜੇ ਤੋਂ 9 ਵਜੇ ਤੱਕ ਅੰਮ੍ਰਿਤ ਵੇਲਾ ਸਚੁ ਨਾਉ', ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
- ਸਵੇਰੇ 9.20 ਤੋਂ 10 ਵਜੇ ਤੱਕ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
- ਸਵੇਰੇ 10 ਤੋਂ 11 ਵਜੇ ਤੱਕ ਆਤਮਿਕ ਆਨੰਦ ਪ੍ਰੋਗਰਾਮ (ਕੁਲਬੀਰ ਸਿੰਘ) (ਸੋਮਵਾਰ-ਸ਼ੁੱਕਰਵਾਰ)
- ਸਵੇਰੇ 11.30 ਤੋਂ ਦੁਪਹਿਰ 1 ਵਜੇ ਤੱਕ 'ਬੌਲੀਵੁੱਡ ਹਿੱਟਸ' (Bollywood Hits) (ਸੋਮਵਾਰ-ਸ਼ੁੱਕਰਵਾਰ)
- 1 ਵਜੇ ਤੋਂ 2 ਵਜੇ ਤੱਕ ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ (ਰਾਣੀ ਕਾਹਲੋਂ ਤੇ ਅੰਜੂ ਨਾਰੰਗ)
- 2 ਵਜੇ ਤੋਂ 3 ਵਜੇ ਤੱਕ ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' (ਮੰਗਲਵਾਰ)
- ਸੋਮਵਾਰ ਨੂੰ Repeat ਪ੍ਰੋਗਰਾਮ ਖ਼ਬਰ 'ਤੇ ਨਜ਼ਰ (ਪਰਮਿੰਦਰ ਟਿਵਾਣਾ)
- ਬੁੱਧਵਾਰ ਨੂੰ ਖਿਆਲ ਆਪੋ ਆਪਣਾ (ਅਮਰਜੀਤ ਸਿੰਘ ਬੱਲ)
- ਵੀਰਵਾਰ ਨੂੰ Repeat ਪ੍ਰੋਗਰਾਮ 'ਦੋ ਆਰ ਦੀਆਂ-ਦੋ ਪਾਰ ਦੀਆਂ' (ਗੁਰਪ੍ਰੀਤ ਸਿੰਘ ਅਤੇ ਸਿਮਰ)
- ਸ਼ੁੱਕਰਵਾਰ ਨੂੰ Repeat ਜੌਬ ਐਂਡ ਬਿਜਨਸ ਸ਼ੋਅ • ਸ਼ਨੀਵਾਰ : ਕਵੀ ਦਰਬਾਰ
- 3 ਵਜੇ ਤੋਂ 5 ਵਜੇ ਤੱਕ ਪ੍ਰੋਗਰਾਮ 'ਕੁਝ ਗੱਲਾਂ ਕੁੱਝ ਗੀਤ'
- ਐਤਵਾਰ : 'ਲਹਿਰੇ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
- 5 ਵਜੇ ਤੋਂ 7.30 ਤੱਕ 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)

ਪੰਜਾਬੀ ਰੇਡੀਓ ਦੇ ਪ੍ਰੋਗਰਾਮ

ਪੰਜਾਬ ਵਿਧਾਨ ਸਭਾ ਚੋਣਾਂ 2012

ਪੰਜਾਬ ਤੋਂ ਚੋਣਾਂ ਦੀ ਸਪੈਸ਼ਲ ਕਵਰੇਜ ਹਰ ਰੋਜ਼ 2 ਵਜੇ ਸ਼ਾਮ ਨੂੰ ਅਤੇ 10 ਵਜੇ ਰਾਤ ਨੂੰ ਸੁਸ਼ੀਲ ਦੋਸਾਂਝ ਦੇ ਨਾਲ

ਖ਼ਬਰਾਂ ਤਾਜ਼ੀਆਂ (ਚਾਰ ਵਾਰ ਹਰ ਰੋਜ਼)

09.05 : ਪੰਜਾਬ ਤੋਂ ਸੁਸ਼ੀਲ ਦੁਸਾਂਝ
11.05 : ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
08.05 : ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
09.05 : ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ

ਬਾਬਾ ਬੰਦਾ ਸਿੰਘ ਬਹਾਦਰ (ਡਰਾਮਾ)

ਸ਼ਨਿੱਚਰਵਾਰ : 10:30 ਤੋਂ 11:00 ਵਜੇ ਸਵੇਰੇ
ਮੰਗਲਵਾਰ : 9:30 ਵਜੇ ਤੋਂ 10:00 ਵਜੇ ਰਾਤ

- ਰਾਤ 8 ਤੋਂ 9 ਵਜੇ ਤੱਕ :

ਸੋਮਵਾਰ ਭਖਦੇ ਮਸਲਿਆਂ 'ਤੇ Live Talk Show (ਸੁਸ਼ੀਲ ਦੁਸਾਂਝ) • ਮੰਗਲਵਾਰ : 'ਇਕ ਸੋਚ' (ਕਮਲ ਗਿੱਲ) • ਬੁੱਧਵਾਰ : ਖ਼ਬਰ 'ਤੇ ਨਜ਼ਰ (ਪਰਮਿੰਦਰ ਸਿੰਘ ਟਿਵਾਣਾ) • ਵੀਰਵਾਰ : ਜੌਬ ਐਂਡ ਬਿਜਨਸ ਸ਼ੋਅ
ਸ਼ੁੱਕਰਵਾਰ : ਸ਼ਾਨ ਪੰਜਾਬ ਦੀ (ਗੁਰਦੀਪ ਸਿੰਘ ਸ਼ੇਰਗਿੱਲ, ਸੋਨੀਆ ਸ਼ੇਰਗਿੱਲ) • ਸ਼ਨੀਵਾਰ : ਝਿਲਮਿਲ ਤਾਰੇ-ਬੱਚਿਆਂ ਲਈ ਪ੍ਰੋਗਰਾਮ • ਐਤਵਾਰ : ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ, ਪਰਵੀਨ ਮੱਲ੍ਹੀ)

- ਰਾਤ 9 ਤੋਂ 10 ਵਜੇ ਤੱਕ :

ਸੋਮਵਾਰ : ਮਨੋਰੰਜਨ ਪ੍ਰੋਗਰਾਮ 'ਦੋ ਆਰ ਦੀਆਂ, ਦੋ ਪਾਰ ਦੀਆਂ' (ਗੁਰਪ੍ਰੀਤ ਸਿੰਘ ਤੇ ਸਿਮਰ) • ਮੰਗਲਵਾਰ : ਬਾਬਾ ਬੰਦਾ ਸਿੰਘ ਬਹਾਦਰ (ਡਰਾਮਾ) • ਬੁੱਧਵਾਰ : ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
ਵੀਰਵਾਰ : ਖਬਰਸਾਰ-ਜਸਵਿੰਦਰ ਸਿੰਘ ਬਿੱਟਾ • ਸ਼ੁੱਕਰਵਾਰ : (9 ਤੋਂ 11 ਵਜੇ ਤੱਕ) 'ਪਾਣੀ 'ਚ ਮਧਾਣੀ' • ਬੁਝਾਰਤਾਂ ਦਾ ਹਿੱਟ ਪ੍ਰੋਗਰਾਮ
• ਸ਼ਨੀਵਾਰ : ਇਕ ਖ਼ਾਸ ਮੁਲਾਕਾਤ • ਐਤਵਾਰ : ਵਿਦਿਆ ਵਿਚਾਰੀ ਤਾਂ ਪਰਉਪਕਾਰੀ (ਹਰਪ੍ਰੀਤ ਕੌਰ ਸੰਘਾ, ਡਾ. ਮੀਤਪਾਲ ਸਿੰਘ ਤੇ ਦਿਲਪ੍ਰੀਤ ਸਿੰਘ ਖ਼ਾਲਸਾ)

- ਰਾਤ 10 ਤੋਂ 11 ਵਜੇ ਤੱਕ (ਸੋਮਵਾਰ-ਐਤਵਾਰ) : Repeat ਪ੍ਰੋਗਰਾਮ, ਸੰਗੀਤ

ਹੋਰ ਜਾਣਕਾਰੀ ਲਈ 408.722.7698 Listen LIVE www.punjabiradiousa.com Email: info@punjabiradiousa.com 3750 McKee Road, # B, San Jose CA 95127

ਫੋਨ 'ਤੇ ਸੁਣਨ ਲਈ ਕਾਲ ਕਰੋ • 1-(832) 551.5029

ਪੰਜਾਬ ਟਾਈਮਜ਼

*ਸਨਿਚਰਵਾਰ, 24 ਦਸੰਬਰ 2011*

## ਸਰਕਾਰੀ ਖ਼ਜ਼ਾਨੇ ਦਾ ਉਜਾੜਾ

ਸ਼੍ਰੋਮਣੀ ਅਕਾਲੀ ਦਲ ਵੱਲੋਂ ਮੋਗਾ ਵਿਚ ਕੀਤੀ ਗਈ ਸ਼ਕਤੀ ਪ੍ਰਦਰਸ਼ਨ ਰੈਲੀ ਵਿਚ ਜਿਹੜਾ ਮੁੱਖ ਐਲਾਨ ਕੀਤਾ ਗਿਆ, ਉਸ ਤੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਫਰਜ਼ੰਦ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਨਾਲਾਇਕੀ ਹੀ ਸਾਬਤ ਹੋਈ ਹੈ। ਇਸ ਰੈਲੀ ਵਿਚ ਐਲਾਨ ਕੀਤਾ ਗਿਆ ਕਿ ਅਗਲੀ ਵਾਰ ਲਈ ਵੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਮੁੱਖ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਪ੍ਰਕਾਸ਼ ਸਿੰਘ ਬਾਦਲ ਹੀ ਹਨ। ਹੁਣ ਜ਼ਰਾ ਗੌਰ ਕਰੀਏ ਸੁਖਬੀਰ ਦੇ ਇਸ ਤਾਜ਼ਾ ਬਿਆਨ ਵਲ ਜਿਸ ਰਾਹੀਂ ਉਸ ਨੇ ਆਪੇ ਹੀ ਆਪਣੀ ਨਾਲਾਇਕੀ ਉਤੇ ਇਕ ਵਾਰ ਫਿਰ ਮੋਹਰ ਲਾ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੇ ਪ੍ਰਚਾਰ ਲਈ ਸਰਕਾਰੀ ਖ਼ਜ਼ਾਨਾ ਉਜਾੜਿਆ ਜਾ ਰਿਹਾ ਹੈ ਜਿਸ ਦੀ ਹਰ ਪਾਸਿਓਂ ਤਿੱਖੀ ਨੁਕਤਾਚੀਨੀ ਹੋ ਰਹੀ ਹੈ। ਆਪਣੇ ਪਹਿਲਾਂ ਵਾਲੇ ਕੱਚੇ ਬਿਆਨਾਂ ਅਤੇ ਕੰਮਾਂ ਵਾਂਗ ਐਤਕੀਂ ਇਨ੍ਹਾਂ ਸਵਾਲਾਂ ਦੇ ਜਵਾਬ ਦੇਣ ਮੌਕੇ ਵੀ ਸੁਖਬੀਰ ਨੇ ਪੂਰੇ ਰੰਗ ਲਾਏ। ਸੁਖਬੀਰ ਮੁਤਾਬਕ ਇਸ ਪ੍ਰਚਾਰ ਨਾਲ, ਜੋ ਮੀਡੀਆ ਵਿਚ ਵੱਡੇ ਪੱਧਰ ਉਤੇ ਇਸ਼ਤਿਹਾਰ ਦੇ ਕੇ ਕੀਤਾ ਜਾ ਰਿਹਾ ਹੈ, ਮੀਡੀਆ ਵਾਲਿਆਂ ਅਤੇ ਪੱਤਰਕਾਰਾਂ ਦੀ ਆਮਦਨ ਹੀ ਹੋ ਰਹੀ ਹੈ। ਇਹ ਉਸ ਸ਼ਖ਼ਸ ਦਾ ਸਿਆਸੀ ਬਿਆਨ ਹੈ ਜਿਹੜਾ ਮੁੱਖ ਮੰਤਰੀ ਦੇ ਅਹੁਦੇ ਦਾ ਉਮੀਦਵਾਰ ਹੀ ਨਹੀਂ ਸਗੋਂ ਆਪਣੀ ਭਾਈਵਾਲ ਪਾਰਟੀ ਅਤੇ ਕੁਝ ਕੁ ਹੋਰ ਕਾਰਨਾਂ ਕਰਕੇ ਮੁੱਖ ਮੰਤਰੀ ਬਣਦਾ ਬਣਦਾ ਰਹਿ ਗਿਆ ਸੀ।

ਅਜਿਹੇ ਹੋਰ ਮੌਕੇ ਵੀ ਬਥੇਰੀ ਵਾਰ ਆਏ ਜਦੋਂ ਸੁਖਬੀਰ ਵੱਲੋਂ ਵਿਗਾੜੀ ਸਿਆਸਤ ਨੂੰ ਸੂਤ ਕਰਨ ਲਈ ਪ੍ਰਕਾਸ਼ ਸਿੰਘ ਬਾਦਲ ਨੂੰ ਆਪ ਅੱਗੇ ਆਉਣਾ ਪਿਆ। ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨਾਲ ਨਿੱਕੀ ਨਿੱਕੀ ਗੱਲ 'ਤੇ ਬਹਿਸਣਾ ਅਤੇ ਇਕ ਦੀਆਂ ਚਾਰ ਸੁਣਨ ਤੋਂ ਅਗਾਂਹ ਸੁਖਬੀਰ ਦਾ ਵਿਕਾਸ ਨਹੀਂ ਹੋ ਸਕਿਆ। ਜੇ ਉਹ ਮੁੱਖ ਮੰਤਰੀ ਦਾ ਫਰਜ਼ੰਦ ਨਾ ਹੁੰਦਾ ਤਾਂ ਕਿਸੇ ਨੇ ਸਿਆਸਤ ਵਿਚ ਉਸ ਨੂੰ ਬੇਰਾਂ ਵੱਟੇ ਵੀ ਨਹੀਂ ਸੀ ਪੁੱਛਣਾ। ਹੁਣ ਵੀ ਸਿਆਸੀ ਪੰਡਿਤ ਉਹਦੇ ਨਾਲੋਂ ਵੱਧ ਨੰਬਰ ਤਾਂ ਉਸ ਦੀ ਲੋਕ ਸਭਾ ਮੈਂਬਰ ਪਤਨੀ ਹਰਸਿਮਰਤ ਕੌਰ ਬਾਦਲ ਨੂੰ ਦਿੰਦੇ ਹਨ। ਲੋਕ ਸਭਾ ਵਿਚ ਵੀ ਉਸ ਦੀ 'ਕਾਰਗੁਜ਼ਾਰੀ' ਸੁਖਬੀਰ ਨਾਲੋਂ ਬਿਹਤਰ ਰਹੀ ਹੈ। ਲੋਕ ਸਭਾ ਮੈਂਬਰ ਹੁੰਦਿਆਂ ਸੁਖਬੀਰ ਨੇ ਇਕ ਵਾਰ ਵੀ ਨਾ ਬੋਲਣ ਦਾ ਰਿਕਾਰਡ ਬਣਾਇਆ ਸੀ। ਪਿਛਲੀਆਂ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵੇਲੇ ਪਾਰਟੀ ਦੇ ਇਸ਼ਤਿਹਾਰ ਦੇਣ ਦਾ ਸਾਰਾ ਲੈਣ-ਦੇਣ ਹਰਸਿਮਰਤ ਦੇ ਹੱਥ ਹੀ ਸੀ। ਸਿਆਸਤ ਵਿਚ ਆਉਣ ਤੋਂ ਪਹਿਲਾਂ ਉਸ ਦਾ ਕਾਰੋਬਾਰ ਹੀ ਇਹ ਸੀ। ਅਸਲ ਵਿਚ ਸੁਖਬੀਰ ਸਿਆਸਤ ਦਾ ਨਹੀਂ, ਵਪਾਰ-ਕਾਰੋਬਾਰ ਦਾ ਬੰਦਾ ਹੈ। ਅਕਾਲੀ ਦਲ ਨੂੰ ਵੀ ਉਹ ਕਾਰੋਬਾਰ ਵਾਂਗ ਹੀ ਚਲਾ ਰਿਹਾ ਹੈ। ਇਸੇ ਕਰਕੇ ਹਰ ਪਾਸੇ ਗੱਲ ਬਣਨ ਦੀ ਥਾਂ ਵਿਗੜ ਰਹੀ ਹੈ।

ਤੁਸੀਂ ਬਹੁ-ਪ੍ਰਚਾਰੇ ਕਬੱਡੀ ਕੱਪ ਦੀ ਹੀ ਮਿਸਾਲ ਲੈ ਲਓ। ਇਹ ਕਬੱਡੀ ਕੱਪ ਵੀ ਉਸ ਦੇ ਕਾਰੋਬਾਰ ਦਾ ਹੀ ਹਿੱਸਾ ਸੀ/ਹੈ। ਨਵੰਬਰ ਦੇ ਪਹਿਲੇ ਹਫਤੇ ਕਰਵਾਏ ਗਏ ਇਸ ਕੱਪ ਦੌਰਾਨ ਕਬੱਡੀ ਨੂੰ 'ਮਾਂ-ਖੇਡ' ਕਹਿੰਦਿਆਂ ਉਹਦਾ ਮੂੰਹ ਸੁੱਕ ਰਿਹਾ ਸੀ ਪਰ ਨਵੰਬਰ ਦੇ ਪਹਿਲੇ ਹਫਤੇ ਹੀ 'ਮਾਂ-ਬੋਲੀ' ਪੰਜਾਬੀ ਦਾ ਹਫਤਾ ਮਨਾਉਣ ਮੌਕੇ ਉਸ ਤੋਂ ਪੰਜਾਬੀ ਬਾਰੇ ਇਕ ਵੀ ਸ਼ਬਦ ਨਹੀਂ ਜੁੜਿਆ। ਕਬੱਡੀ ਖਿਡਾਰੀਆਂ ਲਈ ਕਰੋੜਾਂ ਰੁਪਏ ਜੁਟਾਉਣੇ ਚੰਗੀ ਗੱਲ ਹੈ, ਪਰ ਮਾਂ ਬੋਲੀ ਪੰਜਾਬੀ ਲਈ ਕੁਝ ਕਿਉਂ ਨਹੀਂ ਕੀਤਾ ਜਾ ਰਿਹਾ? ਚੋਣਾਂ ਸਿਰ ਉਤੇ ਹੋਣ ਕਰਕੇ ਉਹਨੇ ਭਾਸ਼ਾ ਵਿਭਾਗ ਦੇ ਦੋ ਸਾਲਾਂ ਦੇ ਇਨਾਮਾਂ ਦਾ ਐਲਾਨ ਤਾਂ ਕਰਵਾ ਦਿੱਤਾ ਪਰ ਮਾਲੀ ਸੰਕਟ ਨਾਲ ਜੂਝ ਰਹੇ ਇਸ ਵਿਭਾਗ ਬਾਰੇ ਉਹ ਹਰ ਵਾਰ ਖ਼ਾਮੋਸ਼ ਹੋ ਜਾਂਦਾ ਹੈ। ਸੂਬੇ ਵਿਚ ਸਿੱਖਿਆ, ਸਿਹਤ ਅਤੇ ਹੋਰ ਸਹੂਲਤਾਂ ਦਾ ਹੌਲੀ ਹੌਲੀ ਭੱਠਾ ਬਿਠਾਇਆ ਜਾ ਰਿਹਾ ਹੈ। ਆਪਣੀ ਟਰਾਂਸਪੋਰਟ ਨੂੰ ਲਾਹਾ ਪਹੁੰਚਾਉਣ ਲਈ ਸੂਬੇ ਦੀ ਟਰਾਂਸਪੋਰਟ ਨੀਤੀ ਵਿਚ ਵੱਡੀ ਪੱਧਰ 'ਤੇ ਤਬਦੀਲੀ ਕਰ ਦਿੱਤੀ ਗਈ। ਸਕੂਲਾਂ ਵਿਚ ਮਾਂ ਬੋਲੀ ਪੰਜਾਬੀ ਬਾਹਰ ਕੀਤੀ ਰਹੀ ਹੈ। ਪ੍ਰਾਈਵੇਟ ਸਕੂਲਾਂ ਵਿਚ ਇਹ ਕੰਮ ਚਿਰੋਕਣਾ ਪਹਿਲਾਂ ਕੀਤਾ ਜਾ ਚੁੱਕਾ ਹੈ।

ਉਪਰੋਂ ਸੂਬੇ ਵਿਚ ਖੋਹ-ਖਿੱਚ ਵਾਲਾ ਜਿਸ ਤਰ੍ਹਾਂ ਦਾ ਮਾਹੌਲ ਚੱਲ ਰਿਹਾ ਹੈ, ਉਸ ਵਿਚ ਸੁਧਾਰ ਦੀ ਥਾਂ ਲਗਾਤਾਰ ਨਿਘਾਰ ਆ ਰਿਹਾ ਹੈ। ਇਸ ਨਿੱਘਰੇ ਮਾਹੌਲ ਕਾਰਨ ਦਿਸ਼ਾਹੀਣ ਹੋ ਚੁੱਕੀ ਨਵੀਂ ਪਨੀਰੀ ਦਾ ਮੂੰਹ ਜਾਂ ਤਾਂ ਨਸ਼ਿਆਂ ਵੱਲ ਹੈ ਜਾਂ ਪਰਦੇਸਾਂ ਵੱਲ। ਮਾਪੇ ਤ੍ਰਾਹ-ਤ੍ਰਾਹ ਕਰ ਰਹੇ ਹਨ। ਇੱਦਾਂ ਦੇ ਹਾਲਾਤ ਵਿਚ ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਮੋਗਾ ਵਿਚ ਮਹਾ-ਰੈਲੀ ਹੁੰਦੀ ਹੈ ਤਾਂ ਸਮੁੱਚਾ ਪੰਜਾਬ ਇਕ ਵਾਰ ਤਾਂ ਜਾਮ ਹੋ ਜਾਂਦਾ ਹੈ। ਲੋਕਾਂ ਦੀ ਸਹੂਲਤ ਲਈ ਚਲਾਈਆਂ ਬੱਸਾਂ ਦਾ ਮੂੰਹ ਜ਼ਬਰਦਸਤੀ ਮੋਗੇ ਵੱਲ ਮੋੜਿਆ ਜਾਂਦਾ ਹੈ। ਫਿਰ ਐਲਾਨ ਹੁੰਦਾ ਹੈ ਕਿ ਪੰਜਾਬ ਵਿਚ ਇਸ ਤਰ੍ਹਾਂ ਦਾ ਮਿਸਾਲੀ ਇਕੱਠ ਕਦੀ ਵੀ ਨਹੀਂ ਹੋਇਆ। ਨਾਲ ਹੀ ਇਹ ਦਾਅਵਾ ਵੀ ਕਿ ਇਹ ਸ਼੍ਰੋਮਣੀ ਅਕਾਲੀ ਦਲ ਦੀ ਦੁਬਾਰਾ ਸਰਕਾਰ ਬਣਾਉਣ ਲਈ ਲੋਕਾਂ ਦਾ ਫਤਵਾ ਹੈ। ਉਂਜ, ਲੋਕਾਂ ਨੂੰ ਸ਼ਾਇਦ ਇਹ ਕਦੇ ਵੀ ਨਹੀਂ ਭੁੱਲਣਾ ਕਿ ਰੁਜ਼ਗਾਰ ਮੰਗ ਰਹੀਆਂ ਮੁਟਿਆਰ ਧੀਆਂ ਨੂੰ ਅਕਾਲੀ ਬੁਰਛਾਗਰਦਾਂ ਵੱਲੋਂ ਕੁੱਟਿਆ ਜਾ ਰਿਹਾ ਹੈ ਅਤੇ ਦੋਸ਼ੀਆਂ ਖਿਲਾਫ ਕਾਰਵਾਈ ਵੀ ਕੋਈ ਨਹੀਂ ਕੀਤੀ ਗਈ। ਘੋਲ ਕਰ ਰਹੇ ਲੋਕਾਂ ਉਤੇ ਲਾਠੀਆਂ ਦਾ ਮੀਂਹ ਵਰ੍ਹਾਇਆ ਜਾ ਰਿਹਾ ਹੈ। ਰਤਾ ਕੁ ਗਹਿਰਾਈ ਨਾਲ ਘੋਖਿਆ ਜਾਵੇ ਤਾਂ ਅਕਾਲੀਆਂ ਤੋਂ ਪਹਿਲਾਂ ਸੱਤਾ ਵਿਚ ਰਹੀ ਕਾਂਗਰਸ ਵੇਲੇ ਵੀ ਚੋਣਾਂ ਮੌਕੇ ਲੋਕਾਂ ਦੇ ਪੈਸੇ ਨਾਲ ਭਰਿਆ ਸਰਕਾਰੀ ਖ਼ਜ਼ਾਨਾ ਇਸੇ ਤਰ੍ਹਾਂ ਰੋੜ੍ਹਿਆ ਜਾ ਰਿਹਾ ਸੀ। ਹੁਣ ਹਾਲਾਤ ਦੀ ਸਿਤਮਜ਼ਰੀਫੀ ਇਹ ਹੈ ਕਿ ਇਨ੍ਹਾਂ ਬੁਰਛਿਆਂ ਨੂੰ ਵੰਗਾਰਨ ਲਈ ਕੋਈ ਦਮਦਾਰ ਧਿਰ ਮੌਜੂਦ ਨਹੀਂ। ਸ਼੍ਰੋਮਣੀ ਕਮੇਟੀ ਚੋਣਾਂ ਵੇਲੇ ਬਾਦਲਾਂ ਨੂੰ ਵੰਗਾਰਨ ਲਈ ਜਿਹੜਾ ਪੰਥਕ ਮੋਰਚਾ ਬਣਿਆ ਸੀ, ਉਹ ਕਿਤੇ ਵੀ ਰੜਕ ਨਹੀਂ ਰਿਹਾ। ਬਾਦਲਕਿਆਂ ਨੂੰ ਹਰ ਮੁਹਾਜ਼ ਉਤੇ ਵੰਗਾਰੇ ਬਗੈਰ ਪੰਜਾਬ ਦਾ ਭਲਾ ਸੋਚਿਆ ਵੀ ਨਹੀਂ ਜਾ ਸਕਦਾ। ਇਸ ਲਿਹਾਜ ਨਾਲ ਦਿੱਲੀ ਫਿਲਹਾਲ ਬਹੁਤ ਦੂਰ ਜਾਪਦੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਗੱਦਾਰੀਆਂ ਦਾ ਮੁੱਲ!*

ਕਿਹਦੇ ਨਾਲ ਨਿਭਾਉਣਗੇ ਵਫਾਦਾਰੀ? ਨਹੀਂ ਇਤਬਾਰ ਕੋਈ ਇਨ੍ਹਾਂ ਜੁਆਰੀਆਂ ਦਾ।
ਕਰਦੇ ਰਤਾ ਵੀ ਸ਼ਰਮ ਨਾ ਧਰਮ ਵਾਲੀ, ਨਾਂ ਬਦਨਾਮ ਕਰ ਦੇਣ ਸਰਦਾਰੀਆਂ ਦਾ।
ਚਾਰ ਦਿਨਾਂ ਦੀ ਚਾਂਦਨੀ ਮਾਣ ਜਾਂਦੇ, ਹਸ਼ਰ ਭੈੜਾ ਈ ਹੁੰਦਾ ਹੰਕਾਰੀਆਂ ਦਾ।
ਹੌਕੇ ਭਰਦਿਆਂ ਅੰਤ ਨੂੰ ਖ਼ਾਕ ਹੁੰਦੇ, ਰਾਖਾ ਬਣੇ 'ਕੋਈ ਹੋਰ' ਅਟਾਰੀਆਂ ਦਾ।
ਕੁਰਸੀ ਖਾਤਰ ਖਰੀਦਣਾ ਬੰਦਿਆਂ ਨੂੰ, ਹੈ ਦਸਤੂਰ ਸਿਆਸੀ ਵਪਾਰੀਆਂ ਦਾ।
ਲੈ ਕੇ 'ਮੈਂਬਰੀ-ਸ਼ੈਂਬਰੀ' ਹੁੱਬ ਜਾਂਦੇ, ਮੁੱਲ ਵੱਟਦੇ ਜਦੋਂ ਗੱਦਾਰੀਆਂ ਦਾ!

# ਮਨੁੱਖੀ ਵਿਕਾਸ ਦੀ ਪੌੜੀ ਦਾ ਪਹਿਲਾ ਪੌਡਾ ਮਨੁੱਖੀ ਅਧਿਕਾਰ

***ਵਿਸ਼ਵ ਭਰ ਵਿਚ ਵਧ ਰਹੀ ਨਸਲੀ ਅਤੇ ਧਾਰਮਿਕ ਅਸਹਿਣਸ਼ੀਲਤਾ, ਦਹਿਸ਼ਤਗਰਦੀ ਅਤੇ ਇਸ ਦੇ ਖ਼ਿਲਾਫ਼ ਜੰਗ, ਭਾਰਤ ਵਿਚ ਜਾਤ-ਪਾਤ ਅਤੇ ਧਰਮ ਦੇ ਨਾਂ 'ਤੇ ਵਧ ਰਹੇ ਤਣਾਅ ਮਨੁੱਖੀ ਹੱਕਾਂ ਦੇ ਦਮਨ ਦਾ ਅਹਿਮ ਕਾਰਨ ਬਣਦੇ ਹਨ। ਇਨ੍ਹਾਂ ਤੋਂ ਇਲਾਵਾ ਆਰਥਿਕ ਉਦਾਰੀਕਰਨ ਦੇ ਇਸ ਯੁੱਗ ਵਿਚ ਜੋ ਆਰਥਿਕ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਨਾਲ ਅਮੀਰਾਂ-.ਗਰੀਬਾਂ ਵਿਚਾਲੇ ਪਹਿਲਾਂ ਤੋਂ ਹੀ ਮੌਜੂਦ ਪਾੜਾ ਹੋਰ ਗਹਿਰਾ ਅਤੇ ਵੱਡਾ ਹੁੰਦਾ ਜਾ ਰਿਹਾ ਹੈ।***

ਸਮਕਾਲੀ ਇਤਿਹਾਸਕਾਰ ਐਰਿਕ ਹੌਬਸਬਾਮ ਨੇ ਵੀਹਵੀਂ ਸਦੀ ਨੂੰ 'ਏਜ ਆਫ਼ ਐਕਸਟ੍ਰੀਮਜ਼' ਦੀ ਸੰਗਿਆ ਦਿੱਤੀ ਹੈ ਜਿਸ ਤੋਂ ਉਸ ਦਾ ਭਾਵ ਹੈ ਕਿ ਵੀਹਵੀਂ ਸਦੀ ਦੇ ਅੰਦਰੂਨੀ ਵਿਰੋਧਾਭਾਸ ਆਪਣੇ ਸ਼ਿਖਰ ਤਕ ਪਹੁੰਚ ਚੁੱਕੇ ਸਨ। ਇਸ ਅਲੰਕਾਰ ਨੂੰ ਅੱਗੇ ਵਧਾਉਂਦੇ ਹੋਏ ਜੇ ਇਹ ਕਹੀਏ ਕਿ ਇਕੀਵੀਂ ਸਦੀ ਪਿਛਲੀ ਸਦੀ ਦੇ ਵਿਰੋਧਾਭਾਸਾਂ ਨੂੰ ਤਰਕਹੀਣਤਾ ਦੀ



**ਡਾ. ਸਵਰਾਜ ਰਾਜ**

ਹੱਦ ਤਕ ਲੈ ਕੇ ਜਾਣ ਵਾਲੀ ਸਦੀ ਨਜ਼ਰ ਆਉਂਦੀ ਹੈ ਤਾਂ ਸ਼ਾਇਦ ਕੋਈ ਅਤਿਕਥਨੀ ਨਹੀਂ ਹੋਵੇਗੀ। ਇਸ ਦਾ ਯਥਾਰਥ ਸਾਨੂੰ ਮਨੁੱਖੀ ਹੱਕਾਂ ਅਤੇ ਮਨੁਖੀ ਵਿਕਾਸ ਨਾਲ ਜੁੜੇ ਮੁੱਦਿਆਂ ਦੇ ਸਬੰਧ ਵਿਚ ਬਾਖ਼ੂਬੀ ਨਜ਼ਰ ਆਉਂਦਾ ਹੈ।

ਸਾਡਾ ਸੰਸਾਰ ਕੁਝ ਅਜਿਹੇ ਨਾਜ਼ੁਕ ਸਮਿਆਂ ਵਿਚੋਂ ਲੰਘ ਰਿਹਾ ਹੈ ਕਿ ਸੰਯੁਕਤ ਰਾਸ਼ਟਰ ਵੱਲੋਂ ਮਨੁਖੀ ਅਧਿਕਾਰਾਂ ਦੇ ਵਿਆਪਕ ਐਲਾਨ ਨੂੰ ਅਤੇ ਮਨੁਖੀ ਅਧਿਕਾਰ ਲਹਿਰ ਨਾਲ ਸਬੰਧਤ ਬਹੁਤ ਸਾਰੇ ਨੋਟੀਫਿਕੇਸ਼ਨਾਂ ਨੂੰ ਬਹੁਤੇ ਮੁਲਕਾਂ ਵੱਲੋਂ ਅਪਨਾਉਣ ਦੇ ਬਾਵਜੂਦ ਮਨੁਖੀ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਦਾ ਸੁਫ਼ਨਾ ਸਾਕਾਰ ਹੁੰਦਾ ਨਹੀਂ ਨਜ਼ਰ ਆਉਂਦਾ। 'ਹਿਊਮਨ ਰਾਈਟਸ ਵਾਚ' ਅਤੇ 'ਐਮਨੈਸਟੀ ਇੰਟਰਨੈਸ਼ਨਲ' ਵਰਗੇ ਅਹਿਮ ਅਦਾਰੇ ਮਨੁੱਖੀ ਅਧਿਕਾਰਾਂ ਨੂੰ ਸੁਰੱਖਿਅਤ ਕਰਨ




ਲਈ ਯਤਨਸ਼ੀਲ ਹਨ। ਇਨ੍ਹਾਂ ਤੋਂ ਇਲਾਵਾ ਬੇਸ਼ੁਮਾਰ ਗੈਰ-ਸਰਕਾਰੀ ਸੰਗਠਨ ਵੀ ਮਨੁੱਖੀ ਹੱਕਾਂ ਲਈ ਕੰਮ ਕਰ ਰਹੇ ਹਨ। ਇਸ ਸਭ ਦੇ ਬਾਵਜੂਦ ਦੁਨੀਆਂ ਦੇ ਬਹੁਤ ਖਿੱਤਿਆਂ ਵਿਚ ਇਨ੍ਹਾਂ ਦਾ ਦਮਨ ਜਾਰੀ ਹੈ।

ਵਿਸ਼ਵ ਭਰ ਵਿਚ ਵਧ ਰਹੀ ਨਸਲੀ ਅਤੇ ਧਾਰਮਿਕ ਅਸਹਿਣਸ਼ੀਲਤਾ, ਦਹਿਸ਼ਤਗਰਦੀ ਅਤੇ ਇਸ ਦੇ ਖ਼ਿਲਾਫ਼ ਜੰਗ, ਭਾਰਤ ਵਿਚ ਜਾਤ-ਪਾਤ ਅਤੇ ਧਰਮ ਦੇ ਨਾਂ 'ਤੇ ਵਧ ਰਹੇ ਤਣਾਅ ਮਨੁੱਖੀ ਹੱਕਾਂ ਦੇ ਦਮਨ ਦਾ ਅਹਿਮ ਕਾਰਨ ਬਣਦੇ ਹਨ। ਇਨ੍ਹਾਂ ਤੋਂ ਇਲਾਵਾ ਆਰਥਿਕ ਉਦਾਰੀਕਰਨ ਦੇ ਇਸ ਯੁੱਗ ਵਿਚ ਜੋ ਆਰਥਿਕ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਨਾਲ ਅਮੀਰਾਂ-ਗ਼ਰੀਬਾਂ ਵਿਚਾਲੇ ਪਹਿਲਾਂ ਤੋਂ ਹੀ ਮੌਜੂਦ ਪਾੜਾ ਹੋਰ ਗਹਿਰਾ ਅਤੇ ਵੱਡਾ ਹੁੰਦਾ ਜਾ ਰਿਹਾ ਹੈ। ਅਜਿਹਾ ਆਰਥਿਕ ਵਿਕਾਸ ਸਮਾਜ ਦੇ ਨਿਰਬਲ ਤਬਕਿਆਂ ਦੇ ਹੋਰ ਗ਼ਰੀਬੀਕਰਨ ਦਾ ਕਾਰਨ ਸਿੱਧ ਹੋ ਰਿਹਾ ਹੈ ਅਤੇ ਇਹੀ ਉਹ ਤਬਕੇ ਹਨ ਜਿਨ੍ਹਾਂ ਦੇ ਮਨੁੱਖੀ ਅਧਿਕਾਰਾਂ ਦਾ ਪਹਿਲਾਂ ਹੀ ਉਲੰਘਣ ਕੀਤਾ ਜਾਂਦਾ ਰਿਹਾ ਹੈ। ਕੌਮਾਂਤਰੀ ਮੁਦਰਾ ਫੰਡ ਅਤੇ ਵਿਸ਼ਵ ਬੈਂਕ ਦੇ ਆਦੇਸ਼ ਅਨੁਸਾਰ ਨਾਮ-ਨਿਹਾਦ ਆਰਥਿਕ ਸੁਧਾਰਾਂ ਨੂੰ ਲਾਗੂ ਕਰਨ ਦੀ ਆੜ ਹੇਠ ਬਹੁਤ ਸਾਰੀਆਂ ਰਾਜ ਸਰਕਾਰਾਂ ਸਮਾਜ ਭਲਾਈ ਦੇ ਫ਼ਰਜ਼ਾਂ ਤੋਂ ਮੁਨਕਰ ਹੋ ਰਹੀਆਂ ਹਨ ਅਤੇ ਸਮਾਜ ਭਲਾਈ ਰਾਜ ਦੀ ਨੀਂਹ ਹੀ ਖੋਖਲੀ ਹੋ ਰਹੀ ਹੈ। ਨਿੱਜੀ ਮੰਡੀ ਦੇ ਹੀਲੇ-ਵਸੀਲਿਆਂ ਅਤੇ ਕਾਰਪੋਰੇਟ ਜਗਤ ਦੀ ਹਿਰਸ ਦੇ ਰਹਿਮੋ-ਕਰਮ 'ਤੇ ਛੱਡ ਦਿੱਤੇ ਗਏ ਗ਼ਰੀਬ-ਗੁਰਬਿਆਂ ਦੇ ਮਨੁੱਖੀ ਅਧਿਕਾਰਾਂ ਦਾ ਉਲੰਘਣ ਹੋਰ ਵੀ ਆਸਾਨ ਹੋ ਗਿਆ ਹੈ। ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿਚ ਅਜਿਹੀਆਂ ਨੀਤੀਆਂ ਦੇ ਖ਼ਿਲਾਫ਼ ਹੋ ਰਹੇ ਰੋਸ ਮੁਜ਼ਾਹਰੇ ਇਸ ਗੱਲ ਦਾ ਸਬੂਤ ਹਨ ਕਿ ਚੰਦ ਲੋਕਾਂ ਦੇ ਫ਼ਾਇਦੇ ਲਈ ਬਣਾਈਆਂ ਆਰਥਿਕ ਨੀਤੀਆਂ ਬਹੁਗਿਣਤੀ ਨੂੰ ਹੁਣ ਕਬੂਲ ਨਹੀਂ ਹਨ।




ਇਸ ਤੋਂ ਇਲਾਵਾ ਉਤਰ-ਸੰਰਚਨਾਵਾਦ ਅਤੇ ਉਤਰ-ਆਧੁਨਿਕਤਾਵਾਦ ਵਰਗੀਆਂ ਬੌਧਿਕ ਵਿਚਾਰਧਾਰਾਵਾਂ ਨੇ ਵਖਰੇਵੇਂ ਦੇ ਸੰਕਲਪ ਨੂੰ ਜੀਵਨ ਦੇ ਅਮਲ ਅਤੇ ਬੌਧਿਕ ਖੇਤਰ ਵਿਚ ਮਹੱਤਵਪੂਰਨ ਵਰਗ ਦਾ ਦਰਜਾ ਦਿੱਤਾ ਹੈ ਜਿਸ ਨਾਲ ਪਛਾਣ ਦਾ ਸੰਕਲਪ ਬਹੁਤ ਅਹਿਮ ਮੁੱਦਾ ਬਣ ਕੇ ਸਾਡੇ ਸਾਹਮਣੇ ਉਭਰਿਆ ਹੈ। ਪਛਾਣ ਭਾਵੇਂ ਸੱਭਿਆਚਾਰਕ ਹੋਵੇ, ਨਸਲੀ, ਧਾਰਮਿਕ ਜਾਂ ਜਾਤ 'ਤੇ ਆਧਾਰਿਤ, ਪਛਾਣ ਦਾ ਸੰਕਲਪ ਅਜੋਕੀ ਸਿਆਸਤ ਨੂੰ ਗਤੀ ਮੁਹੱਈਆ ਕਰਦਾ ਹੈ। ਸਾਡੇ ਵਿਖਮ ਸਮਾਜ ਵਿਚ ਵੱਖੋ-ਵੱਖਰੀ ਪਛਾਣ ਵਾਲੇ ਅਤੇ ਵੱਖਰੀ ਪਛਾਣ ਦੇ ਮੁਦੱਈ ਵੱਖ-ਵੱਖ ਤਬਕਿਆਂ ਦੇ ਅਧਿਕਾਰਾਂ ਦਾ ਮੇਲ ਆਪਣੇ ਆਪ ਵਿਚ ਬਹੁਤ ਵੱਡੀ ਵੰਗਾਰ ਬਣ ਗਿਆ ਹੈ। ਘੱਟ-ਗਿਣਤੀ ਵਰਗ ਆਪਣੀ ਵੱਖਰੀ ਪਛਾਣ ਪ੍ਰਤੀ ਬਹੁਤ ਚੇਤੰਨ ਹੋ ਗਏ ਹਨ ਅਤੇ ਬੜੀ ਸ਼ਿੱਦਤ ਨਾਲ ਆਪਣੀ ਪਛਾਣ 'ਤੇ ਪਹਿਰਾ ਦੇਣ ਲੱਗ ਪਏ ਹਨ। ਇਨ੍ਹਾਂ ਵਰਗਾਂ ਦੇ ਅਧਿਕਾਰਾਂ ਅਤੇ ਆਜ਼ਾਦੀਆਂ ਦਾ ਬਹੁ-ਗਿਣਤੀ ਵਰਗ ਦੇ ਅਧਿਕਾਰਾਂ ਨਾਲ ਮੇਲ-ਮਿਲਾਪ ਅਤੇ ਸਮਝੌਤਾ ਕਰਾਉਣਾ ਬਹੁਤ ਪੇਚੀਦਾ ਸਵਾਲ ਬਣ ਗਿਆ ਹੈ। ਦਰਅਸਲ ਵੱਖਰੇਪਣ ਦੇ ਹੱਕ ਵਿਚ ਨਿਤਰਨ ਵਾਲੇ ਉਘੇ ਚਿੰਤਕ ਜਾਕ ਦਰੀਦਾ ਦਾ ਦਿਲਚਸਪ ਵਿਵਾਦ ਇਨ੍ਹਾਂ ਮੁੱਦਿਆਂ ਨੂੰ ਲੈ ਕੇ ਹੀ ਹੋਇਆ ਸੀ। ਫਰਾਂਸੀਸੀ ਚਿੰਤਕ ਐਲਨ ਬਾਦਿਊ ਵੀ ਇਨ੍ਹਾਂ ਸਮੱਸਿਆਵਾਂ ਨਾਲ ਹੀ ਜੂਝ ਰਿਹਾ ਹੈ ਅਤੇ ਉਹ ਵੀ ਹੈਬਰਮਾਸ ਵਾਂਗ ਹੀ ਵਖਰੇਵੇਂ ਦੇ ਤਰਕ ਵਿਚ ਹਿੰਸਾ ਦੀਆਂ ਸੰਭਾਵਨਾਵਾਂ ਦੇ ਖਤਰੇ ਤੋਂ ਚਿੰਤਤ ਹੈ।

ਮਨੁੱਖੀ ਹੱਕਾਂ ਦੀ ਵਿਆਪਕਤਾ ਦਾ ਸੰਬੋਧ ਵੀ ਕਈ ਸਵਾਲਾਂ ਦੇ ਘੇਰੇ ਵਿਚ ਆਉਂਦਾ ਹੈ। ਮਨੁੱਖੀ ਅਧਿਕਾਰ ਲਹਿਰ ਦੀਆਂ ਜੜ੍ਹਾਂ 6 ਜਨਵਰੀ 1941 ਨੂੰ ਅਮਰੀਕੀ ਰਾਸ਼ਟਰਪਤੀ ਫਰੈਂਕਲਿਨ ਰੂਜ਼ਵੈਲਟ ਵੱਲੋਂ ਅਮਰੀਕੀ ਕਾਂਗਰਸ ਨੂੰ ਦਿੱਤੇ ਗਏ ਭਾਸ਼ਣ ਵਿਚ ਦੱਸੀਆਂ ਜਾਂਦੀਆਂ ਹਨ। ਇਸ ਐਲਾਨ ਵਿਚ ਰੂਜ਼ਵੈਲਟ ਨੇ ਨਵੀਂ ਵਿਸ਼ਵ ਪ੍ਰਣਾਲੀ ਦਾ ਰੇਖਾ-ਚਿੱਤਰ ਦਿੱਤਾ ਹੈ ਜਿਸ ਦਾ ਆਧਾਰ ਚਾਰ ਮੁੱਖ ਅਜ਼ਾਦੀਆਂ ਹੋਣਗੀਆਂ: ਬੋਲਣ ਦੀ ਆਜ਼ਾਦੀ, ਧਰਮ ਦੀ ਆਜ਼ਾਦੀ, ਡਰ ਤੋਂ ਆਜ਼ਾਦੀ ਅਤੇ ਥੁੜ ਤੋਂ ਆਜ਼ਾਦੀ। ਥੁੜ ਤੋਂ ਆਜ਼ਾਦੀ ਦਾ ਅਰਥ ਸਪਸ਼ਟ ਕਰਦਿਆਂ ਰੂਜ਼ਵੈਲਟ ਨੇ ਕਿਹਾ ਕਿ ਇਹ ਆਜ਼ਾਦੀ ਉਹ ਆਰਥਿਕ ਸਮਝ ਹੈ ਜਿਹੜੀ ਸਾਰੇ ਦੇਸ਼ਾਂ ਅਤੇ ਉਨ੍ਹਾਂ ਦੇ ਵਸਨੀਕਾਂ ਲਈ ਤੰਦਰੁਸਤ ਅਤੇ ਸ਼ਾਂਤਮਈ ਜੀਵਨ ਸਾਰੇ ਸੰਸਾਰ ਵਿਚ ਸੁਰੱਖਿਅਤ ਕਰੇਗੀ। ਇਸ ਤੋਂ ਸਪਸ਼ਟ ਹੈ ਕਿ ਥੁੜ ਤੋਂ ਆਜ਼ਾਦੀ ਦਾ ਅਰਥ ਲੋਕਾਂ ਨੂੰ ਆਰਥਿਕ ਸੁਰੱਖਿਆ ਦੀ ਮੰਗ ਦਾ ਹੱਕ ਦੇਣਾ ਨਹੀਂ ਸਗੋਂ ਇਹ ਉਸ ਅਰਥਚਾਰੇ ਵੱਲ ਇਸ਼ਾਰਾ ਹੈ ਜਿਹੜਾ ਸਾਰੇ ਸੰਸਾਰ ਨੂੰ ਉਦਾਰਵਾਦੀ ਆਰਥਿਕ ਮੰਡੀ ਵਿਚ ਤਬਦੀਲ ਕਰਨਾ ਚਾਹੁੰਦਾ ਹੈ। ਵਿਆਪਕ ਮਨੁੱਖੀ ਅਧਿਕਾਰਾਂ ਦੀ ਲਹਿਰ ਦੇ ਆਲੋਚਕ ਉਪਰੋਕਤ ਗੱਲ ਦਾ ਹਵਾਲਾ ਦੇ ਕੇ ਮਨੁੱਖੀ ਅਧਿਕਾਰ ਲਹਿਰ ਨੂੰ ਪੱਛਮੀ ਦੇਸ਼ਾਂ ਦੀ ਸਰਦਾਰੀ ਕਾਇਮ ਕਰਨ ਦਾ ਇਕ ਯਤਨ ਦੱਸਦੇ ਹਨ। ਇਸ ਆਲੋਚਨਾ ਵਿਚਲੀ ਸੱਚਾਈ ਦੀਆਂ ਮਿਸਾਲਾਂ ਸਾਨੂੰ ਅਮਰੀਕਾ ਦੀਆਂ ਵਿਦੇਸ਼ ਨੀਤੀਆਂ ਵਿਚ ਮਿਲਦੀਆਂ ਹਨ। ਮਨੁੱਖੀ ਹੱਕਾਂ ਦਾ ਡੰਕਾ ਵਜਾਉਣ ਵਾਲੇ ਅਮਰੀਕਾ ਨੇ ਵੀਅਤਨਾਮ, ਨਿਕਾਰਾਗੂਆ, ਇਰਾਕ ਅਤੇ ਅਫ਼ਗ਼ਾਨਿਸਤਾਨ ਵਰਗੇ ਕਿੰਨੇ ਹੀ ਮੁਲਕਾਂ ਵਿਚ ਖੁੱਲ੍ਹ ਕੇ ਮਨੁੱਖੀ ਹੱਕਾਂ ਦਾ ਦਮਨ ਕੀਤਾ ਅਤੇ ਸੰਸਾਰ ਦੇ ਕਈ ਮੁਲਕਾਂ ਵਿਚ ਜ਼ਾਲਮਾਨਾ ਤਾਨਾਸ਼ਾਹੀ ਸਰਕਾਰਾਂ ਦੀ ਭਰਪੂਰ ਮਦਦ ਕੀਤੀ। ਮਨੁੱਖੀ ਹੱਕਾਂ ਦੀ ਦੁਹਾਈ ਦੇ ਕੇ ਪੱਛਮੀ ਤਾਕਤਾਂ ਕਿਸੇ ਵੀ ਵਿਕਾਸਸ਼ੀਲ ਦੇਸ਼ ਦੇ ਖ਼ਿਲਾਫ਼ ਆਰਥਿਕ ਪਾਬੰਦੀਆਂ ਲਾਗੂ ਕਰ ਸਕਦੀਆਂ ਹਨ। ਇਸ ਤਰ੍ਹਾਂ ਮਨੁੱਖੀ ਹੱਕਾਂ ਨੂੰ ਗ਼ਰੀਬ ਮੁਲਕਾਂ ਦੀ ਬਾਂਹ ਮਰੋੜਨ ਦੇ ਯੰਤਰ ਵਜੋਂ ਵੀ ਇਸਤੇਮਾਲ ਕੀਤਾ ਜਾਂਦਾ ਹੈ। ਇਸ ਸਾਰੇ ਹਾਲਾਤ ਤੋਂ ਮਨੁੱਖੀ ਹੱਕਾਂ ਪ੍ਰਤੀ ਅਮਰੀਕਾ ਦੀ ਪ੍ਰਤੀਬੱਧਤਾ ਉਤੇ ਸ਼ੱਕ ਹੋਣਾ ਲਾਜ਼ਮੀ ਹੈ।

ਉਂਜ ਤਾਂ ਮਨੁੱਖੀ ਹੱਕਾਂ ਅਤੇ ਮਨੁੱਖੀ ਵਿਕਾਸ ਵਿਚਲਾ ਸਮੀਕਰਨ ਬਿਲਕੁਲ ਸਪਸ਼ਟ ਹੈ-ਮਨੁੱਖੀ ਹੱਕਾਂ ਤੋਂ ਬਿਨਾ ਮਨੁੱਖੀ ਵਿਕਾਸ ਦਾ ਤਸੱਵਰ ਵੀ ਨਹੀਂ ਕੀਤਾ ਜਾ ਸਕਦਾ ਪਰ ਮਨੁੱਖੀ ਵਿਕਾਸ ਨੂੰ ਕਿਸ ਮਾਪਦੰਡ ਉਤੇ ਪਰਖਿਆ ਜਾਵੇ, ਇਸ ਬਾਰੇ ਅੱਜ ਤਕ ਕੋਈ ਆਮ ਰਾਏ ਨਹੀਂ ਬਣ ਸਕੀ। ਕੀ ਮਨੁੱਖੀ ਵਿਕਾਸ ਸੂਚਕ ਚਿੰਨ੍ਹ (ਹਿਊਮਨ ਡਿਵੈਲਪਮੈਂਟ ਇੰਡੈਕਸ) ਜਾਂ ਫੇਰ ਮਨੁੱਖੀ ਖ਼ੁਸ਼ੀ ਸੂਚਕ ਚਿੰਨ੍ਹ (ਹਿਊਮਨ ਹੈਪੀਨੈਸ ਇੰਡੈਕਸ ਜਿਸ ਦਾ ਸੰਕਲਪ ਭੂਟਾਨ ਨੇ ਦਿੱਤਾ ਹੈ), ਜਾਂ ਫਿਰ ਮਨੋਵਿਗਿਆਨਕ ਮੈਸਲੋ ਦੇ ਸੈਲਫ-ਐਕਚੂਆਲਾਈਜ਼ੇਸ਼ਨ (ਸਵੈ-ਹਕੀਕਤੀਕਰਨ) ਦੇ ਸਿਧਾਂਤ ਨੂੰ ਅਸੀਂ ਮਨੁੱਖੀ ਵਿਕਾਸ ਦਾ ਸੂਚਕ ਚਿੰਨ੍ਹ ਮੰਨੀਏ? ਇਸ ਮਾਮਲੇ ਬਾਰੇ ਕੋਈ ਆਮ ਰਾਇ ਨਾ ਹੋਣ ਕਰਕੇ ਮਨੁੱਖੀ ਵਿਕਾਸ ਦਾ ਮੁੱਦਾ ਅਕਸਰ ਮਾਲੀ ਵਿਕਾਸ ਨਾਲ ਜੁੜ ਜਾਂਦਾ ਹੈ ਅਤੇ ਮਾਲੀ ਵਿਕਾਸ ਦੇ ਰਾਹ ਵਿਚ ਮਨੁੱਖੀ ਹੱਕ ਰੁਕਾਵਟ ਸਮਝੇ ਜਾਂਦੇ ਹਨ। ਇਸੇ ਕਰਕੇ ਮਨੁੱਖੀ ਹੱਕਾਂ ਲਈ ਕੰਮ ਕਰਦੇ ਸਰਗਰਮ ਵਰਕਰਾਂ ਦੇ ਨਾਲ ਬਹੁਤ ਵਾਰੀ ਰਾਜ ਸਰਕਾਰਾਂ ਮੁਜਰਮਾਂ ਵਾਲਾ ਸਲੂਕ ਕਰਦੀਆਂ ਹਨ। ਗੈਰ-ਸਰਕਾਰੀ ਸੰਗਠਨ ਜਿਹੜੇ ਮਨੁੱਖੀ ਅਧਿਕਾਰਾਂ ਦੇ ਖੇਤਰ ਵਿਚ ਕੰਮ ਕਰਦੇ ਹਨ, ਉਨ੍ਹਾਂ ਦੇ ਕੰਮ ਕਾਜ 'ਤੇ ਵੀ ਅਕਸਰ ਕਿੰਤੂ-ਪ੍ਰੰਤੂ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਰਾਸ਼ਟਰਵਾਦ ਦੇ ਪ੍ਰਵਚਨਾਂ ਦੇ ਘੇਰੇ ਵਿਚ ਮਨੁੱਖੀ ਹੱਕਾਂ ਖਾਸ ਕਰਕੇ ਘੱਟ-ਗਿਣਤੀ ਤਬਕਿਆਂ ਦੇ ਹੱਕਾਂ ਲਈ ਥਾਂ ਸੁੰਗੜਦੀ ਜਾਂਦੀ ਨਜ਼ਰ ਆਉਂਦੀ ਹੈ।

ਇਨ੍ਹਾਂ ਸਾਰੇ ਮਸਲਿਆਂ ਬਾਰੇ ਪੜਚੋਲ ਵਾਲਾ ਰਵੱਈਆ ਰੱਖਦੇ ਹੋਏ ਇਨ੍ਹਾਂ ਨਾਲ ਜੂਝਣ ਦੀ ਲੋੜ ਹੈ ਤਾਂ ਜੋ ਮਨੁੱਖੀ ਹੱਕਾਂ ਦੀ ਬਲੀ ਵਿਕਾਸ ਦੀ ਕੁਰਬਾਨਗਾਹ 'ਤੇ ਨਾ ਦਿੱਤੀ ਜਾਵੇ।

# ਭ੍ਰਿਸ਼ਟਾਚਾਰ ਦੇ ਦੌਰ ਵਿਚ ਪਾਕੀਜ਼ਗੀ ਦਾ ਮਤਲਬ !

ਸਵਾਲ ਸੰਵਾਦ



ਦਲਜੀਤ ਅਮੀ

ਫੋਨ:+91-97811-21873

***ਜਦੋਂ ਭਾਰਤ 'ਚ ਪਸਰੇ ਭ੍ਰਿਸ਼ਟਾਚਾਰ ਬਾਰੇ ਸੋਚ-ਵਿਚਾਰ ਕੀਤੀ ਜਾਵੇਗੀ ਤਾਂ ਇਸ ਦੀਆਂ ਮੁਕਾਮੀ, ਕੌਮੀ ਅਤੇ ਕੌਮਾਂਤਰੀ ਤੰਦਾਂ ਤੋਂ ਇਲਾਵਾ ਇਤਿਹਾਸਕ, ਸਿਆਸੀ, ਸਮਾਜਿਕ, ਜਮਾਤੀ ਅਤੇ ਸੱਭਿਆਚਾਰਕ ਪੱਖਾਂ ਨੂੰ ਸਮਝਣਾ ਜ਼ਰੂਰੀ ਹੋ ਜਾਂਦਾ ਹੈ।...ਗੈਰ-ਸਰਕਾਰੀ ਜਥੇਬੰਦੀਆਂ ਨਾਲ ਭ੍ਰਿਸ਼ਟਾਚਾਰ ਦੇ ਰੁਝਾਨ ਦਾ ਬਹੁਤ ਕਰੀਬੀ ਨਾਤਾ ਹੈ। ਪਹਿਲਾਂ ਗੱਲ ਤਾਂ ਇਹ ਹੈ ਕਿ .ਗੈਰ-ਸਰਕਾਰੀ ਜਥੇਬੰਦੀਆਂ ਨਿੱਜੀਕਰਨ ਦਾ ਅਹਿਮ ਤੱਤ ਹਨ। ਸਰਕਾਰ ਲੋਕ ਭਲਾਈ ਮਹਿਕਮਿਆਂ ਦੀ ਥਾਂ ਇਨ੍ਹਾਂ ਨੂੰ ਬਿਨਾਂ ਕਿਸੇ ਜਵਾਬਦੇਹੀ ਤੋਂ ਪਾਲਦੀ ਹੈ। ਅ.ਫਸਰਸ਼ਾਹੀ, ਸਿਆਸਤਦਾਨ ਅਤੇ ਕਾਰਪੋਰੇਟ ਇਨ੍ਹਾਂ ਜਥੇਬੰਦੀਆਂ ਦੇ ਸਰਪ੍ਰਸਤ ਹਨ। ਸਰਕਾਰੀ ਮਹਿਕਮਿਆਂ ਵਿਚੋਂ ਆਪਣੇ ਟੱਬਰਾਂ ਦੇ ਜੀਆਂ, ਰਿਸ਼ਤੇਦਾਰਾਂ ਅਤੇ ਕਰੀਬੀਆਂ ਦੇ ਨਾਮ ਉੱਤੇ ਬਣਾਈਆਂ ਕਾ.ਗਜ਼ੀ ਜਥੇਬੰਦੀਆਂ ਨੂੰ ਖ਼ਜ਼ਾਨੇ ਵਿਚੋਂ ਗਰਾਂਟਾਂ ਬੇਰੋਕ ਮਿਲਦੀਆਂ ਹਨ। ਨੰਨ੍ਹੀ ਛਾਂ ਵਰਗੀ ਮੁਹਿੰਮ ਇਸ ਰੁਝਾਨ ਦੀ ਉਘੜਵੀਂ ਮਿਸਾਲ ਹੈ। ਹਰਸਿਮਰਤ ਕੌਰ ਬਾਦਲ ਨੂੰ ਸਿਆਸੀ ਖੇਤਰ ਵਿਚ ਲਿਆਉਣ ਲਈ ਕਾਰਪੋਰੇਟ ਤੇ ਸਰਕਾਰੀ ਸਰਪ੍ਰਸਤੀ ਨਾਲ ਅਕਾਲ ਤਖ਼ਤ ਤੋਂ ਪੇਸ਼ ਕੀਤਾ ਗਿਆ। ਇਸ ਮੁਹਿੰਮ ਦੀ ਹਰਸਿਮਰਤ ਦਾ ਪ੍ਰਚਾਰ ਕਰਨ ਤੋਂ ਬਿਨਾਂ ਕੋਈ ਅਹਿਮੀਅਤ ਨਹੀਂ ਅਤੇ ਨਾ ਇਹ ਕਿਸੇ ਲਈ ਜਵਾਬਦੇਹ ਹੈ। ਇਸ ਦੀ ਜਵਾਬਤਲਬੀ ਕੌਣ ਕਰ ਸਕਦਾ ਹੈ?***

ਲੋਕ ਪਾਲ ਬਿੱਲ ਅਤੇ ਅੰਨਾ ਹਜ਼ਾਰੇ ਮੁਹਿੰਮ ਦੇ ਹਵਾਲੇ ਨਾਲ ਭਾਰਤ ਵਿਚ ਫੈਲੇ ਭ੍ਰਿਸ਼ਟਾਚਾਰ ਦਾ ਮਸਲਾ ਬਹੁਤ ਦੇਰ ਤੋਂ ਚਰਚਾ ਵਿਚ ਹੈ। ਅੰਨਾ ਹਜ਼ਾਰੇ ਦੇ ਕਰੀਬੀ ਸਾਥੀਆਂ ਵਿਚੋਂ ਪ੍ਰਸ਼ਾਂਤ ਭੂਸ਼ਨ ਤੇ ਸ਼ਾਂਤੀ ਭੂਸ਼ਨ ਦਾ ਦਸ ਹਜ਼ਾਰ ਗਜ਼ ਦਾ ਫਾਰਮ ਹਾਊਸ, ਅਰਵਿੰਦ ਕੇਜਰੀਵਾਲ ਦੀ ਨੌਕਰੀ ਦੌਰਾਨ ਸਿਖਲਾਈ, ਕੰਪਿਊਟਰ ਦਾ ਕਰਜ਼ਾ ਤੇ ਆਮਦਨ ਟੈਕਸ ਅਤੇ ਕਿਰਨ ਬੇਦੀ ਦੀਆਂ ਜਹਾਜ਼ ਦੀਆਂ ਟਿਕਟਾਂ ਇਸ ਬਹਿਸ ਦੀ ਪੇਚੀਦਗੀ ਉਘਾੜਦੀਆਂ ਹਨ। ਭ੍ਰਿਸ਼ਟਾਚਾਰ ਦੇ ਪਸਾਰੇ ਨੂੰ ਸਮਝਣ ਲਈ ਇਹ ਅਹਿਮ ਨੁਕਤੇ ਸਾਬਤ ਹੋ ਸਕਦੇ ਹਨ। ਇਨ੍ਹਾਂ ਦੇ ਨਾਲ ਹੀ ਸਰਕਾਰ, ਸਿਆਸਤਦਾਨਾਂ ਅਤੇ ਅੰਨਾ ਹਜ਼ਾਰੇ ਮੁਹਿੰਮ ਦੀ ਭ੍ਰਿਸ਼ਟਾਚਾਰ ਬਾਬਤ ਸੰਜੀਦਗੀ ਨੂੰ ਪਰਖਣ ਦਾ ਨਵਾਂ ਰਾਹ ਖੁੱਲ੍ਹਦਾ ਹੈ। ਅੰਨਾ ਹਜ਼ਾਰੇ ਦੇ ਸਾਥੀਆਂ ਖ਼ਿਲਾਫ਼ ਖੋਲ੍ਹੇ ਗਏ ਸਰਕਾਰੀ ਅਤੇ ਕਾਂਗਰਸੀ ਮੁਹਾਜ਼ ਦੇ ਨਤੀਜੇ ਵਜੋਂ ਇਹ ਮਾਮਲੇ ਸਾਹਮਣੇ ਆਏ ਹਨ। ਇਹ ਅੰਨਾ ਹਜ਼ਾਰੇ ਦੀ ਮੁਹਿੰਮ ਦੇ ਏਕੇ ਨੂੰ ਤੋੜਨ ਅਤੇ ਆਗੂਆਂ ਨੂੰ ਬਦਨਾਮ ਕਰਨ ਦੀ ਸਰਕਾਰੀ ਚਾਲ ਹੈ। ਇਹ ਦੋਵੇਂ ਦਲੀਲਾਂ ਦਮਦਾਰ ਹਨ। ਅੰਗਰੇਜ਼ ਬਸਤਾਨਾਂ ਦੀ ਵਿਦਾਇਗੀ ਤੋਂ ਬਾਅਦ ਦਾ ਇਤਿਹਾਸ ਇਸ ਰੁਝਾਨ ਦੀ ਗਵਾਹੀ ਭਰਦਾ ਹੈ। ਸਰਕਾਰੀ-ਸਿਆਸੀ ਧਿਰ ਨੂੰ ਨਾਖ਼ੁਸ਼ਗਵਾਰ ਸਵਾਲ ਪੁੱਛਣ ਵਾਲਿਆਂ ਦੀ ਆਮਦਨ ਟੈਕਸ ਦੀਆਂ ਮਿਸਲਾਂ ਅਤੇ ਪੁਰਾਣੇ ਚਿੱਠੇ ਫਰੋਲਣਾ ਭਾਰਤੀ ਰਾਜਤੰਤਰ ਦਾ ਖ਼ਾਸਾ ਹੈ। ਮੌਜੂਦਾ ਹਾਲਾਤ ਵਿਚ ਇਹ ਦਲੀਲਾਂ ਅੱਧਾ-ਸੱਚ ਜਾਪਦੀਆਂ ਹਨ। ਇਸ ਦੇ ਦੂਜੇ ਪਾਸੇ ਨੂੰ ਸਮਝਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ।

ਜਦੋਂ ਭਾਰਤ ਵਿਚ ਪਸਰੇ ਭ੍ਰਿਸ਼ਟਾਚਾਰ ਬਾਬਤ ਸੋਚ-ਵਿਚਾਰ ਕੀਤੀ ਜਾਵੇਗੀ ਤਾਂ ਇਸ ਦੀਆਂ ਮੁਕਾਮੀ, ਕੌਮੀ ਅਤੇ ਕੌਮਾਂਤਰੀ ਤੰਦਾਂ ਤੋਂ ਇਲਾਵਾ ਇਤਿਹਾਸਕ, ਸਿਆਸੀ, ਸਮਾਜਿਕ, ਜਮਾਤੀ ਅਤੇ ਸੱਭਿਆਚਾਰਕ ਪੱਖਾਂ ਨੂੰ ਸਮਝਣਾ ਜ਼ਰੂਰੀ ਹੋ ਜਾਂਦਾ ਹੈ। ਅਰਵਿੰਦ ਕੇਜਰੀਵਾਲ ਜਨ ਲੋਕਪਾਲ ਬਿੱਲ ਦੀ ਹਮਾਇਤ ਵਿਚ ਚੱਲ ਰਹੀ ਅੰਨਾ ਹਜ਼ਾਰੇ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੇ ਅਹਿਮ ਆਗੂ ਹਨ। ਮੁਹਿੰਮ ਦੀ ਯੋਜਨਾਬੰਦੀ, ਪੈਂਤੜੇਬਾਜ਼ੀ ਅਤੇ ਪੇਸ਼ਕਾਰੀ ਵਿਚ ਅਰਵਿੰਦ ਦਾ ਅਹਿਮ ਹਿੱਸਾ ਹੈ। ਜਨ ਲੋਕਪਾਲ ਦਾ ਖਰੜਾ ਤਿਆਰ ਕਰਨ ਵਾਲੇ ਪੰਜ ਜਣਿਆਂ ਵਿਚ ਅਰਵਿੰਦ ਦਾ ਫ਼ੈਸਲਾਕੁਨ ਥਾਂ ਸੀ। ਬਾਕੀ ਚਾਰ ਜਣੇ ਅੰਨਾ ਹਜ਼ਾਰੇ, ਸ਼ਾਂਤੀ ਭੂਸ਼ਨ, ਪ੍ਰਸ਼ਾਂਤ ਭੂਸ਼ਨ ਅਤੇ ਸੰਤੋਸ਼ ਹੈਗੜੇ ਸਨ। ਅਰਵਿੰਦ ਭਾਰਤੀ ਵਿੱਤੀ ਸੇਵਾਵਾਂ ਦਾ ਸਾਬਕਾ ਅਫ਼ਸਰ ਹੈ। ਉਸ ਨੇ 2005 ਵਿਚ ਪੜ੍ਹਾਈ ਲਈ ਨੌਕਰੀ ਤੋਂ ਛੁੱਟੀ ਲੈ ਕੇ 'ਪਰਿਵਰਤਨ' ਨਾਮ ਦੀ ਗ਼ੈਰ-ਸਰਕਾਰੀ ਸੰਸਥਾ ਬਣਾਈ। ਇਸ ਤੋਂ ਬਾਅਦ 'ਪਰਿਵਰਤਨ' ਵਿਚ ਕੁਲਵਕਤੀ ਕੰਮ ਕਰਨ ਲਈ ਫਰਵਰੀ 2006 ਵਿਚ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। ਦਸੰਬਰ 2006 ਵਿਚ ਪਬਲਿਕ ਕਾਜ਼ ਰਿਸਰਚ ਫਾਊਂਡੇਸ਼ਨ (ਲੋਕ ਸਰੋਕਾਰ ਖੋਜ ਫਾਊਂਡੇਸ਼ਨ) ਬਣਾਈ। ਉਹ ਸੂਚਨਾ ਦੇ ਅਧਿਕਾਰ ਦੀ ਮੁਹਿੰਮ ਨਾਲ ਲਗਾਤਾਰ ਜੁੜਿਆ ਰਿਹਾ ਅਤੇ ਭ੍ਰਿਸ਼ਟਾਚਾਰ ਖ਼ਿਲਾਫ਼ ਮੁਹਿੰਮ ਦਾ ਸਰਗਰਮ ਹਿੱਸਾ ਹੈ। ਉਸ ਖ਼ਿਲਾਫ਼ ਇਲਜ਼ਾਮ ਇਹ ਹੈ ਕਿ ਸਰਕਾਰੀ ਨੌਕਰੀ ਦੌਰਾਨ ਭਰੇ ਹਲਫ਼ਨਾਮੇ ਮੁਤਾਬਕ ਸਿੱਖਿਆ ਲਈ ਛੁੱਟੀ ਤੋਂ ਬਾਅਦ ਤੈਅ ਸਮੇਂ ਲਈ ਨੌਕਰੀ ਕਰਨਾ ਲਾਜ਼ਮੀ ਹੁੰਦੀ ਹੈ। ਸਰਕਾਰੀ ਤਨਖ਼ਾਹ ਉਤੇ ਹਾਸਲ ਸਿੱਖਿਆ ਦਾ ਕੁਝ ਫਾਇਦਾ ਉਨ੍ਹਾਂ ਮਹਿਕਮਿਆਂ ਨੂੰ ਵੀ ਹੋਣਾ ਚਾਹੀਦਾ ਹੈ। ਦੂਜਾ ਨੁਕਤਾ ਇਹ ਹੈ ਕਿ ਉਸ ਨੇ ਆਪਣੇ ਆਮਦਨ ਦਾ ਸਾਲਾਨਾ ਵਿੱਤੀ ਲੇਖਾ-ਜੋਖਾ ਜਮ੍ਹਾਂ ਨਹੀਂ ਕਰਵਾਇਆ। ਆਮਦਨ ਵਾਲੇ ਹਰ ਸ਼ਹਿਰੀ ਲਈ ਹਰ ਸਾਲ ਅਜਿਹਾ ਕਰਨਾ ਜ਼ਰੂਰੀ ਹੈ। ਤੀਜਾ ਮਸਲਾ ਇਹ ਹੈ ਕਿ ਨੌਕਰੀ ਦੌਰਾਨ ਉਸ ਨੇ ਮਹਿਕਮੇ ਤੋਂ ਕਰਜ਼ਾ ਲੈ ਕੇ ਕੰਪਿਊਟਰ ਖਰੀਦਿਆ ਸੀ ਪਰ ਕਰਜ਼ਾ ਵਾਪਸ ਨਹੀਂ ਕੀਤਾ। ਇਹ ਸਰਕਾਰੀ ਨੌਕਰੀ ਦਾ ਬਕਾਇਆ ਹੈ। ਇਸ ਤੋਂ ਬਿਨਾਂ ਦੋ ਸਵਾਲ ਅਗਨੀਵੇਸ਼ ਅਤੇ ਅਰੁੰਧਤੀ ਰਾਏ ਨੇ ਪੁੱਛੇ ਹਨ। ਅਗਨੀਵੇਸ਼ ਨੇ ਕਿਹਾ ਹੈ ਕਿ ਅੰਨਾ ਹਜ਼ਾਰੇ ਦੀ ਮੁਹਿੰਮ ਚਲਾਉਣ ਵਾਲੀ 'ਇੰਡੀਆ ਅਗੇਂਸਟ ਕੁਰੱਪਸ਼ਨ' ਦੇ ਖ਼ਾਤੇ ਵਿਚੋਂ ਅਰਵਿੰਦ ਕੇਜਰੀਵਾਲ ਦੇ ਗ਼ੈਰ-ਸਰਕਾਰੀ ਜਥੇਬੰਦੀ ਪਬਲਿਕ ਕਾਜ਼ ਰਿਸਰਚ ਫਾਊਂਡੇਸ਼ਨ (ਪੀ.ਸੀ.ਆਰ.ਐਫ਼.) ਦੇ ਖ਼ਾਤੇ ਵਿਚ ਬੇਹਿਸਾਬੀ ਰਕਮ ਤਬਦੀਲ ਹੋਈ ਹੈ ਜਿਸ ਦਾ ਹਿਸਾਬ ਦੇਣਾ ਬਣਦਾ ਹੈ। ਅਰੁੰਧਤੀ ਰਾਏ ਨੇ ਦੱਸਿਆ ਹੈ ਕਿ ਅਰਵਿੰਦ ਕੇਜਰੀਵਾਲ ਦੀ ਜਥੇਬੰਦੀ ਨੂੰ ਅਮਰੀਕਾ ਦੀ ਫੋਰਡ ਫਾਊਂਡੇਸ਼ਨ ਤੋਂ ਵੱਡੀਆਂ ਰਕਮਾਂ ਮਿਲੀਆਂ ਹਨ ਜੋ ਅਮਰੀਕੀ ਖ਼ੁਫ਼ੀਆ ਏਜੰਸੀ ਸੀ.ਆਈ.ਏ. ਲਈ ਕੰਮ ਕਰਦੀ ਹੈ।

ਅਰਵਿੰਦ ਕੇਜਰੀਵਾਲ ਨੇ ਇਨ੍ਹਾਂ ਸਾਰੇ ਇਲਜ਼ਾਮਾਂ ਨਾਲ ਜੁੜੀਆਂ ਰਕਮਾਂ ਤੋਂ ਇਨਕਾਰ ਨਹੀਂ ਕੀਤਾ, ਸਗੋਂ ਇਨ੍ਹਾਂ ਬਾਬਤ ਦਲੀਲ ਦਿੱਤੀ ਹੈ। ਸਰਕਾਰੀ ਮਹਿਕਮਿਆਂ ਨੂੰ ਦਲੀਲ ਦਿੱਤੀ ਗਈ ਹੈ ਕਿ ਉਹ ਸਮਾਜ ਭਲਾਈ ਦੇ ਕੰਮ ਵਿਚ ਲੱਗਿਆ ਹੋਇਆ ਸੀ। ਅਗਨੀਵੇਸ਼ ਨੂੰ ਜਵਾਬ ਦਿੱਤਾ ਗਿਆ ਹੈ ਕਿ ਅਰਵਿੰਦ ਕੇਜਰੀਵਾਲ ਦੀ ਜਥੇਬੰਦੀ 'ਇੰਡੀਆ ਅਗੇਂਸਟ ਕੁਰੱਪਸ਼ਨ' ਦਾ ਦਫ਼ਤਰੀ ਕੰਮ ਸੰਭਾਲਦੀ ਹੈ, ਸੋ ਰਕਮ ਦਾ ਤਬਾਦਲਾ ਖ਼ਰਚਿਆ ਲਈ ਕੀਤਾ ਗਿਆ ਹੈ। ਅਰੁੰਧਤੀ ਦੇ ਖੁਲਾਸੇ ਤੋਂ ਅਰਵਿੰਦ ਮੁਨਕਰ ਨਹੀਂ ਹੈ ਪਰ ਸਫ਼ਾਈ ਦਿੱਤੀ ਹੈ ਕਿ ਹੁਣ ਉਹ ਫੋਰਡ ਫਾਊਂਡੇਸ਼ਨ ਤੋਂ ਪੈਸਾ ਨਹੀਂ ਲੈਂਦੇ। ਅਰਵਿੰਦ ਦੀਆਂ ਦਲੀਲਾਂ ਦੀ ਪੜਚੋਲ ਤੋਂ ਪਹਿਲਾਂ ਉਸ ਦੇ ਸਾਥੀਆਂ ਬਾਬਤ ਤਫ਼ਸੀਲ ਜਾਣ ਲੈਣੀ ਜ਼ਰੂਰੀ ਹੈ।

ਕਿਰਨ ਬੇਦੀ ਉਤੇ 'ਇੰਡੀਅਨ ਐਕਸਪ੍ਰੈਸ' ਨੇ ਤੱਥ ਪੇਸ਼ ਕਰਕੇ ਬੇਈਮਾਨੀ ਦਾ ਇਲਜ਼ਾਮ ਲਗਾਏ ਹਨ। ਕਿਰਨ ਬੇਦੀ ਬਹਾਦਰੀ ਸਨਮਾਨ ਹਾਸਲ ਪੁਲਿਸ ਅਫ਼ਸਰ ਹੋਣ ਕਾਰਨ ਹਵਾਈ ਜਹਾਜ਼ ਦੀਆਂ ਟਿਕਟਾਂ ਉਤੇ ਮਿਲਦੀ ਛੋਟ ਤੋਂ ਬਾਅਦ ਵੀ ਸਸਤੀਆਂ ਟਿਕਟਾਂ ਉਤੇ ਸਫ਼ਰ ਕਰਦੀ ਸੀ ਅਤੇ ਮਹਿੰਗੀਆਂ ਕਾਰੋਬਾਰੀ ਟਿਕਟਾਂ ਦਾ ਕਿਰਾਇਆ ਵਸੂਲ ਕਰਦੀ ਸੀ। ਉਸ ਨੇ ਤੱਥਾਂ ਦੀ ਤਰਦੀਦ ਨਹੀਂ ਕੀਤੀ, ਸਗੋਂ ਦੋਵਾਂ ਪੱਖਾਂ ਤੋਂ ਇਨ੍ਹਾਂ ਦੀ ਪੁਸ਼ਟੀ ਹੋਈ ਹੈ। ਉਸ ਦੀ ਦਲੀਲ ਹੈ ਕਿ ਉਸ ਨੇ ਵਾਧੂ ਕਿਰਾਇਆ ਆਪਣੀ ਗ਼ੈਰ-ਸਰਕਾਰੀ ਸੰਸਥਾ ਰਾਹੀਂ ਲੋਕ ਭਲਾਈ ਵਿਚ ਵਰਤਿਆ ਹੈ,



*ਅਰਵਿੰਦ ਕੇਜਰੀਵਾਲ, ਸ਼ਾਂਤੀ ਭੂਸ਼ਨ, ਪ੍ਰਸ਼ਾਂਤ ਭੂਸ਼ਨ ਤੇ ਕਿਰਨ ਬੇਦੀ*

ਸੋ ਇਹ ਬੇਈਮਾਨੀ ਨਹੀਂ ਸਗੋਂ ਬਚਤ ਰਾਹੀਂ ਕੀਤਾ ਪਰਉਪਕਾਰ ਹੈ। ਕਿਰਨ ਬੇਦੀ ਉਤੇ ਲੱਗੇ ਇਲਜ਼ਾਮਾਂ ਵਿਚ ਸਿਆਸਤਦਾਨਾਂ ਨਾਲ ਰਾਮਲੀਲ੍ਹਾ ਮੈਦਾਨ ਵਿਚੋਂ ਕੀਤੀਆਂ ਭੰਡਨੁਮਾ ਮਸ਼ਕਰੀਆਂ ਦਾ ਹਿੱਸਾ ਜ਼ਰੂਰ ਹੋਵੇਗਾ। ਉਸ ਦੇ ਮਹਿਕਮੇ ਦੇ ਪੁਰਾਣੇ ਸਾਥੀਆਂ ਨੂੰ 'ਬੇਦਾਗ਼' ਦੇ 'ਦਾਗ਼ਦਾਰ' ਹੋਣ ਦੀ ਖ਼ੁਸ਼ੀ ਜ਼ਰੂਰ ਮਿਲੀ ਹੋਵੇਗੀ। ਸਵਾਲ ਇਹ ਹੈ ਕਿ ਕੀ 'ਇੰਡੀਅਨ ਐਕਸਪ੍ਰੈਸ' ਦੇ ਖੁਲਾਸਿਆਂ ਵਿਚ ਸ਼ਾਮਿਲ ਤੱਥ ਨਜ਼ਰਅੰਦਾਜ਼ ਕਰ ਦਿੱਤੇ ਜਾਣੇ ਚਾਹੀਦੇ ਹਨ?

ਤੀਜਾ ਮਸਲਾ ਕਾਨੂੰਨਾਂ ਨੂੰ ਦਰਕਿਨਾਰ ਕਰ ਕੇ ਭੂਸ਼ਨ ਪਿਉ-ਪੁੱਤ ਨੂੰ ਫਾਰਮ ਹਾਊਸ ਬਣਾਉਣ ਲਈ ਦਿੱਤੀ ਗਈ ਦਸ ਹਜ਼ਾਰ ਗਜ਼ ਜ਼ਮੀਨ ਨਾਲ ਜੁੜਿਆ ਹੋਇਆ ਹੈ। ਇਹ ਸਵਾਲ ਪੁੱਛਿਆ ਗਿਆ ਹੈ ਕਿ ਸਰਕਾਰ ਨੂੰ ਦਰਕਿਨਾਰ ਹੋਏ ਕਾਨੂੰਨਾਂ ਦਾ ਹੇਜ ਹੁਣ ਕਿਉਂ ਜਾਗਿਆ ਹੈ? ਪਹਿਲਾਂ ਵੀ ਸ਼ਾਂਤੀ ਭੂਸ਼ਨ ਦੀ ਅਮਰ ਸਿੰਘ ਨਾਲ ਗੱਲਬਾਤ ਦੀ ਸੀ.ਡੀ. ਸਰਕਾਰੀ ਪ੍ਰਚਾਰ ਦਾ ਸਬੱਬ ਬਣੀ ਸੀ। ਦਿਗਵਿਜੇ ਸਿੰਘ ਅਤੇ ਮਨੀਸ਼ ਤਿਵਾੜੀ ਦੀ ਉਸ 'ਖੁਲਾਸੇ' ਬਾਬਤ ਮੂੰਹਜ਼ੋਰੀ ਸਭ ਨੇ ਟੈਲੀਵਿਜ਼ਨ ਉਤੇ ਦੇਖੀ ਸੀ। ਜਦੋਂ ਇਹ ਸੀ.ਡੀ. ਵਿਗਿਆਨਕ ਪਰਖ਼ ਤੋਂ ਬਾਅਦ ਜਾਅਲੀ ਨਿਕਲੀ ਤਾਂ ਕਾਂਗਰਸੀਆਂ ਨੂੰ ਮੁਆਫ਼ੀ ਮੰਗਣ ਦੀ ਜ਼ਿੰਮੇਵਾਰੀ ਦਾ ਅਹਿਸਾਸ ਨਹੀਂ ਹੋਇਆ। ਦੂਜਾ ਸਵਾਲ ਇਹ ਹੈ ਕਿ ਜ਼ਮੀਨ ਤਾਂ 101 ਜਣਿਆਂ ਨੂੰ ਦਿੱਤੀ ਗਈ ਹੈ ਪਰ ਨਿਸ਼ਾਨਾ ਸਿਰਫ਼ ਭੂਸ਼ਨ ਪਿਉ-ਪੁੱਤ ਨੂੰ ਕਿਉਂ ਬਣਾਇਆ ਜਾ ਰਿਹਾ ਹੈ? ਬਾਕੀ ਸੌ ਕੌਣ ਹਨ? ਉਤਰ ਪ੍ਰਦੇਸ਼ ਦੀ ਸੂਬਾ ਸਰਕਾਰ ਨੇ ਨੌਇਡਾ ਵਰਗੇ ਮਹਿੰਗੇ ਇਲਾਕੇ ਵਿਚ ਮਹਿਲਨੁਮਾ ਰਿਹਾਇਸ਼ੀ ਉਸਾਰੀਆਂ ਲਈ ਇਨ੍ਹਾਂ ਉਤੇ 'ਤੋਹਫ਼ਿਆਂ' ਦੀ ਮਿਹਰਬਾਨੀ ਕਿਉਂ ਕੀਤੀ? ਸੀ.ਡੀ. ਦੀ ਤਰਜ਼ ਉਤੇ ਦਸ ਹਜ਼ਾਰ ਗਜ਼ ਜ਼ਮੀਨ ਦਾ ਮਸਲਾ ਵੀ ਸਰਕਾਰ ਦੀ 'ਬਦਨਾਮ ਕਰੋ' ਮੁਹਿੰਮ ਦਾ ਹਿੱਸਾ ਕਰਾਰ ਦਿੱਤਾ ਗਿਆ ਹੈ। ਸਵਾਲ ਤਾਂ ਇਹ ਬਣਦਾ ਹੈ ਕਿ ਸਰਕਾਰੀ-ਕਾਂਗਰਸੀ ਮੁਹਿੰਮ ਨਾਲ ਪੂਰਾ ਮਾਮਲਾ ਸੁੱਟ ਪਾਉਣ ਲਾਇਕ ਹੋ ਜਾਂਦਾ ਹੈ ਜਾਂ ਇਸ ਦੀ ਪੜਚੋਲ ਹੋਣੀ ਚਾਹੀਦੀ ਹੈ? ਭੂਸ਼ਨ ਪਿਉ-ਪੁੱਤ ਦੀਆਂ ਔਖੇ ਹਾਲਾਤ ਵਿਚ ਲੋਕ ਹਿੱਤਾਂ ਲਈ ਅਦਾਲਤੀ ਪੈਰਵੀ ਦੀਆਂ ਮੁਹਿੰਮਾਂ ਦਾ ਇਤਿਹਾਸ ਦੋ ਪੀੜ੍ਹੀਆਂ ਨਾਲ ਜੁੜ ਕੇ ਤਕਰੀਬਨ ਛੇ ਦਹਾਕਿਆਂ ਵਿਚ ਫੈਲਿਆ ਹੋਇਆ ਹੈ। ਨਿੱਜੀਕਰਨ ਦੀਆਂ ਨਿਤੀਆਂ ਤਹਿਤ ਸਰਕਾਰ ਦੀਆਂ ਨਿੱਜੀ ਮੁਨਾਫ਼ਾਮੁਖੀ ਮੁਹਿੰਮਾਂ ਨੂੰ ਸਵਾਲਾਂ ਦੇ ਅਦਾਲਤੀ ਕਟਿਹਰੇ ਵਿਚ ਇਨ੍ਹਾਂ ਨੇ ਲਿਆਂਦਾ ਹੈ? ਬੋਫੋਰਸ ਘਪਲੇ ਦੀ ਅਦਾਲਤੀ ਅਤੇ ਬੌਧਿਕ ਪੈਰਵੀ ਵਿਚ ਭੂਸ਼ਨਾਂ ਦਾ ਚੋਖਾ ਹਿੱਸਾ ਰਿਹਾ ਹੈ।

ਭ੍ਰਿਸ਼ਟਾਚਾਰ ਮੁਹਿੰਮ ਦੇ ਆਗੂਆਂ ਉਤੇ ਇਲਜ਼ਾਮਾਂ ਦੇ ਫੌਰੀ ਕਾਰਨਾਂ ਵਿਚ ਸਰਕਾਰ ਦੀ ਨਾਖ਼ੁਸ਼ਗਵਾਰੀ ਸਾਫ਼ ਝਲਕਦੀ ਹੈ। ਇਹ ਰੁਝਾਨ ਨੰਗੇ-ਚਿੱਟੇ ਰੂਪ ਵਿਚ ਸਾਹਮਣੇ ਹੈ ਕਿ ਸਰਕਾਰ ਦੀ ਜਵਾਬਦੇਹੀ ਕਰਨ ਵਾਲਿਆਂ ਦੀ ਜਵਾਬਦੇਹੀ ਕਰਨ ਅਤੇ ਕਾਨੂੰਨੀ ਚੋਰ-ਮੋਰੀਆਂ ਲੱਭਣ ਲਈ ਕਈ ਮਹਿਕਮੇ ਹਨ ਜੋ ਸਿਆਸਤਦਾਨਾਂ ਦੇ ਹੁਕਮਾਂ ਤੋਂ ਇਲਾਵਾ ਇਸ਼ਾਰਿਆਂ ਦੀ ਬੋਲੀ ਚੰਗੀ ਤਰ੍ਹਾਂ ਸਮਝਦੇ ਹਨ। ਪੰਜਾਬ ਦੇ ਪੁਲਿਸ ਅਫ਼ਸਰਾਂ ਨੇ ਸਿਆਸਤਦਾਨਾਂ ਖ਼ਿਲਾਫ਼ ਮਾਮਲੇ ਦਰਜ ਕਰਨ ਅਤੇ ਗਵਾਹੀਆਂ ਤੋਂ ਮੁੱਕਰ ਜਾਣ ਦੀਆਂ ਕਈ ਮਿਸਾਲਾਂ ਕਾਇਮ ਕੀਤੀਆਂ ਹਨ। ਨਤੀਜੇ ਵਜੋਂ ਸਿਆਸਤਦਾਨ ਨੰਗੇ-ਚਿੱਟੇ ਘਪਲਿਆਂ ਦੇ ਬਾਵਜੂਦ ਸਿਆਸੀ-ਬਦਲਾਖ਼ੋਰੀ ਦੀ ਦਲੀਲ ਨਾਲ ਆਪਣੀ ਚਾਦਰ ਦੇ ਦਾਗ਼ਾਂ ਨੂੰ ਲਹਿਰੀਏ ਕਰਾਰ ਦੇ ਕੇ ਅਦਾਲਤੀ ਰਾਹਤ ਦੇ ਹੱਕਦਾਰ ਬਣ ਗਏ। ਇਲਜ਼ਾਮਾਂ, ਸਿਆਸੀ-ਬਦਲਾਖ਼ੋਰੀ, ਜਾਂਚ ਅਧਿਕਾਰੀਆਂ ਦੀਆਂ ਬਦਲੀਆਂ, ਗਵਾਹੀਆਂ ਦੇ ਮੁੱਕਰਨ ਅਤੇ ਅਦਾਲਤੀ ਰਾਹਤ ਦੇ ਤਾਣੇ-ਬਾਣੇ ਵਿਚ ਉਸਰੀ ਦਲੀਲ ਪੇਚੀਦਾ ਜਾਪ ਸਕਦੀ ਹੈ ਪਰ ਇਹ ਭ੍ਰਿਸ਼ਟਾਚਾਰ ਖ਼ਿਲਾਫ਼ ਗੱਲ ਕਰਦਿਆਂ ਇਹ ਬੇਈਮਾਨੀ ਦੀ ਪਰਦਾਪੋਸ਼ੀ ਦਾ ਅਜ਼ਮਾਇਆ ਹੋਇਆ ਨੁਸਖ਼ਾ ਬਣਦੀ ਜਾਪਦੀ ਹੈ। ਸਰਕਾਰਾਂ ਬਦਲਣ ਨਾਲ ਜਾਂਚਾਂ ਦੇ ਬਦਲਦੇ ਰੁਖ਼, ਜਾਂਚ ਕਮਿਸ਼ਨਾਂ ਦੀਆਂ ਲਗਾਤਾਰ ਵਧਦੀਆਂ ਮਿਆਦਾਂ ਅਤੇ ਅਦਾਲਤਾਂ ਵਿਚ ਫ਼ੈਸਲਾ ਉਡੀਕਣ ਵਾਲਿਆਂ ਦੀ ਨਿੱਤ ਵਧ ਰਹੀ ਗਿਣਤੀ ਇਸੇ ਰੁਝਾਨ ਦੀ ਕੜੀ ਹੈ।

ਗ਼ੈਰ-ਸਰਕਾਰੀ ਜਥੇਬੰਦੀਆਂ ਨਾਲ ਭ੍ਰਿਸ਼ਟਾਚਾਰ ਦੇ ਰੁਝਾਨ ਦਾ ਬਹੁਤ ਕਰੀਬੀ ਨਾਤਾ ਹੈ। ਪਹਿਲਾਂ ਗੱਲ ਤਾਂ ਇਹ ਹੈ ਕਿ ਗ਼ੈਰ-ਸਰਕਾਰੀ ਜਥੇਬੰਦੀਆਂ ਨਿੱਜੀਕਰਨ ਦਾ ਅਹਿਮ ਤੱਤ ਹਨ। ਸਰਕਾਰ ਲੋਕ ਭਲਾਈ ਮਹਿਕਮਿਆਂ ਦੀ ਥਾਂ ਇਨ੍ਹਾਂ ਨੂੰ ਬਿਨਾਂ ਕਿਸੇ ਜਵਾਬਦੇਹੀ ਤੋਂ ਪਾਲਦੀ ਹੈ। ਅਫ਼ਸਰਸ਼ਾਹੀ, ਸਿਆਸਤਦਾਨ ਅਤੇ ਕਾਰਪੋਰੇਟ ਇਨ੍ਹਾਂ ਜਥੇਬੰਦੀਆਂ ਦੇ ਸਰਪ੍ਰਸਤ ਹਨ। ਸਰਕਾਰੀ ਮਹਿਕਮਿਆਂ ਵਿਚੋਂ ਆਪਣੇ ਟੱਬਰਾਂ ਦੇ ਜੀਆਂ, ਰਿਸ਼ਤੇਦਾਰਾਂ ਅਤੇ ਕਰੀਬੀਆਂ ਦੇ ਨਾਮ ਉਤੇ ਬਣਾਈਆਂ ਕਾਗ਼ਜ਼ੀ ਜਥੇਬੰਦੀਆਂ ਨੂੰ ਖ਼ਜ਼ਾਨੇ ਵਿਚੋਂ ਗਰਾਂਟਾਂ ਬੇਰੋਕ ਮਿਲਦੀਆਂ ਹਨ। ਨੰਨ੍ਹੀ ਛਾਂ ਵਰਗੀ ਮੁਹਿੰਮ ਇਸ ਰੁਝਾਨ ਦੀ ਉਘੜਵੀਂ ਮਿਸਾਲ ਹੈ। ਹਰਸਿਮਰਤ ਕੌਰ ਬਾਦਲ ਨੂੰ ਸਿਆਸੀ ਖੇਤਰ ਵਿਚ ਲਿਆਉਣ ਲਈ ਕਾਰਪੋਰੇਟ ਅਤੇ ਸਰਕਾਰੀ ਸਰਪ੍ਰਸਤੀ ਨਾਲ ਅਕਾਲ ਤਖ਼ਤ ਤੋਂ ਪੇਸ਼ ਕੀਤਾ ਗਿਆ। ਇਸ ਮੁਹਿੰਮ ਦੀ ਹਰਸਿਮਰਤ ਦਾ ਪ੍ਰਚਾਰ ਕਰਨ ਤੋਂ ਬਿਨਾਂ ਕੋਈ ਅਹਿਮੀਅਤ ਨਹੀਂ ਅਤੇ ਨਾ ਇਹ ਕਿਸੇ ਲਈ ਜਵਾਬਦੇਹ ਹੈ। ਇਸ ਦੀ ਜਵਾਬਤਲਬੀ ਕੌਣ ਕਰ ਸਕਦਾ ਹੈ? ਜ਼ਿਆਦਾਤਰ ਸਰਕਾਰੀ ਅਫ਼ਸਰਾਂ ਦੀਆਂ ਘਰਵਾਲੀਆਂ ਗ਼ੈਰ-ਸਰਕਾਰੀ ਜਥੇਬੰਦੀਆਂ ਦੀਆਂ ਸਰਪ੍ਰਸਤ (ਮਾਲਕ) ਹਨ। ਸਰਕਾਰੀ ਮਹਿਕਮਿਆਂ ਦੀ ਮੌਜੂਦਾ ਹਾਲਤ ਲਈ ਕਸੂਰਵਾਰ ਅਫ਼ਸਰਸ਼ਾਹੀ ਇਨ੍ਹਾਂ ਗ਼ੈਰ-ਸਰਕਾਰੀ ਜਥੇਬੰਦੀਆਂ ਰਾਹੀਂ 'ਸਮਾਜ ਸੁਧਾਰ' ਦਾ ਫਲਦਾਰ ਕੰਮ ਕਰਦੀ ਹੈ। ਪੈਸਾ ਸਰਕਾਰੀ ਮਹਿਕਮਿਆਂ ਦਾ ਅਤੇ ਪ੍ਰਚਾਰ ਰਿਸ਼ਤੇਦਾਰਾਂ ਦਾ। ਯੂਨੀਵਰਸਿਟੀਆਂ ਦੇ ਪ੍ਰੋਫ਼ੈਸਰ ਇਸ ਰੁਝਾਨ ਦਾ ਹਿੱਸਾ ਹਨ। ਉਹ ਆਪਣੇ ਮਹਿਕਮਿਆਂ ਦੀਆਂ ਇਮਾਰਤਾਂ, ਅਮਲੇ ਅਤੇ ਵਿਦਿਆਰਥੀਆਂ ਦੀ ਵਰਤੋਂ ਨਾਲ ਗ਼ੈਰ-ਸਰਕਾਰੀ ਜਥੇਬੰਦੀਆਂ ਦੀਆਂ ਮਲਕੀਅਤਾਂ ਦਾ ਪਸਾਰਾ ਕਰ ਰਹੇ ਹਨ। ਸਰਕਾਰੀ ਨੌਕਰੀਆਂ ਰਾਹੀਂ ਉਸਰਦੀਆਂ ਇਹ ਨਿੱਜੀ 'ਪਰਉਪਕਾਰੀ' ਮਲਕੀਅਤਾਂ ਭ੍ਰਿਸ਼ਟਾਚਾਰ ਦੇ ਘੇਰੇ ਵਿਚੋਂ ਬਾਹਰ ਕਿਵੇਂ ਰਹਿ ਸਕਦੀਆਂ ਹਨ? ਇਨ੍ਹਾਂ ਦੇ ਸਰਪ੍ਰਸਤ ਰੁਤਬਿਆਂ, ਅਹੁਦਿਆਂ ਅਤੇ ਅਸਰ-ਰਸੂਖ਼ ਦੇ ਸਿਰ ਉਤੇ 'ਰੌਬਿਨ ਹੁੱਡ' ਦੀ ਵਿਰਾਸਤ ਦੇ ਦਾਅਵੇਦਾਰ ਬਣਦੇ ਹਨ। ਇਸੇ ਰੁਝਾਨ ਦੀ ਵਡੇਰੀ ਕੜੀ ਵਜੋਂ ਸ਼ਰਧਾ ਉਤੇ ਟਿਕੀਆਂ ਸੰਸਥਾਵਾਂ ਅਤੇ ਅਦਾਰੇ ਆਪਣੀ ਮਰਿਆਦਾ ਅਤੇ ਰਵਾਇਤ ਦੇ ਨਾਮ ਉਤੇ ਵਿੱਤੀ ਧੁੰਦਲਕੇ ਵਿਚ ਰਹਿਣ ਨੂੰ ਪਹਿਲ ਦਿੰਦੇ ਹਨ। ਉਹ ਆਪਣੀਆਂ ਲੈਣਦਾਰੀਆਂ-ਦੇਣਦਾਰੀਆਂ ਦਾ ਪੁਖ਼ਤਾ ਹਿਸਾਬ ਨਹੀਂ ਰੱਖਦੇ। ਆਪਣੇ ਕਿਰਦਾਰ ਦੀ ਪਾਕੀਜ਼ਗੀ ਦੇ ਰੋਹਬ ਨਾਲ ਉਹ ਹਰ ਸਵਾਲ ਦੇ ਜਵਾਬ ਵਿਚ ਪਲਟਵਾਰ ਕਰਦੇ ਹਨ। ਪਾਕੀਜ਼ਗੀ ਸਵਾਲਾਂ ਤੋਂ ਕਿਉਂ ਡਰਦੀ ਹੈ? ਅਫ਼ਸਰਸ਼ਾਹੀ ਅਤੇ ਮੱਧਵਰਗੀ ਨੌਕਰੀ ਪੇਸ਼ਾ ਲਾਣੇ ਆਪਣੀ ਬੇਦਾਗ਼ੀ ਦੀ ਨੁਮਾਇਸ਼ ਕਰਦਾ ਹੈ ਪਰ ਸਵਾਲ ਤੋਂ ਕੰਨੀ ਕਤਰਾਉਂਦਾ ਹੈ। ਸਮਾਜਿਕ ਬਹਿਸ ਵਿਚ ਇਹ ਵਿਦਵਾਨ ਵਜੋਂ ਹੀ ਦਖ਼ਲਅੰਦਾਜ਼ੀ ਕਰਨਾ ਚਾਹੁੰਦੇ ਹਨ। ਨਮੂਨੇ ਵਜੋਂ ਅਧਿਐਨ ਦਾ ਵਿਸ਼ਾ ਬਣਨ ਤੋਂ ਕਿਉਂ ਡਰਦੇ ਹਨ? ਜਿਹੜੀਆਂ ਧਾਰਨਾਵਾਂ ਨਾਲ ਇਹ ਸਮਾਜਿਕ ਰੁਝਾਨ ਦੀ ਪੜਚੋਲ ਕਰਦੇ ਹਨ ਉਨ੍ਹਾਂ ਦੇ ਝਰਨੇ ਵਿਚੋਂ ਗੁਜ਼ਰਨਾ ਨਾਖ਼ੁਸ਼ਗਵਾਰ ਕਿਉਂ ਜਾਪਦਾ ਹੈ?

ਸਮਾਜਿਕ, ਸਿਆਸੀ ਅਤੇ ਬੌਧਿਕ ਲਹਿਰਾਂ ਵਿਚਾਰ ਅਤੇ ਕਿਰਦਾਰ ਦੀ ਬੇਬਾਕ ਪੜਚੋਲ ਦਾ ਸਬੱਬ ਬਣਦੀਆਂ ਹਨ। ਇਹ ਪੜਚੋਲ ਸਾਹਮਣੀ ਧਿਰ ਬਾਬਤ ਸਮਝ ਬਣਾਉਣ ਦੇ ਨਾਲ-ਨਾਲ ਆਪਣੀ ਧਿਰ ਨੂੰ ਤਰਕ ਦੀ ਸਾਣ ਉਤੇ ਚੰਡਣ ਦੀ ਮੰਗ ਕਰਦੀ ਹੈ ਜੋ ਜੁੱਟ ਤੋਂ ਜਣੇ ਤੱਕ ਨੂੰ ਆਪਣੇ ਘੇਰੇ ਵਿਚ ਲੈਂਦੀ ਹੈ। ਇਸ ਹਵਾਲੇ ਨਾਲ ਭ੍ਰਿਸ਼ਟਾਚਾਰ ਖ਼ਿਲਾਫ਼ ਅੰਨਾ ਹਜ਼ਾਰੇ ਦੀ ਮੁਹਿੰਮ ਫ਼ੈਸਲਾਕੁਨ ਪੜਾਅ ਵਿਚੋਂ ਲੰਘ ਰਹੀ ਹੈ। ਅਰਵਿੰਦ ਕੇਜਰੀਵਾਲ, ਕਿਰਨ ਬੇਦੀ, ਅਤੇ ਭੂਸ਼ਨ ਪਿਉ-ਪੁੱਤ ਦੀਆਂ ਦਲੀਲਾਂ 'ਰੌਬਿਨ ਹੁੱਡੀ' ਸ਼ਰਧਾ ਦੀ ਥਾਂ ਬੇਬਾਕ ਬਹੁ-ਪਸਾਰੀ ਪੜਚੋਲ ਦੀ ਮੰਗ ਕਰਦੀਆਂ ਹਨ। ਭਾਰਤੀ ਆਵਾਮ ਦੇ ਦਿਲ-ਦਿਮਾਗ ਵਿਚ ਸਮਾਜਿਕ ਨਾਬਰਾਬਰੀ ਵਿਚ ਲਗਾਤਾਰ ਹੋ ਰਿਹਾ ਵਾਧਾ ਉਕਰਿਆ ਪਿਆ ਹੈ। ਇਸ ਨਾਬਰਾਬਰੀ ਨੂੰ ਸਰਕਾਰੀ ਸਰਪ੍ਰਸਤੀ ਹਾਸਲ ਰਹੀ ਹੈ। ਸਿਆਸੀ ਜਮਾਤ ਦੀ ਅਮੀਰੀ ਵਿਚ ਵਾਧਾ ਵਿਧਾਨ ਪਾਲਿਕਾ ਦੀ ਕਾਰਗੁਜ਼ਾਰੀ ਵਿਚ ਜੜ੍ਹਾਂ ਲਗਾਈ ਬੈਠਾ ਹੈ। ਅਫ਼ਸਰਸ਼ਾਹੀ ਦੇ ਤਨਖ਼ਾਹਾਂ ਤੋਂ ਵੱਧ ਆਮਦਨ ਸਰੋਤ ਕਾਰਜ ਪਾਲਿਕਾ ਦੀਆਂ ਚੋਰ-ਮੋਰੀਆਂ ਅਤੇ ਵਿਧਾਨ ਪਾਲਿਕਾ ਨਾਲ ਸਾਂਝ-ਭਿਆਲੀ ਵਿਚ ਜੁੜੇ ਹੋਏ ਹਨ। ਨਿਆਂਪਾਲਿਕਾ ਦੀ 'ਪਾਕੀਜ਼ਗੀ' ਅਤੇ 'ਬੇਦਾਗ਼ੀ' ਅਦਾਲਤੀ ਪੇਸ਼ਬੰਦੀਆਂ ਦੇ ਬਾਵਜੂਦ ਭਾਰਤੀ ਅਵਾਮ ਦੀ ਲੋਕਧਾਰਾ ਦਾ ਹਿੱਸਾ ਬਣ ਚੁੱਕੀ ਹੈ। ਜਮਹੂਰੀਅਤ ਦੇ ਚੌਥੇ ਥੰਮ੍ਹ ਦਾ ਖ਼ਾਸਾ ਸਮਝਣ ਲਈ ਨੀਰਾ ਰਾਡੀਆ ਦੀਆਂ ਟੇਪਾਂ, ਕਮਿਸ਼ਨਾਂ ਤੇ ਲੋਕ ਸੰਪਰਕ ਮਹਿਕਮਿਆਂ ਵਿਚ ਨਾਮਜ਼ਦ ਪੱਤਰਕਾਰਾਂ, ਖ਼ਬਰ ਰੂਪੀ ਇਸ਼ਤਿਹਾਰਾਂ, ਮੁੱਲ ਦੀਆਂ ਖ਼ਬਰਾਂ, ਸਿਆਸਤਦਾਨਾਂ ਦੀ ਚਾਪਲੂਸੀ ਅਤੇ ਦਰਬਾਨੀ ਪੱਤਰਕਾਰਾਂ ਦੇ ਬਥੇਰੇ ਕਿੱਸੇ ਹਨ। ਇਨ੍ਹਾਂ ਤੋਂ ਇਲਾਵਾ ਪ੍ਰੈੱਸ ਕਲੱਬਾਂ ਦੇ ਸਰਪ੍ਰਸਤਾਂ ਅਤੇ ਹਰ ਸ਼ਹਿਰ ਵਿਚ ਸਰਕਾਰੀ ਮਿਹਰਬਾਨੀ ਨਾਲ ਉਸਰੀਆਂ ਪੱਤਰਕਾਰਾਂ ਦੀ ਰਿਹਾਇਸ਼ੀ ਕਾਲੋਨੀਆਂ ਭ੍ਰਿਸ਼ਟਾਚਾਰ ਦੇ ਘੇਰੇ ਵਿਚ ਆਈਆਂ ਹੀ ਨਹੀਂ। ਇਹ ਸਵਾਲ ਵਕੀਲਾਂ, ਪ੍ਰੋਫ਼ੈਸਰਾਂ, ਜੱਜਾਂ, ਬੈਂਕਰਾਂ, ਫੌਜੀਆਂ ਅਤੇ ਹੋਰ ਕਸਬੀ ਜੁੱਟਾਂ ਨੂੰ ਪੁੱਛ ਹੀ ਲਿਆ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਸਰਕਾਰ ਨੇ ਰਿਹਾਇਸ਼ੀ ਕਾਲੋਨੀਆਂ ਲਈ ਸਸਤੀਆਂ ਜ਼ਮੀਨਾਂ ਕਿਉਂ ਦਿੱਤੀਆਂ ਹਨ?

ਨੌਕਰੀਪੇਸ਼ਾ ਜੁੱਟਾਂ ਦੀਆਂ ਛੋਟਾਂ ਸਮੁੱਚੇ ਆਵਾਮ ਦੇ ਖ਼ਾਤੇ ਵਿਚੋਂ ਜਾਂਦੀਆਂ ਹਨ। ਇਹ ਬਹੁਗਿਣਤੀ ਨਿਤਾਣੇ ਬੇਆਵਾਜ਼ ਅਵਾਮ ਦੇ ਖ਼ਿਲਾਫ਼ ਘੱਟਗਿਣਤੀ ਅਸਰ-ਰਸੂਖ਼ ਵਾਲੇ ਲਾਣੇ ਦਾ ਸਮੂਹਿਕ ਭ੍ਰਿਸ਼ਟਾਚਾਰ ਕਿਉਂ ਨਹੀਂ? ਬਹੁਤ ਸਾਰੇ ਕਾਰੋਬਾਰੀਆਂ ਨੇ ਸਰਕਾਰ ਤੋਂ ਸਕੂਲਾਂ, ਹਸਪਤਾਲਾਂ ਅਤੇ ਸਮਾਜਿਕ ਕੰਮਾਂ ਲਈ ਸਸਤੀਆਂ ਜ਼ਮੀਨਾਂ ਲਈਆਂ ਹਨ। ਇਨ੍ਹਾਂ ਥਾਂਵਾਂ ਉਤੇ ਗ਼ਰੀਬਾਂ ਦੀ ਭਲਾਈ ਲਈ ਦਿੱਤੇ ਹਲਫ਼ਨਾਮੇ ਲਾਗੂ ਨਹੀਂ ਹੋਏ ਪਰ ਸਰਕਾਰੀ ਨੁਮਾਇੰਦੇ ਇਨ੍ਹਾਂ ਦੇ ਉਦਘਾਟਨਾਂ ਅਤੇ ਹੋਰ ਸਮਾਗਮਾਂ ਉਤੇ ਮਿਹਰਬਾਨੀਆਂ ਕਰਨ ਦਾ ਕੋਈ ਮੌਕਾ ਨਹੀਂ ਖੁੰਝਾਉਂਦੇ। ਮੁਹਾਲੀ ਵਿਚ ਰਜਤ ਗੁਪਤਾ ਨੂੰ ਪ੍ਰਧਾਨ ਮੰਤਰੀ ਦੀਆਂ ਹਦਾਇਤਾਂ ਉਤੇ ਸੌ ਕਰੋੜ ਰੁਪਏ ਤੋਂ ਮਹਿੰਗੀ ਜ਼ਮੀਨ ਇਕ ਰੁਪਏ ਪ੍ਰਤੀ ਏਕੜ ਦੀ ਕੀਮਤ ਉਤੇ ਪੰਜਾਬ ਸਰਕਾਰ ਨੇ ਦਿੱਤੀ ਹੈ। ਸੂਬਾ ਸਰਕਾਰ ਇਸ ਨੂੰ ਆਪਣੀ ਪ੍ਰਾਪਤੀ ਮੰਨਦੀ ਹੈ। ਜਦੋਂ ਰਜਤ ਗੁਪਤਾ ਉਤੇ ਅਮਰੀਕਾ ਵਿਚ ਵਿੱਤੀ ਧੋਖਾਧੜੀ ਦਾ ਮਾਮਲਾ ਦਰਜ ਹੁੰਦਾ ਹੈ ਤਾਂ ਉਸ ਰਾਹੀਂ ਇਸ ਰੁਝਾਨ ਦੀਆਂ ਮੁਕਾਮੀ ਤੋਂ ਕੌਮਾਂਤਰੀ ਕੜੀਆਂ ਜੁੜ ਜਾਂਦੀਆਂ ਹਨ।

ਅਰਵਿੰਦ ਕੇਜਰੀਵਾਲ, ਕਿਰਨ ਬੇਦੀ ਅਤੇ ਭੂਸ਼ਨ ਪਿਉ-ਪੁੱਤ ਆਪਣੇ ਨਾਬਰ ਪਿਛੋਕੜ ਦੇ ਬਾਵਜੂਦ ਮੌਜੂਦਾ ਰਾਜਤੰਤਰ ਦੇ ਲਾਭਪਾਤਰੀ ਹਨ। ਇਸ ਰਾਜਤੰਤਰ ਦੇ ਲਾਭਪਾਤਰੀ ਹੋਣ ਲਈ

(ਬਾਕੀ ਸਫਾ 26 'ਤੇ)

# ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ:408-903-9952

ਉਮੀਦ ਨਹੀਂ, ਜੇ ਸਿਰਲੇਖ ਪੜ੍ਹਦਿਆਂ ਕਿਸੇ ਪਾਠਕ ਦੇ ਕੰਨ ਖੜ੍ਹੇ ਹੋ ਗਏ ਹੋਣ ਜਾਂ ਕਿਸੇ ਦੀਆਂ ਅੱਖਾਂ ਵਿਚ ਚਮਕ ਆ ਗਈ ਹੋਵੇ ਕਿਉਂਕਿ ਘੱਟ ਸੱਚੀ ਤੇ ਜ਼ਿਆਦਾ ਝੂਠੀ ਇਸ਼ਤਿਹਾਰਬਾਜ਼ੀ ਦੇ ਦੌਰ ਵਿਚ ਲੋਕੀਂ ਜਾਣਦੇ ਨੇ ਕਿ ਖੁਸ਼ਖਬਰੀ ਵਾਲੇ ਸਿਰਲੇਖਾਂ ਥੱਲੇ ਆਮ ਤੌਰ 'ਤੇ ਇਹੋ ਜਿਹੀਆਂ ਜਾਣਕਾਰੀਆਂ ਲਿਖੀਆਂ ਹੁੰਦੀਆਂ ਹਨ: ਕੱਪੜੇ ਦੀ ਭਾਰੀ ਸੇਲ, ਤੁਹਾਡੇ ਸ਼ਹਿਰ 'ਚ ਸਸਤਾ ਡਿੱਪੂ ਖੁੱਲ੍ਹ ਗਿਆ ਹੈ ਜਾਂ ਫਿਰ ਇਨ੍ਹਾਂ ਵਿਚ ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਦੀ ਚੋਟੀ ਤੱਕ ਹੋਣ ਵਾਲੀਆਂ ਤਮਾਮ ਬਿਮਾਰੀਆਂ ਦਾ ਪੱਕਾ ਤੇ ਸ਼ਰਤੀਆ ਇਲਾਜ ਇਕੋ ਹਕੀਮ ਪਾਸੋਂ ਕਰਵਾਉਣ ਦੇ ਦਾਅਵੇ ਕੀਤੇ ਗਏ ਹੁੰਦੇ ਹਨ। ਮਤਲਬ ਕਿ ਅਜਿਹੇ ਇਸ਼ਤਿਹਾਰਾਂ ਵਿਚ ਦਿਲ ਨੂੰ ਖੁਸ਼ ਕਰਨ ਵਾਲੀ ਖਬਰੀ ਤਾਂ ਕੋਈ ਨਹੀਂ ਹੁੰਦੀ। ਹਾਂ, ਇਸ ਦਾ ਮੁਲੰਮਾ ਚਾੜ੍ਹ ਕੇ ਅਸਲ ਵਿਚ ਪਰੋਸਿਆ ਕੁਝ ਹੋਰ ਹੀ ਹੁੰਦਾ ਹੈ ਜਿਸ ਨੂੰ ਖੁਸ਼ਖਬਰੀ ਕਹਿੰਦਿਆਂ ਵੀ ਕਚਿਆਣ ਜਿਹੀ ਆਉਣ ਲੱਗ ਪੈਂਦੀ ਹੈ।

ਨਾਟਕ, ਕਹਾਣੀ, ਕਵਿਤਾ ਜਾਂ ਕੋਈ ਲੇਖ ਲਿਖਦਿਆਂ ਬੇਸ਼ੱਕ ਥੋੜ੍ਹੀਆਂ ਬਹੁਤੀਆਂ ਕਾਲਪਨਿਕ ਉਡਾਰੀਆਂ ਵੀ ਮਾਰਨੀਆਂ ਪੈਂਦੀਆਂ ਹਨ ਪਰ ਮੇਰੀ ਹਮੇਸ਼ਾ ਇਹ ਹੀ ਕੋਸ਼ਿਸ਼ ਹੁੰਦੀ ਹੈ ਕਿ ਲਿਖਤ ਨੂੰ ਅਸਲੀਅਤ ਦੇ ਅੰਗ-ਸੰਗ ਹੀ ਰੱਖਿਆ ਜਾਵੇ ਕਿਉਂਕਿ ਖ਼ਰਬੂਜਿਆਂ ਦੇ ਭੁਲਾਵੇਂ ਕੌੜ ਤੁੰਮੇ ਬਹੁਤਾ ਚਿਰ ਨਹੀਂ ਵੇਚੇ ਜਾ ਸਕਦੇ!

ਜੇ ਭਲਾ ਕੋਈ ਦੋ ਧਿਰਾਂ ਆਪਸ ਵਿਚ ਕਈ ਵਰ੍ਹਿਆਂ ਤੋਂ ਕੌਰਵਾਂ-ਪਾਂਡਵਾਂ ਵਾਂਗ ਇਕ ਦੂਜੇ ਨਾਲ ਦੁਸ਼ਮਣੀ ਕਰਦੀਆਂ ਆ ਰਹੀਆਂ ਹੋਣ ਅਤੇ ਲੜਦਿਆਂ-ਭਿੜਦਿਆਂ ਹੀ ਇਕ ਦਮ ਰਾਜ਼ੀਨਾਮੇ ਵੱਲ ਯੂ-ਟਰਨ ਮਾਰ ਦੇਣ ਤਾਂ ਇਸ ਤੋਂ ਵੱਡੀ ਖੁਸ਼ਖਬਰੀ ਕਿਹੜੀ ਹੋ ਸਕਦੀ ਹੈ? ਕਾਲੇ ਮੂੰਹ ਵਾਲੇ ਕਲੇਸ਼ ਦਾ ਖ਼ਾਤਮਾ ਹੁੰਦਾ ਕਿਸ ਨੂੰ ਮਾੜਾ ਲਗਦਾ ਹੈ? ਜੇ ਭੱਜੀਆਂ ਬਾਹਾਂ ਗਲ ਨੂੰ ਆਉਣ ਤਾਂ ਖੁਸ਼ੀ ਹੋਣੀ ਜਾਇਜ਼ ਹੀ ਹੁੰਦੀ ਹੈ। ਫਾਟੋ-ਧਾੜ ਬੇਇਤਫ਼ਾਕੀ ਤਾਂ ਹਰ ਥਾਂ ਹੀ ਮਾੜੀ ਹੁੰਦੀ ਹੈ ਪਰ ਜਿਥੇ ਕਿਤੇ ਇਕੋ ਇਸ਼ਟ, ਇਕੋ ਆਸ਼ਾ ਤੇ ਇਕੋ ਖਾਣ-ਪੀਣ-ਪਹਿਨਣ ਵਾਲੇ ਬੰਦੇ ਜਾਂ ਧੜੇ, ਇਕ ਦੂਜੇ ਵੱਲ ਨਿਸ਼ਾਨੇ ਸੇਧੀ ਬੈਠੇ ਹੋਣ, ਉਥੇ ਮੇਲ ਮਿਲਾਪ ਕਰਾਉਣ ਦੀਆਂ ਕੋਸ਼ਿਸ਼ਾਂ ਨੂੰ ਬਹੁਤ ਔਖਾ ਬੂਰ ਪੈਂਦਾ ਹੁੰਦਾ ਹੈ। ਜੇ ਕਿਤੇ ਰੱਬੋਂ ਹੀ ਅਜਿਹਾ ਹੋ ਜਾਏ ਤਾਂ ਇਹ ਕ੍ਰਿਸ਼ਮਾ ਹੀ ਹੋ ਨਿਬੜਦਾ ਹੈ। ਇਕ ਐਸੇ ਹੀ ਇਤਿਹਾਸਕ ਕ੍ਰਿਸ਼ਮੇ ਦਾ ਹਵਾਲਾ ਦੇ ਕੇ ਅੱਜ ਦੀ ਖੁਸ਼ਖਬਰੀ ਦਾ ਖੁਲਾਸਾ ਕਰਦੇ ਹਾਂ।

ਈਸਵੀ ਸੰਨ 1748 ਦੇ ਸਮੇਂ ਦੌਰਾਨ ਲਾਹੌਰ ਦਾ ਗਵਰਨਰ ਮੀਰ ਮੰਨੂ ਅਤੇ ਜਲੰਧਰ ਦਾ ਹਾਕਮ ਅਦੀਨਾ ਬੇਗ ਸੀ। ਉਨ੍ਹਾਂ ਦਿਨਾਂ ਵਿਚ ਹੀ ਦਲ ਖਾਲਸੇ ਦੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੂੰ ਕਿਸੇ ਗੁਨਾਹ ਬਦਲੇ ਪੰਥ 'ਚੋਂ ਛੇਕ ਦਿੱਤਾ ਗਿਆ। ਉਹ ਆਪਣੇ ਹੋਰ ਕਈ ਸਾਥੀਆਂ ਸਮੇਤ ਅਦੀਨਾ ਬੇਗ ਦੀ ਫੌਜ ਵਿਚ ਜਾ ਭਰਤੀ ਹੋਇਆ। ਇੱਧਰ ਦੀਵਾਲੀ ਮੌਕੇ ਦਲ ਖਾਲਸਾ ਸ੍ਰੀ ਅੰਮ੍ਰਿਤਸਰ ਵਿਖੇ ਬਣਾਏ ਆਪਣੇ ਕਿਲੇ ਰਾਮ ਰੌਣੀ ਵਿਚ ਪਹੁੰਚ ਗਿਆ। ਹਰਿਮੰਦਰ ਸਾਹਿਬ ਵਿਖੇ ਪਾਠ ਕੀਰਤਨ ਅਤੇ ਦੀਪ ਮਾਲਾ ਮਗਰੋਂ ਮੁੜ ਕਿਲੇ 'ਚ ਪਰਤਣ 'ਤੇ ਦਲ ਖਾਲਸੇ ਨੂੰ ਅਦੀਨਾ ਬੇਗ ਦੀ ਫੌਜ ਨੇ ਘੇਰਾ ਪਾ ਲਿਆ। ਲਾਹੌਰੋਂ ਮੀਰ ਮੰਨੂੰ ਦਾ ਕਰੜਾ ਹੁਕਮ ਆ ਗਿਆ ਕਿ ਸਿੱਖਾਂ ਦਾ ਖੁਰਾ ਖੋਜ ਮਿਟਾ ਦਿੱਤਾ ਜਾਵੇ।

ਰਾਮ ਰੌਣੀ ਕਿਲੇ ਵਿਚ ਪੰਜ ਕੁ ਸੌ ਸਿੰਘ ਸਨ ਪਰ ਉਨ੍ਹਾਂ ਨੂੰ ਖਤਮ ਕਰਨ ਲਈ ਬਾਹਰ ਹਜ਼ਾਰਾਂ ਦੀ ਗਿਣਤੀ 'ਚ ਮੁਗਲ ਫੌਜ ਸੀ। ਲੜਾਈ ਸ਼ੁਰੂ ਹੋ ਗਈ। ਰੋਜ਼ ਅੱਗ ਦਾ ਮੀਂਹ ਵਰਸਣ ਲੱਗਾ। ਕਦੀ ਕਦੀ ਜਥਿਆਂ ਦੇ ਰੂਪ 'ਚ ਸਿੰਘ ਕਿਲੇ ਤੋਂ ਬਾਹਰ ਆਉਂਦੇ, ਖੋਹ-ਖਿੰਝ ਕਰਦੇ ਮਰਦੇ-ਮਾਰਦੇ ਫਿਰ ਅੰਦਰ ਜਾ ਵੜਦੇ। ਕਈ ਵਾਰ ਦੁਸ਼ਮਣ ਦਾ ਜ਼ੋਰ ਪੈਣ 'ਤੇ ਸ਼ਹੀਦ ਹੋ ਜਾਂਦੇ। ਘੇਰਾ ਦੋ ਮਹੀਨੇ ਪਿਆ ਰਿਹਾ। ਅੰਦਰੋਂ ਦਾਣਾ ਫੱਕਾ ਅਤੇ ਘੋੜਿਆਂ ਦਾ ਅੰਨ ਦਾਣਾ ਮੁੱਕ ਪਿਆ। ਰੋਜ਼ ਦੇ ਟਾਕਰਿਆਂ ਕਾਰਨ ਪੰਜ ਸੌ ਵਿਚੋਂ ਦੋ ਸੌ ਸਿੰਘ ਸ਼ਹੀਦ ਹੋ ਚੁੱਕੇ ਸਨ। ਬਾਕੀ ਬਚਿਆਂ ਨੇ ਇਕ ਸ਼ਾਮ ਆਖਰੀ ਲੜਾਈ ਕਰ ਕੇ ਸ਼ਹੀਦੀਆਂ ਪਾਉਣ ਦਾ ਮਤਾ ਪਕਾ ਲਿਆ।

ਕਿਲੇ ਅੰਦਰਲੇ ਸਿੰਘਾਂ ਦਾ ਇਕ ਸੂਹੀਆ ਭੇਸ ਵਟਾ ਕੇ ਦੁਸ਼ਮਣ ਫੌਜ ਦਾ ਅੰਦਾਜ਼ਾ ਲਾਉਣ ਲਈ ਰਾਤ ਵੇਲੇ ਬਾਹਰ ਆਇਆ। ਕਿਲੇ ਦੀ ਜਿਸ ਗੁੱਠ ਤੋਂ ਉਹ ਬਾਹਰ ਨਿਕਲਿਆ, ਉਥੇ ਅਦੀਨਾ ਬੇਗ ਦੀ ਫੌਜ ਵਿਚ ਸ਼ਾਮਲ ਸ. ਜੱਸਾ ਸਿੰਘ ਰਾਮਗੜ੍ਹੀਆ ਆਪਣੇ ਸਾਥੀ ਸੈਨਿਕਾਂ ਨਾਲ ਡਟਿਆ ਖੜ੍ਹਾ ਸੀ। ਸੂਹੀਏ ਨੇ ਰਾਮਗੜ੍ਹੀਏ ਸਰਦਾਰ ਦੀਆਂ ਅੱਖਾਂ 'ਚ ਅੱਖਾਂ ਪਾਉਂਦਿਆਂ ਕਿਹਾ, "ਅੱਛਾ, ਤੁਸੀਂ ਵੀ ਰਾਮ ਰੌਣੀ ਦੇ ਸਿੰਘਾਂ ਦੇ ਕਾਤਲਾਂ ਵਿਚ ਸ਼ਾਮਲ ਹੋ?"

ਕਹਿੰਦੇ ਨੇ ਇਹ ਵਾਕ ਸੁਣਦਿਆਂ ਹੀ ਜੱਸਾ ਸਿੰਘ ਰਾਮਗੜ੍ਹੀਏ ਦੀਆਂ ਅੱਖਾਂ ਛਲਕ ਪਈਆਂ। ਸਰਦਾਰ ਰਾਮਗੜ੍ਹੀਏ ਨੇ ਸੂਹੀਏ ਨੂੰ ਇਕ ਪਾਸੇ ਕਰਕੇ ਆਖਿਆ ਕਿ ਸਿੰਘ ਜੀ, ਜਿਵੇਂ ਵੀ ਕਰੋ, ਪੰਥ ਸਾਨੂੰ ਵਿਛੜਿਆਂ ਨੂੰ ਮਿਲਾ ਲਵੇ। ਅੱਗੋਂ ਸੂਹੀਏ ਨੇ ਦੱਸਿਆ ਕਿ ਅੰਦਰਲੇ ਸਿੰਘ ਤਾਂ ਸ਼ਹੀਦੀ ਪਾਉਣ ਲਈ ਤਿਆਰ ਬੈਠੇ ਨੇ। ਜੇ ਤੁਸੀਂ ਸ਼ਹੀਦੀਆਂ 'ਚ ਹਿੱਸੇਦਾਰ ਬਣਨਾ ਚਾਹੋ ਤਾਂ ਇਹਦਾ ਫਲ ਤੁਹਾਨੂੰ ਗੁਰੂ ਮਹਾਰਾਜ ਦੇਣਗੇ। ਇਹ ਗੱਲ ਸੁਣ ਕੇ ਸਰਦਾਰ ਰਾਮਗੜ੍ਹੀਏ ਦੇ ਦਿਲ 'ਤੇ ਬੜੀ ਸੱਟ ਵੱਜੀ। ਉਸ ਨੇ ਉਸੇ ਵੇਲੇ ਚਿੱਠੀ ਲਿਖ ਕੇ ਤੀਰ ਨਾਲ ਬੰਨ੍ਹ ਕੇ ਕਿਲੇ ਅੰਦਰ ਸੁੱਟੀ, "ਪੰਥ ਮੇਰੀ ਭੁੱਲ ਬਖ਼ਸ਼ ਦੇਵੇ ਤਾਂ ਮੈਂ ਵੈਰੀ ਦਾ ਸਾਥ ਛੱਡ ਕੇ ਆਪਣੇ ਭਰਾਵਾਂ ਦਾ ਸਾਥ ਦੇਣ ਲਈ ਤਿਆਰ ਹਾਂ।"

ਉਸੇ ਤਰ੍ਹਾਂ ਕਿਲੇ ਅੰਦਰੋਂ ਸਿੰਘਾਂ ਨੇ ਤੀਰ ਨਾਲ ਬੰਨ੍ਹ ਕੇ ਆਪਣਾ ਜਵਾਬ ਬਾਹਰ ਵੱਲ ਸੁੱਟਿਆ, "ਗੁਰੂ ਬਖ਼ਸ਼ਣਹਾਰ ਹੈ। ਜੇ ਤੂੰ ਚਾਹੇਂ ਤਾਂ ਇਸ ਵੇਲੇ ਪੰਥ ਦੀ ਸ਼ਰਨ ਆ ਸਕਦਾ ਹੈਂ।" ਬੱਸ ਫਿਰ ਕੀ ਸੀ! 'ਜੈਸੇ ਰਣ ਮਹਿ ਸਾਖਾ ਭਰਾਤ' ਦੇ ਗੁਰਵਾਕ ਅਨੁਸਾਰ ਵਿਛੜੇ ਭਰਾਵਾਂ ਦੇ ਮੇਲੇ ਹੋ ਗਏ। ਜ਼ਰਾ ਅੰਦਾਜ਼ਾ ਲਾਓ ਕਿ ਉਸ ਵੇਲੇ ਕਿਲੇ ਅੰਦਰ ਕਿਹੋ ਜਿਹਾ ਮਾਹੌਲ ਬਣਿਆ ਹੋਵੇਗਾ ਅਤੇ ਸਿੰਘਾਂ ਨੇ ਕਿਵੇਂ ਆਕਾਸ਼ ਗੁੰਜਾਊ ਜੈਕਾਰੇ ਗਜਾਏ ਹੋਣਗੇ!

ਸਿਤਮ ਦੀ ਗੱਲ ਹੈ ਕਿ ਸਾਡੇ ਪੁਰਖ਼ੇ ਮੈਦਾਨੇ-ਜੰਗ ਵਿਚ ਵੀ ਗੁਰੂ ਨੂੰ ਯਾਦ ਕਰਕੇ ਗਿਲੇ ਸ਼ਿਕਵੇ ਭੁਲਾਉਂਦਿਆਂ ਇਕ ਮਿਕ ਹੋ ਜਾਂਦੇ ਸਨ ਪਰ ਅਸੀਂ ਅੱਜ ਦੇ ਸਿੱਖਾਂ ਨੇ ਗੁਰੂਘਰਾਂ ਨੂੰ ਜੰਗ ਦੇ ਅਖਾੜੇ ਬਣਾਇਆ ਹੋਇਆ ਹੈ, ਲੇਕਿਨ ਅਜਿਹੇ ਮਾਹੌਲ ਵਿਚ ਵੀ ਜਦ ਕਿਤਿਉਂ ਲੜਾਈ ਮੁੱਕਣ ਦੀ ਖ਼ਬਰ ਆਉਂਦੀ ਹੈ ਤਾਂ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਭਾਦੋਂ ਦੇ ਕਹਿਰ ਭਰੇ ਹੁੰਮਸ ਵਿਚ ਕਿਤਿਉਂ ਹਵਾ ਦਾ ਕੋਈ ਠੰਢਾ ਸੀਤ ਬੁੱਲਾ ਰੁਮਕ ਪਿਆ ਹੋਵੇ।

ਗੁਰਦੁਆਰਿਆਂ ਦੀਆਂ ਲੜਾਈਆਂ ਸੁਣ ਸੁਣ ਕੇ ਤਪੇ ਹੋਏ ਹਿਰਦਿਆਂ ਨੂੰ ਠੰਢਕ ਦੇਣ ਵਾਲਾ ਬੁੱਲਾ ਰੁਮਕਿਆ ਹੈ ਕੈਲੀਫੋਰਨੀਆ ਦੇ ਫਰੀਮਾਂਟ ਗੁਰਦੁਆਰਾ ਸਾਹਿਬ ਤੋਂ। ਉਹ ਗੁਰਦੁਆਰਾ, ਜੋ ਪੂਰੇ ਅਮਰੀਕਾ ਦੇ ਸਿੱਖਾਂ ਦੀ ਸਮਾਜਿਕ, ਧਾਰਮਿਕ ਅਤੇ ਸਿਆਸੀ ਅਗਵਾਈ 'ਤੇ ਅਸਰ-ਅੰਦਾਜ਼ ਹੁੰਦਾ ਹੈ, ਉਥੋਂ ਇਹ ਖੁਸ਼ਖਬਰੀ ਆਈ ਹੈ ਕਿ ਉਥੋਂ ਦੇ ਮੌਜੂਦਾ ਪ੍ਰਬੰਧਕ ਅਤੇ ਪ੍ਰਬੰਧਕ ਬਣਨ ਦੀ ਸਮਰੱਥਾ ਰੱਖਣ ਵਾਲੀ ਦੂਜੀ ਧਿਰ, ਦੋਹਾਂ ਉਤੇ ਹੀ ਗੁਰੂ ਨੇ ਰਹਿਮਤ ਕੀਤੀ ਹੈ। ਦੋਵੇਂ ਗਰੁਪ ਗਣਤੰਤਰੀ ਦੀ ਬਜਾਏ ਗੁਣਤੰਤਰੀ ਵਾਲੀ ਸਿੱਖ ਜੁਗਤ ਅਪਨਾਉਣ ਲਈ ਸਿਰ ਜੋੜ ਕੇ ਬੈਠਕਾਂ ਕਰ ਰਹੇ ਹਨ। ਦੋਹਾਂ ਧਿਰਾਂ ਦੇ ਮੁੱਖ ਨੁਮਾਇੰਦਿਆਂ ਨੇ ਜਾਰੀ ਕੀਤੇ ਸਾਂਝੇ ਬਿਆਨ ਵਿਚ ਗੁਰਮਤਿ ਤੋਂ ਰੌਸ਼ਨੀ ਲੈਣ ਦੀ ਪ੍ਰਤਿਗਿਆ ਦ੍ਰਿੜਾਈ ਹੈ ਜਿਸ ਅਨੁਸਾਰ ਸਾਰੇ ਪੁਆੜਿਆਂ ਦੀ ਜੜ੍ਹ ਇਲੈਕਸ਼ਨ ਨਾਂ ਦੀ ਬਿਮਾਰੀ ਤੋਂ ਨਿਜਾਤ ਪਾ ਕੇ ਸਿਲੈਕਸ਼ਨ ਅਪਨਾਉਣ ਦੇ ਢੰਗ-ਤਰੀਕੇ ਤਲਾਸ਼ਣ ਦੇ ਉਪਰਾਲੇ ਸ਼ੁਰੂ ਕੀਤੇ ਜਾ ਚੁੱਕੇ ਹਨ। ਕਲਗੀਆਂ ਵਾਲਾ ਪਾਤਸ਼ਾਹ ਰਹਿਮਤ ਕਰੇ! ਅਰੰਭੇ ਉਦਮ ਜਲਦੀ ਫਲੀ-ਭੂਤ ਹੋਣ!! ਇਕ ਦੂਜੇ ਦੀ ਬਦਖੋਈ ਕਰਦੇ ਇਸ਼ਤਿਹਾਰਾਂ ਦੀ ਥਾਂ ਗੁਰਮਤਿ ਫਿਲਾਸਫੀ ਦੀ ਉਪਮਾ ਦੇ ਰੰਗਦਾਰ ਇਸ਼ਤਿਹਾਰ ਛਪਣ!!!

ਇਕ ਗੱਲ ਤੋਂ ਸਾਰੇ ਚੌਕੰਨੇ ਰਹਿਣ। ਉਹ ਇਹ ਕਿ ਸਾਡੀ ਕੌਮ ਵਿਚ ਸਿਰ ਜੋੜਨ ਵਾਲਿਆਂ ਨਾਲੋਂ ਭਾਨੀ ਮਾਰ ਤਬਕਾ ਜ਼ਿਆਦਾ ਤਿੱਖਾ ਤੇ ਤੇਜ਼ ਹੁੰਦਾ ਹੈ। ਸੰਨ '67 ਵਿਚ ਅਕਾਲੀਆਂ ਦੀ ਏਕਤਾ ਬਾਰੇ ਜੋਗਾ ਸਿੰਘ ਜੋਗੀ ਕਵੀਸ਼ਰ ਨੇ ਇਨ੍ਹਾਂ ਪੰਕਤੀਆਂ ਰਾਹੀਂ ਏਕਾ ਕਰਨ ਵਾਲੇ ਅਕਾਲੀਆਂ ਨੂੰ ਸਾਵਧਾਨ ਕੀਤਾ ਸੀ,

ਏਕੇ ਦੀਆਂ ਲਗਰਾਂ ਫੁੱਟੀਆਂ ਨੇ
ਗਾਂਧੀ ਦੀ ਬੱਕਰੀ ਖਾਵੇ ਨਾ।

ਭਰਾਵੋ, ਅੱਵਲ ਤਾਂ ਕੌਮੀ ਦੁਸ਼ਮਣਾਂ ਨੇ ਸਾਡੇ ਗਲ ਬਖੇੜੇ ਹੀ ਇੰਨੇ ਪਾ ਦਿੱਤੇ ਹੋਏ ਨੇ ਕਿ ਏਕੇ ਦੀਆਂ ਲਗਰਾਂ ਫੁੱਟਣ ਦੇ ਇਮਕਾਨ ਹੀ ਮੱਧਮ ਹੁੰਦੇ ਜਾ ਰਹੇ ਨੇ ਪਰ ਜੇ ਕਿਤੇ ਫਰੀਮਾਂਟ ਵਾਂਗ ਏਕੇ ਦੀਆਂ ਲਗਰਾਂ ਫੁੱਟ ਹੀ ਪਈਆਂ ਹਨ ਤਾਂ ਇਨ੍ਹਾਂ ਨਰਮ ਲਗਰਾਂ ਦਾ ਬੁਰਕ ਭਰਨ ਲਈ ਬੱਕਰੀਆਂ ਨਹੀਂ, ਸਗੋਂ ਹੁਣ ਬੋਕ ਫਿਰਦੇ ਨੇ। ਇਨ੍ਹਾਂ ਤੋਂ ਆਪਣਾ ਆਪ ਬਚਾਅ ਕੇ ਏਕਤਾ ਵੱਲ ਵਧੋ। ਜੇ ਸਤਿਗੁਰੂ ਨੇ ਕਾਮਯਾਬੀ ਬਖ਼ਸ਼ ਦਿੱਤੀ ਤਾਂ ਫਰੀਮਾਂਟ ਗੁਰਦੁਆਰਾ ਦੇਸ਼-ਵਿਦੇਸ਼ ਦੇ ਗੁਰਦੁਆਰਾ ਪ੍ਰਬੰਧਕਾਂ ਲਈ ਚਾਨਣ ਮੁਨਾਰਾ ਬਣੇਗਾ। ਆਮੀਨ!

## ਬਰਤਾਨੀਆ 'ਚ ਅੰਗਰੇਜ਼ੀ ਦਾ ਨਿਯਮ ਸਹੀ ਕਰਾਰ

**ਲੰਡਨ:** ਭਾਰਤ ਜਿਹੇ ਅੰਗਰੇਜ਼ੀ ਨਾ ਬੋਲਣ ਵਾਲੇ ਮੁਲਕਾਂ ਦੇ ਆਵਾਸੀਆਂ ਪ੍ਰਤੀ ਸਖਤੀ ਕਰਦਿਆਂ ਬਰਤਾਨਵੀ ਹਾਈ ਕੋਰਟ ਨੇ ਉਹ ਕਾਨੂੰਨੀ ਚੁਣੌਤੀ ਖਾਰਜ ਕਰ ਦਿੱਤੀ ਜੋ ਆਪਣੇ ਜੀਵਨ ਸਾਥੀਆਂ ਨਾਲ ਰਹਿਣ ਲਈ ਯੂ.ਕੇ. ਆਉਣ ਵਾਲੇ ਲੋਕਾਂ ਦੇ ਅੰਗਰੇਜ਼ੀ ਬੋਲ ਸਕਣ ਦੇ ਸਮਰੱਥ ਹੋਣ ਦੇ ਨਵੇਂ ਇਮੀਗ੍ਰੇਸ਼ਨ ਨਿਯਮ ਵਿਰੁਧ ਦਾਇਰ ਕੀਤੀ ਗਈ ਸੀ।

ਬਰਤਾਨਵੀ ਨਾਗਰਿਕ ਰਸ਼ੀਦਾ ਚਾਪਤੀ (54) ਤੇ ਉਸ ਦਾ 57 ਸਾਲਾ ਭਾਰਤੀ ਪਤੀ ਵਲੀ ਚਾਪਤੀ ਇਸ ਕੇਸ ਦੇ ਤਿੰਨ ਦਾਅਵੇਦਾਰਾਂ 'ਚੋਂ ਇਕ ਜੋੜਾ ਸਨ। ਇਸ ਜੋੜੇ ਦੇ ਵਿਆਹ ਨੂੰ 37 ਵਰ੍ਹੇ ਹੋ ਚੁੱਕੇ ਹਨ ਤੇ ਇਨ੍ਹਾਂ ਦੇ 6 ਬੱਚੇ ਹਨ ਪਰ ਉਹ 15 ਸਾਲ ਤੋਂ ਲੀਸੈਸਟ ਤੇ ਭਾਰਤ ਵਿਚਾਲੇ ਵੰਡੇ ਰਹੇ ਪਰ ਵਲੀ ਚਾਪਤੀ ਅੰਗਰੇਜ਼ੀ ਬੋਲਣੀ-ਪੜ੍ਹਨੀ ਨਾ ਜਾਣਨ ਕਾਰਨ ਬਰਤਾਨੀਆ ਪੁੱਜਣੋਂ ਅਸਮਰੱਥ ਹੈ। ਚੁਣੌਤੀ 'ਚ ਕਿਹਾ ਗਿਆ ਸੀ ਕਿ ਨਵੰਬਰ 2010 'ਚ ਲਾਗੂ ਹੋਇਆ ਨਵਾਂ ਨਿਯਮ ਨਸਲ ਤੇ ਕੌਮੀਅਤ ਦੇ ਆਧਾਰ 'ਤੇ ਪੱਖਪਾਤ ਹੈ ਪਰ ਜਸਟਿਸ ਵੀਟਸਨ ਦਾ ਕਹਿਣਾ ਹੈ ਕਿ ਇਹ ਨਿਯਮ ਸਹੀ ਹੈ।

*Visit us on the web:*
***www.punjabtimesusa.com***

## ਕਾਰਬਨ ਮੋਨੋਆਕਸਾਈਡ ਡਿਟੈਕਟਰਾਂ ਦਾ ਖਿਆਲ ਰੱਖੋ

### ਕੰਮ ਦੀ ਗੱਲ

ਅਮਰੀਕਾ ਵਿਚ ਠੰਡ ਹੋਣ ਕਾਰਨ ਬਹੁਤੇ ਘਰਾਂ ਵਿਚ ਘਰ ਨੂੰ ਗਰਮ ਕਰਨ ਲਈ ਗੈਸ ਫਰਨੇਸ ਦੀ ਵਰਤੋਂ ਕੀਤੀ ਜਾਂਦੀ ਹੈ ਜੋ ਕਿ ਕਾਰਬਨ ਮੋਨੋਆਕਸਾਈਡ ਵੀ ਪੈਦਾ ਕਰਦੀ ਹੈ। ਆਮ ਹਾਲਤਾਂ ਵਿਚ ਕਾਰਬਨ ਮੋਨੋਆਕਸਾਈਡ ਧੂੰਏਂ ਨਾਲ ਐਗਜ਼ਾਸਟ ਰਾਹੀਂ ਘਰ ਤੋਂ ਬਾਹਰ ਨਿਕਲ ਜਾਂਦੀ ਹੈ ਪਰ ਕਈ ਵਾਰ ਹੀਟ ਫਰਨੇਸ ਦੇ ਹੀਟ ਐਕਸਚੇਂਜਰ ਵਿਚ ਤਰੇੜਾਂ ਪੈ ਜਾਣ ਕਾਰਨ ਕਾਰਬਨ ਮੋਨੋਆਕਸਾਈਡ ਘਰ ਦੇ ਅੰਦਰਲੀ ਹਵਾ ਵਿਚ ਮਿਲਣੀ ਸ਼ੁਰੂ ਹੋ ਜਾਂਦੀ ਹੈ।

ਰੰਗਹੀਣ ਅਤੇ ਗੰਧਹੀਣ ਹੋਣ ਕਰਕੇ ਇਹ ਗੈਸ ਰਿਸਣ ਦਾ ਪਤਾ ਵੀ ਨਹੀਂ ਲੱਗਦਾ ਪਰ ਇਹ ਬਹੁਤ ਖਤਰਨਾਕ ਸਾਬਤ ਹੋ ਸਕਦੀ ਹੈ। ਇਸ ਕਰ ਕੇ ਘਰ ਦੇ ਅੰਦਰ ਕਾਰਬਨ ਮੋਨੋਆਕਸਾਈਡ ਡਿਟੈਕਟਰ ਜ਼ਰੂਰ ਲੱਗੇ ਹੋਏ ਹੋਣੇ ਚਾਹੀਦੇ ਹਨ। ਸਿਰਫ ਲੱਗੇ ਹੀ ਨਹੀਂ ਹੋਣੇ ਚਾਹੀਦੇ ਸਗੋਂ ਠੀਕ ਤਰ੍ਹਾਂ ਨਾਲ ਕੰਮ ਕਰਦੇ ਵੀ ਹੋਣੇ ਚਾਹੀਦੇ ਹਨ ਤਾਂ ਜੋ ਘਰ ਅੰਦਰ ਕਾਰਬਨ ਮੋਨੋਆਕਸਾਈਡ ਰਿਸਣ ਦਾ ਪਤਾ ਚੱਲ ਸਕੇ। ਬਹੁਤੇ ਸ਼ਹਿਰਾਂ ਵਿਚ ਕਿਰਾਏ ਵਾਲੇ ਮਕਾਨਾਂ ਵਿਚ ਸਿਟੀ ਪ੍ਰਸ਼ਾਸਨ ਵਲੋਂ ਕਾਨੂੰਨਨ ਇਹ ਜ਼ਰੂਰੀ ਕਰਾਰ ਦਿੱਤੇ ਗਏ ਹਨ।

ਸਭਨਾਂ ਨੂੰ ਸਲਾਹ ਹੈ ਕਿ ਕਾਰਬਨ ਮੋਨੋਆਕਸਾਈਡ ਡਿਟੈਕਟਰ ਦੀ ਬੈਟਰੀ ਸਮੇਂ ਸਮੇਂ ਚੈਕ ਕਰਦੇ ਰਹਿਣਾ ਚਾਹੀਦਾ ਹੈ। ਚੰਗੀ ਕੁਆਲਿਟੀ ਦੇ ਡਿਟੈਕਟਰ ਆਪ ਹੀ ਬੈਟਰੀ ਲੋਅ ਹੋਣ 'ਤੇ ਚਿਤਾਵਨੀ ਦੇ ਦਿੰਦੇ ਹਨ। ਇਸ ਸਬੰਧੀ ਲਾਹਪ੍ਰਵਾਹੀ ਬਹੁਤ ਘਾਤਕ ਸਾਬਤ ਹੋ ਸਕਦੀ ਹੈ।

*-ਗੁਰਮੀਤ ਸਿੰਘ ਢੋਟ*
*ਫੋਨ:281-650-8500*

## ਸੰਗਤ ਦਾ ਚੁਣਨ ਦਾ ਹੱਕ ਨਾ ਮਾਰਿਆ ਜਾਵੇ

### ਤੁਹਾਡੀ ਰਾਏ

ਗੁਰਦੁਆਰਾ ਫਰੀਮਾਂਟ ਦੀ ਪ੍ਰਬੰਧਕ ਕਮੇਟੀ ਦੀ ਚੋਣ ਹੋਣ ਦੀ ਥਾਂ ਆਪਸੀ ਸਹਿਮਤੀ ਨਾਲ ਸਿਲੈਕਸ਼ਨ ਕਰਨ ਸਬੰਧੀ ਖਬਰ ਪੜ੍ਹ ਕੇ ਬਹੁਤ ਹੈਰਾਨੀ ਹੋਈ। ਇਹ ਗੱਲ ਕਿਸੇ ਨੂੰ ਭੁੱਲੀ ਨਹੀਂ ਕਿ ਇਸ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੀ ਚੋਣ ਸਿੱਧੀ ਚੋਣ ਪ੍ਰਣਾਲੀ ਰਾਹੀਂ ਕਰਨ ਦਾ ਹੱਕ ਸੰਗਤ ਨੇ ਬੜੀ ਜੱਦੋਜਹਿਦ ਪਿਛੋਂ ਹਾਸਲ ਕੀਤਾ ਸੀ। ਚੋਣ ਪ੍ਰਣਾਲੀ ਨੂੰ ਛੱਡ ਕੇ ਮੌਜੂਦਾ ਪ੍ਰਬੰਧਕਾਂ ਵਲੋਂ ਇਸ ਤਾਂ ਅਖੌਤੀ ਸਿਲੈਕਸ਼ਨ ਪ੍ਰਣਾਲੀ ਅਪਨਾਉਣ ਸਬੰਧੀ ਬਿਆਨਬਾਜ਼ੀ ਪੜ੍ਹ ਕੇ ਸੰਗਤ ਵਿਚ ਨਿਰਾਸ਼ਾ ਦੀ ਲਹਿਰ ਦੌੜ ਗਈ ਹੈ। ਮੌਜੂਦਾ ਪ੍ਰਬੰਧਕਾਂ ਨੂੰ ਬੇਨਤੀ ਹੈ ਕਿ ਆਪਣੇ ਨੁਮਾਇੰਦੇ ਵੋਟ ਦੇ ਹੱਕ ਰਾਹੀਂ ਚੁਣਨ ਦੇ ਸੰਗਤ ਦੇ ਅਧਿਕਾਰ ਉਤੇ ਡਾਕਾ ਨਾ ਮਾਰਿਆ ਜਾਵੇ ਅਤੇ ਇਸ ਨੂੰ ਬਹਾਲ ਰੱਖਿਆ ਜਾਵੇ। ਸੰਗਤ ਦੇ ਵੋਟ ਦੇ ਅਧਿਕਾਰ ਉਪਰ ਡਾਕੇ ਦੀ ਸੂਰਤ ਵਿਚ ਪ੍ਰਬੰਧਕਾਂ ਨੂੰ ਮੁੜ ਅਦਾਲਤੀ ਝਗੜਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

*-ਗਿਆਨੀ ਅਜਮੇਰ ਸਿੰਘ, ਫੋਨ:209-247-6595*

## ਜਾਇਦਾਦ ਦੀ ਖਰੀਦ-ਵੇਚ

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੂਨੀਆ ਰੀਅਲ ਅਸਟੇਟ:94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**

### ਗੁਰਬਾਣੀ ਗਿਆਨ

## ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੂ ਮਿਲਿਆ॥

ੴ ਸਤਿਗੁਰੂ ਪ੍ਰਸਾਦਿ॥
ਮਾਝ ਮਹਲਾ 5
ਧੰਨੁ ਸੁ ਵੇਲਾ ਜਿਤੁ ਮੈ ਸਤਿਗੁਰੂ ਮਿਲਿਆ॥
ਸਫ਼ਲੁ ਦਰਸਨੁ ਨੇਤ੍ਰ ਪੇਖਤ ਤਰਿਆ॥
ਧੰਨੁ ਮੂਰਤ ਚਸੇ ਪਲ ਘੜੀਆ
ਧੰਨੁ ਸੁ ਓਇ ਸੰਜੋਗਾ ਜੀਉ॥1॥
ਉਦਮੁ ਕਰਤ ਮਨੁ ਨਿਰਮਲੁ ਹੋਆ॥
ਹਰਿ ਮਾਰਗਿ ਚਲਤ ਭ੍ਰਮੁ ਸਗਲਾ ਖੋਇਆ॥
ਨਾਮੁ ਨਿਧਾਨੁ ਸਤਗੁਰੂ ਸੁਣਾਇਆ
ਮਿਟਿ ਗਏ ਸਗਲੇ ਰੋਗਾ ਜੀਉ॥2॥
ਅੰਤਰਿ ਬਾਹਰਿ ਤੇਰੀ ਬਾਣੀ॥
ਤੁਧੁ ਆਪਿ ਕਥੀ ਤੈ ਆਪਿ ਵਖਾਣੀ॥
ਗੁਰਿ ਕਹਿਆ ਸਭੁ ਏਕੋ ਏਕੋ
ਅਵਰੁ ਨ ਕੋਈ ਹੋਇਗਾ ਜੀਉ॥3॥
ਅੰਮ੍ਰਿਤ ਰਸੁ ਹਰਿ ਗੁਰ ਤੇ ਪੀਆ॥
ਹਰਿ ਪੈਨਣੁ ਨਾਮੁ ਭੋਜਨੁ ਥੀਆ॥
ਨਾਮਿ ਰੰਗ ਨਾਮਿ ਚੋਜ ਤਮਾਸੇ
ਨਾਉ ਨਾਨਕ ਕੀਨੇ ਭੋਗਾ ਜੀਉ॥4॥

ਇਸ ਸ਼ਬਦ ਵਿਚ ਗੁਰਦੇਵ ਗੁਰੂ ਦੇ ਮਿਲਾਪ ਦੀਆਂ ਸਿਫ਼ਤਾਂ ਕਰਦੇ ਹਨ ਕਿ ਹੇ ਭਾਈ! ਮੇਰੇ ਲਈ ਤਾਂ ਉਹ ਵੇਲਾ ਸਭ ਤੋਂ ਕਰਮਾਂ ਵਾਲਾ ਸੀ ਜਦੋਂ ਮੈਨੂੰ ਗੁਰੂ ਮਿਲਿਆ ਤੇ ਗੁਰੂ ਦਰਸ਼ਨ ਮੇਰੇ ਲਈ ਫਲਦਾਇਕ ਹੋਇਆ, ਤੇ ਮੈਂ ਆਪਣੀਆਂ ਅੱਖਾਂ ਨਾਲ ਗੁਰੂ ਦਾ ਦੀਦਾਰ ਕਰਦਿਆਂ ਹੀ ਵਿਕਾਰਾਂ ਦੇ ਸਮੁੰਦਰ ਤੋਂ ਪਾਰ ਹੋ ਗਿਆ। ਉਹ ਮਹੂਰਤ ਚੰਗੇ ਪਲ ਘੜੀਆਂ ਸਾਰੇ ਹੀ ਕਰਮਾਂ ਵਾਲੇ ਹਨ ਜਦ ਗੁਰੂ ਦਾ ਮਿਲਾਪ ਹੋਇਆ।

ਉਦਮੁ ਕਰਤ ਮਨੁ ਨਿਰਮਲੁ ਹੋਆ॥
ਹਰਿ ਮਾਰਗਿ ਚਲਤ ਭ੍ਰਮੁ ਸਗਲਾ ਖੋਇਆ॥
ਨਾਮੁ ਨਿਧਾਨੁ ਸਤਗੁਰੂ ਸੁਣਾਇਆ
ਮਿਟਿ ਗਏ ਸਗਲੇ ਰੋਗਾ ਜੀਉ॥2॥

ਹੇ ਭਾਈ! ਗੁਰੂ ਦੇ ਦੱਸੇ ਹੋਏ ਉਪਦੇਸ਼ ਸਦਕਾ ਸੇਵਾ ਸਿਮਰਨ ਕਰਨ ਲਈ ਉਦਮ ਕਰਕੇ ਮੇਰਾ ਮਨ ਨਿਰਮਲ ਹੋ ਗਿਆ ਹੈ ਅਤੇ ਪ੍ਰਭੂ ਦੇ ਮਾਰਗ 'ਤੇ ਤੁਰ ਕੇ ਸਾਰੀ ਭਟਕਣਾ ਵੀ ਮੁੱਕ ਗਈ ਹੈ। ਗੁਰੂ ਨੇ ਸਾਰੇ ਹੀ ਗੁਣਾਂ ਦਾ ਜੋ ਖ਼ਜ਼ਾਨਾ ਪ੍ਰਭੂ ਦਾ ਨਾਮ ਬਖ਼ਸ਼ਿਆ ਹੈ, ਉਸ ਦੀ ਬਖ਼ਸ਼ਿਸ਼ ਨਾਲ ਮੇਰੇ ਸਾਰੇ ਹੀ ਮਾਨਸਿਕ ਤੇ ਸੰਸਾਰਿਕ ਦੁੱਖ ਭੀ ਦੂਰ ਹੋ ਗਏ ਹਨ।

ਅੰਤਰਿ ਬਾਹਰਿ ਤੇਰੀ ਬਾਣੀ॥
ਤੁਧੁ ਆਪਿ ਕਥੀ ਤੈ ਆਪਿ ਵਖਾਣੀ॥
ਗੁਰਿ ਕਹਿਆ ਸਭੁ ਏਕੋ ਏਕੋ
ਅਵਰੁ ਨ ਕੋਈ ਹੋਇਗਾ ਜੀਉ॥3॥

ਹੇ ਮੇਰੇ ਮਿਹਰਬਾਨ ਪ੍ਰਭੂ ਜੀਓ! ਗੁਰੂ ਨੇ ਮੈਨੂੰ ਇਹ ਭੀ ਦੱਸਿਆ ਹੈ ਕਿ ਹਰ ਥਾਂ ਤੂੰ ਹੀ ਹੈਂ, ਤੂੰ ਹੀ ਹੈਂ। ਤੇਰੇ ਵਰਗਾ ਹੋਰ ਕੋਈ ਭੀ ਨਾ ਕਦੀ ਹੋਇਆ ਅਤੇ ਨਾ ਹੀ ਕਦੀ ਹੋਵੇਗਾ। ਇਸ ਲਈ ਹੇ ਮੇਰੇ ਪ੍ਰਭੂ ਜੀਓ! ਹੁਣ ਮੈਨੂੰ ਅੰਦਰ ਅਤੇ ਬਾਹਰ ਹਰ ਥਾਂ 'ਤੇ ਸਭ ਜੀਆਂ ਵਿਚ ਤੇਰੀ ਬਾਣੀ ਹੀ ਸੁਣਾਈ ਦਿੰਦੀ ਹੈ ਅਤੇ ਹਰ ਜੀਵ ਵਿਚ ਤੂੰ ਆਪ ਹੀ ਬੋਲਦਾ ਲੱਗਦਾ ਹੈਂ, ਤੇ ਪ੍ਰਭੂ ਜੀ! ਹੁਣ ਮੈਨੂੰ ਇਹ ਯਕੀਨ ਭੀ ਹੋ ਗਿਆ ਹੈ ਕਿ ਤੂੰ ਆਪ ਹੀ ਕਥਨ ਕਰਦਾ ਹੈਂ ਤੇ ਆਪ ਹੀ ਵਿਖਿਆਨ ਕਰ ਰਿਹਾ ਹੈਂ।

ਅੰਮ੍ਰਿਤ ਰਸੁ ਹਰਿ ਗੁਰ ਤੇ ਪੀਆ॥
ਹਰਿ ਪੈਨਣੁ ਨਾਮੁ ਭੋਜਨੁ ਥੀਆ॥
ਨਾਮਿ ਰੰਗ ਨਾਮਿ ਚੋਜ ਤਮਾਸੇ
ਨਾਉ ਨਾਨਕ ਕੀਨੇ ਭੋਗਾ ਜੀਉ॥4॥

ਹੇ ਪ੍ਰਭੂ ਜੀਓ! ਇਹ ਨਾਨਕ ਆਖਦਾ ਹੈ ਕਿ ਤੇਰੇ ਨਾਮ ਦਾ ਅੰਮ੍ਰਿਤ ਰੂਪੀ ਸਵਾਦ ਮੈਨੂੰ ਗੁਰੂ ਕਿਰਪਾ ਨਾਲ ਪ੍ਰਾਪਤ ਹੋਇਆ ਹੈ। ਗੁਰੂ ਕਿਰਪਾ ਸਕਦਾ ਹੁਣ ਹਰੀ ਪ੍ਰਭੂ ਦਾ ਨਾਮ ਹੀ ਮੈਂ ਪਹਿਨਦਾ ਹਾਂ, ਨਾਮ ਦਾ ਹੀ ਮੈਂ ਭੋਜਨ ਕਰਦਾ ਹਾਂ ਅਤੇ ਨਾਮ ਅੰਮ੍ਰਿਤ ਹੀ ਮੈਂ ਪੀਂਦਾ ਹਾਂ। ਪ੍ਰਭੂ ਭਗਤੀ ਵਿਚ ਜੁੜੇ ਰਹਿਣਾ ਹੀ ਮੇਰੇ ਲਈ ਸੰਸਾਰ ਦੀਆਂ ਖ਼ੁਸ਼ੀਆਂ ਹਨ ਤੇ ਸਾਰੇ ਰੰਗ-ਤਮਾਸ਼ੇ ਅਤੇ ਪ੍ਰਭੂ ਦਾ ਨਾਮ ਹੀ ਮੇਰੇ ਲਈ ਭੋਗਾਂ, ਭਾਵ ਸੰਸਾਰ ਦੇ ਪਦਾਰਥਾਂ ਦੇ ਅਨੰਦ ਮਾਣਨਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ:916-687-3536*

# ਭ੍ਰਿਸ਼ਟਾਚਾਰ ਵਿਰੁਧ 'ਵੱਖਰੀ-ਨਿਆਰੀ' ਭਾਜਪਾ ਦਾ ਰਿਕਾਰਡ

## ਸਿਆਸਤ ਦਾ ਪਿੜ



ਜਤਿੰਦਰ ਪਨੂੰ

***ਕੇਂਦਰ ਦੀ ਸਰਕਾਰ ਜਦੋਂ 2004 ਵਿਚ ਖੱਬੇ ਪੱਖੀਆਂ ਦੀ ਮਦਦ ਨਾਲ ਬਣੀ ਸੀ, ਜਿਹੜਾ ਅਕਸ ਇਸ ਦਾ ਓਦੋਂ ਦਾ ਸੀ, ਉਹ 2008 ਵਿਚ ਐਟਮੀ ਸਮਝੌਤੇ ਦੇ ਸਵਾਲ ਉਤੇ ਭਰੋਸੇ ਦਾ ਵੋਟ ਲੈਣ ਵੇਲੇ 'ਨੋਟ-ਫਾਰ-ਵੋਟ' ਦੇ ਕਾਂਡ ਨੇ ਨਹੀਂ ਸੀ ਰਹਿਣ ਦਿੱਤਾ। ਜਦੋਂ ਇਹ 2009 ਵਿਚ ਦੋਬਾਰਾ ਜਿੱਤ ਗਈ ਤਾਂ ਕ੍ਰਿਕਟ ਦੀ ਆਈ ਪੀ ਐਲ ਲੜੀ ਵਿਚ ਵਿਦੇਸ਼ ਰਾਜ ਮੰਤਰੀ ਸ਼ਸ਼ੀ ਥਰੂਰ ਤੋਂ ਸ਼ੁਰੂ ਹੋ ਕੇ ਟੈਲੀਕਾਮ ਮੰਤਰੀ ਏ. ਰਾਜਾ ਦੀ ਬਰਖਾਸਤਗੀ ਤੱਕ ਭ੍ਰਿਸ਼ਟਾਚਾਰ ਦੇ ਕਿੱਸਿਆਂ ਦੀ ਦਾਸਤਾਨ ਸ਼ੈਤਾਨ ਦੀ ਆਂਦਰ ਵਾਂਗ ਲੰਮੀ ਹੁੰਦੀ ਗਈ। ਹੁਣ ਇਸ ਦਾ ਗ੍ਰਿਹ ਮੰਤਰੀ ਪੀ. ਚਿਦੰਬਰਮ ਫਸਿਆ ਫਿਰਦਾ ਹੈ ਤੇ ਆਮ ਪ੍ਰਭਾਵ ਇਹ ਹੈ ਕਿ ਉਸ ਦਾ ਪੱਲਾ ਵੀ ਸਾਫ ਨਹੀਂ, ਇਸ ਕਰ ਕੇ ਉਸ ਨੂੰ ਸਰਕਾਰ ਦੀ ਬੇੜੀ ਡੋਬਣ ਦੀ ਬਜਾਏ ਆਪ ਅਸਤੀਫਾ ਦੇ ਜਾਣਾ ਚਾਹੀਦਾ ਹੈ, ਜਾਂ ਸਰਕਾਰ ਚਲਾਉਣ ਵਾਲਿਆਂ ਨੂੰ ਉਹ ਪੱਥਰ ਬੇੜੀ ਵਿਚੋਂ ਬਾਹਰ ਸੁੱਟ ਦੇਣਾ ਚਾਹੀਦਾ ਹੈ।***

ਭਾਰਤ ਇਸ ਵਕਤ ਇੱਕ ਬੜੇ ਸੰਵੇਦਨਸ਼ੀਲ ਦੌਰ ਵਿਚੋਂ ਗੁਜ਼ਰ ਰਿਹਾ ਹੈ। ਇਸ ਸਾਲ ਦੇ ਸ਼ੁਰੂ ਦੇ ਮਹੀਨਿਆਂ ਵਿਚ ਮਹਾਰਾਸ਼ਟਰ ਦੇ ਗਾਂਧੀਵਾਦੀ ਸਮਾਜ-ਸੇਵੀ ਬਾਬਾ ਅੰਨਾ ਹਜ਼ਾਰੇ ਨੇ ਭ੍ਰਿਸ਼ਟਾਚਾਰ ਵਿਰੁਧ ਆਪਣੇ ਸੰਘਰਸ਼ ਨੂੰ ਕੌਮੀ ਪੈਮਾਨੇ ਉਤੇ ਲੈ ਆਂਦਾ ਸੀ। ਉਸ ਦੀ ਵੇਖਾ ਵੇਖੀ ਯੋਗੀ ਬਾਬਾ ਰਾਮਦੇਵ ਨੇ ਵੀ ਪਹਿਲਾਂ ਉਸ ਦੇ ਨਾਲ ਅਤੇ ਫਿਰ ਵੱਖਰਾ ਮੋਰਚਾ ਲਾ ਕੇ ਇਹੋ ਮੁੱਦਾ ਆਪਣੇ ਢੰਗ ਨਾਲ ਉਠਾਉਣ ਦਾ ਯਤਨ ਕੀਤਾ। ਬਾਬਾ ਰਾਮਦੇਵ ਬਾਰੇ ਪਹਿਲਾਂ ਵੀ ਕਈ ਵਿਵਾਦ ਉਠਦੇ ਰਹੇ ਸਨ ਤੇ ਇਸ ਮੋਰਚੇ ਨਾਲ ਵੀ ਉਠ ਪਏ। ਪਹਿਲਾ ਵਿਵਾਦ ਇਹ ਸੀ ਕਿ ਉਹ ਕਾਂਗਰਸ ਦੀ ਸ਼ਹਿ ਉਤੇ ਅੰਨਾ ਹਜ਼ਾਰੇ ਦੇ ਮੋਰਚੇ ਨੂੰ ਫੇਲ੍ਹ ਕਰਨ ਲਈ ਮੈਦਾਨ ਵਿਚ ਅਗਾਊਂ ਬਣੀ ਰਣਨੀਤੀ ਅਧੀਨ ਆਇਆ ਹੈ, ਤੇ ਇਹ ਗੱਲ ਓਦੋਂ ਜ਼ਾਹਰ ਵੀ ਹੋ ਗਈ, ਜਦੋਂ ਇੱਕ ਮੰਤਰੀ ਨੇ ਉਸ ਦੀ ਧਰਨੇ ਲਈ ਬੈਠਣ ਤੋਂ ਪਹਿਲਾਂ ਹੀ ਲਿਖ ਕੇ ਦਿੱਤੀ ਚਿੱਠੀ ਪੇਸ਼ ਕਰ ਦਿੱਤੀ ਕਿ ਐਨੇ ਕੁ ਚਿਰ ਪਿੱਛੋਂ ਡਰਾਮਾ ਖਤਮ ਕਰ ਦਿਆਂਗਾ। ਦੂਜਾ ਵਿਵਾਦ ਇਹ ਉਠਿਆ ਕਿ ਉਹ ਬੈਠਾ ਕਾਂਗਰਸ ਦੀ ਸ਼ਹਿ ਨਾਲ ਸੀ ਅਤੇ ਫਿਰ ਜਦੋਂ ਭਾਰਤੀ ਜਨਤਾ ਪਾਰਟੀ ਅਤੇ ਆਰ ਐਸ ਐਸ ਵਾਲੇ ਉਸ ਦੇ ਨਾਲ ਆਣ ਜੁੜੇ ਤਾਂ ਉਹ ਕਾਂਗਰਸ ਤੋਂ ਬਾਗੀ ਹੋਣ ਦੇ ਚੱਕਰ ਵਿਚ ਆਪਣੇ ਹੱਡ ਤੱਤੇ ਕਰਵਾ ਬੈਠਾ। ਤੀਜਾ ਵਿਵਾਦ ਉਸ ਦੇ ਆਪਣੇ ਸੰਗਠਨਾਂ ਵਿਚ ਹੇਰ-ਫੇਰ, ਬਰਤਾਨੀਆ ਵਿਚ ਇੱਕ ਟਾਪੂ ਦੀ ਸ਼ੱਕੀ ਕਿਸਮ ਦੀ ਖਰੀਦ ਅਤੇ ਉਸ ਦੇ ਚੇਲੇ ਬਾਲ ਕ੍ਰਿਸ਼ਨ ਦੇ ਪਾਸਪੋਰਟ ਦੀ ਹੇਰਾਫੇਰੀ ਨੇ ਖੜਾ ਕਰ ਦਿੱਤਾ। ਇਸ ਕਰ ਕੇ ਉਹ ਅੰਨਾ ਹਜ਼ਾਰੇ ਵਾਲਾ ਪ੍ਰਭਾਵ ਨਹੀਂ ਸੀ ਬਣਾ ਸਕਿਆ ਅਤੇ ਹੁਣ ਯਾਤਰਾ ਕਰਦਾ ਫਿਰਦਾ ਹੈ ਪਰ ਅੰਨਾ ਦੀ ਜਨ ਲੋਕਪਾਲ ਦੀ ਕਾਇਮੀ ਦੀ ਮੰਗ ਨੂੰ ਹੁਣ ਸਾਰਾ ਦੇਸ਼ ਚੁੱਕ ਤੁਰਿਆ ਹੈ ਤੇ ਭ੍ਰਿਸ਼ਟਾਚਾਰ ਦਾ ਵਿਰੋਧ ਹੁਣ ਸਭ ਤੋਂ ਭਖਦਾ ਮੁੱਦਾ ਬਣ ਗਿਆ ਹੈ।

ਕੇਂਦਰ ਦੀ ਸਰਕਾਰ ਜਦੋਂ 2004 ਵਿਚ ਖੱਬੇ ਪੱਖੀਆਂ ਦੀ ਮਦਦ ਨਾਲ ਬਣੀ ਸੀ, ਜਿਹੜਾ



ਕਬੂਤਰਬਾਜ਼ੀ 'ਚ ਫਸਿਆ ਬਾਬੂ ਭਾਈ ਕਟਾਰਾ

ਅਕਸ ਇਸ ਦਾ ਓਦੋਂ ਦਾ ਸੀ, ਉਹ 2008 ਵਿਚ ਐਟਮੀ ਸਮਝੌਤੇ ਦੇ ਸਵਾਲ ਉਤੇ ਭਰੋਸੇ ਦਾ ਵੋਟ ਲੈਣ ਵੇਲੇ 'ਨੋਟ-ਫਾਰ-ਵੋਟ' ਦੇ ਕਾਂਡ ਨੇ ਨਹੀਂ ਸੀ ਰਹਿਣ ਦਿੱਤਾ। ਜਦੋਂ ਇਹ 2009 ਵਿਚ ਦੋਬਾਰਾ ਜਿੱਤ ਗਈ ਤਾਂ ਕ੍ਰਿਕਟ ਦੀ ਆਈ ਪੀ ਐਲ ਲੜੀ ਵਿਚ ਵਿਦੇਸ਼ ਰਾਜ ਮੰਤਰੀ ਸ਼ਸ਼ੀ ਥਰੂਰ ਤੋਂ ਸ਼ੁਰੂ ਹੋ ਕੇ ਟੈਲੀਕਾਮ ਮੰਤਰੀ ਏ. ਰਾਜਾ ਦੀ ਬਰਖਾਸਤਗੀ ਤੱਕ ਭ੍ਰਿਸ਼ਟਾਚਾਰ ਦੇ ਕਿੱਸਿਆਂ ਦੀ ਦਾਸਤਾਨ ਸ਼ੈਤਾਨ ਦੀ ਆਂਦਰ ਵਾਂਗ ਲੰਮੀ ਹੁੰਦੀ ਗਈ। ਹੁਣ ਇਸ ਦਾ ਗ੍ਰਿਹ ਮੰਤਰੀ ਪੀ. ਚਿਦੰਬਰਮ ਫਸਿਆ ਫਿਰਦਾ ਹੈ ਤੇ ਆਮ ਪ੍ਰਭਾਵ ਇਹ ਹੈ ਕਿ ਉਸ ਦਾ ਪੱਲਾ ਵੀ ਸਾਫ ਨਹੀਂ, ਇਸ ਕਰ ਕੇ ਉਸ ਨੂੰ ਸਰਕਾਰ ਦੀ ਬੇੜੀ ਡੋਬਣ ਦੀ ਬਜਾਏ ਆਪ ਅਸਤੀਫਾ ਦੇ ਜਾਣਾ ਚਾਹੀਦਾ ਹੈ, ਜਾਂ ਸਰਕਾਰ ਚਲਾਉਣ ਵਾਲਿਆਂ ਨੂੰ ਉਹ ਪੱਥਰ ਬੇੜੀ ਵਿਚੋਂ ਬਾਹਰ ਸੁੱਟ ਦੇਣਾ ਚਾਹੀਦਾ ਹੈ। ਸਿਰਫ ਉਹੋ ਨਹੀਂ, ਕਪਿਲ ਸਿੱਬਲ ਵਰਗੇ ਕੁਝ ਲੋਕ ਵੀ ਪਾਸੇ ਕਰਨੇ ਪੈਣਗੇ, ਜਾਂ ਉਨ੍ਹਾਂ ਦੇ ਕਿਰਦਾਰ ਨਾਲ ਜਿਹੜਾ ਪ੍ਰਭਾਵ ਆਮ ਲੋਕਾਂ ਵਿਚ ਬਣਦਾ ਜਾ ਰਿਹਾ ਹੈ, ਉਸ ਨੂੰ ਭੁਗਤਣ ਲਈ ਹੁਣੇ ਤੋਂ ਤਿਆਰ ਰਹਿਣਾ ਪਵੇਗਾ। ਅਗਲੇ ਸਾਲ ਪੰਜ ਰਾਜਾਂ ਦੀਆਂ ਚੋਣਾਂ ਆਪਣੇ ਆਪ ਸ਼ੀਸ਼ਾ ਵਿਖਾ ਦੇਣਗੀਆਂ।

ਇਹ ਸਥਿਤੀ ਦਾ ਇੱਕ ਪਾਸਾ ਹੈ। ਦੂਸਰਾ ਪਾਸਾ ਇਹ ਹੈ ਕਿ ਭ੍ਰਿਸ਼ਟਾਚਾਰ ਦਾ ਵਿਰੋਧ ਹੁਣ ਈਮਾਨ ਵਾਲੇ ਲੋਕਾਂ ਜਾਂ ਮਜਬੂਰੀ ਵਿਚ ਇਸ ਦਾ ਸਹਾਰਾ ਲੈਣ ਵਾਲਿਆਂ ਵੱਲੋਂ ਹੀ ਨਹੀਂ ਹੋ ਰਿਹਾ, ਕੁਝ ਲੋਕਾਂ ਨੇ ਇਸ ਨੂੰ ਰਾਜਨੀਤੀ ਦਾ ਇੱਕ ਹਥਿਆਰ ਵੀ ਬਣਾ ਲਿਆ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਅੰਨਾ ਹਜ਼ਾਰੇ ਦੇ ਇਸ ਹਫਤੇ ਲੱਗੇ ਧਰਨੇ ਵਿਚ ਅਕਾਲੀ ਦਲ ਦੇ ਸੁਖਦੇਵ ਸਿੰਘ ਢੀਂਡਸਾ ਵੀ ਗਏ ਤੇ ਉਥੇ ਅੰਨਾ ਦੀ ਹਮਾਇਤ ਵਿਚ ਬੋਲਦਿਆਂ ਇਹ ਭਾਸ਼ਣ ਝਾੜ ਕੇ ਆ ਗਏ ਕਿ ਪੰਜਾਬ ਵਿਚ ਅਕਾਲੀ-ਭਾਜਪਾ ਸਰਕਾਰ ਨੇ ਭ੍ਰਿਸ਼ਟਾਚਾਰ ਖਤਮ ਕਰਨ ਲਈ ਬੜੇ ਯਤਨ ਕੀਤੇ ਹਨ। ਜੇ ਇਸ ਗੱਲ ਨੂੰ ਵੀ ਠੀਕ ਮੰਨ ਲੈਣਾ ਹੈ ਤਾਂ ਫਿਰ ਭ੍ਰਿਸ਼ਟਾਚਾਰ ਦੇ ਅਰਥ ਬਦਲਣੇ ਪੈ ਜਾਣਗੇ।

ਢੀਂਡਸਾ ਸਾਹਿਬ ਇਸ ਹੱਦ ਤੱਕ ਚਲੇ ਜਾਣ ਤਾਂ ਉਨ੍ਹਾਂ ਦੇ ਗੱਠਜੋੜ ਦੀ ਆਗੂ ਭਾਰਤੀ ਜਨਤਾ ਪਾਰਟੀ ਨੂੰ ਇਸ ਤੋਂ ਚਾਰ ਕਦਮ ਅੱਗੇ ਜਾਣ ਦਾ ਹੱਕ ਹੈ, ਅਤੇ ਉਸ ਦੇ ਲੀਡਰ ਉਥੋਂ ਤੱਕ ਗਏ ਵੀ। ਅੰਨਾ ਦੇ ਧਰਨੇ ਵਿਚ ਵੀ ਉਨ੍ਹਾਂ ਨੇ ਉਚੀ ਸੁਰ ਵਿਚ ਭ੍ਰਿਸ਼ਟਾਚਾਰ ਦਾ ਵਿਰੋਧ ਕੀਤਾ, ਪਾਰਲੀਮੈਂਟ ਵਿਚ ਵੀ ਕੀਤਾ ਅਤੇ ਮੁੱਖ ਵਿਰੋਧੀ ਧਿਰ ਹੋਣ ਕਰ ਕੇ ਉਨ੍ਹਾਂ ਨੂੰ ਕਰਨਾ ਵੀ ਚਾਹੀਦਾ ਹੈ। ਪਰ ਕਮਾਲ ਦੀ ਗੱਲ ਇਹ ਨਹੀਂ ਕਿ ਉਨ੍ਹਾਂ ਨੇ ਭ੍ਰਿਸ਼ਟਾਚਾਰ ਦਾ ਵਿਰੋਧ ਕੀਤਾ, ਸਗੋਂ ਇਹ ਉਦੋਂ ਕੀਤਾ, ਜਦੋਂ ਉਨ੍ਹਾਂ ਦਾ ਆਪਣਾ ਪੱਲਾ ਕਾਂਗਰਸ ਵਾਂਗ ਹੀ ਦਾਗਾਂ ਨਾਲ ਭਰਿਆ ਪਿਆ ਹੈ। ਇਨ੍ਹਾਂ ਦਾਗਾਂ ਵਿਚ ਕਈ ਤਾਜ਼ੇ ਹਨ, ਕਈ ਥੋੜ੍ਹੇ ਪੁਰਾਣੇ ਅਤੇ ਕਈ ਉਨ੍ਹਾਂ ਦੀ ਕੇਂਦਰ ਵਾਲੀ ਵਾਜਪਾਈ ਸਰਕਾਰ ਦੇ ਦਿਨਾਂ ਦੇ ਵੀ।

ਅਸੀਂ ਪੰਜਾਬ ਦੇ ਤਿੰਨ ਭਾਜਪਾ ਮੰਤਰੀਆਂ ਦੀ ਕਹਾਣੀ ਨਹੀਂ ਪਾਵਾਂਗੇ, ਸਗੋਂ ਉਹ ਮਿਸਾਲਾਂ ਦੇਵਾਂਗੇ, ਜਿਹੜੀਆਂ ਦੱਸਦੀਆਂ ਹਨ ਕਿ ਕਦੇ ਆਪਣੇ ਆਪ ਨੂੰ 'ਵੱਖਰੀ ਨਿਆਰੀ' ਕਹਿਣ ਵਾਲੀ ਪਾਰਟੀ ਕਿੰਨੀ ਕੁ ਵੱਖਰੀ-ਨਿਆਰੀ ਹੈ?

ਤਾਜ਼ਾ ਘਟਨਾਵਾਂ ਵਿਚ ਇੱਕ ਇਹ ਹੈ ਕਿ ਪਿਛਲੇ ਮਹੀਨੇ ਜਦੋਂ ਲਾਲ ਕ੍ਰਿਸ਼ਨ ਅਡਵਾਨੀ ਦੀ ਰੱਥ ਯਾਤਰਾ ਨੇ ਭਾਜਪਾ ਸਰਕਾਰ ਵਾਲੇ ਦੱਖਣ ਭਾਰਤੀ ਰਾਜ ਕਰਨਾਟਕਾ ਵਿਚੋਂ ਲੰਘਣਾ ਸੀ ਤਾਂ ਉਨ੍ਹਾਂ ਨੂੰ ਉਥੇ ਭ੍ਰਿਸ਼ਟਾਚਾਰ ਦੇ ਕਾਰਨ ਹਟਾਏ ਗਏ ਮੁੱਖ ਮੰਤਰੀ ਯੇਦੂਰੱਪਾ ਬਾਰੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਗਿਆ। ਸ੍ਰੀ ਅਡਵਾਨੀ ਨੇ ਕਿਹਾ ਕਿ ਜਦੋਂ ਯੇਦੂਰੱਪਾ ਬਾਰੇ ਮੁੱਢਲੀਆਂ ਖਬਰਾਂ ਆਈਆਂ ਸਨ, ਅਸੀਂ ਉਦੋਂ ਹੀ ਜਾਣ ਗਏ ਸਾਂ ਤੇ ਮੈਂ ਉਸ ਨੂੰ ਆਖਿਆ ਵੀ ਸੀ ਕਿ ਕੇਂਦਰ ਵਿਚ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਦੇ ਭ੍ਰਿਸ਼ਟਾਚਾਰ ਵਿਰੁਧ ਬੋਲਣ ਵੇਲੇ ਸਾਨੂੰ ਇਸ ਗੱਲ ਤੋਂ ਔਖ ਆਉਂਦੀ ਹੈ ਕਿ ਉਹ ਅੱਗੋਂ ਤੇਰੇ ਵੱਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਦਾ ਸਵਾਲ ਚੁੱਕ ਬਹਿੰਦੇ ਹਨ। ਕੀ ਇਹ ਛੋਟੀ ਗੱਲ ਸੀ ਕਿ ਸਾਬਕਾ ਉਪ ਪ੍ਰਧਾਨ ਮੰਤਰੀ ਇਹ ਕਹਿ ਰਿਹਾ ਸੀ ਕਿ ਉਨ੍ਹਾਂ ਨੂੰ ਭਾਜਪਾ ਮੁੱਖ ਮੰਤਰੀ ਦੇ ਭ੍ਰਿਸ਼ਟਾਚਾਰ ਬਾਰੇ ਕਾਫੀ ਪਹਿਲਾਂ ਤੋਂ ਪਤਾ ਸੀ? ਉਸ ਨੂੰ ਹੀ ਕਿਉਂ, ਸੁਸ਼ਮਾ ਸਵਰਾਜ ਨੂੰ ਵੀ ਕਰਨਾਟਕਾ ਦੇ ਰੈਡੀ ਭਰਾਵਾਂ ਬਾਰੇ ਪਤਾ ਸੀ। ਫਿਲਮ ਗਾਡ ਮਦਰ ਦਾ ਕਿਰਦਾਰ ਲੋਕਾਂ ਨੂੰ ਯਾਦ ਹੈ, ਤੇ ਕਰਨਾਟਕਾ ਵਿਚ ਨਾਜਾਇਜ਼ ਖੁਦਾਈ ਲਈ ਬਦਨਾਮ ਹੋ ਚੁੱਕੇ ਰੈਡੀ ਭਰਾਵਾਂ ਦਾ ਜਦੋਂ ਜ਼ਿਕਰ ਆਉਂਦਾ ਸੀ ਤਾਂ ਸੁਸ਼ਮਾ ਸਵਰਾਜ ਨੂੰ ਉਨ੍ਹਾਂ ਦੀ 'ਗਾਡ ਮਦਰ' ਕਿਹਾ ਜਾਂਦਾ ਸੀ।

ਉਤਰਾ ਖੰਡ ਵੱਖਰਾ ਰਾਜ ਸਾਲ 2000 ਵਿਚ ਬਣਿਆ ਸੀ ਅਤੇ ਹੁਣ ਤੱਕ ਦੇ ਗਿਆਰਾਂ ਸਾਲਾਂ ਵਿਚੋਂ ਕਾਂਗਰਸ ਰਾਜ ਦੇ ਪੰਜ ਸਾਲ ਕੱਢ ਦਿੱਤੇ ਜਾਣ ਤਾਂ ਬਾਕੀ ਛੇ ਸਾਲ ਭਾਜਪਾ ਨੇ ਰਾਜ ਕੀਤਾ ਪਰ ਇਨ੍ਹਾਂ ਛੇ ਸਾਲਾਂ ਵਿਚ ਪੰਜ ਵਾਰ ਭਾਜਪਾ ਨੂੰ ਮੁੱਖ ਮੰਤਰੀ ਬਦਲਣਾ ਪੈ ਗਿਆ। ਹਰ ਵਾਰੀ ਬਦਲੀ ਭ੍ਰਿਸ਼ਟਾਚਾਰ ਦੀ ਸੜ੍ਹਿਆਂਦ ਕਾਰਨ ਕਰਨੀ ਪਈ ਹੈ। ਜਿਸ ਬੰਦੇ ਨੂੰ ਹੁਣ ਲਾਇਆ ਗਿਆ ਹੈ, ਉਸ ਨੂੰ ਹਾਲੇ ਤਿੰਨ ਸਾਲ ਪਹਿਲਾਂ ਹਟਾਇਆ ਸੀ ਤੇ ਜਿਸ ਨੂੰ ਦੁੱਧ-ਧੋਤਾ ਸਮਝ ਕੇ ਇਸ ਦੀ ਥਾਂ ਬਿਠਾਇਆ ਸੀ, ਉਹ ਏਨੀ ਛੇਤੀ ਲੋਕਾਂ ਵਿਚ 'ਨਾਮਣਾ' ਖੱਟ ਗਿਆ ਕਿ ਪਾਸੇ ਕਰਨਾ ਪੈ ਗਿਆ ਹੈ। ਇਹ ਕਹਾਣੀ ਭਾਜਪਾ ਦੇ ਕਈ ਰਾਜਾਂ ਵਿਚ ਹੁਣ 'ਘਰ-ਘਰ ਕੀ ਕਹਾਨੀ' ਬਣੀ ਪਈ ਹੈ ਪਰ ਭਾਜਪਾ ਮੰਨਦੀ ਨਹੀਂ।


ਆਓ, ਥੋੜ੍ਹਾ ਪਿੱਛੇ ਚੱਲੀਏ, ਜਦੋਂ ਵਾਜਪਾਈ ਸਰਕਾਰ ਹੁੰਦੀ ਸੀ। ਉਦੋਂ ਇੱਕ ਸੈਂਟੂਰ ਹੋਟਲ ਦਾ ਕਿੱਸਾ ਚਰਚਾ ਵਿਚ ਆਇਆ ਸੀ। ਸਰਕਾਰੀ ਮਾਲਕੀ ਵਾਲੇ ਉਸ ਹੋਟਲ ਦੀ ਅਸਲੀ ਕੀਮਤ ਨਾਲੋਂ ਮਸਾਂ ਚੌਥੇ ਹਿੱਸੇ ਦਾ ਮੁੱਲ ਲਾ ਕੇ ਉਹ ਇੱਕ ਇਹੋ ਜਿਹੀ ਪਾਰਟੀ ਨੂੰ ਸੌਂਪ ਦਿੱਤਾ ਗਿਆ, ਜਿਸ ਨਾਲ ਭਾਜਪਾ ਦੇ ਸੰਬੰਧਤ ਮੰਤਰੀ ਦੀ ਵੀ ਸਾਂਝ ਸੀ ਤੇ ਸਰਕਾਰ ਦੇ ਮੋਹਰੀਆਂ ਦੀ ਵੀ। ਉਸ ਦੌਰ ਵਿਚ ਪੈਟਰੋਲ ਪੰਪ ਤੇ ਗੈਸ ਏਜੰਸੀਆਂ ਵੀ ਭਾਜਪਾ ਦੇ ਸਾਂਝ ਵਾਲੇ ਲੋਕਾਂ ਨੂੰ ਸ਼ੀਰਣੀਆਂ ਵਾਂਗ ਵੰਡ ਦਿੱਤੇ ਗਏ ਸਨ। ਜਦੋਂ ਭੇਦ ਖੁੱਲ੍ਹਾ ਕਿ ਸਾਰਾ ਕੁਝ ਗਲਤ ਹੋਇਆ ਹੈ ਤਾਂ ਮਾਮਲਾ ਸੁਪਰੀਮ ਕੋਰਟ ਵਿਚ ਜਾਂਦਾ ਵੇਖ ਕੇ ਦੋ ਹਜ਼ਾਰ ਤੋਂ ਵੱਧ ਉਹ ਅਲਾਟਮੈਂਟਾਂ ਰੱਦ ਕਰਨੀਆਂ ਪਈਆਂ ਸਨ। ਉਦੋਂ ਜਿਹੜੀਆਂ ਅਲਾਟਮੈਂਟਾਂ ਰੱਦ ਕੀਤੀਆਂ ਗਈਆਂ, ਉਨ੍ਹਾਂ 'ਚ ਸਾਡੇ ਪੰਜਾਬ ਦੇ ਕਈ ਭਾਜਪਾ ਆਗੂਆਂ ਦੀਆਂ ਵੀ ਸਨ ਤੇ ਉਦੋਂ ਦਾ ਪੰਜਾਬ ਭਾਜਪਾ ਦਾ ਪ੍ਰਧਾਨ ਇਹ ਕਹਿਣ ਤੋਂ ਵੀ ਨਹੀਂ ਸੀ ਝਿਜਕਿਆ ਕਿ ਅੱਜ ਸਾਡਾ ਰਾਜ ਹੈ, ਜੇ ਅੱਜ ਵੀ ਸਾਡੇ ਘਰ ਦੇ ਜੀਆਂ ਨੂੰ ਪੈਟਰੋਲ ਪੰਪ ਅਤੇ ਗੈਸ ਏਜੰਸੀਆਂ ਨਹੀਂ ਮਿਲਣੀਆਂ ਤਾਂ ਕਦੋਂ ਮਿਲਣਗੀਆਂ? ਉਹ ਆਰ ਐਸ ਐਸ ਦਾ ਸੋਇਮ ਸੇਵਕ ਰਹਿ ਚੁੱਕਾ ਸੀ, ਜਿਸ ਨੂੰ ਚਰਿਤ੍ਰ-ਉਸਾਰੀ ਦਾ ਸਭ ਤੋਂ ਵੱਡਾ ਡੀਪੂ ਬਣਾ ਕੇ ਪੇਸ਼ ਕੀਤਾ ਜਾਂਦਾ ਹੈ।

ਇੱਕ ਹੋਰ ਗੱਲ ਇਸ ਵਕਤ ਆਮ ਲੋਕਾਂ ਦੇ ਚੇਤੇ ਵਿਚੋਂ ਵਿੱਸਰ ਚੁੱਕੀ ਹੈ ਤੇ ਉਹ ਇਹ ਕਿ ਵਾਜਪਾਈ ਸਰਕਾਰ ਦੇ ਵਕਤ ਸ਼ਹਿਰਾਂ ਵਿਚ ਮਹਿੰਗੀਆਂ ਥਾਂਵਾਂ ਦੀ ਜ਼ਮੀਨ, ਜਿਸ ਨੂੰ 'ਪ੍ਰਾਈਮ ਲੈਂਡ' ਕਿਹਾ ਜਾਂਦਾ ਹੈ, ਆਰ ਐਸ ਐਸ ਦੇ ਹਮਾਇਤੀ ਸੰਗਠਨਾਂ ਤੇ ਉਨ੍ਹਾਂ ਦੇ ਆਗੂਆਂ ਨੂੰ ਕੌਡੀਆਂ ਦੇ ਭਾਅ ਅਲਾਟ ਕਰ ਦਿੱਤੀ ਗਈ ਸੀ। ਕਿਤੇ ਬਾਲ-ਭਲਾਈ ਦੇ ਨਾਂ ਉਤੇ ਕੋਈ ਅਦਾਰਾ ਖੜਾ ਕਰ ਲਿਆ ਤੇ ਕਿਧਰੇ ਇਸਤਰੀ ਭਲਾਈ ਦਾ ਫੱਟਾ ਲਾ ਲਿਆ, ਪਰ ਇਹ ਸਾਰਾ ਕੁਝ ਭਾਜਪਾ ਦੇ ਅੰਦਰ ਦੀ ਖਿੱਚੋਤਾਣ ਨੇ ਬਾਹਰ ਲੈ ਆਂਦਾ ਸੀ। ਭਾਜਪਾ ਦੇ ਜਿਸ ਅੰਦਰੂਨੀ ਧੜੇ ਦੇ ਬੰਦਿਆਂ ਨੂੰ ਪੂਰਾ ਹਿੱਸਾ ਨਾ ਮਿਲਿਆ, ਉਹ ਮਾਮਲਾ ਮੀਡੀਏ ਤੱਕ ਲੈ ਗਏ ਅਤੇ ਫਿਰ ਕਈ ਇਹੋ ਜਿਹੇ ਭੇਦ ਖੁੱਲ੍ਹਦੇ ਗਏ ਕਿ ਲੋਕਾਂ ਨੂੰ ਯਕੀਨ ਕਰਨਾ ਮੁਸ਼ਕਲ ਹੋ ਰਿਹਾ ਸੀ। ਇੱਕ ਅੱਗ ਉਗਲੱਛਣੀ ਸਾਧਵੀ ਨੂੰ ਯੂ ਪੀ ਵਿਚ ਕਈ ਏਕੜ ਜ਼ਮੀਨ, ਜਿਸ ਦੀ ਕੀਮਤ ਕਈ ਕਰੋੜ ਰੁਪਏ ਉਦੋਂ ਬਣਦੀ ਸੀ, ਅੱਜ ਦੇ ਹਿਸਾਬ ਨਾਲ ਕਈ ਸੌ ਕਰੋੜ ਬਣਦੀ ਹੈ, ਸਿਰਫ ਇੱਕ ਰੁਪਏ ਸਲਾਨਾ ਦੀ ਲੀਜ਼ ਉਤੇ ਸੌਂਪ ਦਿੱਤੀ ਗਈ। ਜਦੋਂ ਉਸ ਸਾਧਵੀ ਨੂੰ ਇਸ ਦੇ ਜਾਇਜ਼ ਜਾਂ ਨਾਜਾਇਜ਼ ਹੋਣ ਬਾਰੇ ਪੁੱਛਿਆ ਤਾਂ ਉਸ ਦਾ ਕਹਿਣਾ ਸੀ ਕਿ 'ਭਾਰਤ ਮਾਤਾ ਦੇ ਬੱਚਿਆਂ ਦੀ ਚਰਿਤ੍ਰ ਉਸਾਰੀ ਲਈ' ਕੀਤਾ ਕੰਮ ਜਾਇਜ਼ ਹੀ ਹੁੰਦਾ ਹੈ।

ਜੇ ਪੁਰਾਣੇ ਤੇ ਤਾਜ਼ੇ ਦੇ ਵਿਚ-ਵਿਚਾਲੇ ਦੇ ਕੇਸ ਲਈਏ ਤਾਂ ਉਨ੍ਹਾਂ ਵਿਚੋਂ ਜੋ ਨਿਕਲਦਾ ਹੈ, ਉਹ ਵੀ ਕਿਸੇ ਪੱਖ ਤੋਂ ਘੱਟ ਦਿਲਚਸਪ ਨਹੀਂ ਕਿਹਾ ਜਾ ਸਕਦਾ।

ਇੱਕ ਤਾਜ਼ਾ ਕਿੱਸਾ ਹੈ ਦਿੱਲੀ ਵਿਚ ਇੱਕ ਮੀਡੀਆ ਚੈਨਲ ਵੱਲੋਂ ਪਿਛਲੇ ਹਫਤੇ ਕੀਤੇ ਸਟਿੰਗ ਅਪਰੇਸ਼ਨ ਦਾ, ਜਿਸ ਵਿਚ ਲੋਕਾਂ ਦੇ ਚੁਣੇ ਹੋਏ ਕੌਂਸਲਰਾਂ ਦਾ ਕਿਰਦਾਰ ਨੰਗਾ ਕੀਤਾ ਗਿਆ ਹੈ। ਕਿਸੇ ਥਾਂ ਨਾਜਾਇਜ਼ ਉਸਾਰੀ ਕਰ ਲਵੋ ਤਾਂ ਕੌਂਸਲਰ ਉਸ ਨੂੰ ਕਿਵੇਂ ਪੈਸੇ ਲੈ ਕੇ ਜਾਇਜ਼ ਕਰਵਾ ਦੇਵੇਗਾ, ਇਸ ਬਾਰੇ ਸਾਰੀ ਸੌਦੇਬਾਜ਼ੀ ਹੁੰਦੀ ਸਾਫ ਦਿਸ ਰਹੀ ਸੀ। ਕਾਂਗਰਸ ਪਾਰਟੀ ਦੀ ਇੱਕ ਸਾਬਕਾ ਮੇਅਰ ਬੀਬੀ ਵੀ ਇਸ ਵਿਚ ਲਪੇਟੀ ਗਈ ਦੱਸੀ ਜਾਂਦੀ ਹੈ। ਕੁੱਲ ਦਸ ਜਣੇ ਇਸ ਦੀ ਲਪੇਟ ਵਿਚ ਆਏ ਤੇ ਉਨ੍ਹਾਂ ਵਿਚ ਅੱਠ ਜਣੇ, ਭਾਵ ਕਿ ਬੇਈਮਾਨਾਂ ਦੀ ਬਹੁਗਿਣਤੀ, ਭਾਰਤੀ ਜਨਤਾ ਪਾਰਟੀ ਦੇ ਸਨ। ਅਗਲੇ ਦਿਨ ਭਾਜਪਾ ਨੇ ਉਨ੍ਹਾਂ ਨੂੰ ਸਸਪੈਂਡ ਕਰ ਦਿੱਤਾ ਪਰ ਬਾਕੀ ਕੌਂਸਲਰਾਂ ਨੂੰ ਛਾਣਾ ਲਾਉਣ ਦੀ ਗੱਲ ਕੀਤੀ ਹੀ ਨਹੀਂ ਸੀ।

ਕੁਝ ਸਾਲ ਪਹਿਲਾਂ ਇੱਕ ਹੋਰ ਮੀਡੀਆ ਚੈਨਲ ਨੇ ਪਾਰਲੀਮੈਂਟ ਮੈਂਬਰਾਂ ਬਾਰੇ ਇੱਕ ਸਟਿੰਗ ਅਪਰੇਸ਼ਨ ਕੀਤਾ ਸੀ, ਜਿਹੜੇ ਸਾਫ ਤੌਰ ਉਤੇ ਪਾਰਲੀਮੈਂਟ ਵਿਚ ਸਵਾਲ ਪੁੱਛਣ ਬਦਲੇ ਨੋਟਾਂ ਦਾ



ਲਾਲ ਕ੍ਰਿਸ਼ਨ ਅਡਵਾਨੀ

ਸੌਦਾ ਮਾਰਦੇ ਫੜੇ ਗਏ ਸਨ। ਗਿਆਰਾਂ ਪਾਰਲੀਮੈਂਟ ਮੈਂਬਰ ਉਸ ਸਟਿੰਗ ਅਪਰੇਸ਼ਨ ਦੀ ਮਾਰ ਹੇਠ ਆਏ ਸਨ, ਤੇ ਉਨ੍ਹਾਂ ਗਿਆਰਾਂ ਵਿਚੋਂ ਛੇ ਜਣੇ, ਭਾਵ ਕਿ ਜ਼ਮੀਰ ਵੇਚਣ ਵਾਲਿਆਂ ਦੀ ਬਹੁਗਿਣਤੀ, ਇਕੱਲੀ ਭਾਜਪਾ ਦੇ ਮੈਂਬਰ ਨਿਕਲੇ ਸਨ।

ਬਾਬੂ ਭਾਈ ਕਟਾਰਾ ਨਾਂ ਦਾ ਗੁਜਰਾਤ ਤੋਂ ਭਾਜਪਾ ਦਾ ਇੱਕ ਪਾਰਲੀਮੈਂਟ ਮੈਂਬਰ ਹੁੰਦਾ ਸੀ। ਉਹ ਇੱਕ ਦਿਨ ਦਿੱਲੀ ਇੰਟਰਨੈਸ਼ਨਲ ਏਅਰਪੋਰਟ ਉਤੇ ਉਦੋਂ ਫੜਿਆ ਗਿਆ, ਜਦੋਂ ਉਹ ਇੱਕ ਔਰਤ ਤੇ ਇੱਕ ਬੱਚੇ ਨੂੰ ਆਪਣੇ ਘਰ ਦੇ ਜੀਅ ਦੱਸ ਕੇ ਜਹਾਜ਼ ਚੜ੍ਹਨ ਲੱਗਾ ਸੀ। ਉਹ ਬੱਚਾ ਤੇ ਬੀਬੀ ਉਸ ਦੀ ਗੁਜਰਾਤੀ ਭਾਸ਼ਾ ਨਹੀਂ ਸੀ ਜਾਣਦੇ ਤੇ ਥੋੜ੍ਹੀ ਜਿਹੀ ਪੁੱਛਗਿੱਛ ਪਿੱਛੋਂ ਸਾਫ ਹੋ ਗਿਆ ਕਿ ਪੰਜਾਬ ਦੀ ਪਰਮਜੀਤ ਕੌਰ ਨੂੰ ਬਾਬੂ ਭਾਈ ਕਟਾਰਾ ਨੇ ਆਪਣੀ ਪਤਨੀ ਸ਼ਾਰਦਾ ਬੇਨ ਅਤੇ ਅਮਰਜੀਤ ਸਿੰਘ ਨਾਂ ਦੇ ਬੱਚੇ ਨੂੰ ਆਪਣਾ ਪੁੱਤਰ ਰਾਕੇਸ਼ ਕਟਾਰਾ ਬਣਾ ਕੇ ਕੈਨੇਡਾ ਪੁਚਾਉਣ ਦਾ ਸੌਦਾ ਮਾਰਿਆ ਸੀ। ਜਦੋਂ ਅਦਾਲਤ ਵਿਚ ਪੇਸ਼ ਕੀਤੇ ਗਏ ਤਾਂ ਮਾਣਯੋਗ ਜੱਜ ਨੇ ਸਾਫ ਕਿਹਾ ਕਿ ਔਰਤ ਤੇ ਬੱਚਾ ਤਾਂ ਹਾਲਾਤ ਦੀ ਜਿੱਲ੍ਹਣ ਵਿਚ ਫਸ ਗਏ ਹਨ, ਅਸਲ ਦੋਸ਼ੀ ਭਾਜਪਾ ਐਮ ਪੀ ਬਾਬੂ ਭਾਈ ਕਟਾਰਾ ਹੈ। ਪਿੱਛੋਂ ਇਹ ਗੱਲ ਵੀ ਚੱਲਦੀ ਰਹੀ ਕਿ ਏਦਾਂ ਦੇ ਕਈ ਲੋਕਾਂ ਨੂੰ ਬਾਬੂ ਭਾਈ ਪਹਿਲਾਂ ਵੀ ਵਿਦੇਸ਼ ਛੱਡਣ ਜਾਂਦਾ ਰਿਹਾ ਹੈ ਪਰ ਇਹ ਸੱਚ ਹੋਵੇ ਜਾਂ ਨਾ, ਵੱਡੀ ਗੱਲ ਇਹ ਸੀ ਕਿ ਦੇਸ਼ ਦੇ ਲੋਕਾਂ ਨੇ ਪਾਰਲੀਮੈਂਟ ਦਾ ਇੱਕ ਮੈਂਬਰ ਕਬੂਤਰਬਾਜ਼ੀ ਕਰਦਾ ਫੜਿਆ ਗਿਆ ਪਹਿਲੀ ਵਾਰੀ ਵੇਖਿਆ ਅਤੇ ਉਹ 'ਵੱਖਰੀ ਨਿਆਰੀ' ਪਾਰਟੀ ਭਾਜਪਾ ਦਾ ਸੀ।

ਕੋਈ ਇਹ ਨਹੀਂ ਕਹਿ ਸਕਦਾ ਕਿ ਅੱਜ ਦੀ ਭਾਰਤ ਸਰਕਾਰ ਦੁੱਧ-ਧੋਤੇ ਲੋਕਾਂ ਦੀ ਟੀਮ ਵੱਲੋਂ ਚਲਾਈ ਜਾ ਰਹੀ ਹੈ। ਉਸ ਦੇ ਅੰਦਰ ਦੇ ਮਾੜੇ ਅੰਸ਼ਾਂ ਦੀ ਜਿੰਨੀ ਵੀ ਨੁਕਤਾਚੀਨੀ ਕੀਤੀ ਜਾਵੇ, ਸਭ ਨੂੰ ਠੀਕ ਲੱਗਦੀ ਹੈ ਪਰ ਇਸ ਨੁਕਤਾਚੀਨੀ ਦੇ ਮੋਹਰੀ ਉਹ ਨਹੀਂ ਮੰਨੇ ਜਾਣੇ ਚਾਹੀਦੇ, ਜਿਹੜੇ ਆਪ ਵੀ ਕਿਸੇ ਪੱਖ ਤੋਂ ਸਾਫ ਨਹੀਂ। ਹੈਰਾਨੀ ਦੀ ਗੱਲ ਇਹ ਹੈ ਕਿ ਭਾਜਪਾ ਦੇ ਆਗੂ ਇਸ ਮਾਮਲੇ ਵਿਚ ਆਪਣੇ ਐਬ ਲੁਕਾ ਕੇ ਹੀਰੋ ਬਣਨ ਦਾ ਇੱਕ ਹੋਰ ਯਤਨ ਕਰ ਰਹੇ ਹਨ, ਜਿਵੇਂ ਉਹ ਪਹਿਲਾਂ ਵੀ ਕਈ ਵਾਰੀ ਕਰ ਚੁੱਕੇ ਹਨ।

ਇੱਕ ਬੜਾ ਪੁਰਾਣਾ ਕਿੱਸਾ ਹੈ, ਬਾਬਰੀ ਮਸਜਿਦ ਢਾਹ ਦੇਣ ਤੋਂ ਅਗਲੇ ਸਾਲ ਦਾ। ਬੀ ਬੀ ਸੀ ਚੈਨਲ ਨੇ 'ਮੈਨ ਆਫ ਦਾ ਈਅਰ' ਦੀ ਚੋਣ ਕਰਨੀ ਸੀ। ਲਾਲ ਕ੍ਰਿਸ਼ਨ ਅਡਵਾਨੀ ਦਾ ਨਾਂ ਪਹਿਲੇ ਨੰਬਰ ਉਤੇ ਆ ਗਿਆ। ਇਸ ਉਤੇ ਬਰਤਾਨਵੀ ਸਮਾਜ ਵਿਚ ਫੈਲੀ ਹੈਰਾਨੀ ਫੈਲਦੀ ਵੇਖ ਕੇ ਪੜਤਾਲ ਸ਼ੁਰੂ ਹੋ ਗਈ। ਪਤਾ ਇਹ ਲੱਗਾ ਕਿ ਅਡਵਾਨੀ ਦੇ ਭਾਈਬੰਦਾਂ ਨੇ ਇਸ ਮਕਸਦ ਲਈ ਇੱਕ ਮੁਹਿੰਮ ਬਣਾ ਕੇ ਚਿੱਠੀਆਂ ਲਿਖੀਆਂ ਸਨ ਤੇ ਕਈ ਚਿੱਠੀਆਂ ਤਾਂ ਇੱਕੋ ਲਿਖਾਈ ਵਾਲਿਆਂ ਵੱਲੋਂ ਵੀ ਐਡਰੈਸ ਬਦਲ ਕੇ ਲਿਖੀਆਂ ਨਿਕਲ ਆਈਆਂ ਸਨ। ਇਹ ਗੱਲ ਫੈਲਣ ਉਤੇ ਬਰਤਾਨੀਆ ਦੇ ਇੱਕ ਅਡਵਾਨੀ ਭਗਤ ਨੇ ਕਿਹਾ ਸੀ, 'ਹਰ ਕੋਈ ਆਪਣੇ ਨੇਤਾ ਦੀ ਚੜ੍ਹਤ ਚਾਹੁੰਦਾ ਹੈ, ਅਸੀਂ ਵੀ ਕੋਸ਼ਿਸ਼ ਕੀਤੀ ਸੀ, ਇਸ ਵਿਚ ਗਲਤ ਕੀ ਹੈ?' ਅੱਜ ਕੱਲ੍ਹ ਜਿਵੇਂ ਉਹ ਸੱਚ-ਪੁੱਤਰ ਬਣ ਕੇ ਭ੍ਰਿਸ਼ਟਾਚਾਰ ਦੇ ਵਿਰੋਧ ਦੇ ਝੰਡੇ ਬਰਦਾਰ ਬਣਨ ਦੀ ਕੋਸ਼ਿਸ਼ ਕਰ ਰਹੇ ਹਨ, 'ਗਲਤ' ਤਾਂ ਇਸ ਵਿਚ ਵੀ ਉਨ੍ਹਾਂ ਨੂੰ ਕੁਝ ਨਹੀਂ ਜਾਪਣਾ।


## ਪੰਜਾਬ, ਹਰਿਆਣਾ, ਰਾਜਸਥਾਨ ਵਿਚ ਜਾਇਦਾਦ ਬਣਾਓ

**ਮਨਚਾਹੀ ਜਾਇਦਾਦ ਖਰੀਦੋ, ਪਲਾਟ ਕਟਵਾਓ**
**ਪਸੰਦ ਵਾਲਾ ਡਿਜ਼ਾਈਨ ਬਣਵਾਓ ਅਤੇ**
**ਵਧੀਆ ਕੰਸਟਰਕਸ਼ਨ ਕਰਵਾਓ**

ਸੰਪਰਕ ਕਰੋ

| India Contact | USA Contact |
| --- | --- |
| Er. Inderjeet S. Bath | Er. Sukhjit P. Singh |
| 95696-70700 | 702-287-0347 |

*Continental Planners and Builders*

(unit of Geomedia Engineering & Consultancy, Punjab)
www.geomediaengg.com
A team of qualified professionals
Planners/Engineers/Architects/Surveyors

# ਅਕਾਲੀ-ਭਾਜਪਾ ਨੂੰ ਮਹਿੰਗਾ ਪਵੇਗਾ ਸੀਟ ਵਟਾਂਦਰਾ

## ਦੋਵਾਂ ਪਾਰਟੀਆਂ 'ਚ ਬਾਗੀ ਸੁਰਾਂ ਉਠੀਆਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਵਿਧਾਨ ਸਭਾ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਗਠਜੋੜ ਵਿਚਾਲੇ ਹਲਕਿਆਂ ਦਾ ਵਟਾਂਦਰੇ ਕੀਤਾ ਜਾ ਰਿਹਾ ਹੈ ਜਿਸ ਬਾਰੇ ਫੈਸਲਾ 25 ਦਸੰਬਰ ਤੋਂ ਬਾਅਦ ਹੋਣ ਸੰਭਾਵਨਾ ਹੈ। ਦੂਜੇ ਪਾਸੇ ਹਲਕਿਆਂ ਨੂੰ ਬਦਲੇ ਜਾਣ ਦੀ ਚਰਚਾ ਨੇ ਚੋਣ ਲੜਨ ਦੇ ਚਾਹਵਾਨ ਅਕਾਲੀ ਤੇ ਭਾਜਪਾ ਆਗੂਆਂ ਦੀ ਨੀਂਦ ਉਡਾ ਦਿੱਤੀ ਹੈ ਤੇ ਇਸ ਫੈਸਲੇ ਵਿਰੁੱਧ ਬਾਗੀ ਸੁਰਾਂ ਉੱਠਣੀਆਂ ਸ਼ੁਰੂ ਹੋ ਗਈਆਂ ਹਨ।



ਨਵੀਂ ਹਲਕਾਬੰਦੀ ਹੋਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਵਿਚਾਲੇ ਨਵੇਂ ਬਣੇ ਵਿਧਾਨ ਸਭਾ ਹਲਕੇ ਅੰਮ੍ਰਿਤਸਰ ਪੂਰਬੀ, ਬਟਾਲਾ, ਲੁਧਿਆਣਾ ਪੱਛਮੀ ਤੇ ਗੜ੍ਹਸ਼ੰਕਰ ਦਾ ਆਪਸ ਵਿਚ ਵਟਾਂਦਰਾ ਕਰਨ ਬਾਰੇ ਗੱਲਬਾਤ ਚੱਲ ਰਹੀ ਹੈ। ਇਸ ਬਾਰੇ ਦੋਵਾਂ ਪਾਰਟੀਆਂ ਵਿਚਾਲੇ ਕੁਝ ਮੀਟਿੰਗਾਂ ਹੋ ਚੁੱਕੀਆਂ ਹਨ। ਇਹ ਮੀਟਿੰਗਾਂ ਦੌਰਾਨ ਇਹ ਗੱਲ ਬਾਹਰ ਆਈ ਹੈ ਕਿ ਅੰਮ੍ਰਿਤਸਰ ਪੂਰਬੀ ਤੇ ਲੁਧਿਆਣਾ ਪੱਛਮੀ ਹਲਕੇ ਭਾਜਪਾ ਨੂੰ ਜਾਣਗੇ ਜਦੋਂਕਿ ਬਟਾਲਾ ਤੇ ਗੜ੍ਹਸ਼ੰਕਰ ਹਲਕੇ ਸ਼੍ਰੋਮਣੀ ਅਕਾਲੀ ਦਲ ਨੂੰ ਮਿਲਣਗੇ।

ਇਹ ਗੱਲ ਸਾਹਮਣੇ ਆਉਣ ਤੋਂ ਬਾਅਦ ਇਨ੍ਹਾਂ ਹਲਕਿਆਂ ਵਿਚਲੇ ਅਕਾਲੀ ਭਾਜਪਾ ਆਗੂਆਂ ਵੱਲੋਂ ਰੋਸ ਪ੍ਰਗਟਾਇਆ ਜਾ ਰਿਹਾ ਹੈ। ਅੰਮ੍ਰਿਤਸਰ ਪੂਰਬੀ ਹਲਕੇ ਨਾਲ ਸਬੰਧਤ ਅਕਾਲੀ ਆਗੂਆਂ ਨੇ ਮੀਟਿੰਗ ਕਰਕੇ ਮਤਾ ਪਾਸ ਕੀਤਾ ਹੈ ਕਿ ਇਹ ਹਲਕਾ ਭਾਜਪਾ ਨੂੰ ਦੇਣ ਦੀ ਥਾਂ ਅਕਾਲੀ ਦਲ ਕੋਲ ਹੀ ਰਹਿਣਾ ਚਾਹੀਦਾ ਹੈ। ਇਸੇ ਤਰ੍ਹਾਂ ਬਟਾਲਾ ਵਿਖੇ ਭਾਜਪਾ ਆਗੂਆਂ ਵੱਲੋਂ ਇਹ ਹਲਕਾ ਅਕਾਲੀਆਂ ਨੂੰ ਦੇਣ ਖਿਲਾਫ ਭੁੱਖ ਹੜਤਾਲ ਆਰੰਭ ਕਰ ਦਿੱਤੀ ਗਈ ਹੈ।

ਸਬੰਧਤ ਵਿਧਾਇਕ ਸਮੇਤ ਹੋਰ ਭਾਜਪਾ ਆਗੂਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਇਹ ਹਲਕਾ ਅਕਾਲੀ ਦਲ ਨੂੰ ਦਿੱਤਾ ਗਿਆ ਤਾਂ ਉਨ੍ਹਾਂ ਨੂੰ ਮਜਬੂਰਨ ਅਕਾਲੀ ਉਮੀਦਵਾਰ ਦਾ ਵਿਰੋਧ ਕਰਨਾ ਪਵੇਗਾ। ਇਸੇ ਤਰ੍ਹਾਂ ਲੁਧਿਆਣਾ ਪੱਛਮੀ ਵਿਖੇ ਵੀ ਅਕਾਲੀ ਦਲ ਦੇ ਆਗੂਆਂ ਵੱਲੋਂ ਵਿਰੋਧ ਪ੍ਰਗਟਾਇਆ ਜਾ ਰਿਹਾ ਹੈ। ਇਸ ਬਾਰੇ ਗੱਲ ਕਰਦਿਆਂ ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਦੱਸਿਆ ਕਿ ਹਲਕਿਆਂ ਦੇ ਵਟਾਂਦਰੇ ਬਾਰੇ ਫੈਸਲਾ 25 ਦਸੰਬਰ ਤੋਂ ਬਾਅਦ ਲਿਆ ਜਾਵੇਗਾ।

ਸ੍ਰੀ ਸ਼ਰਮਾ ਨੇ ਦੱਸਿਆ ਕਿ ਇਸ ਮਾਮਲੇ ਬਾਰੇ ਦੋਵਾਂ ਧਿਰਾਂ ਵਿਚਾਲੇ ਗੱਲਬਾਤ ਜਾਰੀ ਹੈ। ਉਨ੍ਹਾਂ ਨੇ ਰੋਸ ਪ੍ਰਗਟਾਉਣ ਵਾਲੇ ਭਾਜਪਾ ਆਗੂਆਂ ਦੀ ਕਾਰਵਾਈ ਨੂੰ ਗਲਤ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਹਲਕਿਆਂ ਦੇ ਵਟਾਂਦਰੇ ਬਾਰੇ ਕੋਈ ਵੀ ਫੈਸਲਾ ਕਰਨ ਸਮੇਂ ਹਲਕੇ ਨਾਲ ਸਬੰਧਤ ਭਾਜਪਾ ਆਗੂਆਂ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖਿਆ ਜਾਵੇਗਾ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਹਲਕਿਆਂ ਦੇ ਵਟਾਂਦਰੇ ਬਾਰੇ ਕੋਈ ਵੀ ਫੈਸਲਾ ਪਾਰਟੀ ਹਿੱਤ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਅਜਿਹਾ ਫੈਸਲਾ ਕਿਸੇ ਵਿਅਕਤੀ ਦੇ ਨਿੱਜੀ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਨਹੀਂ ਕੀਤਾ ਜਾਵੇਗਾ ਸਗੋਂ ਪਾਰਟੀ ਦੇ ਵੱਡੇ ਹਿੱਤਾਂ ਤੇ ਜਿੱਤ ਨੂੰ ਧਿਆਨ ਵਿਚ ਰੱਖ ਕੇ ਲਿਆ ਜਾਵੇਗਾ। ਇਸ ਦੌਰਾਨ ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਤ ਅਕਾਲੀ ਆਗੂਆਂ ਦਾ ਵਫਦ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਅਗਵਾਈ ਹੇਠ ਬੀਤੇ ਦਿਨ ਮੋਗਾ ਵਿਖੇ ਪਾਰਟੀ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਮਿਲਣ ਲਈ ਗਿਆ ਸੀ ਪਰ ਰੁਝੇਵਿਆਂ ਤੇ ਸਮੇਂ ਦੀ ਘਾਟ ਕਾਰਨ ਮੁਲਾਕਾਤ ਨਹੀਂ ਹੋ ਸਕੀ।

# ਕੰਵਲਜੀਤ ਬਖਸ਼ੀ ਬਣਿਆ ਨਿਊਜ਼ੀਲੈਂਡ 'ਚ ਦੂਜੀ ਵਾਰ ਸੰਸਦ ਮੈਂਬਰ

**ਚੰਡੀਗੜ੍ਹ:** ਪਰਵਾਸੀ ਭਾਰਤੀ ਕੰਵਲਜੀਤ ਸਿੰਘ ਬਖਸ਼ੀ ਜਿਨ੍ਹਾਂ ਨੇ 2008 'ਚ ਨਿਊਜ਼ੀਲੈਂਡ ਪਾਰਲੀਮੈਂਟ 'ਚ ਪਹਿਲਾ ਪਗੜੀਧਾਰੀ ਸਿੱਖ ਮੈਂਬਰ ਹੋਣ ਦਾ ਮਾਣ ਹਾਸਲ ਕੀਤਾ ਸੀ ਨੇ ਦੂਜੀ ਵਾਰ ਸੰਸਦੀ ਚੋਣ ਜਿੱਤ ਲਈ ਹੈ। ਸ. ਬਖਸ਼ੀ ਨੇ ਭਾਵੇਂ ਇਸ ਵਾਰ ਸਿੱਧੀ ਚੋਣ ਨਹੀਂ ਲੜੀ ਪਰ ਪਾਰਟੀ ਲਿਸਟ 'ਚ ਚੁਣੇ ਜਾਣ ਕਾਰਨ ਉਹ ਦੂਜੀ ਵਾਰ ਸੰਸਦ ਮੈਂਬਰ ਬਣ ਗਏ ਹਨ।



ਉਹ ਨੈਸ਼ਨਲ ਪਾਰਟੀ ਦੇ ਨੁਮਾਇੰਦੇ ਹਨ। ਜ਼ਿਕਰਯੋਗ ਹੈ ਕਿ ਨਿਊਜ਼ੀਲੈਂਡ ਦੀ ਪਾਰਲੀਮੈਂਟ 'ਚ ਦੋ ਤਰ੍ਹਾਂ ਦੇ ਮੈਂਬਰ ਹੁੰਦੇ ਹਨ। ਪਹਿਲੀ ਸ਼੍ਰੇਣੀ 'ਚ ਉਹ ਮੈਂਬਰ ਹਨ ਜੋ ਸਿੱਧੀ ਚੋਣ ਰਾਹੀਂ ਚੁਣੇ ਜਾਂਦੇ ਹਨ ਤੇ ਦੂਜੀ ਸ਼੍ਰੇਣੀ ਦੇ ਮੈਂਬਰ ਪਾਰਟੀ ਸੂਚੀ 'ਚ ਸ਼ਾਮਲ ਹੁੰਦੇ ਹਨ। ਨਿਊਜ਼ੀਲੈਂਡ ਦੇ ਹਰੇਕ ਵੋਟਰ ਕੋਲ ਦੋ ਵੋਟ ਪਾਉਣ ਦਾ ਅਧਿਕਾਰ ਹੈ। ਪਾਰਲੀਮੈਂਟ ਦੇ 121 ਮੈਂਬਰਾਂ 'ਚੋਂ 70 ਸਿੱਧੀ ਚੋਣ ਰਾਹੀਂ ਚੁਣੇ ਜਾਂਦੇ ਹਨ ਜਦੋਂਕਿ ਬਾਕੀ 51 ਮੈਂਬਰ ਪਾਰਟੀ ਸੂਚੀ 'ਚ ਸ਼ਾਮਲ ਹੁੰਦੇ ਹਨ।

ਸੱਤਾਧਾਰੀ ਨੈਸ਼ਨਲ ਪਾਰਟੀ ਦੇ ਨੁਮਾਇੰਦੇ ਕੰਵਲਜੀਤ ਸਿੰਘ ਬਖਸ਼ੀ ਨੇ 2008 'ਚ ਲੇਬਰ ਪਾਰਟੀ ਦੇ ਆਪਣੇ ਵਿਰੋਧੀ ਉਮੀਦਵਾਰ ਰੌਸ ਰਾਬਰਟਸਨ ਨੂੰ ਹਰਾ ਕੇ ਚੋਣ ਜਿੱਤੀ ਸੀ ਤੇ ਨਿਊਜ਼ੀਲੈਂਡ ਦੀ ਸੰਸਦ 'ਚ ਸ਼ਾਮਲ ਹੋਣ ਵਾਲੇ ਪਹਿਲੇ ਸਿੱਖ ਮੈਂਬਰ ਹੋਣ ਦਾ ਮਾਣ ਹਾਸਲ ਕੀਤਾ ਸੀ। ਸ. ਬਖਸ਼ੀ 2001 'ਚ ਨਿਊਜ਼ੀਲੈਂਡ ਗਏ ਸਨ। ਉਨ੍ਹਾਂ ਦੇ ਪ੍ਰਾਪਰਟੀ, ਟਰਾਂਸਪੋਰਟ ਤੇ ਫੈਸ਼ਨ ਦੇ ਕਾਰੋਬਾਰ ਹਨ।

ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਪੜ੍ਹਾਈ ਕਰਨ ਤੋਂ ਬਾਅਦ ਉਨ੍ਹਾਂ ਦਿੱਲੀ ਯੂਨੀਵਰਸਿਟੀ ਤੋਂ ਬੀ.ਕਾਮ. ਕੀਤੀ। ਉਨ੍ਹਾਂ ਦਾ ਵਿਆਹ 1985 'ਚ ਇਰਵਿੰਦਰ ਕੌਰ ਨਾਲ ਹੋ ਗਿਆ ਤੇ ਇਸ ਵੇਲੇ ਉਨ੍ਹਾਂ ਦੇ ਦੋ ਬੇਟੇ ਗਵਾਨ ਤੇ ਰਿਜਕ ਹਨ। ਸ. ਬਖਸ਼ੀ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਿਤਾ ਸਿਆਸਤਦਾਨ ਸਨ ਤੇ ਚੋਣ ਪ੍ਰਚਾਰ 'ਚ ਉਨ੍ਹਾਂ ਦੀ ਸਹਾਇਤਾ ਕਰਦੇ ਵੇਲੇ ਉਨ੍ਹਾਂ 'ਤੇ ਵੀ ਸਿਆਸਤ ਦਾ ਰੰਗ ਚੜ੍ਹ ਗਿਆ। ਉਨ੍ਹਾਂ ਕਿਹਾ ਕਿ ਭਾਰਤੀ ਭਾਈਚਾਰੇ ਦੀ ਆਵਾਜ਼ ਨਿਊਜ਼ੀਲੈਂਡ ਦੀ ਸੰਸਦ 'ਚ ਉਠਾ ਕੇ ਉਨ੍ਹਾਂ ਨੂੰ ਸਕੂਨ ਮਿਲਦਾ ਹੈ। ਸ. ਬਖਸ਼ੀ ਤੋਂ ਇਲਾਵਾ ਰਜੇਨ ਪ੍ਰਸ਼ਾਦ ਦੂਜੇ ਭਾਰਤੀ ਮੂਲ ਦੇ ਸ਼ਖਸ ਹਨ ਜੋ ਪਾਰਟੀ ਸੂਚੀ ਰਾਹੀਂ ਸੰਸਦ ਮੈਂਬਰ ਚੁਣੇ ਗਏ ਹਨ। ਰਜੇਨ ਪ੍ਰਸ਼ਾਦ ਫਿਜੀ ਤੋਂ ਇਥੇ ਆ ਕੇ ਵਸੇ ਹਨ।

### -ਹਰਪ੍ਰੀਤ ਕਤਲ ਕਾਂਡ-

# ਸੀ.ਬੀ.ਆਈ. ਵੱਲੋਂ ਹਰਪ੍ਰੀਤ ਤੇ ਕਮਲਜੀਤ ਦੇ ਸਬੰਧਾਂ ਬਾਰੇ ਸਬੂਤ ਪੇਸ਼

**ਪਟਿਆਲਾ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਦੀ ਧੀ ਹਰਪ੍ਰੀਤ ਕੌਰ ਉਰਫ ਰੋਜ਼ੀ ਦੀ ਮੌਤ ਸਬੰਧੀ ਦਰਜ ਹੋਏ ਕਤਲ ਕੇਸ ਦੇ ਮਾਮਲੇ ਦੀ ਇੱਥੇ ਸੀ.ਬੀ.ਆਈ. ਅਦਾਲਤ ਵਿਚ ਚੱਲ ਰਹੀ ਸੁਣਵਾਈ ਦੌਰਾਨ ਜਾਂਚ ਏਜੰਸੀ ਵੱਲੋਂ ਮ੍ਰਿਤਕਾ ਦੇ ਸ਼ਿਕਾਇਤਕਰਤਾ ਕਮਲਜੀਤ ਸਿੰਘ ਨਾਲ ਕਥਿਤ ਸਬੰਧਾਂ ਤੇ ਕੁਝ ਹੋਰ ਅਹਿਮ ਪਹਿਲੂਆਂ 'ਤੇ ਅਧਾਰਤ ਦਸਤਾਵੇਜ਼ੀ ਸਬੂਤ ਪੇਸ਼ ਕੀਤੇ ਗਏ।

ਇਸ ਕੇਸ ਦੇ ਸ਼ਿਕਾਇਤਕਰਤਾ ਕਮਲਜੀਤ ਸਿੰਘ ਵੱਲੋਂ ਆਪਣੇ ਆਪ ਨੂੰ ਮ੍ਰਿਤਕਾ ਦਾ ਪਤੀ ਦੱਸਦਿਆਂ ਦਾਹਕਾ ਪਹਿਲਾਂ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਗਈ ਸੀ ਜਿਸ ਤਹਿਤ ਹੀ ਸੀ.ਬੀ.ਆਈ. ਵੱਲੋਂ ਜਾਂਚ ਉਪਰੰਤ ਇਹ ਮਾਮਲਾ ਦਰਜ ਕੀਤਾ ਗਿਆ ਸੀ। ਸ਼ਿਕਾਇਤਕਰਤਾ ਨੇ ਹਰਪ੍ਰੀਤ ਕੌਰ ਦੀ ਉਸ ਨਾਲ ਮੰਗਣੀ ਹੋਣ ਸਮੇਤ ਮੁਲਜ਼ਮਾਂ 'ਤੇ ਹਰਪ੍ਰੀਤ ਦਾ ਗਰਭਪਾਤ ਕਰਵਾਉਣ ਦੇ ਵੀ ਦੋਸ਼ ਲਾਏ ਹਨ। ਇਸ ਤਹਿਤ 16 ਤੇ 17 ਦਸੰਬਰ ਦੀਆਂ ਪੇਸ਼ੀਆਂ ਦੌਰਾਨ ਸੀ.ਬੀ.ਆਈ. ਦੇ ਵਕੀਲਾਂ ਐਸ.ਕੇ. ਸਕਸੈਨਾ ਤੇ ਆਰ.ਕੇ. ਹਾਂਡਾ ਵੱਲੋਂ ਹਰਪ੍ਰੀਤ ਤੇ ਕਮਲਜੀਤ ਦੇ ਆਪਸੀ ਸਬੰਧਾਂ ਬਾਰੇ ਸਬੂਤ ਪੇਸ਼ ਕੀਤੇ ਗਏ। ਉਨ੍ਹਾਂ ਨੇ ਅਦਾਲਤ ਵਿਚ 6 ਸਤੰਬਰ 1999 ਨੂੰ ਹੋਈ ਦੱਸੀ ਜਾਂਦੀ ਮੰਗਣੀ ਬਾਰੇ ਬੁੱਕ ਕੀਤੇ ਗਏ ਹੋਟਲ ਦੀਆਂ ਰਸੀਦਾਂ ਤੇ ਫੋਟੋਆਂ ਸਬੂਤਾਂ ਵਜੋਂ ਪੇਸ਼ ਕੀਤੀਆਂ। ਇਸੇ ਤਰ੍ਹਾਂ ਜਾਂਚ ਏਜੰਸੀ ਨੇ ਮ੍ਰਿਤਕਾ ਵੱਲੋਂ ਕਮਲਜੀਤ ਸਿੰਘ ਨੂੰ ਲਿਖੇ ਕੁਝ ਪੱਤਰ ਤੇ ਪੀ.ਸੀ.ਓ. ਤੋਂ ਕੀਤੇ ਜਾਂਦੇ ਰਹੇ ਫੋਨਾਂ ਦੀ ਡਿਟੇਲ 'ਤੇ ਆਧਾਰਤ ਦਸਤਾਵੇਜ਼ ਵੀ ਅਦਾਲਤ ਨੂੰ ਦਿਖਾਏ। ਇਸ ਤੋਂ ਇਲਾਵਾ ਇਨ੍ਹਾਂ ਦੋਹਾਂ ਦੀਆਂ ਮੁਲਾਕਾਤਾਂ ਸਬੰਧੀ ਚੰਡੀਗੜ੍ਹ ਸਥਿਤ ਹੋਟਲ ਦੇ ਮੈਨੇਜਰ ਤੇ ਮਾਲਕ ਵੱਲੋਂ ਤਸਵੀਰਾਂ ਦੇ ਆਧਾਰ 'ਤੇ ਇਸ ਜੋੜੀ ਦੇ ਹੋਟਲ ਵਿਚ ਆਉਣ ਬਾਰੇ ਦਿੱਤੇ ਗਏ ਬਿਆਨਾਂ ਦਾ ਵੀ ਜ਼ਿਕਰ ਕੀਤਾ। ਇਸੇ ਦੌਰਾਨ ਜਾਂਚ ਏਜੰਸੀ ਨੇ ਹਰਪ੍ਰੀਤ ਕੌਰ ਦੇ ਗਰਭਵਤੀ ਹੋਣ ਬਾਰੇ ਆਪਣੀ ਜਾਂਚ ਵਿਚ ਕੀਤੇ ਗਏ ਜ਼ਿਕਰ ਤਹਿਤ ਰਿਪੋਰਟਾਂ ਪੇਸ਼ ਕੀਤੀਆਂ। ਇਸ ਤਹਿਤ ਹਰਪ੍ਰੀਤ ਕੌਰ ਦੇ ਕਰਵਾਏ ਗਏ ਟੈਸਟਾਂ ਤੇ ਅਲਟਰਾਸਾਊਂਡ ਦੀਆਂ ਰਿਪੋਰਟਾਂ ਹੋਣ ਦੀ ਗੱਲ ਆਖੀ।

ਇਨ੍ਹਾਂ ਦੋਵੇਂ ਪੇਸ਼ੀਆਂ ਦੌਰਾਨ ਬੀਬੀ ਜਗੀਰ ਕੌਰ, ਦਲਵਿੰਦਰ ਕੌਰ ਢੇਸੀ ਤੇ ਨਿਸ਼ਾਨ ਸਿੰਘ ਨੂੰ ਵੱਖ-ਵੱਖ ਕਾਰਨਾਂ ਕਰਕੇ ਪੇਸ਼ੀ ਤੋਂ ਮਿਲੀ ਛੋਟ ਤਹਿਤ ਉਹ ਅਦਾਲਤ ਵਿਚ ਨਹੀਂ ਪਹੁੰਚੇ। ਕੇਸ ਦੀ ਸੁਣਵਾਈ ਕਰ ਰਹੇ ਜੱਜ ਬਲਬੀਰ ਸਿੰਘ ਵੱਲੋਂ ਇਸ ਮਾਮਲੇ ਦੀ ਅਗਵਾਈ ਸੁਣਵਾਈ 24 ਦਸੰਬਰ 'ਤੇ ਪਾ ਦਿੱਤੀ ਗਈ ਹੈ।

# ਪੁਲਿਸ ਅਫ਼ਸਰਾਂ ਦਾ ਚੋਣਾਂ ਲੜਨਾ ਜਮਹੂਰੀਅਤ ਵਿਰੋਧੀ: ਦਲ ਖਾਲਸਾ

**ਚੰਡੀਗੜ੍ਹ:** ਦਲ ਖਾਲਸਾ ਨੇ ਪੰਜਾਬ ਪੁਲਿਸ ਦੇ ਸਾਬਕਾ ਉੱਚ ਅਧਿਕਾਰੀਆਂ ਵੱਲੋਂ ਆਗਾਮੀ ਚੋਣਾਂ ਦੌਰਾਨ ਅੱਗੇ ਆਉਣ ਦੇ ਫੈਸਲੇ ਨੂੰ ਜਮਹੂਰੀਅਤ ਵਿਰੋਧੀ ਕਰਾਰ ਦਿੱਤਾ ਹੈ। ਦਲ ਖਾਲਸਾ ਨੇ ਕਿਹਾ ਕਿ ਜਿਸ ਅਕਾਲੀ ਦਲ ਲਈ ਸਿੱਖਾਂ ਦੀਆਂ ਪਿਛਲੀਆਂ ਪੀੜ੍ਹੀਆਂ ਦੇ ਬਜ਼ੁਰਗਾਂ ਨੇ ਕੁਰਬਾਨੀਆਂ ਕੀਤੀਆਂ ਸਨ, ਉਸ 'ਤੇ ਹੁਣ ਸਾਬਕਾ ਪੁਲਿਸ ਅਧਿਕਾਰੀਆਂ ਤੇ ਅਫਸਰਸ਼ਾਹੀ ਦਾ ਕਬਜ਼ਾ ਹੋਣ ਜਾ ਰਿਹਾ ਹੈ। ਇਸ ਕਰਕੇ ਹੁਣ ਅਕਾਲੀ ਜਥੇਦਾਰਾਂ ਨੂੰ ਇਸ ਪਾਰਟੀ ਵਿਚ ਖੂੰਜੇ ਲੱਗਣਾ ਪਵੇਗਾ।

ਜਥੇਬੰਦੀ ਦੇ ਪ੍ਰਧਾਨ ਹਰਚਰਨਜੀਤ ਸਿੰਘ ਧਾਮੀ ਨੇ ਕਿਹਾ ਕਿ ਅਕਾਲੀ ਦਲ ਦੀ ਦੂਜੀ ਤੇ ਤੀਜੀ ਕਤਾਰ ਦੇ ਜਥੇਦਾਰਾਂ ਨੂੰ ਸਾਬਕਾ ਆਈ.ਏ.ਐਸ ਤੇ ਆਈ.ਪੀ.ਐਸ. ਅਧਿਕਾਰੀਆਂ ਵੱਲੋਂ ਉਨ੍ਹਾਂ ਦੇ ਸਿਆਸੀ ਥਾਂ ਨੂੰ ਹੜੱਪਣ ਦੀਆਂ ਕੋਸ਼ਿਸ਼ਾਂ ਵਿਰੁੱਧ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਦਲ ਖਾਲਸਾ ਆਗੂ ਨੇ ਸਾਬਕਾ ਪੁਲਿਸ ਅਧਿਕਾਰੀਆਂ ਇਜ਼ਹਾਰ ਆਲਮ, ਪੀ.ਐਸ. ਗਿੱਲ, ਐਚ.ਐਸ. ਚਾਹਲ ਤੇ ਐਸ.ਐਸ. ਵਿਰਕ ਵੱਲੋਂ ਚੋਣਾਂ ਲੜਨ ਦੇ ਐਲਾਨ ਦਾ ਸਖਤ ਨੋਟਿਸ ਲਿਆ ਹੈ।

ਉਨ੍ਹਾਂ ਕਿਹਾ ਕਿ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਹਰ ਨਾਗਰਿਕ ਨੂੰ ਚੋਣ ਸਿਆਸਤ ਵਿਚ ਦਾਖਲ ਹੋਣ ਦਾ ਹੱਕ ਹੈ ਪਰ ਫਿਕਰ ਇਸ ਗੱਲ ਦਾ ਹੈ ਕਿ ਜਿਹੜੇ ਪੁਲਿਸ ਅਧਿਕਾਰੀ ਚੋਣ ਸਿਆਸਤ ਵਿਚ ਦਾਖਲ ਹੋ ਕੇ ਕਾਨੂੰਨਦਾਨ ਬਣਨ ਜਾ ਰਹੇ ਹਨ। ਉਹ ਪਿਛਲੇ ਸਮੇਂ ਅੰਦਰ ਕਾਨੂੰਨ ਦੀ ਉਲੰਘਣਾ ਦੇ ਦੋਸ਼ੀ ਰਹੇ ਹਨ।

ਪੰਜਾਬ ਦੇ ਸਿਆਸੀ ਦਲਾਂ ਵੱਲੋਂ ਅੰਨਾ ਹਜ਼ਾਰੇ ਨੂੰ ਪੰਜਾਬ ਅੰਦਰ ਉਨ੍ਹਾਂ ਦੇ ਹੱਕ ਵਿਚ ਚੋਣ ਪ੍ਰਚਾਰ ਲਈ ਸੱਦੇ ਜਾਣ ਦੇ ਕੀਤੇ ਜਾ ਰਹੇ ਐਲਾਨਾਂ ਬਾਰੇ ਉਨ੍ਹਾਂ ਕਿਹਾ ਮਨਪ੍ਰੀਤ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ ਅੰਨਾ ਹਜ਼ਾਰੇ ਦੀ ਭ੍ਰਿਸ਼ਟਾਚਾਰ ਵਿਰੋਧੀ ਲਹਿਰ ਤੋਂ ਸਿਆਸੀ ਲਾਭ ਲੈਣ ਦੇ ਚੱਕਰ ਵਿਚ ਹਨ। ਉਨ੍ਹਾਂ ਕਿਹਾ ਕਿ ਦਲ ਖਾਲਸਾ ਦਾ ਮੰਨਣਾ ਹੈ ਕਿ ਉਹ ਗਾਂਧੀਵਾਦੀ" ਵਿਅਕਤੀ ਵੱਲੋਂ ਸ਼ੁਰੂ ਕੀਤੀ ਇਸ ਮੁਹਿੰਮ ਦਾ ਹਾਂ-ਪੱਖੀ ਨਤੀਜਾ ਤਾਂ ਹੀ ਨਿਕਲੇਗਾ ਜੇ ਹਰ ਨਾਗਰਿਕ ਨਿੱਜੀ ਤੌਰ 'ਤੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੀ ਜ਼ਿੰਮੇਵਾਰੀ ਲਵੇ ਤੇ ਆਪਣੇ ਅੰਦਰੋਂ ਇਸ ਬਿਮਾਰੀ ਨੂੰ ਖਤਮ ਕਰੇ।

# ਲੋਕ ਕਵੀ ਜਤਿਨ ਮਰਾਂਡੀ ਦੀ ਫਾਂਸੀ ਦੀ ਸਜ਼ਾ ਰੱਦ

ਚੰਡੀਗੜ੍ਹ: ਉੱਘੇ ਲੋਕ ਕਵੀ ਤੇ ਰੰਗ ਕਰਮੀ ਜਤਿਨ ਮਰਾਂਡੀ ਨੂੰ ਝਾਰਖੰਡ ਹਾਈ ਕੋਰਟ ਨੇ ਫਾਂਸੀ ਦੀ ਸਜ਼ਾ ਤੋਂ ਬਾਇੱਜ਼ਤ ਬਰੀ ਕਰ ਦਿੱਤਾ। ਅਪ੍ਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ, ਪੰਜਾਬ ਨੇ ਇਸ ਨੂੰ ਮੁਲਕ ਭਰ ਦੇ ਬੁੱਧੀਜੀਵੀਆਂ, ਜਮਹੂਰੀਅਤ ਤੇ ਇਨਸਾਫ-ਪਸੰਦ ਸ਼ਕਤੀਆਂ ਤੇ ਸਚਾਈ ਦੀ ਜਿੱਤ ਕਰਾਰ ਦਿੱਤਾ ਹੈ।

ਆਪ੍ਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ, ਪੰਜਾਬ ਦੇ ਕੋ-ਕਨਵੀਨਰ ਡਾ. ਪਰਮਿੰਦਰ ਸਿੰਘ, ਪ੍ਰੋ: ਏ.ਕੇ. ਮਲੇਰੀ ਤੇ ਯਸ਼ਪਾਲ ਨੇ ਦੱਸਿਆ ਕਿ ਵਿਸ਼ਵ ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ, ਮੰਨੇ-ਪ੍ਰਮੰਨੇ ਫਿਲਮਸਾਜ਼ ਸੰਜੇ ਕਾਕ, ਮੁਲਕ ਦੇ ਨਾਮਵਰ ਕਵੀ ਵਰਵਰਾ ਰਾਓ ਤੇ ਸੰਸਥਾ ਨੇ ਜਤਿਨ ਮਰਾਂਡੀ ਦੀ ਫਾਂਸੀ ਦੀ ਸਜ਼ਾ ਰੱਦ ਕਰਾਉਣ ਲਈ ਕਨਵੈਨਸ਼ਨਾਂ, ਰੋਸ ਮਾਰਚ ਤੇ ਦਸਤਖਤੀ ਮੁਹਿੰਮ ਰਾਹੀਂ ਲਗਾਤਾਰ ਜ਼ੋਰਦਾਰ ਆਵਾਜ਼ ਉਠਾਈ ਸੀ।

# ਭਾਈ ਬਿੱਟੂ ਤੇ ਭੂਤਨਾ ਹਥਿਆਰਾਂ ਦੇ ਕੇਸ 'ਚੋਂ ਬਰੀ

ਮਾਨਸਾ: ਅਦਾਲਤ ਨੇ ਬੱਬਰ ਖਾਲਸਾ ਦੇ ਖਾੜਕੂ ਭਾਈ ਬਲਬੀਰ ਸਿੰਘ ਭੂਤਨਾ, ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਪ੍ਰਧਾਨ ਭਾਈ ਦਲਜੀਤ ਸਿੰਘ ਬਿੱਟੂ ਸਮੇਤ ਨੌਂ ਸਿੱਖ ਨੌਜਵਾਨਾਂ ਨੂੰ ਹਥਿਆਰਾਂ ਤੇ ਦਹਿਸ਼ਤ ਫੈਲਾਉਣ ਦੇ ਕੇਸ ਵਿਚ ਜਿੱਥੇ ਬਾਇੱਜ਼ਤ ਬਰੀ ਕਰ ਦਿੱਤਾ, ਉੱਥੇ ਡੇਰਾ ਸਿਰਸਾ ਪ੍ਰੇਮੀ ਲੀਲੀ ਕਤਲ ਕਾਂਡ ਦੇ ਮਾਮਲੇ ਵਿਚ ਉਨ੍ਹਾਂ ਦੀ ਅਗਲੀ ਪੇਸ਼ੀ 6 ਜਨਵਰੀ 'ਤੇ ਪਾ ਦਿੱਤੀ ਹੈ। ਅਦਾਲਤ ਨੇ ਲੀਲੀ ਕਤਲ ਕਾਂਡ 'ਚ ਸਾਰੀਆਂ ਗਵਾਹੀਆਂ ਮੁੜ ਕਰਵਾਉਣ ਦੇ ਹੁਕਮ ਦੇ ਦਿੱਤੇ ਹਨ।

ਪੁਲੀਸ ਨੇ 21 ਅਗਸਤ, 2009 ਨੂੰ ਮੱਖਣ ਸਿੰਘ ਸਮਾਓਂ ਤੋਂ ਦੋ ਪਿਸਤੌਲ ਫੜਨ ਤੇ ਹੋਰਾਂ ਵੱਲੋਂ ਗੁਰਦੁਆਰਾ ਸੁਲੀਸਰ ਕੋਟਧਰਮੂ ਵਿਖੇ ਇਕੱਤਰਤਾ ਕਰਕੇ ਦਹਿਸ਼ਤ ਫੈਲਾਉਣ ਦੇ ਮਾਮਲੇ ਵਿਚ 2554 ਆਰਮਜ਼ ਐਕਟ 16 (1) ਅਧੀਨ ਮੁਕੱਦਮਾ ਦਰਜ ਕੀਤਾ ਸੀ। ਇਸ ਇਲਾਵਾ ਸਿੱਖ ਨੌਜਵਾਨ ਮੱਖਣ ਸਿੰਘ ਸਮਾਓਂ, ਪ੍ਰੋ. ਗੁਰਵੀਰ ਸਿੰਘ, ਗਮਦੂਰ ਸਿੰਘ ਕੋਟਧਰਮੂ, ਅੰਮ੍ਰਿਤਪਾਲ ਸਿੰਘ, ਕਰਨ ਸਿੰਘ ਝੰਡੂਕੇ, ਰਾਜ ਸਿੰਘ, ਗੁਰਦੀਪ ਸਿੰਘ ਲੁਧਿਆਣਾ ਨੂੰ ਕਰੜੇ ਸੁਰੱਖਿਆ ਪ੍ਰਬੰਧਾਂ ਹੇਠ ਵਧੀਕ ਸੈਸ਼ਨ ਜੱਜ ਬਲਦੇਵ ਸਿੰਘ ਸੋਢੀ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ।

ਸਿੱਖ ਨੌਜਵਾਨਾਂ ਵੱਲੋਂ ਕੇਸ ਲੜ ਰਹੇ ਵਕੀਲਾਂ ਨੇ ਦੱਸਿਆ ਕਿ ਅਦਾਲਤ ਨੇ ਦਲੀਲਾਂ ਨਾਲ ਸਹਿਮਤ ਹੁੰਦਿਆਂ ਸਾਰਿਆਂ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਲੀਲੀ ਕਤਲ ਕਾਂਡ ਦਾ ਕੇਸ ਵੀ ਗਵਾਹੀਆਂ 'ਤੇ ਹੋਣ ਕਰ ਕੇ ਕੇਸ ਦਾ ਫੈਸਲਾ ਵੀ ਜਲਦੀ ਹੋ ਜਾਵੇਗਾ। ਲੀਲੀ ਕਤਲ ਮਾਮਲੇ ਵਿਚ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਮਨਧੀਰ ਸਿੰਘ ਨੂੰ ਵੀ ਪੇਸ਼ ਕੀਤਾ ਗਿਆ। ਪੇਸ਼ੀ ਮੌਕੇ ਏਕਨੂਰ ਖਾਲਸਾ ਫ਼ੌਜ ਦੇ ਮੁਖੀ ਭਾਈ ਬਲਜਿੰਦਰ ਸਿੰਘ ਖ਼ਾਲਸਾ, ਬਾਬਾ ਹਰਦੀਪ ਸਿੰਘ ਗੁਰੂਸਰ ਮਹਿਰਾਜ ਤੇ ਹੋਰ ਆਗੂ ਵੀ ਹਾਜ਼ਰ ਸਨ।

# ਖ਼ਾਲਿਸਤਾਨ ਕਮਾਂਡੋ ਫੋਰਸ ਦਾ ਏਰੀਆ ਕਮਾਂਡਰ ਗ੍ਰਿਫਤਾਰ

**ਜਲੰਧਰ:** ਪੁਲਿਸ ਨੇ 21 ਸਾਲਾਂ ਤੋਂ ਭਗੌੜੇ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਏਰੀਆ ਕਮਾਂਡਰ ਕੁਲਵੰਤ ਸਿੰਘ ਨੂੰ ਅਸਲੇ ਸਮੇਤ ਗ੍ਰਿਫਤਾਰ ਕਰ ਲਿਆ ਹੈ। ਪੁਲਿਸ ਅਨੁਸਾਰ ਮਿਲੀ ਸੂਚਨਾ 'ਤੇ ਕਾਰਵਾਈ ਕਰਦਿਆਂ ਸੀ.ਆਈ.ਏ. ਸਟਾਫ ਨੇ ਲਿੱਦੜਾਂ ਸੜਕ ਤੋਂ ਕੁਲਵੰਤ ਸਿੰਘ ਉਰਫ ਬੰਤ ਉਰਫ ਵਲੈਤੀਆ ਨੂੰ ਗ੍ਰਿਫਤਾਰ ਕਰ ਲਿਆ। ਉਸ ਕੋਲੋਂ 32 ਬੋਰ ਦਾ ਪਿਸਤੌਲ, ਤਿੰਨ ਕਾਰਤੂਸ ਤੇ ਦੇਸੀ ਪਿਸਤੌਲ ਵੀ ਬਰਾਮਦ ਕੀਤਾ ਹੈ। ਉਸ ਵਿਰੁੱਧ ਵੱਖ-ਵੱਖ ਥਾਣਿਆਂ 'ਚ ਕਤਲ, ਲੁੱਟਾਂ-ਖੋਹਾਂ ਤੇ ਅਸਲਾ ਐਕਟ ਤਹਿਤ 14 ਕੇਸ ਦਰਜ ਹਨ।



ਕੁਲਵੰਤ ਸਿੰਘ ਨੇ ਮੋਗਾ ਤੋਂ ਨਰੇਸ਼ ਕੁਮਾਰ ਗਰਗ ਦੇ ਨਾਂ 'ਤੇ ਜਾਅਲੀ ਡਰਾਈਵਿੰਗ ਲਾਈਸੰਸ ਵੀ ਬਣਾਇਆ ਹੋਇਆ ਸੀ। ਕੁਲਵੰਤ ਸਿੰਘ ਪੁੱਤਰ ਨਿਰਮਲ ਸਿੰਘ ਪਿੰਡ ਜਗਰਾਵਾਂ ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਹੈ। ਕੁਲਵੰਤ ਸਿੰਘ ਕਤਲ ਸਮੇਤ ਕਈ ਮਾਮਲਿਆਂ 'ਚ ਲੋੜੀਂਦਾ ਸੀ। ਪੁਲਿਸ ਨੇ ਉਸ ਨੂੰ 1987 'ਚ ਵੀ ਗ੍ਰਿਫਤਾਰ ਕਰ ਲਿਆ ਸੀ। ਢਾਈ ਸਾਲਾਂ ਬਾਅਦ ਉਸ ਦੀ ਜ਼ਮਾਨਤ ਹੋ ਗਈ ਤੇ ਉਹ ਜਰਮਨੀ ਚਲਾ ਗਿਆ। ਉਥੋਂ ਸਮਾਂ ਪਾ ਕੇ ਉਸ ਨੇ ਇੰਗਲੈਂਡ ਜਾ ਕੇ ਵਿਆਹ ਕਰਵਾ ਲਿਆ ਸੀ। ਪੁਲਿਸ ਅਨੁਸਾਰ ਉਸ ਨੇ ਵਾਪਸ ਆ ਕੇ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਸ਼ੁਰੂ ਕਰ ਦਿੱਤੀਆਂ। ਉਸ ਵਿਰੁੱਧ ਥਾਣਾ ਮਕਸੂਦਾਂ 'ਚ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

# ਸਿੱਖ ਭਾਈਚਾਰੇ ਵਲੋਂ ਮੇਅਰ ਹਾਰਵੀ ਹਾਲ ਨੂੰ ਹਮਾਇਤ ਦਾ ਭਰੋਸਾ

**ਬੇਕਰਜ਼ਫੀਲਡ (ਬਲਬੀਰ ਸਿੰਘ):** ਬੇਕਰਜ਼ਫੀਲਡ ਸ਼ਹਿਰ ਦੇ ਮੇਅਰ ਹਾਰਵੀ ਹਾਲ ਚੌਥੀ ਵਾਰ ਸਿਟੀ ਮੇਅਰ ਦੀ ਚੋਣ ਲੜਨਗੇ। ਪਹਿਲੀ ਵਾਰ ਉਹ ਮਾਰਚ 2000 ਵਿਚ 11 ਹੋਰ ਉਮੀਦਵਾਰਾਂ ਨੂੰ ਹਰਾ ਕੇ ਚੋਣ ਜਿੱਤੇ ਸਨ ਅਤੇ ਸ਼ਹਿਰ ਦੇ 25ਵੇਂ ਮੇਅਰ ਬਣੇ ਸਨ। ਉਸ ਪਿਛੋਂ 2004 ਅਤੇ 2008 ਵਿਚ ਮੁੜ ਜੇਤੂ ਰਹੇ।

ਪੰਜਾਬੀ ਅਤੇ ਖਾਸ ਕਰ ਸਿੱਖ ਭਾਈਚਾਰੇ ਵਲੋਂ ਮੇਅਰ ਹਾਰਵੀ ਹਾਲ ਨੂੰ ਮੁਕੰਮਲ ਹਮਾਇਤ ਦੇਣ ਦਾ ਭਰੋਸਾ ਦਿਤਾ ਗਿਆ ਹੈ। ਅਕਾਲੀ ਦਲ (ਅੰਮ੍ਰਿਤਸਰ) ਦੇ ਸੀਨੀਅਰ ਮੀਤ ਪ੍ਰਧਾਨ ਸ. ਰੇਸ਼ਮ ਸਿੰਘ, ਸਿੱਖ ਭਾਈਚਾਰੇ ਦੇ ਉਘੇ ਆਗੂ ਸ. ਨਾਜਰ ਸਿੰਘ ਕੂਨਰ ਅਤੇ ਸ਼ਹਿਰ ਦੇ ਹੋਰ ਸਿੱਖ ਪਤਵੰਤੇ ਸੱਜਣਾਂ ਨੇ ਮੇਅਰ ਹਾਰਵੀ ਹਾਲ ਨਾਲ ਇਕ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਸਿੱਖ ਭਾਈਚਾਰੇ ਵਲੋਂ ਹਮਾਇਤ ਦਾ ਭਰੋਸਾ ਦਵਾਇਆ। ਜ਼ਿਕਰਯੋਗ ਹੈ ਕਿ 9/11 ਦੀਆਂ ਘਟਨਾਵਾਂ ਤੋਂ ਬਾਅਦ ਸਿੱਖਾਂ ਨੂੰ ਆਪਣੀ ਪਛਾਣ ਕਰ ਕੇ ਆਈਆਂ ਮੁਸ਼ਕਿਲਾਂ ਦੇ ਸਮੇਂ ਮੇਅਰ ਹਾਰਵੀ ਹਾਲ ਸਿੱਖਾਂ ਨਾਲ ਡਟ ਕੇ ਖੜੇ ਹੋਏ ਸਨ। ਮੇਅਰ ਹਾਰਵੀ ਹਾਲ ਵਲੋਂ ਅੰਮ੍ਰਿਤਸਰ ਸ਼ਹਿਰ ਅਤੇ ਬੇਕਰਜ਼ਫੀਲਡ ਨੂੰ ਸਿਸਟਰ ਸਿਟੀ ਬਣਾਉਣ ਦੇ ਪ੍ਰਾਜੈਕਟ ਵਿਚ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ।



*ਮੇਅਰ ਹਾਰਵੀ ਹਾਲ ਨਾਲ ਸਿੱਖ ਪਤਵੰਤੇ*









ੴ ਸਤਿਗੁਰ ਪ੍ਰਸਾਦਿ॥
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸੈਨ ਹੋਜ਼ੇ, ਕੈਲੀਫੋਰਨੀਆ

## ਫਤਿਹਗੜ੍ਹ ਸਾਹਿਬ ਇਲਾਕੇ ਦੀਆਂ ਸਮੂਹ ਸੰਗਤਾਂ ਵਲੋਂ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ,ਬਾਬਾ ਫਤਿਹ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਕੁਰਬਾਨੀ ਦੀ ਯਾਦ ਵਿਚ

# ਸ਼ਹੀਦੀ ਜੋੜ ਮੇਲਾ

### ਪ੍ਰੋਗਰਾਮ ਦਾ ਵੇਰਵਾ

**23 ਦਸੰਬਰ, 2011**

ਅਰੰਭ ਸ੍ਰੀ ਅਖੰਡ ਪਾਠ (ਸਵੇਰੇ 11:00 ਵਜੇ)
ਸ਼ਾਮ 7:30 ਵਜੇ ਸਾਕਾ ਸਰਹਿੰਦ ਬਾਰੇ ਮੂਵੀ ਵਿਖਾਈ ਜਾਵੇਗੀ।

**24 ਦਸੰਬਰ, 2011**

ਸ਼ਾਮ ਨੂੰ ਮਹਾਨ ਢਾਡੀ ਦਰਬਾਰ ਹੋਵੇਗਾ।

**25 ਦਸੰਬਰ, 2011**

ਭੋਗ ਸ੍ਰੀ ਅਖੰਡ ਪਾਠ (ਸਵੇਰੇ 10:00 ਵਜੇ)

ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਵੇਰੇ 10:00 ਵਜੇ ਤੋਂ ਬਾਅਦ ਦੁਪਹਿਰ 2:30 ਵਜੇ ਤੱਕ ਭਾਰੀ ਦੀਵਾਨ ਸਜਣਗੇ ਜਿਸ ਵਿਚ ਪੰਥ ਦੇ ਮਹਾਨ ਕੀਰਤਨੀ ਜਥੇ, ਕਥਾਵਾਚਕ ਅਤੇ ਢਾਡੀ ਜਥੇ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਖਾਲਸਾ ਸਕੂਲ ਦੇ ਬੱਚੇ ਸ਼ਬਦ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ।



### ਗੁਰੂ ਪੰਥ ਦੇ ਦਾਸ

ਬਲਵਿੰਦਰ ਸਿੰਘ, ਸੁਖਵਿੰਦਰ ਸਿੰਘ ਗੋਗੀ, ਜਸਪਾਲ ਸਿੰਘ, ਇੰਦਰਜੀਤ ਸਿੰਘ, ਹਰਜੀਤ ਸਿੰਘ, ਰਾਜਿੰਦਰ ਸਿੰਘ ਸੇਖੋਂ, ਰਘਵੀਰ ਸਿੰਘ, ਸੁਰਜੀਤ ਸਿੰਘ, ਹਰਵਿੰਦਰ ਸਿੰਘ, ਗੁਰਬੀਰ ਸਿੰਘ, ਦਲਜੀਤ ਸਿੰਘ ਮਾਵੀ, ਮਨੀ ਜੈਲਦਾਰ, ਸਤਵਿੰਦਰ ਸਿੰਘ, ਨਿਰਭੈਅ ਸਿੰਘ, ਇੰਦਰ ਸਿੰਘ, ਬਲਿਹਾਰ ਸਿੰਘ, ਬਾਲੂ ਪ੍ਰਧਾਨ, ਪ੍ਰਤਾਪ ਸਿੰਘ ਮਿੱਠੂ, ਸੁਖਵਿੰਦਰ ਸਿੰਘ ਸੈਦੋ ਮਾਜਰਾ, ਗੁਰਜੀਤ ਸਿੰਘ ਝਾਮਪੁਰ, ਦੀਪਇੰਦਰ ਸਿੰਘ, ਜੋਗਾ ਸਿੰਘ, ਲਖਵਿੰਦਰ ਸਿੰਘ ਪੂਨੀਆ, ਗੁਰਤੇਜ ਸਿੰਘ ਤੇਜੀ, ਜਸਵਿੰਦਰ ਸਿੰਘ, ਦੀਦਾਰ ਸਿੰਘ, ਕੁਲਦੀਪ ਸਿੰਘ ਮਨਹੇੜਾ, ਮੇਜਰ ਸਿੰਘ, ਗੁਰਸ਼ਰਨ ਸਿੰਘ, ਬਲਜਿੰਦਰ ਸਿੰਘ, ਕੁਲਦੀਪ ਸਿੰਘ, ਰਣਧੀਰ ਸਿੰਘ, ਰਣਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਬਲਵੀਰ ਸਿੰਘ, ਕੰਵਲਜੀਤ ਸਿੰਘ, ਬਲਵਿੰਦਰ ਸਿੰਘ, ਗੁਰਨਾਮ ਸਿੰਘ, ਹਰਜੋਤ ਸਿੰਘ, ਹਰਦੇਵ ਸਿੰਘ, ਮਨਮੋਹਨ ਸਿੰਘ, ਸੁਰਜੀਤ ਸਿੰਘ ਮਾਛੀਵਾੜਾ, ਰਘਵੀਰ ਸਿੰਘ ਮੁੰਡੀ, ਅਰਜਨ ਸਿੰਘ, ਬਲਦੇਵ ਸਿੰਘ, ਕੁਲਵੰਤ ਸਿੰਘ ਜੰਡੀਰ, ਮਨਜੀਤ ਸਿੰਘ, ਕੁਲਵੰਤ ਸਿੰਘ, ਜਸਵੀਰ ਸਿੰਘ, ਗੁਰਵਿੰਦਰ ਸਿੰਘ, ਮੋਹਣ ਸਿੰਘ, ਰਾਜਵਿੰਦਰ ਸਿੰਘ ਟਿਵਾਣਾ, ਭੁਪਿੰਦਰ ਸਿੰਘ ਚੀਮਾ, ਤੇਜਵੀਰ ਸਿੰਘ, ਹਰਦੀਪ ਸਿੰਘ, ਸਤਵਿੰਦਰ ਸਿੰਘ, ਪਰਮਜੀਤ ਸਿੰਘ, ਹਰਬੰਸ ਸਿੰਘ, ਗੁਰਦਿਆਲ ਸਿੰਘ, ਮਲਕੀਤ ਸਿੰਘ, ਰਾਜਿੰਦਰ ਸਿੰਘ, ਮਹਿੰਦਰ ਸਿੰਘ ਮਾਵੀ, ਸਰਬਜੀਤ ਸਿੰਘ, ਕਮਲਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਹਰਨੇਕ ਸਿੰਘ, ਨਿਰਭੈ ਸਿੰਘ, ਨਰਿੰਦਰ ਸਿੰਘ, ਸਤਿੰਦਰ ਸਿੰਘ, ਜਸਪ੍ਰੀਤ ਬੋਲਾ, ਗੁਰਪ੍ਰੀਤ ਸਿੰਘ, ਹਰਮਿੰਦਰਪਾਲ ਸਿੰਘ, ਪਰਵੀਰ ਸਿੰਘ, ਅਜੈਪਾਲ ਸਿੰਘ, ਜਸਜੀਤ ਸਿੰਘ, ਪਵਨਦੀਪ ਸਿੰਘ, ਪ੍ਰਭਪ੍ਰੀਤ ਸਿੰਘ, ਸੁਖਜਿੰਦਰ ਸਿੰਘ, ਮੇਹਰ ਸਿੰਘ, ਹਰਕੀਰਤ ਸਿੰਘ, ਪਰਮਜੀਤ ਸਿੰਘ, ਜਸਲੀਤ ਸਿੰਘ।

## ਬੇਨਤੀਕਰਤਾ:ਸਮੂਹ ਸਾਧ ਸੰਗਤ, ਇਲਾਕਾ ਸ੍ਰੀ ਫਤਿਹਗੜ੍ਹ ਸਾਹਿਬ।

## ਸੰਪਰਕ ਫੋਨ: 408-648-6774, 408-513-7441

# ਯੂਨਾਈਟਡ ਸਪੋਰਟਸ ਕਲੱਬ ਦਾ ਕਬੱਡੀ ਕੱਪ 12 ਮਈ ਨੂੰ

## ਕਬੱਡੀ ਕੱਪ ਕਿਸੇ ਵੀ ਫੈਡਰੇਸ਼ਨ ਅਧੀਨ ਨਹੀਂ ਹੋਵੇਗਾ

**ਫਰੀਮਾਂਟ:** ਯੂਨਾਈਟਡ ਸਪੋਰਟਸ ਕਲੱਬ, ਕੈਲੀਫੋਰਨੀਆ ਵਲੋਂ ਅਗਲਾ ਕਬੱਡੀ ਕੱਪ ਅਗਲੇ ਸਾਲ 12 ਮਈ ਨੂੰ ਕਰਵਾਇਆ ਜਾਵੇਗਾ। ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਬੁਲਾਰੇ ਗੁਰਦਾਵਰ ਸਿੰਘ ਮਹੇੜੂ ਨੇ ਦਸਿਆ ਕਿ ਇਸ ਸਬੰਧੀ ਫੈਸਲਾ ਕੈਨੇਡਾ ਦੀਆਂ ਕਬੱਡੀ ਫੈਡਰੇਸ਼ਨਾਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਕਲੱਬ ਦੀ ਰਾਜਾ ਸਵੀਟਸ, ਯੂਨੀਅਨ ਸਿਟੀ 'ਚ ਹੋਈ ਇਕ ਮੀਟਿੰਗ 'ਚ ਲਿਆ ਗਿਆ।

ਉਨ੍ਹਾਂ ਦਸਿਆ ਕਿ ਕਲੱਬ ਵਲੋਂ ਸਰਬਸੰਮਤੀ ਨਾਲ ਇਹ ਵੀ ਫੈਸਲਾ ਲਿਆ ਗਿਆ ਕਿ ਕਬੱਡੀ ਕੱਪ 2012 ਕਿਸੇ ਵੀ ਫੈਡਰੇਸ਼ਨ ਦੇ ਬੈਨਰ ਥੱਲੇ ਨਹੀਂ ਖੇਡਿਆ ਜਾਵੇਗਾ ਅਤੇ ਸਮੁਚੇ ਭਾਈਚਾਰੇ ਲਈ ਖੁਲ੍ਹਾ ਹੋਵੇਗਾ। ਕੋਈ ਵੀ ਕਲੱਬ ਕੌਮਾਂਤਰੀ ਖਿਡਾਰੀਆਂ ਨਾਲ ਲੈਸ ਟੀਮ ਤਿਆਰ ਕਰਨ ਲਈ ਕਲੱਬ ਨਾਲ ਰਾਬਤਾ ਕਾਇਮ ਕਰ ਸਕਦਾ ਹੈ। ਹੁਣ ਤਕ ਕਲੱਬ ਦੀ ਆਪਣੀ ਟੀਮ ਦੇ ਨਾਲ ਨਾਲ ਕੈਨੇਡਾ ਦੀਆਂ ਦੋ ਟੀਮਾਂ-ਕੈਨੇਡਾ ਈਸਟ ਤੇ ਕੈਨੇਡਾ ਵੈਸਟ ਤੋਂ ਇਲਾਵਾ ਸ਼ੇਰੇ ਪੰਜਾਬ ਸਪੋਰਟਸ ਕਲੱਬ, ਲਾਸ ਬੈਨੋਸ ਵਲੋਂ ਕੌਮਾਂਤਰੀ ਕਬੱਡੀ ਖਿਡਾਰੀਆਂ ਨਾਲ ਲੈਸ ਟੀਮ ਤਿਆਰ ਕਰਨ ਲਈ ਹਾਮੀ ਭਰੀ ਗਈ ਹੈ।



ਅਮੋਲਕ ਸਿੰਘ ਗਾਖਲ

ਕਲੱਬ ਦੇ ਚੇਅਰਮੈਨ ਸ੍ਰੀ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਯੂਨਾਈਟਡ ਸਪੋਰਟਸ ਕਲੱਬ ਪਿਛਲੇ ਸਮੇਂ ਵਿਚ ਚਾਰ ਵਡੇ ਕਬੱਡੀ ਕੱਪ ਮੇਲੇ ਖੇਡ ਪ੍ਰੇਮੀਆਂ ਦੀ ਝੋਲੀ ਵਿਚ ਪਾ ਚੁਕਾ ਹੈ ਜਿਨ੍ਹਾਂ ਲਈ ਭਾਈਚਾਰੇ ਤੋਂ ਭਰਵਾਂ ਸਹਿਯੋਗ ਮਿਲਦਾ ਰਿਹਾ ਹੈ ਅਤੇ ਇਸ ਲਈ ਅਸੀਂ ਬਹੁਤ ਧੰਨਵਾਦੀ ਹਾਂ। ਉਨ੍ਹਾਂ ਉਮੀਦ ਜਾਹਰ ਕੀਤੀ ਕਿ 12 ਮਈ 2012 ਨੂੰ ਕਰਵਾਏ ਜਾ ਰਹੇ ਕਬੱਡੀ ਕੱਪ ਲਈ ਵੀ ਭਾਈਚਾਰੇ ਦਾ ਭਰਵਾਂ ਸਹਿਯੋਗ ਮਿਲੇਗਾ। ਕਲੱਬ ਦੀ ਇਸ ਮੀਟਿੰਗ ਵਿਚ ਸ੍ਰੀ ਗਾਖਲ ਅਤੇ ਸ੍ਰੀ ਮਹੇੜੂ ਤੋਂ ਇਲਾਵਾ ਪ੍ਰਧਾਨ ਬਲਬੀਰ ਸਿੰਘ ਭਾਟੀਆ, ਇਕਬਾਲ ਸਿੰਘ ਗਾਖਲ, ਮੱਖਣ ਸਿੰਘ ਬੈਂਸ, ਜੁਗਰਾਜ ਸਿੰਘ ਸਹੋਤਾ, ਦਲਵਿੰਦਰ ਸਿੰਘ ਪੱਡਾ, ਪਲਵਿੰਦਰ ਸਿੰਘ ਗਾਖਲ ਅਤੇ ਨਰਿੰਦਰ ਸਿੰਘ ਸਹੋਤਾ ਹਾਜਰ ਸਨ। ਹੋਰ ਜਾਣਕਾਰੀ ਲਈ ਸ੍ਰੀ ਮਹੇੜੂ ਨਾਲ ਫੋਨ 510-468-9381 ਜਾਂ ਚੇਅਰਮੈਨ ਸ੍ਰੀ ਗਾਖਲ ਨਾਲ ਫੋਨ 831-247-4637 'ਤੇ ਸੰਪਰਕ ਕੀਤਾ ਜਾ ਸਕਦਾ ਹੈ।


Noble Dental Care



Family and Cosmetic Dentistry

ਸਪੈਸ਼ਲ ਆਫਰ Special Offer

$50 Dental X-Rays, Examination Consultation and Cleaning (Cash Patients Only)* *Conditions Apply

Shital Shah, DDS

Up to 50% off Cash Patients. Senior and Student Discounts

*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children

*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ

ਵਿਆਜ ਰਹਿਤ ਪੇਮੈਂਟ ਪਲੈਨ

Invisalign

Starting at $2,550*

*Limitided time offer may end without notice. Restrictions apply. Not valid with any other offer.

Emergency Patients Welcome
Evening/Saturday Appointments Available

State of the Art Dental Technology
Most Dental PPO Plans Accepted
Interest Free Payment Plans Available

Ph:510-493-2130

www.1nobledentalcare.com

34603 Alvarado Niles Rd., Union City, CA (Alvarado Niles & Decoto Rd., Behind Taco Bell)

















# ਭਾਰਤ ਰਤਨ ਦਾ ਪਤਨ

## ਸਚਿਨ ਤੇਂਦੂਲਕਰ ਲਈ ਰਾਹ ਪੱਧਰਾ?

*ਭਾਰਤ ਸਰਕਾਰ ਵੱਲੋਂ 'ਭਾਰਤ ਰਤਨ' ਦੇਣ ਬਾਰੇ ਆਪਣੇ ਨਿਯਮਾਂ ਵਿਚ ਸੋਧ ਕਰ ਦੇਣ ਨਾਲ ਹੁਣ ਕ੍ਰਿਕਟ ਖਿਡਾਰੀ ਸਚਿਨ ਤੇਂਦੂਲਕਰ ਅਤੇ ਮਰਹੂਮ ਹਾਕੀ ਓਲੰਪੀਅਨ ਮੇਜਰ ਧਿਆਨ ਚੰਦ ਨੂੰ ਦੇਸ਼ ਦਾ ਇਹ ਸਰਵਉੱਚ ਪੁਰਸਕਾਰ ਮਿਲਣ ਦਾ ਰਾਹ ਖੁੱਲ੍ਹ ਗਿਆ ਹੈ। ਸਰਕਾਰ ਵੱਲੋਂ 16 ਨਵੰਬਰ ਨੂੰ ਜਾਰੀ ਨੋਟੀਫਿਕੇਸ਼ਨ ਮੁਤਾਬਕ ਨਵੇਂ ਨਿਯਮਾਂ ਤਹਿਤ ਹੁਣ ਹੋਰ ਖੇਤਰ ਦੀਆਂ ਸ਼ਖਸੀਅਤਾਂ ਵੀ ਇਹ ਪੁਰਸਕਾਰ ਪ੍ਰਾਪਤ ਕਰ ਸਕਣਗੀਆਂ। ਪਹਿਲਾਂ ਸਿਰਫ ਕਲਾ, ਸਾਹਿਤ, ਵਿਗਿਆਨ ਅਤੇ ਸਮਾਜ ਸੇਵਾ ਨਾਲ ਜੁੜੇ ਲੋਕਾਂ ਨੂੰ ਹੀ ਇਹ ਪੁਰਸਕਾਰ ਦਿੱਤਾ ਜਾਂਦਾ ਰਿਹਾ ਹੈ। ਸੋਧ ਪਿੱਛੋਂ ਹੁਣ ਇਸ ਵਿਚ ਖਿਡਾਰੀ ਵੀ ਸ਼ਾਮਲ ਕਰ ਲਏ ਗਏ ਹਨ। ਕੇਂਦਰੀ ਖੇਡ ਮੰਤਰੀ ਅਜੈ ਮਾਕਨ ਨੇ ਦੱਸਿਆ ਕਿ ਉਨ੍ਹਾਂ ਇਸ ਸਾਲ 15 ਅਪਰੈਲ ਨੂੰ ਗ੍ਰਹਿ ਮੰਤਰੀ ਨੂੰ ਨਿਯਮ ਬਦਲਣ ਬਾਰੇ ਚਿੱਠੀ ਭੇਜੀ ਸੀ। ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਭਾਰਤ ਰਤਨ ਪੁਰਸਕਾਰ ਦੇਣ ਬਾਰੇ ਨਿਯਮਾਂ ਵਿਚ ਤਬਦੀਲੀ ਕਰਨ ਲਈ ਸਹਿਮਤ ਹੋ ਗਏ। ਹੁਣ ਹੋਰ ਖੇਤਰਾਂ 'ਚ ਮੱਲਾਂ ਮਾਰਨ ਵਾਲੇ ਵੀ ਇਹ ਪੁਰਸਕਾਰ ਲੈ ਸਕਣਗੇ। ਉਨ੍ਹਾਂ ਕਿਹਾ, "ਖੇਡ ਮੰਤਰੀ ਹੋਣ ਦੇ ਨਾਤੇ ਮੇਰੀ ਇਹ ਭਾਰਤੀ ਖੇਡ ਜਗਤ ਲਈ ਬਹੁਤ ਵੱਡੀ ਪ੍ਰਾਪਤੀ ਹੈ ਅਤੇ ਆਸ ਹੈ ਕਿ ਛੇਤੀ ਹੀ ਕਿਸੇ ਖਿਡਾਰੀ ਨੂੰ ਭਾਰਤ ਰਤਨ ਹੋਣ ਦਾ ਮਾਣ ਮਿਲੇਗਾ।"*



# ਹਾਕੀ ਦਾ ਚੰਦ ਧਿਆਨ ਚੰਦ



ਧਿਆਨ ਚੰਦ ਓਲੰਪਿਕ ਵਿਚ ਸੋਨ ਤਮਗਾ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਦਾ ਮੈਂਬਰ ਸੀ। ਟੀਮ ਨੇ ਐਮਸਟਰਡਮ (1928), ਲਾਸ ਏਂਜਲਸ (1932) ਅਤੇ ਬਰਲਿਨ (1936) ਓਲੰਪਿਕ ਖੇਡਾਂ ਵਿਚ ਲਗਾਤਾਰ ਤਿੰਨ ਵਾਰ ਸੋਨ ਤਮਗਾ ਜਿੱਤਿਆ। ਬਰਲਿਨ ਓਲੰਪਿਕ ਵਿਚ ਤਾਂ ਉਹਨੇ ਟੀਮ ਦੀ ਕਪਤਾਨੀ ਵੀ ਕੀਤੀ ਸੀ। ਬਰਲਿਨ ਵਿਚ ਉਹਨੂੰ ਖੇਡਦਿਆਂ ਦੇਖ ਕੇ ਹਿਟਲਰ ਨੇ ਉਸ ਨੂੰ ਜਰਮਨ ਨਾਗਰਿਕਤਾ ਅਤੇ ਫੌਜ ਵਿਚ ਉੱਚ ਅਹੁਦਾ ਦੇਣ ਦੀ ਪੇਸ਼ਕਸ਼ ਕੀਤੀ ਜੋ ਉਸ ਨੇ ਸਵੀਕਾਰ ਨਹੀਂ ਸੀ ਕੀਤੀ।

ਅਲਾਹਾਬਾਦ ਵਿਚ 29 ਅਗਸਤ 1905 ਨੂੰ ਜਨਮੇ ਇਸ ਮਿਸਾਲੀ ਹਾਕੀ ਖਿਡਾਰੀ ਦਾ ਨਾਂ ਘਰਦਿਆਂ ਨੇ ਧਿਆਨ ਸਿੰਘ ਰੱਖਿਆ ਸੀ। ਜਦੋਂ ਉਸ ਨੇ ਹਾਕੀ ਹੱਥ ਫੜੀ ਤਾਂ ਉਸ ਦੇ ਪਹਿਲੇ ਕੋਚ ਪੰਕਜ ਗੁਪਤਾ ਨੇ ਪੇਸ਼ੀਨਗੋਈ ਕੀਤੀ ਕਿ ਇਹ ਕਿਸੇ ਦਿਨ ਚੰਦ ਵਾਂਗ ਚਮਕੇਗਾ। ਬੱਸ, ਉਸ ਦਿਨ ਤੋਂ ਹੀ ਉਹਦੇ ਨਾਂ ਨਾਲ ਚੰਦ ਜੁੜ ਗਿਆ। ਉਹ ਮੈਦਾਨ ਵਿਚ ਜਦੋਂ ਗੇਂਦ ਨੂੰ ਹਾਕੀ ਨਾਲ ਨਚਾਉਂਦਾ ਸੀ ਤਾਂ ਦਰਸ਼ਕ ਅਸ਼ ਅਸ਼ ਕਰ ਉੱਠਦੇ। ਗੋਲ ਦਾਗਣ ਵਿਚ ਤਾਂ ਉਹਦਾ ਕੋਈ ਜਵਾਬ ਹੀ ਨਹੀਂ ਸੀ। 1935 ਵਿਚ ਨਿਊਜ਼ੀਲੈਂਡ ਅਤੇ ਆਸਟਰੇਲੀਆ ਦੇ ਦੌਰੇ ਦੌਰਾਨ ਟੀਮ ਨੇ 43 ਮੈਚਾਂ ਵਿਚ ਕੁੱਲ 584 ਗੋਲ ਕੀਤੇ। ਇਨ੍ਹਾਂ ਵਿਚੋਂ 201 ਗੋਲ ਇਕੱਲੇ ਧਿਆਨ ਚੰਦ ਨੇ ਕੀਤੇ ਸਨ। ਉਹ 42 ਸਾਲ ਦੀ ਪੱਕੀ ਉਮਰ ਤੱਕ ਵੀ ਖੇਡੀ ਗਿਆ। ਉਦੋਂ ਵੀ ਉਹਦੀ ਖੇਡ ਵਿਚ ਉਤਨਾ ਹੀ ਸੇਕ ਅਤੇ ਫੁਰਤੀ ਸੀ। 1947-48 ਵਿਚ ਪੂਰਬੀ ਅਫਰੀਕਾ ਦੌਰੇ ਮੌਕੇ ਉਹਨੇ 22 ਮੈਚਾਂ ਵਿਚ 61 ਗੋਲਾਂ ਦੀ ਝੜੀ ਲਾ ਦਿੱਤੀ ਸੀ। ਇਸ ਤੋਂ ਬਾਅਦ ਉਹਨੇ ਕੌਮਾਤਰੀ ਮੈਚਾਂ ਵਿਚ ਖੇਡਣਾ ਬੰਦ ਕਰ ਦਿੱਤਾ। ਖੇਡ ਦੌਰਾਨ ਉਹਦੀ ਹਾਕੀ ਦਾ ਜਾਦੂ ਇੰਨਾ ਸਿਰ ਚੜ੍ਹ ਬੋਲਦਾ ਸੀ ਕਿ ਵੀਆਨਾ ਦੇ ਹਾਕੀ ਪਿਆਰਿਆਂ ਨੇ ਜਦੋਂ ਉਹਦਾ ਬੁੱਤ ਬਣਵਾਇਆ ਤਾਂ ਉਸ ਦੇ ਚਾਰ ਹੱਥ ਬਣਵਾਏ, ਚਹੁੰਆਂ ਹੱਥਾਂ ਵਿਚ ਚਾਰ ਹੀ ਹਾਕੀਆਂ। ਬੇਸ਼ੱਕ ਉਹਦੇ ਵਰਗਾ ਹੋਰ ਕੋਈ ਹੈ ਨਹੀਂ ਸੀ।

ਬਰਲਿਨ ਓਲੰਪਿਕ ਦੌਰਾਨ ਭਾਰਤ ਦਾ ਜਰਮਨ ਨਾਲ ਮੈਚ ਚੱਲ ਰਿਹਾ ਸੀ ਤਾਂ ਜਰਮਨ ਖਿਡਾਰੀਆਂ ਨੇ ਖੇਡ ਭਾਵਨਾ ਛੱਡ ਕੇ ਉਸ ਨੂੰ ਨਿਸ਼ਾਨਾ ਬਣਾਇਆ। ਨਤੀਜਨ, ਉਹਦਾ ਦੰਦ ਟੁੱਟ ਗਿਆ ਪਰ ਮੁਢਲੀ ਸਹਾਇਤਾ ਤੋਂ ਬਾਅਦ ਉਹ ਫਿਰ ਮੈਦਾਨ ਵਿਚ ਆਣ ਡਟਿਆ। ਉਹ ਮੈਚ ਭਾਰਤ ਨੇ 8-1 ਦੇ ਫਰਕ ਨਾਲ ਜਿੱਤਿਆ ਸੀ ਅਤੇ ਇਨ੍ਹਾਂ 8 ਗੋਲਾਂ ਵਿਚੋਂ 6 ਇਕੱਲੇ ਧਿਆਨ ਚੰਦ ਨੇ ਕੀਤੇ ਸਨ। ਮੈਦਾਨ ਵਿਚ ਉਸ ਦੀ ਹਾਕੀ ਨੂੰ ਡੱਕਣ ਵਾਲਾ ਕੋਈ ਨਹੀਂ ਸੀ ਸ਼ਾਇਦ।

ਸਰਕਾਰ ਨੇ ਉਸ ਨੂੰ ਖਿਡਾਰੀਆਂ ਨੂੰ ਦਿੱਤਾ ਜਾਂਦਾ ਨਾਮੀ ਅਰਜੁਨ ਪੁਰਸਕਾਰ ਨਹੀਂ ਦਿੱਤਾ ਗਿਆ। 1956 ਵਿਚ ਸਰਕਾਰ ਨੂੰ ਪਦਮ ਭੂਸ਼ਨ ਦੇਣ ਦਾ ਚੇਤਾ ਆਇਆ। ਉਂਜ, ਉਹਦੀ ਯਾਦ ਵਿਚ ਸਰਕਾਰ ਨੇ ਡਾਕ ਵਿਭਾਗ ਵੱਲੋਂ 3 ਦਸੰਬਰ 1980 ਨੂੰ ਟਿਕਟ ਜਾਰੀ ਕੀਤੀ। ਉਹਦੇ ਦੋ ਭਰਾਵਾਂ ਵਿਚੋਂ ਇਕ ਰੂਪ ਸਿੰਘ ਵੀ ਮਿਸਾਲੀ ਹਾਕੀ ਖਿਡਾਰੀ ਬਣਿਆ। ਉਹਦੇ ਪੁੱਤਰ ਅਸ਼ੋਕ ਕੁਮਾਰ ਨੇ ਵੀ ਹਾਕੀ ਨਾਲ ਮੁਹੱਬਤ ਨਿਭਾਈ। ਉਹ 1975 ਵਿਚ ਸੰਸਾਰ ਹਾਕੀ ਕੱਪ ਜਿੱਤਣ ਵਾਲੀ ਟੀਮ ਦਾ ਮੈਂਬਰ ਸੀ। ਉਹਨੇ ਹਾਕੀ ਅਤੇ ਆਪਣੀ ਜ਼ਿੰਦਗੀ ਬਾਰੇ ਕਿਤਾਬ ਵੀ ਲਿਖੀ। ਇਸ ਕਿਤਾਬ ਦਾ ਨਾਂ ਉਹਨੇ "ਗੋਲ" ਰੱਖਿਆ। ਇਹ ਕਿਤਾਬ 1952 ਵਿਚ ਛਪੀ ਸੀ।

## ਪੁਰਸਕਾਰਾਂ ਬਾਰੇ ਰੌਲਾ

ਹੰਸ ਨੂੰ ਸ. ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੱਲੋਂ 'ਰਾਜ ਗਾਇਕ' ਦਾ ਪੁਰਸਕਾਰ ਦੇਣ ਮੌਕੇ

ਹਾਲ ਹੀ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸ੍ਰੀ ਅਕਾਲ ਤਖਤ ਵੱਲੋਂ 'ਫਖਰ-ਏ-ਕੌਮ' ਦਾ ਪੁਰਸਕਾਰ ਦੇਣ ਦਾ ਲੋਕਾਂ ਨੇ ਬਹੁਤ ਬੁਰਾ ਮਨਾਇਆ ਹੈ। ਲੋਕਾਂ ਦਾ ਕਹਿਣਾ ਹੈ ਕਿ ਸ. ਬਾਦਲ ਨੇ ਜਿੰਨਾ ਨੁਕਸਾਨ ਸਿੱਖਾਂ ਅਤੇ ਸਿੱਖੀ ਦਾ ਕੀਤਾ ਹੈ, ਉਤਨਾ ਕਿਸੇ ਹੋਰ ਸ਼ਖਸ ਨੇ ਨਹੀਂ ਕੀਤਾ ਹੋਣਾ। ਇਸ ਲਈ ਇਸ ਸ਼ਖਸ ਨੂੰ ਇਹ ਪੁਰਸਕਾਰ ਨਹੀਂ ਦਿੱਤਾ ਜਾਣਾ ਚਾਹੀਦਾ। ਸਿੱਖਾਂ ਦੀ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ, ਸ੍ਰੀ ਅਕਾਲ ਤਖਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਤੇ ਕਿਉਂਕਿ ਬਾਦਲਾਂ ਦਾ ਕਬਜ਼ਾ ਹੈ, ਇਸ ਲਈ ਹੋ ਰਹੇ ਵਿਰੋਧ ਦੇ ਬਾਵਜੂਦ ਉਨ੍ਹਾਂ ਨੂੰ ਇਹ ਪੁਰਸਕਾਰ ਦੇ ਦਿੱਤਾ ਗਿਆ। ਗਾਇਕ ਹੰਸ ਰਾਜ ਹੰਸ ਨੂੰ ਸ. ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੱਲੋਂ 'ਰਾਜ ਗਾਇਕ' ਦਾ ਪੁਰਸਕਾਰ ਦੇਣ ਮੌਕੇ ਵੀ ਬਹੁਤ ਮੁਖਾਲਫਤ ਹੋਈ ਸੀ। ਲੋਕਾਂ ਦਾ ਕਹਿਣਾ ਸੀ ਕਿ ਹੰਸ ਰਾਜ ਹੰਸ ਨੂੰ ਭਾਵੇਂ ਬਹੁਤੇ ਲੋਕ ਅਣਜਾਣਪੁਣੇ ਵਿਚ ਸੂਫੀ ਗਾਇਕ ਹੀ ਕਹੀ ਜਾਂਦੇ ਹਨ, ਪਰ ਉਸ ਨੇ ਗਾਉਣ ਵੇਲੇ ਕਈ ਵਾਰ ਲੱਚਰਤਾ ਦਾ ਵੀ ਖਿਆਲ ਨਹੀਂ ਕੀਤਾ। ਇਸ ਲਈ ਉਸ ਨੂੰ ਇਹ ਪੁਰਸਕਾਰ ਨਹੀਂ ਮਿਲਣਾ ਚਾਹੀਦਾ। ਉਂਜ ਵੀ, ਉਸ ਨੇ ਲੱਚਰਤਾ ਦੀ ਚੱਲ ਰਹੀ ਹਨ੍ਹੇਰੀ ਵਿਚ ਬਰਾਬਰ ਦੀ ਸੱਚੀ-ਸੁੱਚੀ ਗਾਇਕੀ ਨੂੰ ਪ੍ਰੋਮੋਟ ਕਰਨ ਦੀ ਥਾਂ ਸਦਾ ਹੀ ਸਿਰਫ ਆਪਣੇ ਵਪਾਰਕ ਹਿੱਤਾਂ ਦਾ ਹੀ ਖਿਆਲ ਰੱਖਿਆ। ਗਾਇਕੀ ਵਿਚੋਂ ਕਮਾਇਆ ਬੇਅੰਤ ਪੈਸਾ ਉਸ ਨੇ ਸੰਗੀਤ ਦੀ ਸੇਵਾ ਦੀ ਥਾਂ ਉਸ ਨੇ ਵਪਾਰੀਆਂ ਵਾਂਗ 'ਰੀਅਲ ਐਸਟੇਟ' ਵਿਚ ਲਾਇਆ।



*ਹੰਸ ਰਾਜ ਹੰਸ*



*ਪ੍ਰਕਾਸ਼ ਸਿੰਘ ਬਾਦਲ*

## ਮਾਸਟਰ ਬਲਾਸਟਰ ਬਨਾਮ ਇਸ਼ਤਿਹਾਰਾਂ ਦਾ ਬਾਦਸ਼ਾਹ

24 ਅਪਰੈਲ 1973 ਨੂੰ ਜਨਮੇ ਸਚਿਨ ਤੇਂਦੂਲਕਰ ਦਾ ਕ੍ਰਿਕਟ ਇਤਿਹਾਸ ਵਿਚ ਮਹਾ-ਬੱਲੇਬਾਜ਼ਾਂ ਵਜੋਂ ਚਰਚਾ ਹੁੰਦਾ ਹੈ। ਕ੍ਰਿਕਟ ਵਿਚ ਰਿਕਾਰਡ ਬਣਾਉਣ ਦੀ ਉਹਨੇ ਹੱਦ ਮੁਕਾ ਦਿੱਤੀ ਹੈ। ਉਹਦੀ ਖੇਡ ਦੀ ਸਭ ਤੋਂ ਵੱਡੀ ਖੂਬਸੂਰਤੀ ਇਹੀ ਹੈ ਕਿ ਉਹ ਕਿਸੇ ਵੀ ਗੇਂਦ ਨੂੰ ਤੁਰੰਤ ਸਮਝਣ ਦੀ ਸਮਰੱਥਾ ਰੱਖਦਾ ਹੈ। ਇਸ ਸਮਝ ਦੇ ਆਧਾਰ ਉਸ ਦੇ ਲਾਏ ਬਹੁਤ ਸਾਰੇ ਸ਼ਾਟ ਯਾਦਗਾਰੀ ਹੋ ਨਿਬੜੇ ਹਨ। ਬੇਸ਼ੱਕ ਉਹ ਮਿਸਾਲੀ ਖਿਡਾਰੀ ਤਾਂ ਹੈ ਹੀ, ਪਰ ਉਸ ਨੂੰ ਟੀਸੀ 'ਤੇ ਪਹੁੰਚਾਉਣ 'ਚ ਖੇਡ ਤੋਂ ਇਲਾਵਾ ਮੀਡੀਆ ਅਤੇ ਇਸ਼ਤਿਹਾਰ ਕੰਪਨੀਆਂ ਦਾ ਕਿਤੇ ਵੱਧ ਜ਼ੋਰ ਲੱਗਿਆ ਹੈ।

ਅਸਲ ਵਿਚ ਕ੍ਰਿਕਟ ਅਜਿਹੀ ਖੇਡ ਹੈ ਜਿਹੜੀ ਕਾਰਪੋਰੇਟ ਜਗਤ ਦੇ ਸਭ ਤੋਂ ਵੱਧ ਸੂਤ ਬੈਠੀ ਹੈ। ਗੇਂਦ ਸੁੱਟਣ, ਓਵਰ ਮੁੱਕਣ ਵੇਲੇ ਪਾਸਾ ਬਦਲਣ, ਚੌਕਾ-ਚੱਕਾ ਵੱਜਣ, ਖਿਡਾਰੀ ਆਊਟ ਹੋਣ; ਭਾਵ ਖੇਡ ਦੇ ਹਰ ਮੋੜ 'ਤੇ ਕੁਝ ਸਮੇਂ ਦਾ ਵਕਫਾ ਰਹਿੰਦਾ ਹੈ। ਇਹੀ ਉਹ ਵਕਫਾ ਹੈ/ਸੀ ਜਿਸ ਦੀ ਸ਼ਨਾਖਤ ਕਾਰਪੋਰੇਟ ਜਗਤ ਨੇ ਕੀਤੀ ਅਤੇ ਨੂੰ ਦਰਸ਼ਕਾਂ ਨੂੰ ਇਸ਼ਤਿਹਾਰ ਦਿਖਾਉਣ ਲਈ ਖਰੀਦ ਲਿਆ। ਖੇਡ ਦਾ ਲੰਮਾ ਸਮਾਂ, ਭਾਵ ਪੂਰਾ ਪੂਰਾ ਦਿਨ ਜਾਂ ਪੰਜ ਪੰਜ ਦਿਨ ਖੇਡੀ ਜਾਣਾ ਵੀ ਇਸ਼ਤਿਹਾਰਬਾਜ਼ੀ ਦੇ ਹੱਕ ਵਿਚ ਭੁਗਤਿਆ।


ਫਿਰ ਇਸ਼ਤਿਹਾਰਬਾਜ਼ੀ ਦੀ ਲੋੜ ਵਿਚੋਂ ਹੀ ਨਾਇਕ ਬਣਨੇ ਆਰੰਭ ਹੋ ਗਏ। ਇਨ੍ਹਾਂ ਵਿਚੋਂ ਇਕ ਨਾਇਕ ਮਹਾ-ਨਾਇਕ ਬਣ ਗਿਆ। ਉਹ ਸਚਿਨ ਤੇਂਦੂਲਕਰ ਹੈ ਜੋ ਸਾਡੀ ਨਵੀਂ ਪੀੜ੍ਹੀ ਦਾ ਵੀ ਨਾਇਕ ਬਣ ਗਿਆ ਹੈ। ਇਸ 'ਤੇ ਕਿਸੇ ਨੂੰ ਇਤਰਾਜ਼ ਵੀ ਨਹੀਂ ਹੋਣਾ ਚਾਹੀਦਾ ਪਰ ਇਤਰਾਜ਼ ਵਾਲੀ ਗੱਲ ਇਹ ਹੈ ਕਿ ਸਚਿਨ ਅਕਸਰ ਖੇਡ ਵਾਲੀ ਭਾਵਨਾ ਦਾ ਪੱਲਾ ਛੱਡ ਕੇ ਸਿਰਫ ਆਪਣੇ ਲਈ ਜਾਂ ਰਿਕਾਰਡ ਬਣਾਉਣ ਲਈ ਖੇਡਦਾ ਰਿਹਾ ਹੈ। ਅਜਿਹੇ ਯਾਦਗਾਰੀ ਮੈਚ ਬਹੁਤ ਘੱਟ ਹੀ ਹਨ ਜਦੋਂ ਉਹਨੇ ਸੰਕਟ ਵਿਚ ਘਿਰੀ ਟੀਮ ਨੂੰ ਆਪਣੀ ਖੇਡ ਸਮਰੱਥਾ ਰਾਹੀਂ ਉਸ ਸੰਕਟ ਵਿਚੋਂ ਕੱਢਿਆ ਹੋਵੇ। ਬਹੁਤ ਵਾਰ ਸਿਤਮਜ਼ਰੀਫੀ ਇਹ ਹੁੰਦੀ ਹੈ ਕਿ ਪੂਰੀ ਟੀਮ ਤਾਂ ਮੈਚ ਹਾਰ ਜਾਣ ਦਾ ਸੋਗ ਮਨਾ ਰਹੀ ਹੁੰਦੀ ਹੈ ਪਰ ਸਚਿਨ ਰਿਕਾਰਡ ਬਣਾ ਕੇ ਮੀਡੀਆ ਦੀਆਂ ਅੱਖਾਂ ਦਾ ਤਾਰਾ ਬਣਿਆ ਹੁੰਦਾ ਹੈ।

## ਭਾਰਤ ਰਤਨ ਦਾ ਇਤਿਹਾਸ


ਭਾਰਤ ਰਤਨ ਪੁਰਸਕਾਰ 2 ਜਨਵਰੀ 1954 ਵਿਚ ਸ਼ੁਰੂ ਕੀਤਾ ਗਿਆ ਸੀ। ਹੁਣ ਤੱਕ 41 ਸ਼ਖਸੀਅਤਾਂ ਇਹ ਪੁਰਸਕਾਰ ਹਾਸਲ ਕਰ ਚੁੱਕੀਆਂ ਹਨ। ਪਿਛਲੀ ਵਾਰ 2008 ਵਿਚ ਇਹ ਪੁਰਸਕਾਰ ਪੰਡਤ ਭੀਮਸੈਨ ਜੋਸ਼ੀ ਨੂੰ ਦਿੱਤਾ ਗਿਆ ਸੀ। ਉਨ੍ਹਾਂ ਤੋਂ ਇਲਾਵਾ ਫਿਲਮਸਾਜ਼ ਸੱਤਿਆਜੀਤ ਰੇਅ, ਸ਼ਹਿਨਾਈ ਵਾਦਕ ਬਿਸਮਿੱਲਾ ਖਾਨ, ਗਾਇਕਾ ਲਤਾ ਮੰਗੇਸ਼ਕਰ, ਅਰਥ ਸ਼ਾਸਤਰੀ ਅਮਰਤਿਆ ਸੇਨ, ਪੰਡਿਤ ਰਵੀ ਸ਼ੰਕਰ, ਸਿਆਸੀ ਆਗੂ ਜੈ ਪ੍ਰਕਾਸ਼ ਨਰਾਇਣ, ਦੇਸ਼ ਭਗਤ ਬੀਬੀ ਅਰੁਣਾ ਆਸਿਫ ਅਲੀ, ਵਿਗਿਆਨੀ ਡਾ. ਏ.ਪੀ.ਜੇ. ਅਬਦੁੱਲ ਕਲਾਮ, ਦੱਖਣੀ ਅਫਰੀਕਾ ਦੇ ਮਿਸਾਲੀ ਆਗੂ ਨੈਲਸਨ ਮੰਡੇਲਾ, ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਦਕਰ, ਸਰਹੱਦੀ ਗਾਂਧੀ ਵਜੋਂ ਮਸ਼ਹੂਰ ਖਾਨ ਅਬੁਦੱਲ ਗੱਫਾਰ ਖਾਨ, ਸਮਾਜ ਸੇਵੀ ਮਦਰ ਟੈਰੇਸਾ ਇਹ ਪੁਰਸਕਾਰ ਹਾਸਲ ਕਰ ਚੁੱਕੇ ਹਨ।



*ਨੈਲਸਨ ਮੰਡੇਲਾ*



*ਸੱਤਿਆਜੀਤ ਰੇਅ*



*ਅਬੁਦੱਲ ਗੱਫਾਰ*

ਉਂਜ, ਇਹ ਪੁਰਸਕਾਰ ਫੁੰਡਣ ਵਾਲਿਆਂ ਵਿਚ ਇੰਦਰਾ ਗਾਂਧੀ, ਰਾਜੀਵ ਗਾਂਧੀ, ਜਵਾਹਰ ਲਾਲ ਨਹਿਰੂ, ਗੁਲਜ਼ਾਰੀ ਲਾਲ ਨੰਦਾ, ਐਮ.ਜੀ. ਰਾਮਚੰਦਰਨ, ਸ਼ਾਹੂਕਾਰ ਜੇ.ਆਰ.ਡੀ. ਟਾਟਾ ਵੀ ਸ਼ਾਮਲ ਹਨ। ਇਹ ਪੁਰਸਕਾਰ 1992 ਵਿਚ ਸੁਭਾਸ਼ ਚੰਦਰ ਬੋਸ ਨੂੰ ਵੀ ਦਿੱਤਾ ਗਿਆ ਸੀ ਪਰ ਬਾਅਦ ਵਿਚ ਵਾਪਸ ਲੈ ਲਿਆ ਗਿਆ। ਪੁਰਸਕਾਰ ਵਾਪਸ ਲੈਣ ਦੀ ਇਹ ਇਕੋ ਇਕ ਮਿਸਾਲ ਹੈ। ਪੁਰਸਕਾਰ ਵਾਪਸ ਲੈਣ ਵੇਲੇ ਕਿਹਾ ਗਿਆ ਸੀ ਕਿ ਬੋਸ ਦੇ ਮਰਨ ਦੀ ਤਾਰੀਖ ਬਾਰੇ ਰੱਫੜ ਹੈ।

## ਬਲਬੀਰ ਸਿੰਘ ਸੀਨੀਅਰ ਦਾ ਨਾਂ ਵੀ ਵਿਚਾਰੋ



ਸਾਬਕਾ ਓਲੰਪੀਅਨ ਅਸਲਮ ਸ਼ੇਰ ਖਾਨ ਨੇ ਧਿਆਨ ਚੰਦ ਨੂੰ ਭਾਰਤ ਰਤਨ ਦੇਣ ਦੀ ਪੈਰਵਾਈ ਕਰਦਿਆਂ ਮਿਸਾਲੀ ਹਾਕੀ ਖਿਡਾਰੀ ਬਲਬੀਰ ਸਿੰਘ ਸੀਨੀਅਰ ਦਾ ਨਾਂ ਵਿਚਾਰਨ ਲਈ ਵੀ ਕਿਹਾ ਹੈ। ਬਲਬੀਰ ਸਿੰਘ ਨੇ 1948, 1952 ਅਤੇ 1956 ਦੀਆਂ ਓਲੰਪਿਕ ਖੇਡਾਂ ਵਿਚ ਭਾਰਤੀ ਜਿੱਤ ਦੀ ਅਗਵਾਈ ਕੀਤੀ ਸੀ।

# ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਨੂੰ ਨਿੱਘੀਆਂ ਸ਼ਰਧਾਂਜਲੀਆਂ

**ਸੈਕਰਾਮੈਂਟੋ (ਬਿਊਰੋ):** ਨਵੰਬਰ ਮਹੀਨੇ ਇਸ ਫਾਨੀ ਜਹਾਨ ਨੂੰ ਸਦਾ ਲਈ ਅਲਵਿਦਾ ਕਹਿ ਗਏ ਪੰਜਾਬੀਆਂ ਦੇ ਹਰਮਨਪਸੰਦ ਗਾਇਕ ਤੇ



ਕਲੀਆਂ ਦੇ ਬਾਦਸ਼ਾਹ ਕਰ ਕੇ ਜਾਣੇ ਜਾਂਦੇ ਕੁਲਦੀਪ ਮਾਣਕ ਦੀ ਯਾਦ ਵਿਚ ਇਕ ਸ਼ਰਧਾਂਜਲੀ ਸਮਾਗਮ ਪੰਜਾਬੀ ਗੀਤਕਾਰ ਮੰਚ ਵਲੋਂ ਇਥੇ ਗੁਰਦੁਆਰਾ ਗੁਰੂ ਰਵਿਦਾਸ ਸਭਾ, ਰਿਓ ਲਿੰਡਾ ਵਿਚ ਕਰਵਾਇਆ ਗਿਆ, ਜਿਸ ਵਿਚ ਮਾਣਕ ਦੇ ਪ੍ਰਸ਼ੰਸਕਾਂ ਨੇ ਬਹੁਤ ਵਡੀ ਗਿਣਤੀ ਵਿਚ ਦੂਰੋਂ-ਨੇੜਿਓਂ ਪਹੁੰਚ ਕੇ ਆਪਣੇ ਮਹਿਬੂਬ ਗਾਇਕ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਸਮਾਗਮ ਵਿਚ ਮਾਣਕ ਦੇ ਗਾਇਕ ਪੁਤਰ ਯੁਧਵੀਰ ਮਾਣਕ ਦੀ ਸਿਹਤਯਾਬੀ ਲਈ ਅਰਦਾਸ ਵੀ ਕੀਤੀ ਗਈ।

ਸਹਿਜ ਪਾਠ ਦੇ ਭੋਗ ਉਪਰੰਤ ਮੰਚ ਸੰਚਾਲਨ ਦੀ ਜਿੰਮੇਵਾਰੀ ਸੰਭਾਲਦਿਆਂ ਸ੍ਰੀ ਰਮੇਸ਼ ਕੁਮਾਰ ਬੰਗੜ ਨੇ ਗੀਤਕਾਰ ਮੰਚ ਦੇ ਆਗੂ ਮੱਖਣ ਲੁਹਾਰ ਨੂੰ ਸਟੇਜ ਤੇ ਸੱਦਾ ਦਿਤਾ। ਸ੍ਰੀ ਮੱਖਣ ਲੁਹਾਰ ਨੇ ਕਿਹਾ ਕਿ ਪੰਜਾਬੀ ਗਾਇਕੀ ਦੇ ਕੋਹਿਨੂਰ ਹੀਰੇ ਮਾਣਕ ਦੀ ਚਮਕ ਕਦੇ ਵੀ ਫਿੱਕੀ ਨਹੀਂ ਪਵੇਗੀ। ਗੀਤਕਾਰ ਮੰਚ ਦੇ ਜਨਰਲ ਸਕੱਤਰ ਸ੍ਰੀ ਬਿੱਕਰ ਸਿੰਘ ਕੰਮੇਆਣਾ ਨੇ ਕਿਹਾ ਕਿ ਕਲੀਆਂ ਦੇ ਸ਼ਹਿਨਸ਼ਾਹ ਤੇ ਪੰਜਾਬੀ ਗਾਇਕੀ ਦੇ ਧਰੂ ਤਾਰੇ ਮਾਣਕ ਦੀ ਮਿਸ਼ਰੀ ਜਿਹੀ ਆਵਾਜ਼ ਪੰਜਾਬੀਆਂ ਨੂੰ ਹਮੇਸ਼ਾਂ ਯਾਦ ਰਹੇਗੀ। ਉਨ੍ਹਾਂ ਕਿਹਾ ਕਿ ਮਾਣਕ ਦੀ ਮੁਢਲੀ ਗਾਇਕੀ ਜੋ ਕਿ ਉਸ ਵੇਲੇ ਦੀ ਦੋਗਾਣਾ ਗਾਇਕੀ ਦੇ ਪ੍ਰਭਾਵ ਹੇਠ ਹੈ, ਨੂੰ ਛਡ ਕੇ ਉਸ ਦੀ ਸਾਰੀ ਗਾਇਕੀ ਪੰਜਾਬੀ ਸਭਿਆਚਾਰ ਨਾਲ ਓਤਪੋਤ ਹੈ। ਮਾਣਕ ਦੇ ਪਰਿਵਾਰ ਦੀ ਮਾਲੀ ਸਹਾਇਤਾ ਬਾਰੇ ਮੰਚ ਦੀ ਨੀਤੀ ਸਪਸ਼ਟ ਕਰਦਿਆਂ ਸ੍ਰੀ ਕੰਮੇਆਣਾ ਨੇ ਕਿਹਾ ਕਿ ਜੋ ਵੀ ਕੋਈ ਸ਼ਖਸ ਇਸ ਪਰਿਵਾਰ ਦੀ ਮਦਦ ਕਰਨਾ ਚਾਹੁੰਦਾ ਹੈ, ਉਹ ਸਿੱਧਾ ਮਾਣਕ ਦੀ ਪਤਨੀ ਸਰਬਜੀਤ ਨਾਲ ਸੰਪਰਕ ਕਰ ਕੇ ਪੈਸੇ ਭੇਜੇ।

ਗਦਰ ਮੈਮੋਰੀਅਲ ਫਾਊਨਡੇਸ਼ਨ ਦੇ ਪ੍ਰਧਾਨ ਸ੍ਰੀ ਚਰਨ ਸਿੰਘ ਜੱਜ ਨੇ ਮਾਣਕ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸੰਸਥਾ ਵਲੋਂ 501 ਡਾਲਰ ਮਾਣਕ ਪਰਿਵਾਰ ਨੂੰ ਭੇਜੇ ਜਾ ਚੁਕੇ ਹਨ। ਇੰਡੋ ਯੂ ਐਸ ਡਾਇਲਾਗ ਸੰਸਥਾ ਵਲੋਂ ਸ਼ਰਧਾਂਜਲੀ ਸਮਾਗਮ ਵਿਚ ਸ਼ਾਮਲ ਹੋਏ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬੀਆਂ ਦੇ ਦਿਲਾਂ ਉਤੇ ਰਾਜ ਕਰਨ ਵਾਲੇ ਯੁਗ ਗਾਇਕ ਮਾਣਕ ਦਾ ਵਿਛੋੜਾ ਅਸਹਿ ਹੈ। ਮਾਣਕ ਦੀ ਛਤਰਛਾਇਆ ਹੇਠ ਰਹਿਣ ਵਾਲਾ ਉਸ ਦਾ ਸ਼ਾਗਿਰਦ ਪ੍ਰੀਤਮ ਬਰਾੜ ਉਚੇਚੇ ਤੌਰ 'ਤੇ ਸਿਆਟਲ ਤੋਂ ਇਸ ਸਮਾਗਮ ਵਿਚ ਪਹੁੰਚਿਆ। ਉਸ ਨੇ ਸੇਜਲ ਅੱਖਾਂ ਨਾਲ ਮਾਣਕ ਨਾਲ ਬਿਤਾਏ ਪਲਾਂ ਦੀ ਯਾਦ ਤਾਜ਼ਾ ਕੀਤੀ।

ਮਾਣਕ ਨਾਲ ਲੰਮੀ ਸਾਂਝ ਰੱਖਣ ਵਾਲੇ ਕਾਲਮਨਵੀਸ ਸ੍ਰੀ ਐਸ. ਅਸ਼ੋਕ ਭੌਰਾ ਨੇ ਜਜ਼ਬਾਤੀ ਹੁੰਦਿਆਂ ਕਿਹਾ ਕਿ ਮਾਣਕ ਅਜਿਹਾ ਗਾਇਕ ਸੀ ਜਿਸ ਦੇ ਅੰਤ ਨਾਲ ਗਾਇਕੀ ਦੇ ਇਕ ਯੁਗ ਦਾ ਅੰਤ ਹੋ ਗਿਆ ਹੈ। ਆਪਣੀ ਗੱਲ ਨੂੰ ਹੋਰ ਅੱਗੇ ਤੋਰਦਿਆਂ ਉਨ੍ਹਾਂ ਕਿਹਾ ਕਿ ਮਾਣਕ ਦੀ ਸੁਚੱਜੀ ਗਾਇਕੀ ਚੰਗਾ ਗਾਉਣ ਦੇ ਚਾਹਵਾਨ ਗਾਇਕਾਂ ਦਾ ਹਮੇਸ਼ਾ ਮਾਰਗ ਦਰਸ਼ਨ ਕਰਦੀ ਰਹੇਗੀ।

ਮਾਣਕ ਨੂੰ ਸ਼ਰਧਾਂਜਲੀ ਭੇਟ ਕਰਨ ਵਾਲੇ ਹੋਰ ਸੱਜਣਾਂ ਵਿਚ ਗੀਤਕਾਰ ਮੰਚ ਦੇ ਖਜ਼ਾਨਚੀ ਕੁਲਜੀਤ ਮਾਨ, ਸਕੱਤਰ ਰਾਜ ਸੂਦ, ਲਾਲ ਚੰਦ ਯਮਲਾ ਜੱਟ ਮੈਮੋਰੀਅਲ ਫਾਊਂਡੇਸ਼ਨ ਦੇ ਨੁਮਾਇੰਦੇ ਗਾਇਕ ਰਾਜ ਬਰਾੜ, ਉਘੇ ਗਾਇਕ ਪ੍ਰੀਤਮ ਸੋਹੀ ਤੇ ਜਤਿੰਦਰ ਜਰਗੀਆ, ਸੰਗੀਤ ਗਰੁਪ ਯੂ ਐਸ ਏ ਦੇ ਗਾਇਕ ਤਰਲੋਕ ਸਿੰਘ, ਅਨੂਪ ਸਿੰਘ ਚੀਮਾ, ਉਸਤਾਦ ਲਾਲੀ ਜੀ, ਗੁਰਬਚਨ ਚੋਪੜਾ ਤੇ ਪ੍ਰਿਤਪਾਲ ਸਿੰਘ ਗਿੱਲ, ਗੁਰਦੀਪ ਸਿੰਘ ਹੀਰਾ ਆਦਿ ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ ਹੋਰ ਸ਼ਖਸੀਅਤਾਂ ਵਿਚ ਪੱਤਰਕਾਰ ਹੁਸਨ ਲੜੋਆ ਬੰਗਾ, ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਦੇ ਪਲਵਿੰਦਰ ਮਾਹੀ, ਬਾਮਸੇਫ ਆਗੂ ਐਮ ਆਰ ਪਾਲ, ਉਘੇ ਪ੍ਰੋਮੋਟਰ ਜੱਸੀ ਬੰਗਾ, ਸ੍ਰੀ ਗੁਰੂ ਰਵਿਦਾਸ ਸਭਾ, ਯੂਬਾ ਸਿਟੀ ਦੇ ਪ੍ਰਧਾਨ ਸ਼ਿੰਗਾਰਾ ਸਿੰਘ ਰੱਲੁ ਤੇ ਮੈਂਬਰ ਬਲਵਿੰਦਰ ਰੱਲ, ਰਣਜੀਤ ਕੰਦੋਲਾ, ਗੁਰਮੀਤ ਸਿੰਘ ਮਾਨ ਬੇਕਰਜ਼ਫੀਲਡ, ਗਾਇਕ ਲਾਲੀ ਧਾਲੀਵਾਲ ਤੇ ਜੀਵਨ ਰੱਤੂ, ਪਰਮਜੀਤ ਪੰਮੀ, ਬੇਏਰੀਆ ਤੋਂ ਧਰਮ ਪਾਲ ਝੰਮਟ, ਜਸਪਾਲ ਸੂਸ, ਡੈਨੀ ਰੈਸਟੋਰੈਂਟ ਦੇ ਮਾਲਕ ਗੁਲਿੰਦਰ ਗਿੱਲ, ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਹਰਬੰਸ ਸਿੰਘ ਜਗਿਆਸੂ, ਮਹਿੰਦਰ ਘੱਗ, ਗਾਇਕ ਅਮਰਜੀਤ ਅਤੇ ਜਗਦੇਵ ਸਿੰਘ ਭੰਡਾਲ ਵੀ ਹਾਜ਼ਰ ਸਨ।



# ਰੁਕ ਨਹੀਂ ਰਹੀ ਵਿਦੇਸ਼ਾਂ 'ਚ ਦਸਤਾਰ ਦੀ ਬੇਅਦਬੀ

## ਦੁਬਈ 'ਚ ਸਿੱਖ ਡਰਾਈਵਰਾਂ ਨੂੰ ਦਸਤਾਰ ਲਾਹੁਣ ਦਾ ਫ਼ਰਮਾਨ




**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਰਬ ਦੇਸ਼ਾਂ ਵਿਚ ਵੀ ਸਿੱਖਾਂ ਦੀ ਧਾਰਮਿਕ ਪਛਾਣ ਦੀ ਪ੍ਰਤੀਕ ਦਸਤਾਰ ਲਈ ਖ਼ਤਰਾ ਬਣ ਗਿਆ ਹੈ। ਦੁਬਈ ਵਿਚ ਸਿੱਖ ਡਰਾਈਵਰਾਂ ਨੂੰ ਦਸਤਾਰ ਲਾਹ ਕੇ ਕੇਸ ਪਿੱਛੇ ਨੂੰ ਰੱਖਣ ਤੇ ਦਾੜ੍ਹੀ ਨੂੰ ਪ੍ਰੈਸ ਕਰਨ ਲਈ ਆਖਿਆ ਜਾ ਰਿਹਾ ਹੈ। ਕੰਕਰੀਟ ਬਣਾਉਣ ਵਾਲੀ ਕੰਪਨੀ ਅਲਾਸ ਐਮਰੇਟ ਰੈਡੀਮਿਕਸ ਨੇ ਦਸਤਾਰ ਲਾਹੁਣ ਤੇ ਦਾੜ੍ਹੀ ਨੂੰ ਪ੍ਰੈਸ ਕਰਨ ਤੋਂ ਨਾਂਹ ਕਰਨ ਵਾਲੇ ਸਿੱਖ ਡਰਾਈਵਰਾਂ ਨੂੰ ਨੌਕਰੀ ਤੋਂ ਫ਼ਾਰਗ ਕਰਨ ਦੀ ਚਿਤਾਵਨੀ ਦਿੱਤੀ ਹੈ। ਸੰਕਟ ਵਿਚ ਫਸੇ ਸਿੱਖ ਡਰਾਈਵਰਾਂ ਨੇ ਸ੍ਰੀ ਅਕਾਲ ਤਖ਼ਤ ਕੋਲ ਆਪਣੀ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਦੁਹਾਈ ਦਿੱਤੀ ਹੈ।

ਆਬੂਧਾਬੀ ਦੀ ਕੰਕਰੀਟ ਬਣਾਉਣ ਵਾਲੀ ਕੰਪਨੀ ਅਲਾਸ ਐਮਰੇਟ ਰੈਡੀਮਿਕਸ ਵੱਲੋਂ ਆਪਣੇ ਸਿੱਖ ਡਰਾਈਵਰਾਂ ਨੂੰ ਫ਼ੌਜੀ ਖੇਤਰਾਂ ਵਿਚ ਜਾਣ ਲਈ ਵਿਸ਼ੇਸ਼ ਪਾਸ ਬਣਾਉਣ ਖਾਤਰ ਦਸਤਾਰ ਲਾਹ ਕੇ ਵਾਲ ਪਿੱਛੇ ਨੂੰ ਕਰਨ ਤੇ ਦਾੜ੍ਹੀ ਨੂੰ ਪ੍ਰੈਸ ਕਰਕੇ ਫ਼ੋਟੋ ਖਿਚਵਾਉਣ ਲਈ ਆਖਿਆ ਗਿਆ ਹੈ। ਕੰਪਨੀ ਵਿਚ ਡਰਾਈਵਰ ਰਣਜੀਤ ਸਿੰਘ, ਜਸਵਿੰਦਰ ਸਿੰਘ, ਬਲਵੀਰ ਸਿੰਘ, ਸੁਲੱਖਣ ਸਿੰਘ, ਪ੍ਰਭਜੀਤ ਸਿੰਘ, ਸੁਰਜੀਤ ਸਿੰਘ ਤੇ ਜਰਨੈਲ ਸਿੰਘ ਨੇ ਦਸਤਾਰ ਲਾਹ ਕੇ ਫ਼ੋਟੋ ਖਿਚਵਾਉਣ ਤੋਂ ਨਾਂਹ ਕਰ ਦਿੱਤੀ ਹੈ ਜਿਸ 'ਤੇ ਕੰਪਨੀ ਨੇ ਸੁਰਜੀਤ ਸਿੰਘ ਤੇ ਪ੍ਰਭਜੀਤ ਸਿੰਘ ਨੂੰ ਇਕ ਮਹੀਨੇ ਵਿਚ ਨੌਕਰੀ ਤੋਂ ਵਿਹਲਾ ਕੀਤੇ ਜਾਣ ਬਾਰੇ ਨੋਟਿਸ ਜਾਰੀ ਕਰ ਦਿੱਤਾ ਹੈ ਤੇ ਬਾਕੀਆਂ ਨੂੰ ਦਸਤਾਰ ਲਾਹੁਣ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਕੰਪਨੀ ਦਾ ਕਹਿਣਾ ਹੈ ਕਿ ਫ਼ੌਜੀ ਖੇਤਰ ਵਿਚ ਪੱਗ ਵਾਲੇ ਬੰਦੇ ਨੂੰ ਜਾਣ ਦੀ ਆਗਿਆ ਨਹੀਂ ਮਿਲ ਸਕਦੀ ਜਿਸ ਕਰਕੇ ਉਹ ਵਾਲ ਪਿੱਛੇ ਨੂੰ ਕਰਕੇ ਤੇ ਦਾੜ੍ਹੀ ਨੂੰ ਪ੍ਰੈਸ ਕਰਕੇ ਫ਼ੋਟੋ ਖਿਚਵਾਉਣ। ਸਿੱਖ ਡਰਾਈਵਰਾਂ ਦਾ ਕਹਿਣਾ ਹੈ ਕਿ ਕੰਪਨੀ ਵੱਲੋਂ ਜਾਣਬੁੱਝ ਕੇ ਅਜਿਹਾ ਆਖਿਆ ਜਾ ਰਿਹਾ ਹੈ ਜਦੋਂਕਿ ਅਸਲ ਵਿਚ ਅਜਿਹੀ ਕੋਈ ਗੱਲ ਨਹੀਂ ਹੈ। ਰਣਜੀਤ ਸਿੰਘ ਅਨੁਸਾਰ ਉਨ੍ਹਾਂ ਨੇ ਦੁਬਈ ਸਥਿਤ ਭਾਰਤੀ ਦੂਤਾਵਾਸ ਨਾਲ ਵੀ ਸੰਪਰਕ ਕੀਤਾ ਹੈ ਪਰ ਇਨ੍ਹੀਂ ਦਿਨੀਂ ਉੱਥੇ ਛੁੱਟੀਆਂ ਚੱਲ ਰਹੀਆਂ ਹਨ। ਦਸਤਾਰ ਲਾਹੁਣ ਤੋਂ ਨਾਂਹ ਕਰਕੇ ਸੰਕਟ ਵਿਚ ਫਸੇ ਦੁਬਈ ਦੇ ਸਿੱਖ ਡਰਾਈਵਰਾਂ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗੁਰਬਚਨ ਸਿੰਘ ਨਾਲ ਵੀ ਸੰਪਰਕ ਕਰਕੇ ਆਪਣੀ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਅਪੀਲ ਕੀਤੀ ਹੈ। ਜਥੇਦਾਰ ਗੁਰਬਚਨ ਸਿੰਘ ਨੇ ਉਨ੍ਹਾਂ ਨੂੰ ਸਿਦਕ 'ਤੇ ਕਾਇਮ ਰਹਿਣ ਲਈ ਧਰਵਾਸ ਦਿੰਦਿਆਂ ਆਖਿਆ ਹੈ ਕਿ ਉਹ ਜਲਦੀ ਹੀ ਪੰਜਾਬ ਸਰਕਾਰ ਰਾਹੀਂ ਕੇਂਦਰ ਸਰਕਾਰ ਦੇ ਧਿਆਨ ਵਿਚ ਮਾਮਲਾ ਲਿਆਉਣਗੇ ਤੇ ਇਨ੍ਹਾਂ ਡਰਾਈਵਰਾਂ ਦੀ ਹਰ ਤਰ੍ਹਾਂ ਨਾਲ ਮੱਦਦ ਕਰਨਗੇ। ਇਨ੍ਹਾਂ ਡਰਾਈਵਰਾਂ ਨੇ ਸ਼੍ਰੋਮਣੀ ਕਮੇਟੀ, ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਦੁਬਈ 'ਚ ਉਨ੍ਹਾਂ ਨੂੰ ਧਾਰਮਿਕ ਆਜ਼ਾਦੀ ਦੇ ਸੰਕਟ ਵਿਚੋਂ ਬਾਹਰ ਕੱਢਣ ਲਈ ਤੁਰੰਤ ਕਾਰਵਾਈ ਕਰਨ। ਦੁਬਈ ਦੀ ਸਿਰਫ਼ ਇਕ ਕੰਪਨੀ ਹੀ ਨਹੀਂ ਸਗੋਂ ਬਹੁਤ ਸਾਰੀਆਂ ਕੰਪਨੀਆਂ ਸਿੱਖ ਡਰਾਈਵਰਾਂ ਨਾਲ ਧਰਮ ਦੇ ਆਧਾਰ 'ਤੇ ਵਿਤਕਰਾ ਕਰਦਿਆਂ ਉਨ੍ਹਾਂ ਨੂੰ ਦਸਤਾਰ ਤੇ ਦਾੜ੍ਹੀ ਹਟਾਉਣ ਲਈ ਤੰਗ-ਪ੍ਰੇਸ਼ਾਨ ਕਰਦੀਆਂ ਹਨ।

## ਮਿਲਾਨ ਹਵਾਈ ਅੱਡੇ 'ਤੇ ਸਿੱਖ ਦੀ ਪੱਗ ਲਾਹ ਕੇ ਲਈ ਤਲਾਸ਼ੀ



**ਚੰਡੀਗੜ੍ਹ:** ਇਟਲੀ ਦੇ ਮਿਲਾਨ ਹਵਾਈ ਅੱਡੇ 'ਤੇ ਸੁਰਖਿਆ ਦੇ ਨਾਂ 'ਤੇ ਸਿੱਖ ਵਿਅਕਤੀ ਦੀ ਪਗੜੀ ਲੁਹਾਈ ਗਈ ਜਿਸ ਨੂੰ ਲੈ ਕੇ ਸਿੱਖ ਭਾਈਚਾਰੇ 'ਚ ਰੋਸ ਹੈ। ਇਟਲੀ ਦੇ ਹਵਾਈ ਅੱਡਿਆਂ 'ਤੇ ਲਗਾਤਾਰ ਸਿੱਖਾਂ ਨੂੰ ਸੁਰਖਿਆ ਦੇ ਨਾਂ 'ਤੇ ਬੇਇੱਜ਼ਤ ਕੀਤਾ ਜਾ ਰਿਹਾ ਹੈ ਪਰ ਇਸ ਬਾਰੇ ਭਾਰਤ ਸਰਕਾਰ ਅਜੇ ਤੱਕ ਕੋਈ ਪੁਖਤਾ ਕਦਮ ਨਹੀਂ ਚੁੱਕ ਸਕੀ। ਫਗਵਾੜਾ ਦੇ ਪਿੰਡ ਖੁਰਮਪੁਰ ਦੇ ਵਸਨੀਕ ਸੁਰਿੰਦਰ ਸਿੰਘ ਸੈਣੀ ਅਨੁਸਾਰ ਉਹ ਪਿਛਲੇ ਤਕਰੀਬਨ 25 ਸਾਲ ਤੋਂ ਇਟਲੀ ਵਿਖੇ ਰਹਿ ਰਿਹਾ ਹੈ ਤੇ ਡੇਅਰੀ ਫਾਰਮ ਦਾ ਕੰਮ ਕਰਦਾ ਹੈ। ਸ. ਸੈਣੀ ਨੇ ਦੱਸਿਆ ਕਿ 14 ਦਸੰਬਰ ਨੂੰ ਉਸ ਨੇ ਇਟਲੀ ਦੇ ਮਿਲਾਨ ਹਵਾਈ ਅੱਡੇ ਤੋਂ ਉਡਾਣ ਫੜੀ ਸੀ। ਹਵਾਈ ਅੱਡੇ ਉਪਰ ਉਸ ਨੇ ਮੁਕੰਮਲ ਤੌਰ 'ਤੇ ਚੈਕਿੰਗ ਕਰਵਾਈ ਜਿਸ ਵਿਚ ਉਸ ਕੋਲ ਕੋਈ ਵੀ ਇਤਰਾਜ਼ਯੋਗ ਚੀਜ਼ ਨਹੀਂ ਸੀ। ਪਰ ਇਸ ਦੇ ਬਾਵਜੂਦ ਹਵਾਈ ਅੱਡੇ ਦੇ ਸੁਰਖਿਆ ਮੁਲਾਜ਼ਮਾਂ ਨੇ ਉਸ ਦੀ ਪੱਗ ਉਤਰਵਾ ਕੇ ਜਾਂਚ ਕੀਤੀ। ਉਸ ਨੇ ਦੱਸਿਆ ਕਿ ਉਸ ਨੇ ਇਸ ਬਾਰੇ ਸੁਰਖਿਆ ਅਧਿਕਾਰੀ ਕੋਲ ਇਤਰਾਜ਼ ਵੀ ਕੀਤਾ ਜਿਸ 'ਤੇ ਉਸ ਨੂੰ ਜਵਾਬ ਮਿਲਿਆ ਕਿ ਉਹ ਆਪਣੀ ਡਿਊਟੀ ਕਰ ਰਹੇ ਹਨ। ਸ. ਸੈਣੀ ਨੇ ਕਿਹਾ ਕਿ ਇਟਲੀ ਹਵਾਈ ਅੱਡਿਆਂ 'ਤੇ ਰੋਜ਼ਾਨਾ ਸਿੱਖਾਂ ਦੀਆਂ ਪੱਗਾਂ ਲੁਹਾਈਆਂ ਜਾ ਰਹੀਆਂ ਹਨ ਪਰ ਨਾ ਤਾਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਨਾ ਹੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੋਈ ਯਤਨ ਕਰ ਰਹੇ ਹਨ।

# ਵਿਦੇਸ਼ ਗਏ 38 ਪੰਜਾਬੀਆਂ ਦੀ ਗੁੰਮਸ਼ੁਦਗੀ ਦਾ ਭੇਤ ਖੁੱਲ੍ਹਣ ਦੇ ਆਸਾਰ

**ਚੰਡੀਗੜ੍ਹ:** ਪੰਜਾਬ ਦੇ 38 ਨੌਜਵਾਨਾਂ ਦੀ ਗੁੰਮਸ਼ੁਦਗੀ ਦੀ ਜਾਂਚ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀਆਂ ਹਦਾਇਤਾਂ 'ਤੇ ਕਾਇਮ ਜਾਂਚ ਕਮੇਟੀ ਇੰਟਰਪੋਲ ਪੁਲਿਸ ਰਾਹੀਂ ਇਸ ਮਾਮਲੇ 'ਚ ਸ਼ਾਮਲ ਹੋਣ ਦੇ ਸ਼ੱਕ ਵਿਚ ਅਫਰੀਕੀ ਮੁਲਕ ਮਾਲੀ 'ਚ ਰਹਿੰਦੇ ਦੁਆਬੇ ਦੇ ਟਰੈਵਲ ਏਜੰਟ ਦਾ ਗ੍ਰਿਫਤਾਰੀ ਵਾਰੰਟ ਹਾਸਲ ਕਰਨ ਵਿਚ ਕਾਮਯਾਬ ਹੋ ਗਈ ਹੈ। ਜਾਂਚ ਕਮੇਟੀ ਵੱਲੋਂ ਪੜਤਾਲ ਨਾਲ ਜੁੜੇ ਤੱਥਾਂ ਬਾਰੇ ਉੱਚ ਅਦਾਲਤ ਨੂੰ ਵੀ ਲਗਾਤਾਰ ਸੂਚਿਤ ਕੀਤਾ ਜਾ ਰਿਹਾ ਹੈ।

ਜਾਂਚ ਕਮੇਟੀ ਵੱਲੋਂ ਕੀਤੀ ਮੁੱਢਲੀ ਪੜਤਾਲ ਦੌਰਾਨ ਸਾਹਮਣੇ ਆਇਆ ਹੈ ਕਿ ਇਨ੍ਹਾਂ ਲਾਪਤਾ ਪੰਜਾਬੀ ਨੌਜਵਾਨਾਂ ਦੀ ਤਸਕਰੀ ਲਈ ਦੋਸ਼ੀ ਮੰਨਿਆ ਜਾ ਰਿਹਾ ਟਰੈਵਲ ਏਜੰਟ ਮਾਲੀ ਵਿਚ ਛੁਪਿਆ ਹੋਇਆ ਹੈ। ਕੇਂਦਰੀ ਜਾਂਚ ਬਿਊਰੋ ਵੱਲੋਂ ਇੰਟਰਪੋਲ ਦੀ ਮਦਦ ਨਾਲ ਜਿਵੇਂ ਹੀ ਮਾਲੀ ਸਥਿਤ ਭਾਰਤੀ ਸਫਾਰਤਖਾਨੇ ਦੇ ਅਧਿਕਾਰੀਆਂ ਨੂੰ ਹਰਕਤ ਵਿਚ ਲਿਆਂਦਾ ਤਾਂ ਇਹ ਏਜੰਟ ਲਾਪਤਾ ਹੋ ਗਿਆ। ਇਸ ਏਜੰਟ ਨੇ ਅਫ਼ਰੀਕੀ ਔਰਤ ਨਾਲ ਵਿਆਹ ਕੀਤਾ ਹੋਇਆ ਹੈ ਜੋ ਫਿਲਹਾਲ ਉਸ ਨਾਲ ਮਾਲੀ ਵਿਚ ਹੀ ਰਹਿ ਰਹੀ ਦੱਸੀ ਜਾ ਰਹੀ ਹੈ। ਇਸ ਟਰੈਵਲ ਏਜੰਟ ਦਾ ਨਾਂ ਨਵਾਂਸ਼ਹਿਰ ਤੇ ਜਲੰਧਰ ਨਾਲ ਸਬੰਧਤ ਅੱਧੀ ਦਰਜਨ ਟਰੈਵਲ ਏਜੰਟਾਂ ਨੂੰ ਹਿਰਾਸਤ ਵਿਚ ਲੈ ਕੇ ਕੀਤੀ ਪੁੱਛਗਿੱਛ ਦੌਰਾਨ ਸਾਹਮਣੇ ਆਇਆ ਹੈ।

ਹਾਈ ਕੋਰਟ ਦੇ ਨਿਰਦੇਸ਼ਾਂ 'ਤੇ ਬਣੀ ਜਾਂਚ ਕਮੇਟੀ ਵਿਚ ਪੰਜਾਬ ਪੁਲਿਸ ਦੇ ਵਧੀਕ ਡੀ.ਜੀ.ਪੀ. ਵਿਰੇਸ਼ ਕੁਮਾਰ ਭਾਵੜਾ ਤੇ ਸੀ.ਬੀ.ਆਈ. ਦੇ ਡੀ.ਆਈ.ਜੀ. ਸ਼ਾਮਲ ਹਨ। ਸੂਤਰਾਂ ਮੁਤਾਬਕ ਇਨ੍ਹਾਂ ਅਧਿਕਾਰੀਆਂ ਨੇ ਸੀ.ਬੀ.ਆਈ. ਦੀ ਮਦਦ ਨਾਲ ਇੰਟਰਪੋਲ ਤੋਂ ਦੋਸ਼ੀ ਟਰੈਵਲ ਏਜੰਟ ਦੇ ਗ੍ਰਿਫਤਾਰੀ ਵਾਰੰਟ ਹਾਸਲ ਕਰ ਲਏ ਹਨ। ਪੜਤਾਲ ਦੌਰਾਨ ਇਹ ਤੱਥ ਵੀ ਸਾਹਮਣੇ ਆਏ ਹਨ ਕਿ ਮਾਲੀ ਵਿਚ ਛੁਪੇ ਹੋਏ ਇਸ ਟਰੈਵਲ ਏਜੰਟ ਦੇ ਕੌਮਾਂਤਰੀ ਪੱਧਰ 'ਤੇ ਮਨੁੱਖੀ ਤਸਕਰੀ ਨਾਲ ਜੁੜੇ ਵਿਅਕਤੀਆਂ ਨਾਲ ਸਿੱਧੇ ਸਬੰਧ ਹਨ ਤੇ ਉਸ ਨੇ ਅੱਗੇ ਪੰਜਾਬ ਵਿਚ ਆਪਣੇ ਏਜੰਟ ਰੱਖੇ ਹੋਏ ਹਨ।

ਉਸ ਦਾ ਇਹ ਧੰਦਾ ਪਿਛਲੇ ਕਈ ਸਾਲਾਂ ਤੋਂ ਚੱਲ ਰਿਹਾ ਹੈ। ਪੰਜਾਬ ਦੇ ਦੁਆਬਾ ਦੇ ਦੋ ਜ਼ਿਲ੍ਹਿਆਂ ਕਪੂਰਥਲਾ ਤੇ ਨਵਾਂ ਸ਼ਹਿਰ ਨਾਲ ਸਬੰਧਤ 38 ਨੌਜਵਾਨਾਂ ਨੂੰ ਸਪੇਨ ਭੇਜਣ ਲਈ ਇਸ ਏਜੰਟ ਨੇ ਹੀ ਸੌਦਾ ਕੀਤਾ ਸੀ। ਇਨ੍ਹਾਂ ਪਰਿਵਾਰਾਂ ਨੇ ਆਪਣੇ ਲੜਕਿਆਂ ਨੂੰ ਵਿਦੇਸ਼ ਭੇਜਣ ਲਈ ਟਰੈਵਲ ਏਜੰਟਾਂ ਨੂੰ 4 ਤੋਂ 7 ਲੱਖ ਰੁਪਏ ਦਿੱਤੇ ਸਨ। ਸਾਲ 2004 ਵਿੱਚ ਡਾਲਰ ਕਮਾਉਣ ਦਾ ਸੁਪਨਾ ਲੈ ਕੇ ਘਰੋਂ ਨਿਕਲੇ ਇਨ੍ਹਾਂ ਨੌਜਵਾਨਾਂ ਦਾ ਅਜੇ ਤੱਕ ਕੋਈ ਥਹੁ ਪਤਾ ਨਹੀਂ ਲੱਗਿਆ।

**ਮਾਲੀ 'ਚ ਰਹਿੰਦੇ ਟਰੈਵਲ ਏਜੰਟ ਦੇ ਗ੍ਰਿਫਤਾਰੀ ਵਾਰੰਟ ਜਾਰੀ**

ਪੰਜਾਬ ਵਿਚਲੇ ਟਰੈਵਲ ਏਜੰਟਾਂ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਹ ਨੌਜਵਾਨ ਜਿਊਂਦੇ ਹਨ। ਜਾਂਚ ਨਾਲ ਜੁੜੇ ਅਧਿਕਾਰੀਆਂ ਨੂੰ ਟਰੈਵਲ ਏਜੰਟਾਂ ਦੇ ਦਾਅਵੇ ਸ਼ੱਕੀ ਜਾਪਦੇ ਹਨ। ਇਨ੍ਹਾਂ ਨੌਜਵਾਨਾਂ ਦੇ ਮਾਪਿਆਂ ਨੂੰ ਟਰੈਵਲ ਏਜੰਟਾਂ ਵੱਲੋਂ ਲਗਾਤਾਰ ਗੁੰਮਰਾਹ ਕੀਤਾ ਜਾ ਰਿਹਾ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਲੀ ਸਥਿਤੀ ਏਜੰਟ ਦੀ ਗ੍ਰਿਫਤਾਰੀ ਨਾਲ ਹੀ ਇਨ੍ਹਾਂ ਲਾਪਤਾ ਪੰਜਾਬੀ ਨੌਜਵਾਨਾਂ ਦੀ ਹੋਣੀ ਦਾ ਸੱਚ ਸਾਹਮਣੇ ਆ ਸਕਦਾ ਹੈ। ਜਾਂਚ ਕਮੇਟੀ ਨੂੰ ਇਸ ਏਜੰਟ ਦੇ ਜਲਦੀ ਹੀ ਹੱਥ ਲੱਗਣ ਦੀ ਉਮੀਦ ਹੈ। ਹਾਈ ਕੋਰਟ ਨੇ ਜਨ ਹਿਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਦੇ ਹੁਕਮ ਦਿੱਤੇ ਸਨ। ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਇਹ ਮਾਮਲਾ ਪੰਜਾਬ ਵਿਧਾਨ ਸਭਾ ਵਿਚ ਵੀ ਉਠਾਇਆ ਸੀ।

# ਭਾਰਤ ਤੇ ਚੀਨ ਵਿਚਾਲੇ 'ਖਿੱਚੋਤਾਣ' ਜਾਰੀ

## ਭਾਰਤ ਵੱਲੋਂ ਚੀਨੀ ਹਮਲੇ ਬਾਰੇ ਤੌਖ਼ਲੇ ਦਰਕਿਨਾਰ

**ਨਵੀਂ ਦਿੱਲੀ:** ਭਾਰਤ ਨੇ ਇਹ ਖਿਆਲ ਰੱਦ ਕਰ ਦਿੱਤਾ ਕਿ ਚੀਨ ਭਾਰਤ ਉਪਰ ਹਮਲੇ ਦੀਆਂ ਵਿਉਂਤਾਂ ਬਣਾ ਰਿਹਾ ਹੈ ਤੇ ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਦੀ ਨੀਤੀ ਹੈ ਕਿ ਸਰਹੱਦੀ ਮੁੱਦਿਆਂ ਬਾਰੇ ਗੱਲਬਾਤ ਕੀਤੀ ਜਾਵੇ ਹਾਲਾਂਕਿ ਇਸ ਬਾਰੇ ਖਾਸ ਪੇਸ਼ਕਦਮੀ ਨਹੀਂ ਹੋ ਸਕੀ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਪ੍ਰਸ਼ਨ ਕਾਲ ਦੌਰਾਨ ਲੋਕ ਸਭਾ ਨੂੰ ਯਕੀਨ ਦਿਵਾਇਆ ਕਿ ਚੀਨ ਨਾਲ ਲਗਦੀ ਭਾਰਤ ਦੀ ਸਰਹੱਦ ਆਮ ਤੌਰ 'ਤੇ ਸ਼ਾਂਤਮਈ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਇਸ ਵਿਚਾਰ ਦੀ ਧਾਰਨੀ ਨਹੀਂ ਕਿ ਚੀਨ ਦੇਸ਼ 'ਤੇ ਹਮਲੇ ਦੀਆਂ ਵਿਉਂਤਾਂ ਬਣਾ ਰਿਹਾ ਹੈ। ਇਸ ਤੋਂ ਪਹਿਲਾਂ ਸਮਾਜਵਾਦੀ ਪਾਰਟੀ ਦੇ ਨੇਤਾ ਮੁਲਾਇਮ ਸਿੰਘ ਯਾਦਵ ਨੇ ਸਦਨ 'ਚ ਆਖਿਆ ਸੀ ਕਿ ਚੀਨ ਵੱਲੋਂ ਭਾਰਤ 'ਤੇ ਹਮਲੇ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਤੇ ਉਸ ਨੇ ਸਰਹੱਦ ਨੇੜਲੇ ਖੇਤਰਾਂ ਦੀ ਨਿਸ਼ਾਨਦੇਹੀ ਕਰ ਲਈ ਹੈ। ਉਨ੍ਹਾਂ ਕਿਹਾ ਕਿ ਹੁਣ ਹਮਲੇ ਨੂੰ ਟਾਲਿਆ ਨਹੀਂ ਜਾ ਸਕਦਾ। ਸ੍ਰੀ ਯਾਦਵ ਨੇ ਕਿਹਾ ਕਿ ਚੀਨ ਨੇ ਬ੍ਰਹਮਪੁੱਤਰ ਦਰਿਆ ਦਾ ਭਾਰਤ ਵੱਲ ਵਹਿਣ ਰੋਕਣ ਦੀ ਕੋਸ਼ਿਸ਼ ਕੀਤੀ ਸੀ।

ਇਸ ਦੇ ਜਵਾਬ 'ਚ ਪ੍ਰਧਾਨ ਮੰਤਰੀ ਨੇ ਆਖਿਆ ਕਿ ਉਨ੍ਹਾਂ ਸਰਵਉੱਚ ਸਫ਼ਾਂ ਤੋਂ ਪਤਾ ਕਰਾਇਆ ਹੈ ਕਿ ਚੀਨ ਨੇ ਬ੍ਰਹਮਪੁੱਤਰ ਦਰਿਆ ਦਾ ਪਾਣੀ ਨਹੀਂ ਰੋਕਿਆ। ਉਨ੍ਹਾਂ ਇਹ ਮੰਨਿਆ ਕਿ ਚੀਨ ਵੱਲੋਂ ਭਾਰਤ ਦੇ ਕੁਝ ਖੇਤਰਾਂ 'ਚ ਦਖਲਅੰਦਾਜ਼ੀ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਇਹ ਗੱਲ ਵੱਖਰੀ ਹੈ ਕਿ ਚੀਨ ਇਨ੍ਹਾਂ ਇਲਾਕਿਆਂ 'ਤੇ ਆਪਣਾ ਹੱਕ ਜਤਾਉਂਦਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਮਾਮਲੇ ਦੋਵਾਂ ਦੇਸ਼ਾਂ ਦੇ ਏਰੀਆ ਕਮਾਂਡਰਾਂ ਵੱਲੋਂ ਸੁਲਝਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਭਾਰਤ ਨੇ ਚੀਨ ਨਾਲ ਗੱਲਬਾਤ ਤੇ ਦੋਸਤਾਨਾ ਸਬੰਧਾਂ ਦੀ ਨੀਤੀ ਅਪਣਾਈ ਸੀ ਤੇ ਪਿਛਲੀ ਐਨ.ਡੀ.ਏ. ਸਰਕਾਰ ਵੇਲੇ ਵੀ ਇਹੀ ਨੀਤੀ ਜਾਰੀ ਰਹੀ। ਭਾਰਤ ਤੇ ਚੀਨ ਵੱਲੋਂ ਆਪੋ-ਆਪਣੇ ਸਰਕਾਰੀ ਨੁਮਾਇੰਦਿਆਂ ਰਾਹੀਂ ਸਰਹੱਦੀ ਵਿਵਾਦ ਬਾਰੇ ਗੱਲਬਾਤ ਕੀਤੀ ਜਾ ਰਹੀ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ 2005 ਵਿਚ ਗੱਲਬਾਤ ਵਿਚ ਕੁਝ ਪੇਸ਼ਕਦਮੀ ਹੋਈ ਸੀ ਪਰ ਹਾਲੀਆ ਸਮਿਆਂ 'ਚ ਕੋਈ ਖਾਸ ਪ੍ਰਾਪਤੀ ਨਹੀਂ ਹੋ ਸਕੀ।

### ਭਾਰਤ ਦੀ ਤਾਕਤ



ਸੁਰੱਖਿਆ 'ਤੇ ਖਰਚਾ 36 ਅਰਬ ਡਾਲਰ
ਖਰਚ ਪੱਖੋਂ ਦੁਨੀਆ 'ਚ 10ਵਾਂ ਸਥਾਨ
ਭਾਰਤ ਕੋਲ 3382 ਏਅਰ ਕਰਾਫਟ
ਇਨ੍ਹਾਂ 'ਚੋਂ 1335 ਲੜਾਕੂ ਜਹਾਜ਼
ਦੇਸ਼ 'ਚ 334 ਤੋਂ ਵੱਧ ਏਅਰਬੇਸ
50 ਤੋਂ 70 ਪਰਮਾਣੂ ਹਥਿਆਰ
ਸਭ ਤੋਂ ਸ਼ਕਤੀਸ਼ਾਲੀ ਅਗਨੀ-4 ਮਜ਼ਾਈਲ


### ਚੀਨ ਦੀ ਤਾਕਤ



ਸੁਰੱਖਿਆ 'ਤੇ ਖਰਚਾ 80 ਅਰਬ ਡਾਲਰ
ਖਰਚ ਪੱਖੋਂ ਅਮਰੀਕਾ ਤੋਂ ਬਾਅਦ ਦੂਜਾ ਸਥਾਨ
ਚੀਨ ਕੋਲ 9218 ਏਅਰ ਕਰਾਫਟ
ਇਨ੍ਹਾਂ 'ਚੋਂ 2300 ਲੜਾਕੂ ਜਹਾਜ਼
ਦੇਸ਼ 'ਚ 489 ਤੋਂ ਵੱਧ ਏਅਰਬੇਸ
210 ਪਰਮਾਣੂ ਹਥਿਆਰ
ਡੀ.ਐਫ.-5 ਆਈ.ਸੀ.ਬੀ.ਐਮ. ਮਜ਼ਾਈਲ

## ਅਗਨੀ-5 ਤੋਂ ਚੀਨ ਘਬਰਾਇਆ

**ਪੇਇਚਿੰਗ:** ਭਾਰਤ ਵੱਲੋਂ ਅਗਲੇ ਵਰ੍ਹੇ ਫਰਵਰੀ 'ਚ 5000 ਕਿਲੋਮੀਟਰ ਰੇਂਜ ਵਾਲੀ ਅਗਨੀ-5 ਮਿਜ਼ਾਈਲ ਦੇ ਕੀਤੇ ਜਾ ਰਹੇ ਪ੍ਰੀਖਣ ਨੂੰ ਲੈ ਕੇ ਚੀਨ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਇਸ ਤਜਰਬੇ ਨਾਲ ਭਾਰਤ ਖੇਤਰ ਦਾ 'ਮਹਾਂਬਲੀ' ਬਣਨ ਦੀ ਕੋਸ਼ਿਸ਼ ਕਰ ਰਿਹਾ ਹੈ। ਚੀਨ ਦੇ ਸਰਕਾਰੀ ਮੀਡੀਆ 'ਚ ਇਸ ਗੱਲ ਨੂੰ ਲੈ ਕੇ ਚਰਚਾ ਹੈ ਕਿ ਮਿਜ਼ਾਈਲ ਅਗਨੀ-5 ਚੀਨ ਦੇ ਕਈ ਸ਼ਹਿਰਾਂ ਤਕ ਮਾਰ ਕਰ ਸਕਦੀ ਹੈ।



ਚੀਨ ਦੇ ਸਰਕਾਰੀ ਅਖਬਾਰ 'ਪੀਪਲ ਡੇਲੀ' 'ਚ ਲਿਖੇ ਲੇਖ 'ਚ ਕਿਹਾ ਗਿਆ ਹੈ ਕਿ ਅਗਨੀ-5 ਮਿਜ਼ਾਈਲ ਬਾਰੇ ਭਾਰਤੀ ਵਿਗਿਆਨੀਆਂ ਦਾ ਦਾਅਵਾ ਹੈ ਕਿ ਇਹ ਮਾਰੂ ਮਿਜ਼ਾਈਲ ਕਈ ਦੇਸ਼ਾਂ ਤਕ ਤਬਾਹੀ ਮਚਾ ਸਕਦੀ ਹੈ। ਇਸ ਲਈ ਭਾਰਤ ਇਸ ਮਿਜ਼ਾਈਲ ਦਾ ਪ੍ਰੀਖਣ ਕਰਕੇ ਖਿੱਤੇ 'ਚ 'ਸ਼ਕਤੀ ਦੇ ਸੰਤੁਲਨ' ਦਾ ਸੁਨੇਹਾ ਦੇਣਾ ਚਾਹੁੰਦਾ ਹੈ। ਲੇਖ 'ਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਵਿਸ਼ਵ ਪੱਧਰ 'ਤੇ ਅਹਿਮ ਰੋਲ ਨਿਭਾਉਣਾ ਚਾਹੁੰਦਾ ਹੈ।

ਇਸ ਲਈ ਉਹ ਘਰੇਲੂ ਤੇ ਬਾਹਰੀ ਸੁਰੱਖਿਆ ਚੁਣੌਤੀਆਂ ਨੂੰ ਬਰਦਾਸ਼ਤ ਨਹੀਂ ਕਰਨਾ ਚਾਹੁੰਦਾ ਤੇ ਫ਼ੌਜੀ ਸ਼ਕਤੀ ਨੂੰ ਹੋਰ ਮਜ਼ਬੂਤ ਕਰ ਰਿਹਾ ਹੈ। ਸੱਤਾਧਾਰੀ ਕਮਿਊਨਿਸਟ ਪਾਰਟੀ ਆਫ ਚੀਨ (ਸੀ.ਪੀ.ਸੀ.) ਦੇ ਬੁਲਾਰੇ ਅਖਬਾਰ 'ਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਵਿਸ਼ਵ ਸ਼ਕਤੀ ਵਜੋਂ ਉਭਾਰ ਦੇ ਟੀਚੇ ਨੂੰ ਹਾਸਲ ਕਰਨ ਲਈ ਫ਼ੌਜੀ ਸ਼ਕਤੀ ਵਧਾਉਣ 'ਚ ਲਗਾਤਾਰ ਜੁਟਿਆ ਹੋਇਆ ਹੈ। ਜ਼ਿਕਰਯੋਗ ਹੈ ਪਿਛਲੇ ਮਹੀਨੇ 3000 ਕਿਲੋਮੀਟਰ ਰੇਂਜ ਵਾਲੀ ਅਗਨੀ-4 ਮਿਜ਼ਾਈਲ ਦੇ ਸਫਲ ਪਰੀਖਣ ਤੋਂ ਬਾਅਦ ਭਾਰਤੀ ਵਿਗਿਆਨੀਆਂ ਨੇ ਦਾਅਵਾ ਕੀਤਾ ਹੈ ਕਿ ਅਗਲੇ ਵਰ੍ਹੇ ਫਰਵਰੀ 'ਚ 5000 ਕਿਲੋਮੀਟਰ ਰੇਂਜ ਵਾਲੀ ਅਗਨੀ-5 ਮਿਜ਼ਾਈਲ ਦਾ ਪ੍ਰੀਖਣ ਕੀਤਾ ਜਾਵੇਗਾ।

## ਅਮਰੀਕੀ ਫੌਜ ਵੱਲੋਂ ਇਰਾਕ ਨੂੰ ਅਲਵਿਦਾ

**ਕੁਵੈਤ:** ਨੌਂ ਵਰ੍ਹਿਆਂ ਦੇ ਕੌੜੇ ਤਜਰਬੇ ਤੋਂ ਬਾਅਦ ਅਮਰੀਕੀ ਫ਼ੌਜ ਨੇ ਇਰਾਕ ਨੂੰ ਅਲਵਿਦਾ ਕਹਿ ਦਿੱਤੀ ਹੈ। ਅਮਰੀਕੀ ਫੌਜ ਦੀ ਆਖਰੀ ਯੂਨਿਟ ਨੇ ਆਪਣਾ ਬੋਰੀ ਬਿਸਤਰਾ ਸਮੇਟਦਿਆਂ ਕੁਵੈਤ ਦੀ ਸਰਹੱਦ ਵੱਲ ਚਾਲੇ ਪਾ ਦਿੱਤੇ।

ਅਮਰੀਕਾ ਨੂੰ ਇਰਾਕ ਬਹੁਤ ਮਹਿੰਗਾ ਪਿਆ ਹੈ। ਪਿਛਲੇ ਨੌਂ ਵਰ੍ਹਿਆਂ ਦੌਰਾਨ ਇਰਾਕ 'ਚ 4500 ਅਮਰੀਕੀ ਫੌਜੀ ਮਾਰੇ ਗਏ ਤੇ ਇਕ ਲੱਖ ਤੋਂ ਵੱਧ ਇਰਾਕੀਆਂ ਨੂੰ ਜਾਨ ਤੋਂ ਹੱਥ ਧੋਣੇ ਪਏ। ਇਸ ਸਾਰੇ ਮਿਸ਼ਨ ਦਾ ਅਮਰੀਕੀ ਖਜ਼ਾਨੇ 'ਤੇ 800 ਅਰਬ ਡਾਲਰ ਦਾ ਬੋਝ ਪਿਆ। ਇਸ ਮੌਕੇ ਜਿੱਥੇ ਇਰਾਕੀਆਂ ਦੇ ਚਿਹਰਿਆਂ 'ਤੇ ਰੌਣਕ ਸੀ, ਉੱਥੇ ਅਮਰੀਕੀ ਫੌਜੀਆਂ 'ਚ ਵੀ ਵਤਨ ਵਾਪਸੀ ਦਾ ਉਤਸ਼ਾਹ ਸੀ। ਅਮਰੀਕਾ ਨੇ ਇਸ ਲੜਾਈ 'ਚ ਸਭ ਤੋਂ ਵੱਡਾ ਨੁਕਸਾਨ ਕਰਾਇਆ ਹੈ। ਇਸ ਮੌਕੇ 28 ਸਾਲਾ ਕੈਪਟਨ ਮਾਰਕ ਅਸਕੇਵ ਦਾ ਕਹਿਣਾ ਸੀ ਕਿ ਨੌਂ ਵਰ੍ਹਿਆਂ ਬਾਅਦ ਵੀ ਮੂੰਹ ਅੱਡੀ ਖੜ੍ਹੇ ਉਹੀ ਸਵਾਲਾਂ ਦਾ ਜਵਾਬ ਉਨ੍ਹਾਂ ਕੋਲ ਨਹੀਂ ਹੈ। ਉਸ ਨੇ ਕਿਹਾ ਕਿ ਇਹ ਤਾਂ ਸਮਾਂ ਹੀ ਤੈਅ ਕਰੇਗਾ ਕਿ ਫੌਜ ਦੀ ਵਾਪਸੀ ਤੋਂ ਬਾਅਦ ਇਰਾਕ ਕਿਹੜਾ ਰਾਹ ਅਖਤਿਆਰ ਕਰਦਾ ਹੈ। ਇੱਥੇ ਲੋਕਤੰਤਰੀ, ਮਨੁੱਖੀ ਹੱਕਾਂ ਦੇ ਸਤਿਕਾਰ ਵਾਲੀ ਨੀਤੀ ਅਪਣਾਈ ਜਾਂਦੀ ਹੈ ਜਾਂ ਫਿਰ ਕੁਝ ਹੋਰ।

ਅਮਰੀਕੀ ਅਧਿਕਾਰੀ ਮੰਨਦੇ ਹਨ ਕਿ ਇਰਾਕ 'ਚ ਉਨ੍ਹਾਂ ਨੂੰ ਖੂਨ ਤੇ ਡਾਲਰਾਂ ਨਾਲ ਭਾਰੀ ਕੀਮਤ ਤਾਰਨੀ ਪਈ ਹੈ ਪਰ ਇਸ ਖੂਨ ਖਰਾਬੇ ਨੂੰ ਜੇਤੂ ਤਸਵੀਰ 'ਚ ਤਬਦੀਲ ਕਰਨ ਲਈ ਵੀ ਪੂਰੀ ਵਾਹ ਲਾਈ ਜਾ ਰਹੀ ਹੈ। ਅਮਰੀਕਾ ਵੱਲੋਂ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਰਾਕੀ ਲੋਕ ਹੁਣ ਤਾਨਾਸ਼ਾਹ ਤੋਂ ਆਜ਼ਾਦ ਹਨ ਤੇ ਉਨ੍ਹਾਂ ਲਈ ਲੋਕਤੰਤਰ ਦਾ ਰਾਹ ਖੋਲ੍ਹ ਦਿੱਤਾ ਗਿਆ ਹੈ।

## ਕੈਨੇਡਾ ਵੱਲੋਂ ਨੈਨੀਆਂ ਲਈ ਕਾਨੂੰਨ ਨਰਮ

**ਟੋਰਾਂਟੋ:** ਕੈਨੇਡਾ ਸਰਕਾਰ ਨੇ ਨੈਨੀਆਂ ਲਈ ਦਸ ਹਜ਼ਾਰ ਖੁੱਲ੍ਹੇ ਵਰਕ ਪਰਮਿਟ ਜਾਰੀ ਕਰਕੇ ਨਿਯਮਾਂ 'ਚ ਨਰਮਾਈ ਲਿਆਂਦੀ ਹੈ ਜਿਸ ਨਾਲ ਹੁਣ ਪਹਿਲੇ ਮਾਲਕ ਦੀ ਨੌਕਰੀ ਦਾ 'ਇਕਰਾਰਨਾਮਾ' ਮੁੱਕਦਿਆਂ ਹੀ ਨੈਨੀਆਂ ਕੋਈ ਹੋਰ ਨੌਕਰੀ ਲੱਭ ਸਕਣਗੀਆਂ। ਦੇਸ਼ ਦੇ ਪਰਵਾਸ ਮੰਤਰੀ ਜੇਸਨ ਕੈਨੀ ਦੇ ਬੀਤੇ ਦਿਨ ਕੀਤੇ ਇਸ ਐਲਾਨ ਨਾਲ ਹਜ਼ਾਰਾਂ ਨੈਨੀਆਂ ਦੇ ਚਿਹਰੇ ਖਿੜ ਗਏ ਹਨ। ਕੈਨੇਡਾ ਵਿਚ ਨੈਨੀਆਂ ਵੱਡੀ ਗਿਣਤੀ ਵਿਚ ਆਉਂਦੀਆਂ ਹਨ ਤੇ ਬੀਤੇ ਕੁਝ ਸਾਲਾਂ ਤੋਂ ਉਨ੍ਹਾਂ ਨਾਲ ਹੁੰਦੀ ਧੱਕੇਸ਼ਾਹੀ ਦੀਆਂ ਘਟਨਾਵਾਂ ਸਾਹਮਣੇ ਆਈਆਂ।

ਇਹ ਮਾਮਲਾ ਸਭ ਤੋਂ ਵੱਧ ਚਰਚਾ ਵਿਚ 2009 'ਚ ਉਦੋਂ ਆਇਆ ਜਦੋਂ ਸਾਬਕਾ ਪੰਜਾਬਣ ਐਮ.ਪੀ. ਰੂਬੀ ਢਾਲਾ ਦੇ ਘਰ ਵਿਚ ਰੱਖੀਆਂ ਦੋ ਨੈਨੀਆਂ ਨੇ ਸ਼ਿਕਾਇਤਾਂ ਕੀਤੀਆਂ ਕਿ ਉਨ੍ਹਾਂ ਤੋਂ ਢਾਲਾ ਪਰਿਵਾਰ ਨੇ 250 ਡਾਲਰ ਹਫਤੇ ਉਤੇ ਪੰਜ ਦਿਨ 12 ਤੋਂ 16 ਘੰਟੇ ਹੱਡ ਭੰਨਵਾਂ ਕੰਮ ਕਰਵਾਇਆ ਜਦਕਿ ਪਰਿਵਾਰ ਨੇ ਨੈਨੀਆਂ ਰੱਖਣ ਲਈ ਕੇਂਦਰ ਸਰਕਾਰ ਤੋਂ ਮਨਜ਼ੂਰੀ ਵੀ ਨਹੀਂ ਸੀ ਲਈ। ਜੇਸਨ ਕੈਨੀ ਨੇ ਮੁਲਕ ਭਰ ਦੀਆਂ ਸੰਸਥਾਵਾਂ ਰਾਹੀਂ ਨੈਨੀਆਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਹੁਣ ਇਹ ਫੈਸਲਾ ਲਿਆ ਹੈ। ਇਸ ਤੋਂ ਪਹਿਲਾਂ ਨੈਨੀਆਂ ਨੂੰ ਖੁੱਲ੍ਹਾ ਵਰਕ ਪਰਮਿਟ ਲੈਣ ਲਈ ਦੋ ਸਾਲ ਉਡੀਕਣਾ ਪੈਂਦਾ ਸੀ।

## ਭਾਰਤ-ਅਮਰੀਕਾ ਵੀਜ਼ਾ ਮਸਲਾ ਸੁਲਝਣ ਦੀ ਆਸ

**ਨਵੀਂ ਦਿੱਲੀ:** ਭਾਰਤ ਨੇ ਅਮਰੀਕਾ ਵੱਲੋਂ ਐਚ.ਵਨ ਬੀ. ਤੇ ਐਲ. ਵਰਗਾਂ ਦੀ ਵਧਾਈ ਗਈ ਵੀਜ਼ਾ ਫੀਸ 'ਤੇ ਫਿਕਰ ਜ਼ਾਹਿਰ ਕਰਦਿਆਂ ਆਸ ਪ੍ਰਗਟ ਕੀਤੀ ਕਿ ਅਮਰੀਕਾ ਵੱਲੋਂ ਛੇਤੀ ਹੀ ਇਸ ਮਸਲੇ ਦਾ ਹੱਲ ਕੱਢਿਆ ਜਾਵੇਗਾ ਕਿਉਂਕਿ ਇਸ ਕਾਰਨ ਭਾਰਤੀ ਕੰਪਨੀਆਂ 'ਤੇ ਅਸਰ ਪੈ ਰਿਹਾ ਹੈ।

ਇਸ ਮਸਲੇ ਨੂੰ ਗੰਭੀਰ ਮੁੱਦਾ ਕਰਾਰ ਦਿੰਦਿਆਂ ਵਣਜ ਰਾਜ ਮੰਤਰੀ ਜਿਓਤਿਰਦਿੱਤਿਆ ਸਿੰਧੀਆ ਨੇ ਕਿਹਾ ਕਿ ਸਰਕਾਰ ਵੱਲੋਂ ਵੱਖ-ਵੱਖ ਪੱਧਰਾਂ 'ਤੇ ਇਸ ਮਸਲੇ ਨੂੰ ਜਿੰਨੀ ਛੇਤੀ ਹੋ ਸਕੇ, ਸੁਲਝਾਉਣ ਲਈ ਯਤਨ ਕੀਤੇ ਜਾ ਰਹੇ ਹਨ। ਵੀਜ਼ਾ ਫੀਸ 'ਚ ਵਾਧੇ ਕਾਰਨ ਦੋਹਾਂ ਦੇਸ਼ਾਂ ਨੂੰ ਹੀ ਸਮੱਸਿਆਵਾਂ ਆਉਣਗੀਆਂ ਕਿਉਂਕਿ ਭਾਰਤੀ ਕਿੱਤਾ ਮਾਹਿਰ ਅਮਰੀਕਾ ਜਾ ਕੇ ਉੱਥੋਂ ਦੀ ਆਰਥਿਕਤਾ ਵਿਚ ਵੀ ਵੱਡੀ ਭੂਮਿਕਾ ਅਦਾ ਕਰਦੇ ਹਨ। ਹਰ ਸਾਲ ਤਕਰੀਬਨ 45,000 ਕਿੱਤਾ ਮਾਹਿਰ ਭਾਰਤ ਤੋਂ ਅਮਰੀਕਾ ਤੇ ਅਮਰੀਕਾ ਤੋਂ ਭਾਰਤ ਆਉਂਦੇ ਜਾਂਦੇ ਹਨ।

ਇਸ ਤੋਂ ਇਲਾਵਾ ਭਾਰਤੀ ਆਈ.ਟੀ. ਕੰਪਨੀਆਂ ਨੂੰ ਵੀਜ਼ਾ ਦੇਣ ਵਿਚ ਦੇਰੀ ਤੇ ਮਨਾਹੀ ਵਰਗੀਆਂ ਸਮੱਸਿਆਵਾਂ ਨਾਲ ਵੀ ਦੋ-ਚਾਰ ਹੋਣਾ ਪੈ ਰਿਹਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੀ ਭਾਰਤ ਫੇਰੀ ਸਮੇਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਵੀਜ਼ੇ ਬਾਰੇ ਮਸਲੇ ਉਨ੍ਹਾਂ ਕੋਲ ਉਠਾਏ ਸਨ।

## ਰਾਬਰਟ ਬਲੇਕ ਵੱਲੋਂ ਅਮਰੀਕਾ 'ਚ ਵਸਦੇ ਭਾਰਤੀਆਂ ਦੀ ਤਾਰੀਫ਼

**ਵਾਸ਼ਿੰਗਟਨ:** ਅਮਰੀਕਾ ਦੇ ਦੱਖਣੀ ਤੇ ਕੇਂਦਰੀ ਏਸ਼ੀਆ ਬਾਰੇ ਉਪ-ਵਿਦੇਸ਼ ਮੰਤਰੀ ਰਾਬਰਟ ਬਲੇਕ ਨੇ ਕਿਹਾ ਕਿ ਅਮਰੀਕਾ ਵਿਚ ਵਸਦੇ ਭਾਰਤੀ ਮੂਲ ਦੇ 30 ਲੱਖ ਤੋਂ ਵੱਧ ਲੋਕ ਨਾ ਸਿਰਫ਼ ਦੂਜਿਆਂ ਲਈ ਪ੍ਰੇਰਨਾ ਹਨ ਸਗੋਂ ਉਨ੍ਹਾਂ ਨੇ ਆਪਣਾ ਸਿਆਸੀ ਆਧਾਰ ਵੀ ਮਜ਼ਬੂਤ ਕਰ ਲਿਆ ਹੈ। ਇੱਥੇ ਅਮਰੀਕੀ ਭਾਰਤੀ ਫਾਊਂਡੇਸ਼ਨ ਵੱਲੋਂ ਕਰਵਾਏ ਸਮਾਗਮ ਵਿਚ ਉਨ੍ਹਾਂ ਆਪਣੇ ਭਾਸ਼ਨ ਵਿਚ ਕਿਹਾ ਅੱਜ ਭਾਰਤੀਆਂ ਦੀ ਦੇਸ਼ ਦੇ ਹਰ ਖੇਤਰ ਵਿਚ ਵੱਖਰੀ ਪਛਾਣ ਹੈ। ਉਹ ਸਿਆਸਤ, ਸਿੱਖਿਆ ਤੇ ਵਪਾਰ ਖੇਤਰਾਂ ਵਿਚ ਛਾਏ ਹੋਏ ਹਨ। ਇਹ ਫਾਊਂਡੇਸ਼ਨ ਸਾਲ 2001 ਵਿਚ ਤੱਤਕਾਲੀ ਰਾਸ਼ਟਰਪਤੀ ਬਿੱਲ ਕਲਿੰਟਨ ਨੇ ਬਣਵਾਈ ਸੀ।

ਸ੍ਰੀ ਬਲੇਕ ਨੇ ਭਾਰਤੀ-ਅਮਰੀਕੀਆਂ ਦੇ ਮਿਹਨਤੀ ਸੁਭਾਅ ਤੇ ਦ੍ਰਿੜ ਇਰਾਦਿਆਂ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਹ ਲੋਕ ਹਰ ਪਾਸੇ ਛਾ ਰਹੇ ਹਨ। ਉਨ੍ਹਾਂ ਕਿਹਾ ਕਿ ਭਾਰਤੀ ਅਮਰੀਕੀਆਂ ਦਾ ਸਿਆਸੀ ਪ੍ਰਭਾਵ ਵਧ ਰਿਹਾ ਹੈ। ਲੂਸੀਆਨਾ ਦੇ ਗਵਰਨਰ ਬੌਬੀ ਜਿੰਦਲ ਤੇ ਦੱਖਣੀ ਕੈਰੋਲੀਨਾ ਦੀ ਗਵਰਨਰ ਨਿੱਕੀ ਹੈਲੇ ਇਸ ਦੇ ਗਵਾਹ ਹਨ।

## ਕੰਪਨੀ ਮਾਲਕ ਸਭ ਕੁਝ ਛੱਡ ਕੇ ਫ਼ਰਾਰ

**ਦੁਬਈ:** ਸੰਯੁਕਤ ਅਰਬ ਅਮੀਰਾਤ ਵਿਚ ਇੰਜੀਨੀਅਰਿੰਗ ਕੰਪਨੀਆਂ ਦੇ ਸਮੂਹ ਦਾ ਮਾਲਕ ਸਨਅਤਕਾਰ ਦੇਸ਼ ਛੱਡ ਕੇ ਦੌੜ ਗਿਆ ਹੈ। ਇਸ ਕਾਰਨ ਕੰਪਨੀਆਂ ਦੇ ਸੈਂਕੜੇ ਮੁਲਾਜ਼ਮ ਤੇ ਕਰਜ਼ ਦੇਣ ਵਾਲਿਆਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਹੈ। ਸਿਸਟਮ ਇੰਜੀਨੀਅਰਿੰਗ ਐਂਡ ਅਮੀਰਾਤਸ ਸਪੇਸ ਈਰੈਕਟਰਸ ਦਾ ਮਾਲਕ ਤੇ ਗੋਆ ਦੇ ਵਸਨੀਕ ਜੋਸਫ਼ ਐਲ. ਡੀਸੂਜ਼ਾ ਵੱਲੋਂ ਦੇਸ਼ ਛੱਡਣ ਨਾਲ ਲੋਕ ਹੈਰਾਨ ਹਨ। ਇਹ ਕੰਪਨੀ ਇਸ ਵੇਲੇ ਯੂ.ਏ.ਈ. ਵਿਚ ਕਈ ਪ੍ਰਾਜੈਕਟਾਂ 'ਤੇ ਕੰਮ ਕਰ ਰਹੀ ਹੈ। ਕੰਪਨੀ ਦੇ ਮੁਲਾਜ਼ਮਾਂ ਨੂੰ ਪਿਛਲੇ ਪੰਜ ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀ। ਕੰਪਨੀ ਦਾ ਅਕਾਊਂਟ ਸਟਾਫ ਵੀ ਆਪਣੇ ਮਾਲਕ ਦੇ ਨਕਸ਼ੇ-ਕਦਮਾਂ 'ਤੇ ਚੱਲਦਿਆਂ ਦਫਤਰ ਦਾ ਸਾਰਾ ਫਰਨੀਚਰ ਵੇਚ ਕੇ ਫਰਾਰ ਹੋ ਗਿਆ। ਕੰਪਨੀ ਨਾਲ ਜੁੜੇ ਵਪਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕਰੋੜਾਂ ਰੁਪਏ ਦਾ ਮਾਲ ਜੋਸਫ ਨੂੰ ਸਪਲਾਈ ਕੀਤਾ ਪਰ ਉਹ ਬਗੈਰ ਭੁਗਤਾਨ ਕੀਤੇ ਭੱਜ ਗਿਆ। ਇਹ ਵਪਾਰੀ ਹੁਣ ਕੰਪਨੀ ਦੇ ਦਫਤਰ ਅੱਗੇ ਕਤਾਰਾਂ ਬੰਨ੍ਹ ਕੇ ਖੜ੍ਹੇ ਹਨ।

### ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਕਾਰੋਬਾਰੀਆਂ ਦਾ ਪੈਸਾ ਡੁੱਬਿਆ

ਬਹੁਤ ਸਾਰੇ ਅਜਿਹੇ ਲੋਕ ਹਨ ਜਿਨ੍ਹਾਂ ਨੂੰ ਜੋਸਫ ਦੇ ਫਰਾਰ ਹੋਣ ਬਾਰੇ ਪਤਾ ਨਹੀਂ ਹੈ। ਇਹ ਕੰਪਨੀ ਸਮੂਹ ਪਿਛਲੇ 14 ਸਾਲਾਂ ਤੋਂ ਕੰਮ ਕਰ ਰਿਹਾ ਸੀ ਤੇ ਇਸ ਉਪਰ ਕਾਰੋਬਾਰੀਆਂ ਨੂੰ ਪੂਰਾ ਭਰੋਸਾ ਸੀ। ਇਕ ਵਿਅਕਤੀ ਨੇ ਦੱਸਿਆ ਕਿ ਉਸ ਨੇ ਜੋਸਫ ਨੂੰ ਭਾਰਤ ਫੋਨ ਕੀਤਾ ਤੇ ਉਸ ਨੇ ਅੱਗੇ ਪੁਸ਼ਟੀ ਕੀਤੀ ਕਿ ਉਹ ਕਦੇ ਵੀ ਯੂ.ਏ.ਈ. ਨਹੀਂ ਆਵੇਗਾ। ਜੀ.ਈ. ਵਰਗੀਜ ਜੋ ਕੇਰਲ ਤੋਂ ਹੈ ਤੇ ਪਿਛਲੇ 13 ਸਾਲਾਂ ਤੋਂ ਕੰਪਨੀ ਵਿਚ ਕੰਮ ਕਰ ਰਿਹਾ ਹੈ, ਨੇ ਕਿਹਾ ਕਿ ਉਸ ਨੂੰ ਜੋਸਫ ਦੀ ਇਸ ਕਾਰਵਾਈ ਤੋਂ ਝਟਕਾ ਲੱਗਿਆ ਹੈ। ਉਸ ਨੇ ਕਿਹਾ ਕਿ ਜੋਸਫ 'ਤੇ ਭਰੋਸਾ ਹੋਣ ਕਾਰਨ ਹੀ ਕਿਸੇ ਨੂੰ ਤਨਖਾਹ ਨਾ ਮਿਲਣ 'ਤੇ ਕਿਰਤ ਵਿਭਾਗ ਕੋਲ ਉਸ ਦੀ ਸ਼ਿਕਾਇਤ ਨਹੀਂ ਸੀ ਕੀਤੀ। ਇਸ ਦੌਰਾਨ ਸਥਾਨਕ ਕਾਰੋਬਾਰੀਆਂ ਨੇ ਮੁਲਾਜ਼ਮਾਂ ਨੂੰ ਆਪਣੀ ਰਿਹਾਇਸ਼ ਛੱਡਣ ਦੇ ਹੁਕਮ ਦੇ ਦਿੱਤੇ ਹਨ ਤੇ ਇਸ ਘਟਨਾ ਦੀ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ ਹੈ।

## ਬੰਗਲਾਦੇਸ਼ ਤੇ ਨੇਪਾਲ ਮਨੁੱਖੀ ਵਿਕਾਸ ਪੱਖੋਂ ਭਾਰਤ ਨਾਲੋਂ ਉਪਰ:ਅਮ੍ਰਤਿਆ ਸੇਨ

ਨਵੀਂ ਦਿੱਲੀ: ਮਾਨਵੀ ਵਿਕਾਸ ਦੇ ਮੁੱਦਿਆਂ ਨਾਲ ਨਜਿੱਠਣ ਲਈ ਭਾਰਤ ਦਾ ਰਿਕਾਰਡ ਬੰਗਲਾਦੇਸ਼, ਨੇਪਾਲ ਤੇ ਭੂਟਾਨ ਜਿਹੇ ਗੁਆਂਢੀਆਂ ਨਾਲੋਂ ਬਹੁਤ ਮਾੜਾ ਹੈ। ਇਹ ਖੁਲਾਸਾ ਨੋਬਲ ਪੁਰਸਕਾਰ ਜੇਤੂ ਆਰਥਿਕ ਮਾਹਰ ਅਮ੍ਰਤਿਆ ਸੇਨ ਨੇ ਕੀਤਾ। ਸੀ.ਆਈ.ਆਈ. ਵੱਲੋਂ ਕਰਵਾਈ 'ਦਿੱਲੀ ਇਕਨਾਮਿਕਸ ਕਨਕਲੇਵ' ਨੂੰ ਸੰਬੋਧਨ ਕਰਦਿਆਂ ਸ੍ਰੀ ਸੇਨ ਨੇ ਕਿਹਾ ਕਿ ਦੁਖਾਂਤ ਇਹ ਹੈ ਕਿ ਸਿਰਫ ਚੀਨ ਹੀ ਨਹੀਂ ਬਲਕਿ ਬੰਗਲਾਦੇਸ਼ ਵੀ ਭਾਰਤ ਨਾਲੋਂ ਵੱਧ ਕੰਮ ਇਨ੍ਹਾਂ ਸਮਾਜਿਕ ਸੂਚਕਾਂ 'ਚੋਂ ਹਰੇਕ ਪੱਖ 'ਤੇ ਬਿਹਤਰ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਨੇਪਾਲ, ਭੂਟਾਨ, ਸ੍ਰੀਲੰਕਾ ਪਹਿਲਾਂ ਹੀ ਇਸ ਤੋਂ ਅੱਗੇ ਹਨ।

ਉਨ੍ਹਾਂ ਦੱਸਿਆ ਕਿ ਸਿੱਖਿਆ, ਜੀਵਨ ਆਸ਼ਾ, ਟੀਕਾਕਰਨ ਤੇ ਨਵੀਂ ਬਣਨ ਵਾਲੀ ਮਾਂ ਦੇ ਜਿਉਂਦੇ ਰਹਿਣ ਦੀ ਦਰ ਜਿਹੇ ਪਹਿਲੂਆਂ ਪੱਖੋਂ 1990 'ਚ ਭਾਰਤ ਸਾਰੇ ਛੇ ਦੱਖਣੀ ਏਸ਼ਿਆਈ ਮੁਲਕਾਂ 'ਚੋਂ ਦੂਜੇ ਨੰਬਰ 'ਤੇ ਸੀ ਤੇ ਹੁਣ ਇਹ ਪੰਜਵੀਂ ਪੁਜ਼ੀਸ਼ਨ 'ਤੇ ਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਪੱਖੋਂ ਸਿਰਫ ਪਾਕਿਸਤਾਨ ਹੀ ਭਾਰਤ ਤੋਂ ਪਿੱਛੇ ਹੈ ਜਿੱਥੇ ਮਾਨਵੀ ਵਿਕਾਸ ਦਾ ਸੂਚਕ ਅੰਕ ਉਸ ਮੁਲਕ ਦੀਆਂ ਆਪਣੀਆਂ ਦਹਿਸ਼ਗਰਦੀ ਨਾਲ ਸਬੰਧੀ ਮੁਸ਼ਕਲਾਂ ਕਾਰਨ ਅਜਿਹਾ ਹੈ।

## 63.5 ਫੀਸਦੀ ਭਾਰਤੀਆਂ ਨੂੰ ਮਿਲੇਗੀ ਤਿੰਨ ਰੁਪਏ ਕਿੱਲੋ ਕਣਕ

**ਨਵੀਂ ਦਿੱਲੀ:** ਯੂ.ਪੀ.ਏ. ਸਰਕਾਰ ਵੱਲੋਂ 2009 ਦੀਆਂ ਲੋਕ ਸਭਾ ਚੋਣਾਂ ਦੌਰਾਨ ਚੋਣ ਮਨੋਰਥ 'ਚ ਕੀਤੇ ਵਾਅਦੇ ਨੂੰ ਪੂਰਾ ਕਰਦਿਆਂ ਕੇਂਦਰੀ ਕੈਬਨਿਟ ਨੇ ਚਿਰਾਂ ਤੋਂ ਉਡੀਕੇ ਜਾ ਰਹੇ ਕੌਮੀ ਖੁਰਾਕ ਸੁਰੱਖਿਆ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਪ੍ਰਸਤਾਵਿਤ ਕਾਨੂੰਨ ਤਹਿਤ ਕੇਂਦਰ ਸਰਕਾਰ ਪੂਰੇ ਦੇਸ਼ 'ਚ ਗ਼ਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਲੋਕਾਂ ਨੂੰ ਤਿੰਨ ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਕਣਕ ਮੁਹੱਈਆ ਕਰਵਾਏਗੀ।



ਯੂ.ਪੀ.ਏ. ਦੀ ਚੇਅਰਪਰਸਨ ਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਕੌਮੀ ਸਲਾਹਕਾਰ ਕੌਂਸਲ ਦੀ ਮੁਖੀ ਹੋਣ ਦੀ ਹੈਸੀਅਤ 'ਚ ਇਸ ਬਿੱਲ ਨੂੰ ਸਿਰੇ ਲਾਉਣ 'ਚ ਅਹਿਮ ਭੂਮਿਕਾ ਨਿਭਾਈ ਹੈ। ਇਸ ਕਾਨੂੰਨ ਤਹਿਤ 75 ਫੀਸਦੀ ਪੇਂਡੂ ਵਸੋਂ ਤੇ 50 ਫੀਸਦੀ ਸ਼ਹਿਰੀ ਵਸੋਂ ਨੂੰ ਸਬਸਿਡੀ 'ਤੇ ਅਨਾਜ ਮੁਹੱਈਆ ਕਰਵਾਇਆ ਜਾਵੇਗਾ। ਇਸ ਸਕੀਮ ਤਹਿਤ ਦੇਸ਼ ਦੀ 63.5 ਫੀਸਦੀ ਵਸੋਂ ਕਾਨੂੰਨੀ ਤੌਰ 'ਤੇ ਸਬਸਿਡੀ ਵਾਲਾ ਅਨਾਜ ਲੈਣ ਦੀ ਹੱਕਦਾਰ ਹੋਵੇਗੀ। ਖੁਰਾਕ ਮੰਤਰੀ ਕੇ.ਵੀ. ਥਾਮਸ ਅਨੁਸਾਰ ਇਸ ਸਕੀਮ ਤਹਿਤ 1.1 ਲੱਖ ਕਰੋੜ ਖੇਤੀ ਖੇਤਰ ਤੇ 95000 ਕਰੋੜ ਗਰੀਬ ਲੋਕਾਂ ਨੂੰ ਸਬਸਿਡੀ ਦਿੱਤੀ ਜਾਵੇਗੀ ਜੋ ਕੁੱਲ 3.5 ਲੱਖ ਕਰੋੜ ਬਣੇਗੀ। ਸਰਕਾਰ ਨੂੰ ਇਸ ਸਕੀਮ ਲਈ 5.4 ਕਰੋੜ ਤੋਂ 6.2 ਕਰੋੜ ਅਨਾਜ ਦੀ ਲੋੜ ਪਵੇਗੀ।

# ਇੰਦਰਾ ਗੋਸਵਾਮੀ ਦੇ ਮਾਨਵੀ ਤੇ ਪੰਜਾਬੀ ਸਰੋਕਾਰ

ਆਸਾਮੀ ਸਾਹਿਤਕਾਰ ਇੰਦਰਾ ਗੋਸਵਾਮੀ ਦੇ ਅਕਾਲ ਚਲਾਣੇ ਨਾਲ ਕੇਵਲ ਆਸਾਮ ਰਾਜ ਅਤੇ ਉਥੋਂ ਦੇ 'ਉਲਫਾ' ਖਾੜਕੂਆਂ ਵਿਚ ਹੀ ਨਹੀਂ, ਭਾਰਤ ਦੇ ਸਮੁੱਚੇ ਸਾਹਿਤਕ ਹਲਕਿਆਂ ਵਿਚ ਵੀ ਸੋਗ ਦੀ ਲਹਿਰ ਦੌੜ ਗਈ ਹੈ। ਇੰਦਰਾ ਭਾਰਤ ਵਿਚ ਸਭ ਤੋਂ ਉਤਮ ਮੰਨੇ ਜਾਂਦੇ ਸਾਹਿਤਕ ਇਨਾਮ ਗਿਆਨਪੀਠ ਪੁਰਸਕਾਰ ਨਾਲ ਸਨਮਾਨੀ ਗਈ ਸੀ। ਜਦੋਂ 1982 ਵਿਚ 37 ਵਰ੍ਹੇ ਦੀ ਉਮਰੇ ਉਸ ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ ਤਾਂ ਨਾਵਲ ਦੀ ਵਿਧਾ ਵਿਚ ਇੰਨੀ ਛੋਟੀ ਉਮਰੇ ਇਨਾਮ



*ਇੰਦਰਾ ਗੋਸਵਾਮੀ*

ਪ੍ਰਾਪਤ ਕਰਨ ਵਾਲੀ ਉਹ ਪਹਿਲੀ ਸਾਹਿਤਕਾਰ ਸੀ। ਉਸ ਦੇ ਇਸ ਰਿਕਾਰਡ ਨੂੰ ਅੱਜ ਤੱਕ ਹੋਰ ਕੋਈ ਨਹੀਂ ਤੋੜ ਸਕਿਆ। ਸਮੁੱਚੇ ਭਾਰਤ ਵਿਚੋਂ ਨੀਦਰਲੈਂਡ ਦਾ ਪ੍ਰਿੰਸ ਕਲਾਜ਼ ਦੇ ਨਾਂ 'ਤੇ ਸਥਾਪਤ ਸੱਠ ਲੱਖਾ ਐਵਾਰਡ ਜਿੱਤਣ ਵਾਲੀ ਵੀ ਉਹ ਇਕੋ-ਇਕ ਲੇਖਕਾ ਸੀ।

ਸਮਾਜਿਕ ਕੁਰੀਤੀਆਂ ਦੀ ਚੀਰ-ਫਾੜ ਵਿਚ ਉਹ ਉਰਦੂ ਕਹਾਣੀਕਾਰ ਸਆਦਤ ਹਸਨ ਮੰਟੋ ਦੀ ਸਾਨੀ ਸੀ। ਸੰਨ 1984 ਦੇ ਦਿੱਲੀ ਕਤਲੇਆਮ ਬਾਰੇ ਆਸਾਮੀ ਭਾਸ਼ਾ ਵਿਚ ਲਿਖੇ ਉਸ ਦੇ ਨਾਵਲ ਨੂੰ ਰਾਬਿੰਦਰ ਸਿੰਘ ਬਾਠ ਨੇ 'ਲਹੂ ਭਿੱਜੇ ਪੱਤਰੇ' ਨਾਂ ਥੱਲੇ ਪੰਜਾਬੀ ਵਿਚ ਉਲਥਾਇਆ ਜਿਹੜਾ ਦਿੱਲੀ ਦੀ ਪੰਜਾਬੀ ਅਕਾਦਮੀ ਨੇ ਪ੍ਰਕਾਸ਼ਿਤ ਕੀਤਾ। ਇਸ

***1984 ਦੇ ਦਿੱਲੀ ਕਤਲੇਆਮ ਬਾਰੇ ਆਸਾਮੀ ਭਾਸ਼ਾ ਵਿਚ ਲਿਖੇ ਇੰਦਰਾ ਗੋਸਵਾਮੀ ਦੇ ਨਾਵਲ ਨੂੰ ਰਾਬਿੰਦਰ ਸਿੰਘ ਬਾਠ ਨੇ 'ਲਹੂ ਭਿੱਜੇ ਪੱਤਰੇ' ਨਾਂ ਥੱਲੇ ਪੰਜਾਬੀ ਵਿਚ ਉਲਥਾਇਆ ਜਿਹੜਾ ਦਿੱਲੀ ਦੀ ਪੰਜਾਬੀ ਅਕਾਦਮੀ ਨੇ ਪ੍ਰਕਾਸ਼ਿਤ ਕੀਤਾ। ਇਸ ਦੇ ਕੁਝ ਬਿਆਨ ਉਕਾ ਹੀ ਭੁੱਲਣ ਵਾਲੇ ਨਹੀਂ ਹਨ, ਖ਼ਾਸ ਕਰਕੇ ਦੰਗਾਕਾਰੀਆਂ ਵੱਲੋਂ ਬੇਰਹਿਮੀ ਨਾਲ ਕਤਲ ਕੀਤੇ ਸਿੱਖ ਰਿਕਸ਼ਾ ਚਾਲਕ ਦਾ ਦੁੱਖ। ਉਹ ਨਾਵਲ ਦੀ ਨਾਇਕਾ ਦੇ ਘਰ ਦਾ ਮੈਂਬਰ ਬਣ ਚੁੱਕਾ ਸੀ। ਜਦੋਂ ਉਸ ਦੇ ਕਤਲ ਦੀ ਖ਼ਬਰ ਸੁਣਦੇ ਸਾਰ ਨਾਇਕਾ ਉਸ ਦੀ ਵਿਧਵਾ ਨੂੰ ਕੁਝ ਰਕਮ ਇਹ ਕਹਿ ਕੇ ਦੇਣ ਜਾਂਦੀ ਹੈ ਕਿ ਇਹ ਵਿਧਵਾ ਦੇ ਪਤੀ ਨੇ ਉਹਦੇ ਕੋਲ ਅਮਾਨਤ ਰੱਖੀ ਹੋਈ ਸੀ ਤਾਂ ਉਸ ਦਾ ਉਤਰ ਦਿਲ-ਕੰਬਾਊ ਹੈ। 'ਮੈਂ ਇਹ ਅਮਾਨਤ ਕਿਵੇਂ ਲੈ ਸਕਦੀ ਹਾਂ ਜਿਸ ਬਾਰੇ ਮੇਰੇ ਪਤੀ ਵੱਲੋਂ ਦਿੱਤੀ ਹੋਣ ਦਾ ਮੇਰੇ ਕੋਲ ਕੋਈ ਸਬੂਤ ਨਹੀਂ।'***

ਦੇ ਕੁਝ ਬਿਆਨ ਉਕਾ ਹੀ ਭੁੱਲਣ ਵਾਲੇ ਨਹੀਂ ਹਨ; ਖ਼ਾਸ ਕਰਕੇ ਦੰਗਾਕਾਰੀਆਂ ਵੱਲੋਂ ਬੇਰਹਿਮੀ ਨਾਲ ਕਤਲ ਕੀਤੇ ਸਿੱਖ ਰਿਕਸ਼ਾ ਚਾਲਕ ਦਾ ਦੁੱਖ। ਉਹ ਨਾਵਲ ਦੀ ਨਾਇਕਾ ਦੇ ਘਰ ਦਾ ਮੈਂਬਰ ਬਣ ਚੁੱਕਾ ਸੀ। ਜਦੋਂ ਉਸ ਦੇ ਕਤਲ ਦੀ ਖ਼ਬਰ ਸੁਣਦੇ ਸਾਰ ਨਾਇਕਾ ਉਸ ਦੀ ਵਿਧਵਾ ਨੂੰ ਕੁਝ ਰਕਮ ਇਹ ਕਹਿ ਕੇ ਦੇਣ ਜਾਂਦੀ ਹੈ ਕਿ ਇਹ ਵਿਧਵਾ ਦੇ ਪਤੀ ਨੇ ਉਹਦੇ ਕੋਲ ਅਮਾਨਤ ਰੱਖੀ ਹੋਈ ਸੀ ਤਾਂ ਉਸ ਦਾ ਉਤਰ ਦਿਲ-ਕੰਬਾਊ ਹੈ, 'ਮੈਂ ਇਹ ਅਮਾਨਤ ਕਿਵੇਂ ਲੈ ਸਕਦੀ ਹਾਂ ਜਿਸ ਬਾਰੇ ਮੇਰੇ ਪਤੀ ਵੱਲੋਂ ਦਿੱਤੀ ਹੋਣ ਦਾ ਮੇਰੇ ਕੋਲ ਕੋਈ ਸਬੂਤ ਨਹੀਂ।'

ਲੇਖਕਾ ਨੇ ਉਸ ਗਰੀਬ ਸਿੱਖ ਪਰਿਵਾਰ ਦੇ ਅੰਦਰਲੇ ਮਨੋਂ ਅਮੀਰ ਹੋਣ ਦਾ ਜਿਹੜਾ ਨਕਸ਼ਾ ਖਿੱਚਿਆ ਹੈ, ਉਹ ਲੇਖਕਾ ਦੀ ਸ਼ੈਲੀ ਅਤੇ ਪਹੁੰਚ ਉਤੇ ਮੋਹਰ ਲਾਉਂਦਾ ਹੈ। ਐਵੇਂ ਤਾਂ ਨਹੀਂ ਉਹ ਆਪਣੇ ਅਲਪ ਜੀਵਨ ਕਾਲ ਵਿਚ ਇੰਨੀਆਂ ਆਨਰੇਰੀ ਡਾਕਟਰੇਟਾਂ, ਇੰਨੇ ਸਨਮਾਨ ਤੇ ਇੰਨੀਆਂ ਉਪਾਧੀਆਂ ਲੈਣ ਦੇ ਯੋਗ ਹੋਈ। ਕਿਸੇ ਕੋਮਲ ਕਲਾ ਨੂੰ ਪ੍ਰਣਾਈ ਮਹਿਲਾ ਦਾ ਆਪਣੀ ਸਰਕਾਰ ਤੇ ਉਥੋਂ ਦੇ 'ਉਲਫਾ' ਖਾੜਕੂਆਂ ਵਿਚਕਾਰ ਗੱਲਬਾਤ ਦਾ ਰਾਹ ਖੋਲ੍ਹਣਾ ਕੋਈ ਛੋਟੀ ਗੱਲ ਨਹੀਂ ਜੋ ਉਸ ਨੇ ਕੀਤਾ ਅਤੇ ਅੱਜ ਤੱਕ ਹੋ ਰਹੀ ਵਾਰਤਾਲਾਪ ਦਾ ਆਧਾਰ ਬਣਿਆ ਹੋਇਆ ਹੈ।

ਇਹ ਸਬੱਬ ਦੀ ਗੱਲ ਹੈ ਕਿ ਇੰਦਰਾ ਗੋਸਵਾਮੀ ਨੂੰ ਸਾਹਿਤ ਅਕਾਦਮੀ ਪੁਰਸਕਾਰ ਮੇਰੇ ਵਾਲੇ ਸਾਲ ਮੇਰੇ ਨਾਲ ਹੀ ਮਿਲਿਆ ਸੀ। ਇਸ ਨਾਤੇ ਮੇਰੀ ਉਸ ਨਾਲ ਅਜਿਹੀ ਸਾਂਝ ਪਈ ਕਿ ਉਸ ਦੀ ਹਰ ਪ੍ਰਾਪਤੀ ਉਤੇ ਮੈਨੂੰ ਵੀ ਵਧਾਈਆਂ ਮਿਲਦੀਆਂ ਸਨ। ਅੱਜ ਮੇਰੇ ਨਾਲ ਉਸ ਦੇ ਤੁਰ ਜਾਣ ਦਾ ਦੁੱਖ ਵੰਡਾਉਣ ਵਾਲੇ ਵੀ ਘੱਟ ਨਹੀਂ ਹਨ। ਬਹੁਤ ਥੋੜ੍ਹੇ ਸ਼ਬਦਾਂ ਨਾਲ ਕਿਸੇ ਦੀ ਬਹੁਤ ਵੱਡੀ ਹਮਦਰਦ ਹੋ ਜਾਣਾ ਉਸ ਦਾ ਮੀਰੀ ਗੁਣ ਸੀ।

ਸੋਗੀ ਐਤਵਾਰ ਦੀ ਸੋਗੀ ਗਾਥਾ: ਜੇ ਉਪਰ ਵਾਲਾ ਛੱਪਰ ਪਾੜ ਕੇ ਦੇਣ ਲਈ ਜਾਣਿਆ ਜਾਂਦਾ ਹੈ ਤਾਂ ਲੈਣ ਵੇਲੇ ਵੀ ਇਹੀ ਕਰਦਾ ਦੇਖਿਆ ਗਿਆ ਹੈ। ਜਿਨ੍ਹਾਂ ਦਿਨਾਂ ਵਿਚ ਉਘੀ ਕਮਿਊਨਿਸਟ ਕਾਰਕੁਨ ਸ਼ੀਲਾ ਦੀਦੀ ਦੇ ਅਕਾਲ ਚਲਾਣੇ ਨੂੰ ਸਹਿਜ ਵਰਤਾਰੇ ਦੀ ਰੰਗਤ ਦੇਣ ਵਾਸਤੇ ਸ਼ੀਲਾ ਦੇ ਮੱਦਾਹ ਉਸ ਦੇ ਤੁਰ ਜਾਣ ਨੂੰ ਜਸ਼ਨ ਦਾ ਰੰਗ ਦੇ ਰਹੇ ਸਨ, ਕੁਝ ਅਤਿਅੰਤ ਅਨਹੋਣੀਆਂ ਗੱਲਾਂ ਵੀ ਹੋਈਆਂ। ਮੁਕਤਸਰ ਦੇ ਭਾਈ ਘਰਾਣੇ ਦਾ ਅਠਾਰਾਂ ਸਾਲਾ ਨੌਜਵਾਨ ਪੁੱਤਰ ਅਰਜਨ ਸਿੰਘ ਸਿੱਧੂ ਰੋਹਤਕ ਮੈਡੀਕਲ ਕਾਲਜ ਵਿਚ ਡਾਕਟਰੀ ਦੀ ਵਿੱਦਿਆ ਪ੍ਰਾਪਤ ਕਰਦਾ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ। ਇਸ ਦੁਖਦਾਈ ਖ਼ਬਰ ਨੇ ਭਾਈ ਨਰਿੰਦਰ ਸਿੰਘ ਤੇ ਸਾਬਕਾ ਵਿਧਾਇਕ ਹਰਨਿਰਪਾਲ ਸਿੰਘ ਨੂੰ ਹੀ ਨਹੀਂ, ਮੇਰੇ ਵਰਗੇ ਸੈਂਕੜੇ ਹਜ਼ਾਰਾਂ ਦੀ ਗਿਣਤੀ ਵਿਚ ਉਸ ਪਰਿਵਾਰ ਨਾਲ ਮੋਹ ਰੱਖਣ ਵਾਲਿਆਂ ਨੂੰ ਸੜਕਾਂ ਉਤੇ ਭਟਕਣ ਲਈ ਮਜਬੂਰ ਕਰ ਦਿੱਤਾ। ਉਧਰ, ਨਾਮਧਾਰੀ ਸੰਪਰਦਾ ਦੇ ਸਤਿਗੁਰੂ ਜਗਜੀਤ ਸਿੰਘ ਦੇ ਬਾਲ ਸਖਾ ਤੇ ਸਾਬਕਾ ਡਰਾਈਵਰ ਤੇਜਾ ਸਿੰਘ ਨਾਮਧਾਰੀ ਦੇ ਭੋਗ ਉਤੇ ਵੀ ਮੇਰੇ ਵਰਗੇ ਅਨੇਕਾਂ ਲੋਕ ਭੈਣੀ ਸਾਹਿਬ ਜੁੜੇ ਬੈਠੇ ਸਨ। ਜੇ ਮੈਂ ਇਨ੍ਹਾਂ 'ਚ ਕੁਰੂਕਸ਼ੇਤਰ ਯੂਨੀਵਰਸਟੀ ਵਿਚ ਅਧਿਆਪਕ ਦੀ ਜ਼ਿੰਮੇਵਾਰੀ ਨਿਭਾ ਚੁੱਕੇ ਅਮਰਜੀਤ ਸਿੰਘ ਕਾਂਗ ਦੇ ਵਰ੍ਹੀਣੇ ਲਈ ਮਿਲਿਆ ਸੱਦਾ ਵੀ ਸ਼ਾਮਿਲ ਕਰ ਲਵਾਂ ਤਾਂ ਮੇਰੇ ਲਈ 27 ਨਵੰਬਰ ਵਾਲਾ ਐਤਵਾਰ ਅੰਤਾਂ ਦਾ ਸੋਗੀ ਸੀ। ਇਸ ਨੂੰ ਭਾਣਾ ਮੰਨਣ ਵਾਲੇ ਵੱਟੇ ਨਾਲ ਤੋਲਣਾ ਕਾਫੀ ਨਹੀਂ। ਸ਼ੀਲਾ ਦੀਦੀ ਅਤੇ ਤੇਜਾ ਸਿੰਘ ਨਾਮਧਾਰੀ ਤਾਂ ਪੱਕੀ ਉਮਰੇ ਸਿੱਕੇਬੰਦ ਜੀਵਨ ਜੀਉ ਕੇ ਗਏ ਸਨ। ਘੱਟ ਉਮਰ ਵਾਲਿਆਂ ਨੇ ਉਪਰ ਵਾਲੇ ਦਾ ਕੀ ਵਿਗਾੜਿਆ ਸੀ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਦੀ ਸਜ਼ਾ ਦਿੱਤੀ ਗਈ। ਮੇਰੀ, ਅਰਜੁਨ ਦੇ ਪਿਤਾ ਅਤੇ ਮੁਕਤਸਰ ਦੇ ਸਾਬਕਾ ਵਿਧਾਇਕ ਹਰਨਿਰਪਾਲ ਸਿੰਘ ਨਾਲ ਓਨੀ ਹੀ ਹਮਦਰਦੀ ਹੈ, ਜਿੰਨੀ ਤੇਜਾ ਸਿੰਘ ਨਾਮਧਾਰੀ ਦੇ ਪੁੱਤਰ ਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਮੀਤ ਪ੍ਰਧਾਨ ਸੁਖਜੀਤ ਨਾਲ। ਸ਼ੀਲਾ ਦੀਦੀ ਵਾਲੇ ਸਮਾਰੋਹ ਵਿਚ ਮੇਰੇ ਵਰਗੇ ਕਲਾ ਤੇ ਸਾਹਿਤ ਦੇ ਰਸੀਏ ਹੀ ਨਹੀਂ,

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਖੱਬੀਆਂ ਤੇ ਸੱਜੀਆਂ ਪਾਰਟੀਆਂ ਦੇ ਨੇਤਾਵਾਂ ਸਮੇਤ ਕਾਂਗਰਸ ਪਾਰਟੀ ਦੇ ਪਵਨ ਕੁਮਾਰ ਬਾਂਸਲ ਵੀ ਪਹੁੰਚੇ ਹੋਏ ਸਨ। ਸੋਗ ਸਭਾ ਵਿਚ ਇਹ ਗੱਲ ਵੀ ਸਾਹਮਣੇ ਆਈ ਕਿ ਸ਼ੀਲਾ ਦੀ ਜਵਾਨੀ ਦੇ ਦਿਨਾਂ ਵਿਚ ਉਰਦੂ ਦੇ ਪ੍ਰਸਿੱਧ ਸ਼ਾਇਰ ਫੈਜ਼ ਅਹਿਮਦ ਫੈਜ਼ ਨੇ ਹੇਠ ਦਿੱਤੇ ਮਤਲਾਅ ਵਾਲੀ ਗ਼ਜ਼ਲ ਸ਼ੀਲਾ ਦੀਦੀ ਨੂੰ ਸਮਰਪਤ ਕੀਤੀ ਸੀ:

ਗੁਲੋਂ ਮੇਂ ਰੰਗ ਭਰੇ
ਬਾਦ ਏ ਨੌਬਹਾਰ ਚਲੇ।
ਚਲੇ ਭੀ ਆਓ ਕਿ
ਗੁਲਸ਼ਨ ਦਾ ਕਾਰੋਬਾਰ ਚਲੇ।

ਫੈਜ਼ ਦਾ ਇਹ ਸ਼ਿਅਰ ਮੇਰਾ ਵਿਛੜ ਚੁੱਕੀਆਂ ਸਭ ਰੂਹਾਂ ਨੂੰ ਸਮਰਪਿਤ ਕਰਨ ਨੂੰ ਜੀ ਕਰਦਾ ਹੈ। ਇਹ ਜਾਣਦਿਆਂ ਵੀ ਕਿ ਉਨ੍ਹਾਂ ਦੇ ਵਾਪਸ ਆਉਣ ਦੀ ਹੁਣ ਉਕਾ ਹੀ ਕੋਈ ਸੰਭਾਵਨਾ ਨਹੀਂ ਹੈ।

**ਅੰਤਿਕਾ:**

ਤੂੰ ਖੁਸ਼ ਰਹੇਂ ਹਮੇਸ਼ਾ ਇਹ ਆਖਦੇ ਹੋਏ ਉਹ
ਬਿਰਹੋਂ ਦੀ ਅੱਗ ਸਾਡੀ ਝੋਲੀ 'ਚ ਪਾ ਗਏ ਨੇ।
*(ਈਸ਼ਵਰ ਚਿੱਤਰਕਾਰ)*

## ਨੈਨਸੀ ਪਾਵੇਲ ਭਾਰਤ 'ਚ ਨਵੀਂ ਅਮਰੀਕੀ ਰਾਜਦੂਤ

**ਵਾਸ਼ਿੰਗਟਨ:** ਦੱਖਣੀ ਏਸ਼ੀਆ ਮਾਮਲਿਆਂ ਦੀ ਮਾਹਿਰ ਤੇ ਖੇਤਰ ਵਿਚ ਡਿਪਲੋਮੈਟਿਕ ਤਜਰਬਾ ਰੱਖਣ ਵਾਲੀ ਨੈਨਸੀ ਜੇ. ਪਾਵੇਲ ਨੂੰ ਰਾਸ਼ਟਰਪਤੀ ਬਰਾਕ ਓਬਾਮਾ ਨੇ ਭਾਰਤ ਵਿਚ ਅਮਰੀਕਾ ਦੀ ਨਵੀਂ ਰਾਜਦੂਤ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ।

ਇਸ ਵੱਕਾਰੀ ਅਹੁਦੇ ਲਈ ਨਾਮਜ਼ਦ ਹੋਣ ਵਾਲੀ ਉਹ ਪਹਿਲੀ ਮਹਿਲਾ ਹੈ। 64 ਸਾਲਾ ਪਾਵੇਲ ਮੌਜੂਦਾ ਰਾਜਦੂਤ ਟਿਮੋਥੀ ਜੇ. ਰੋਇਮਰ ਦੀ ਥਾਂ ਲਵੇਗੀ ਜਿਸ ਨੇ ਅਪਰੈਲ 2011 ਵਿਚ ਆਪਣਾ ਦੋ ਸਾਲਾਂ ਦਾ ਕਾਰਜਕਾਲ ਪੂਰਾ ਹੋਣ ਮਗਰੋਂ ਅਸਤੀਫਾ ਦੇ ਦਿੱਤਾ ਸੀ। ਇਸ ਵੇਲੇ ਪੀਟਰ ਬਰਲੇ ਭਾਰਤ ਵਿਚ ਅਮਰੀਕੀ ਸਫਾਰਤਖਾਨੇ ਦੇ ਪ੍ਰਮੁੱਖ ਵਜੋਂ ਕੰਮ ਕਰ ਰਹੇ ਹਨ।

Has your credit been



Naughty or Nice?

ਕੀ ਤੁਹਾਡਾ ਕਰੈਡਿਟ ਖਰਾਬ ਹੈ????
ਤੁਹਾਨੂੰ ਮਾਰਟਗੇਜ, ਕਾਰ ਲੋਨ, ਕਰੈਡਿਟ ਕਾਰਡ ਜਾਂ ਇੰਸ਼ੋਰੈਂਸ ਕਿਸ ਭਾਅ ਮਿਲੇਗੀ, ਇਹ ਸਭ ਤੁਹਾਡੇ ਕਰੈਡਿਟ ਸਕੋਰ 'ਤੇ ਹੀ ਨਿਰਭਰ ਹੈ।

**We Can Help**

**We specialize in repairing credit reports. We Improve your credit by removing negative items you identify as inaccurate, misleading or unverifiable. *Damaging Items include:***

***Bankruptcies *Late Payments *Judgements *Collections**
***Foreclosures *Charge Offs *Garnishments *Repossessions**
***Liens *Partial Payments** ***all credit killers!***

ਅੱਜ ਹੀ ਕਰੈਡਿਟ ਠੀਕ ਕਰਨ ਵਾਲੇ ਮਾਹਰਾਂ ਨੂੰ ਕਾਲ ਕਰੋ

ZiNU CREDIT REPAIR
**Call 1-800-400-ZINU(9468)**
**Visit:www.Zinucreditrepair.com**

Quik Signs
Signs * Graphics * Wraps





ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ

ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi



# ਦਿਲ ਦਾ ਮਾਮਲਾ...ਗੜਬੜ ਹੈ!

**ਸਿਹਤ ਵਿਗਿਆਨ**

**ਡਾ. ਹਰਬੰਸ ਕੌਰ ਦਿਓਲ**

"ਤੇਰਾ ਬੇੜਾ ਗਰਕ, ਤੇਰਾ ਸੱਤਿਆਨਾਸ, ਤੈਨੂੰ ਕਿਤੇ ਢੋਈ ਨਾ ਮਿਲੇ, ਮੇਰਾ ਵਸ ਚੱਲੇ ਤਾਂ ਤੈਨੂੰ ਗੋਲੀ ਮਾਰ ਕੇ ਮਾਰਦਾਂ।"

"ਚਾਚੀ, ਇਹ ਕੀ ਚੰਡੀ ਦਾ ਪਾਠ ਸ਼ੁਰੂ ਕੀਤਾ ਏ ਤੂੰ ਅੱਜ, ਕਿਸ 'ਤੇ ਇੰਨਾ ਗੁੱਸਾ ਆਇਐ ਤੈਨੂੰ?"

"ਨੀ ਇਸ ਬੀਰੂ ਨੇ ਤਾਂ ਮੇਰਾ ਨੱਕ ਵਿਚ ਦਮ ਕੀਤਾ ਹੋਇਐ, ਝਿੜਕਦੀ ਆਂ ਤਾਂ ਮੋਟੇ ਮੋਟੇ ਡੇਲੇ ਕੱਢ ਕੇ ਦੇਖੀ ਜਾਂਦੈ, ਚਾਟੀ 'ਚੋਂ ਦੁੱਧ ਪੀ ਗਿਆ, ਨਾਲੇ ਡੋਲ੍ਹ ਗਿਆ ਬਾਕੀ ਦਾ।"

"ਚਾਚੀ ਇਹ ਬੀਰੂ ਕੌਣ ਐ?"

"ਨੀ ਤੇਰਾ ਚਾਚਾ ਫੜ ਲਿਆਇਆ ਕਿਧਰੋਂ, ਮੇਰਾ ਲਹੂ ਪੀਣ ਨੂੰ!"

"ਦੱਸੇਂਗੀ ਵੀ... ਇਹ ਬੀਰੂ ਹੈ ਕੌਣ?"

"ਆਹ ਤੇਰੇ ਮੂਹਰੇ ਨੀ ਬੈਠਾ।"

"ਆਹ ਤਾਂ ਬਿੱਲਾ ਬੈਠਾ ਏ, ਮੈਨੂੰ ਤਾਂ ਕੋਈ ਬੀਰੂ ਬੂਰੂ ਨੀਂ ਨਜ਼ਰ ਆਉਂਦਾ।"

"ਇਹੀ ਤਾਂ ਬੀਰੂ ਐ।"

"ਪੱਟਿਆ ਪਹਾੜ, ਨਿਕਲਿਆ ਚੂਹਾ, ਮੈਂ ਵੀ ਸੋਚਾਂ ਇਹ ਕੌਣ ਹੋ ਸਕਦੈ, ਜੋ ਚਾਚੀ ਦੀ ਰਜ਼ਾ ਤੋਂ ਬਾਹਰ ਹੈ। ਸਾਡੀ ਚਾਚੀ ਤਾਂ ਵੱਡਿਆਂ ਵੱਡਿਆਂ ਦੇ ਵਲ ਵਿੰਗ ਕੱਢ ਦਿੰਦੀ ਐ।"

"ਇਹਦਾ ਪਾਇਆ ਹੋਇਆ ਗੰਦ ਸਾਫ ਕਰਦੀ ਕਰਦੀ ਨੂੰ ਪੂਰਾ ਘੰਟਾ ਲੱਗ ਗਿਆ, ਅੱਜ ਆਵੇ ਸਹੀ ਤੇਰਾ ਚਾਚਾ ਘਰ, ਇਹਦਾ ਤਾਂ ਮੈਂ ਅੱਜ ਫਾਹਾ ਹੀ ਵਢਾ ਦੇਣਾ ਏ।... ਆ ਜਾ ਦੋ ਮਿੰਟ ਬੈਠੀਏ, ਮੈਂ ਥੱਕ ਵੀ ਗਈ ਆਂ ਅਤੇ ਬਾਹਰ ਵੀ ਅੱਜ ਠੰਡ ਹੋ ਗਈ ਐ। ਮਸਾਲੇ ਵਾਲੀ ਚਾਹ ਪੀਨੇ ਆਂ, ਰਾਮੂ ਲੈ ਕੇ ਆਉਂਦੈ।"

"ਚਾਚੀ, ਚਾਚੇ ਨੂੰ ਕਿਥੇ ਤੋਰਿਐ, ਦਿਸਦਾ ਨੀਂ, ਅੱਜ ਤਾਂ ਐਤਵਾਰ ਐ...।"

"ਉਹ ਟੋਭੇ ਵਾਲੇ ਬੁੜ੍ਹੇ ਦੀ ਖਬਰ ਨੂੰ ਗਿਐ। ਉਹ ਘਰ ਆ ਗਿਐ, ਹਸਪਤਾਲੋਂ ਛੁੱਟੀ ਹੋ ਗਈ ਉਹਨੂੰ ਅੱਜ। ਚੰਨੀਏ, ਆਪਾਂ ਉਸ ਦਿਨ ਗੱਲਾਂ ਕਰਦੀਆਂ ਸੀ, ਦਿਲ ਦੀ ਬਿਮਾਰੀ ਦੀਆਂ, ਬੜੀ ਭੈੜੀ ਖਤਰਨਾਕ ਬਿਮਾਰੀ ਐ, ਉਸ ਦੇ ਇਲਾਜ ਅਤੇ ਬਚਾਓ ਦੇ ਤਰੀਕੇ ਦੱਸ ਅੱਜ। ਮੈਨੂੰ ਤੇਰੇ ਚਾਚੇ ਦਾ ਅਤੇ ਆਪਣਾ ਵੀ ਫਿਕਰ ਪੈ ਗਿਐ...।"

"ਪ੍ਰੀਤ ਆ ਜਾ ਤੂੰ ਵੀ।"

"ਸਤਿ ਸ੍ਰੀ ਅਕਾਲ ਦੀਦੀ, ਮੈਂ ਫੋਨ 'ਤੇ ਸੀ। ਛਲੋ, ਫੇਰ ਕਰੀਏ ਗੱਲਾਂ ਦਿਲ ਦੀਆਂ।"

"ਪ੍ਰੀਤ, ਦਿਲਾਂ ਦੀਆਂ ਗੱਲਾਂ ਤਾਂ ਤੂੰ ਕਰੀਂ ਵੀਰੇ ਨਾਲ, ਆਪਾਂ ਤਾਂ ਦਿਲ ਬਾਰੇ ਗੱਲਾਂ ਕਰਨੀਆਂ ਨੇ, ਇਲਾਜ ਦੀਆਂ। ਲਿਆ ਤਾਂ ਫੇਰ ਕਾਪੀ ਤੇ ਪੈਨਸਲ, ਨਰਸਰੀ ਦੇ ਬੱਚਿਆਂ ਵਾਂਗ ਬਈ ਤੇਰੇ ਹੱਥ ਵਿਚ ਇਹ ਸਜਦਾ ਬੜੈ।... ਅੱਛਾ, ਸਭ ਤੋਂ ਜ਼ਰੂਰੀ ਗੱਲ ਐ ਕਿ ਆਪਣੇ ਡਾਕਟਰ ਤੋਂ ਸਾਲਾਨਾ ਚੈਕ-ਅਪ ਜ਼ਰੂਰ ਕਰਾ ਲੈਣੀ ਚਾਹੀਦੀ ਹੈ ਕਿ ਉਹ ਪਤਾ ਕਰ ਸਕੇ ਕਿ ਤੁਹਾਨੂੰ ਕਿਹੜੇ ਰਿਸਕ ਫੈਕਟਰ ਘਟਾਉਣ ਦੀ ਜ਼ਰੂਰਤ ਹੈ। ਅਤੇ ਉਹਦਾ ਕੀ ਇਲਾਜ ਕਰਨਾ ਚਾਹੀਦਾ ਹੈ, ਇਸ ਵਿਚ ਫਿਜ਼ੀਕਲ ਐਗਜ਼ਾਮ, ਪਰਸਨਲ ਅਤੇ ਫੈਮਿਲੀ ਹਿਸਟਰੀ, ਫਾਸਟਿੰਗ ਖੂਨ ਦੇ ਟੈਸਟ ਕਰੇ ਜਾਂਦੇ ਨੇ, ਜਿਵੇਂ,

-ਲਿਪਿਡ ਜਾਂ ਕੋਲੈਸਟਰੌਲ ਪਰੋਫਾਈਲ (Lipid or Cholesterol Profile)

-ਬਲੱਡ ਸੂਗਰ ਅਤੇ ਇਨਸੂਲੀਨ ਰਿਜਿਸਟੈਂਸ (Blood Sugar and Insulin resistance)

-ਹੋਮੋਸਿਸਟੀਨ (Homocysteine) ਅਤੇ ਸੀ ਆਰ ਪੀ (CRP) ਲੈਵਲ।

-ਟੈਸਟੋਸਟੀਰੋਨ (Testosterone) ਲੈਵਲ-ਆਦਮੀਆਂ ਤੇ ਜਨਾਨੀਆਂ-ਦੋਵਾਂ ਵਿਚ।"

"ਭਈ ਆ 'ਗਰੇਜ਼ੀ ਤਾਂ ਤੇਰੀ ਮੈਨੂੰ ਸਮਝ ਨੀਂ ਆਈ ਪਰ ਮੈਂ ਸੁਣਿਐ ਚੰਨੀਏ, ਜਨਾਨੀਆਂ ਨੂੰ ਥੋੜ੍ਹਾ ਘੱਟ ਈ ਹੁੰਦੀ ਏ ਦਿਲ ਦੀ ਬਿਮਾਰੀ।"

"ਚਾਚੀ, ਇਹ ਦੇਖਿਆ ਜਾਂਦੈ ਕਿ ਮੀਨੋਪਾਜ਼ (ਮਾਹਵਾਰੀ ਬੰਦ ਹੋਣਾ) ਤੋਂ ਪਹਿਲਾਂ ਜਨਾਨੀਆਂ ਨੂੰ ਦਿਲ ਦੀ ਬਿਮਾਰੀ ਆਦਮੀਆਂ ਨਾਲੋਂ ਕਾਫੀ ਘੱਟ ਹੁੰਦੀ ਐ। ਐਸਟਰੋਜਨ ਹਾਰਮੋਨਜ਼ ਕਰਕੇ ਥੋੜ੍ਹਾ ਬਚਾਓ ਹੋ ਜਾਂਦੈ ਪਰ ਮੀਨੋਪਾਜ਼ ਤੋਂ ਬਾਅਦ ਤਾਂ ਰਿਸਕ (ਖਤਰਾ) ਬਰਾਬਰ ਈ ਹੋ ਜਾਂਦੈ। ਇਸ ਕਰਕੇ ਹੀ ਕਈ ਮੈਡੀਕਲ ਸੁਸਾਇਟੀਆਂ ਜਨਾਨੀਆਂ ਨੂੰ ਬਾਇਓ-ਆਈਡੈਂਟੀਕਲ (Bio-identical) ਹਾਰਮੋਨਜ਼ ਦੇਣ ਦੇ ਬਹੁਤ ਹੱਕ ਵਿਚ ਹਨ, ਮੀਨੋਪਾਜ਼ ਤੋਂ ਬਾਅਦ। ਕਿਸੇ ਦਿਨ ਫੇਰ ਗੱਲ ਕਰਾਂਗੇ ਉਸ ਬਾਰੇ।

ਚਾਚੀ, ਜੇ ਇਨ੍ਹਾਂ ਦੱਸੇ ਟੈਸਟਾਂ ਤੋਂ ਪਤਾ ਲੱਗੇ ਕਿ ਤੁਹਾਨੂੰ ਥੋੜ੍ਹਾ ਬਹੁਤ ਖਤਰਾ ਹੈ ਤਾਂ ਇਹ ਟੈਸਟ ਕੀਤੇ ਜਾਂਦੇ ਹਨ,

-ਈ ਕੇ ਜੀ (EKG)

-ਸਟਰੈਸ ਈ ਕੇ ਜੀ (Stress EKG)

-ਨਿਊਕਲੀਅਰ ਸਕੈਨ (Nuclear Scan)

-ਵਾਈਟ ਸੈਲ ਮੈਗਨੀਜ਼ੀਅਮ (WBC Magnesium)

-ਐਨਜੀਓਗ੍ਰਾਮ (Angiogram)

ਜਿਹੜੇ ਨਿਊਟਰੀਸ਼ਨਲ ਮੈਡੀਸਨ (Nutritional Medicine) ਡਾਕਟਰ ਹਨ ਉਹ ਕਹਿੰਦੇ ਹਨ ਕਿ ਜਿਸ ਬੰਦੇ ਦੇ ਕੰਨ ਦੀ ਪੇਪੜੀ 'ਤੇ transverse Crease ਹੋਵੇ ਉਹਨੂੰ ਵੀ ਦਿਲ ਦੀ ਬਿਮਾਰੀ ਦਾ ਹੋ ਸਕਦੈ ਜ਼ਿਆਦਾ ਖਤਰਾ ਹੋਵੇ ਅਤੇ ਉਸ ਨੂੰ ਦਿਲ ਦੀ ਚੈਕ-ਅਪ ਕਰਾ ਲੈਣੀ ਚਾਹੀਦੀ ਹੈ।"

"ਕੁੜੇ ਪ੍ਰੀਤ, ਆਪਣੇ ਚਾਚੇ ਦੇ ਕੰਨਾਂ ਨੂੰ ਦੇਖਣਾ ਨਾ ਭੁੱਲੀਂ, ਨਹੀਂ ਤਾਂ ਮੈਨੂੰ ਯਾਦ ਕਰਾ ਦਈਂ, ਮੈਂ ਆਪੇ ਕੰਨ ਖਿੱਚ ਕੇ ਦੇਖ ਲਊਂ।"

"ਚਾਚੀ ਐਵੇਂ ਨਾ ਚਾਚੇ ਦੇ ਕੰਨ ਪੁੱਟਣ ਲੱਗ ਜਾਈਂ, ਇਹ ਤਾਂ ਕੰਨਾਂ ਦੀਆਂ ਪੇਪੜੀਆਂ (Earlobes) ਨੂੰ ਦੇਖਣ ਦੀ ਗੱਲ ਕਰ ਰਹੀ ਹਾਂ ਮੈਂ।... ਦੂਜੀ ਗੱਲ, ਉਹ ਇਹ ਕਹਿੰਦੇ ਹਨ ਕਿ ਜੇ ਬਾਲਗ ਬੰਦੇ ਦੇ ਨੱਕ ਦਾ ਰੰਗ ਲਾਲ ਅਤੇ ਗੱਲ੍ਹਾਂ ਦਾ ਰੰਗ ਗੁਲਾਬੀ ਹੋਵੇ, ਉਹ ਵੀ ਕਈ ਵਾਰੀ ਖਤਰੇ ਦੀ ਨਿਸ਼ਾਨੀ ਹੋ ਸਕਦਾ ਹੈ।"

"ਚੰਨੀਏ, ਮੈਂ ਤਾਂ ਸੋਚਿਆ ਸੀ ਟਮਾਟੇ ਵਰਗੀਆਂ ਗੱਲ੍ਹਾਂ ਸਿਹਤ ਦੀ ਨਿਸ਼ਾਨੀ ਹੁੰਦੀਆਂ ਨੇ।"

"ਨਹੀਂ ਚਾਚੀ, ਇਹ ਮਿਹਦੇ (Stomach) ਵਿਚ ਐਸਿਡ ਯਾਨਿ ਤੇਜ਼ਾਬ ਦੀ ਘਾਟ ਕਰਕੇ ਹੋ ਸਕਦੀਆਂ ਹਨ। ਸਭ ਤੋਂ ਜ਼ਿਆਦਾ ਅਹਿਮ ਨਿਸ਼ਾਨੀ ਹੈ ਦਰਦ, ਜੇ ਛਾਤੀ ਵਿਚ ਦਰਦ ਛਾਤੀ ਤੋਂ ਖੱਬੀ ਬਾਂਹ ਜਾਂ ਗਰਦਨ ਅਤੇ ਦੰਦਾਂ ਵੱਲ ਜਾਂ ਪਿਛੇ ਵੱਲ ਜਾਂਦਾ ਹੋਵੇ ਜਾਂ ਉਪਰ ਵਾਲੇ ਪੇਟ ਦੇ ਹਿੱਸੇ ਵਿਚ ਹੋਵੇ ਅਤੇ ਹਾਜ਼ਮੇ ਦੀਆਂ ਦਵਾਈਆਂ ਨਾਲ ਠੀਕ ਨਾ ਹੋਵੇ, ਜਾਂ ਫਿਰ ਦਰਦ ਹੋਵੇ ਕਸਰਤ ਕਰਨ ਵੇਲੇ ਜਾਂ ਕਸਰਤ ਤੋਂ ਬਾਅਦ, ਇਕ ਦਮ ਆਪਣੇ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ ਜਾਂ ਐਮਰਜੈਂਸੀ 'ਚ ਜਾ ਕੇ ਟੈਸਟ ਕਰਾਉਣਾ ਚਾਹੀਦਾ ਹੈ।"

"ਤੂੰ ਬਚਾਓ ਦੀ ਗੱਲ ਦੱਸ ਕਿ ਇਹਦੀ ਨੌਬਤ ਈ ਨਾ ਆਵੇ। ਤੂੰ ਕਹਿੰਦੀ ਹੁੰਨੀ ਐਂ ਨਾ ਸਾਰੇ ਟੱਬਰ ਦੀ ਸਿਹਤ ਦੀ ਚਾਬੀ ਤਾਂ ਘਰ ਦੀ ਜਨਾਨੀ ਦੇ ਹੱਥ ਹੁੰਦੀ ਹੈ, ਦੱਸ ਉਹ ਕਿਵੇਂ?"

"ਗੱਲ ਸ਼ੁਰੂ ਹੁੰਦੀ ਐ ਖੁਰਾਕ ਖਰੀਦਣ ਵੇਲੇ ਤੋਂ। ਖਰੀਦੇ ਸਾਮਾਨ ਦੇ ਲੇਬਲ ਪੜ੍ਹਨੇ ਸ਼ੁਰੂ ਕਰੋ ਅਤੇ ਜਿਸ ਖੁਰਾਕ ਵਿਚ ਹਾਈਡਰੋਜੀਨੇਟਡ ਜਾਂ ਪਾਰਸ਼ਿਅਲ ਹਾਈਡਰੋਜੀਨੇਟਡ ਤੇਲ (Hydrogenated or Partial Hydrogenated Oils) ਹੋਣ, ਖੁਰਾਕ ਦੀਆਂ ਅਜਿਹੀਆਂ ਚੀਜ਼ਾਂ ਵਿਚ ਟਰਾਂਸ ਫੈਟੀ ਐਸਿਡ (Trans Fatly Acids) ਹੁੰਦੇ ਹਨ, ਇਨ੍ਹਾਂ ਦਾ ਇਸਤੇਮਾਲ ਨਹੀਂ ਕਰਨਾ ਚਾਹੀਦਾ। ਇਹ ਆਮ ਤੌਰ 'ਤੇ ਰੂਮ ਟੈਂਪਰੇਚਰ ਤੇ ਠੋਸ ਯਾਨਿ ਸਖਤ ਹੁੰਦੇ ਹਨ ਜਿਸ ਤਰ੍ਹਾਂ ਮੱਖਣ, ਮਾਰਗਰੀਨ ਅਤੇ ਸ਼ੌਰਟਨਿੰਗਜ਼ (Shortenings). ਖੁਰਾਕ ਵਿਚ ਜ਼ਿਆਦਾ ਪ੍ਰੋਟੀਨ ਅਤੇ ਘੱਟ ਕਾਰਬਜ਼ ਖਾਸ ਕਰਕੇ ਰਿਫਾਈਂਡ ਤੇਲ ਆਦਿ ਘੱਟ ਹਾਨੀਕਾਰਕ ਫੈਟ, ਜਿਸ ਤਰ੍ਹਾਂ ਪਹਿਲਾਂ ਦੱਸਿਆ ਏ, ਖਾਓ। ਮੇਰਾ ਮਤਲਬ ਐ- Unrefined, unprocessed whole food.

-ਡੇਅਰੀ ਦੀਆਂ ਜਾਂ ਦੁੱਧ ਤੋਂ ਬਣੀਆਂ ਚੀਜ਼ਾਂ ਦੀ ਘੱਟ ਤੋਂ ਘੱਟ ਵਰਤੋਂ ਕਰੋ, ਜਾਂ ਫਿਰ ਇਹ ਔਰਗੈਨਿਕ ਹੋਣ।

-ਆਂਡੇ ਖਾਣੇ ਅੱਛੇ ਹਨ ਕਿਉਂਕਿ ਇਸ ਤੋਂ ਫਾਸਫੋਲਿਪਿਡ (Phospholipids) ਮਿਲਦੇ ਹਨ ਜੋ ਦਿਮਾਗ ਲਈ ਬਹੁਤ ਜ਼ਰੂਰੀ ਹਨ। ਇਹ ਸਿਵਾਏ ਸੋਇਆ (Soy) ਤੋਂ ਹੋਰ ਕਿਸੇ ਭੋਜਨ ਵਿਚ ਨਹੀਂ। ਇਹ ਕਿਹਾ ਜਾਂਦੈ ਕਿ ਸੋਇਆ ਖੁਰਾਕ (Soy Food) ਹਫਤੇ ਵਿਚ 2-3 ਵਾਰ ਤੋਂ ਜ਼ਿਆਦਾ ਇਸਤੇਮਾਲ ਨਹੀਂ ਕਰਨੀ ਚਾਹੀਦੀ।

ਆਂਡੇ ਦੇ ਜ਼ਰਦੀ ਨੂੰ ਜੇ ਤੋੜ ਕੇ ਬਣਾਈਏ ਤਾਂ ਆਂਡੇ ਦੀ ਕੋਲੈਸਟਰੌਲ, ਔਕਸੀਡਾਈਜ਼ ਹੋ ਜਾਂਦੀ ਐ ਜਿਹੜੀ ਨੁਕਸਾਨਦਾਇਕ ਹੁੰਦੀ ਹੈ। ਇਸ ਕਰਕੇ ਜੇ ਆਂਡਾ ਜ਼ਰਦੀ ਤੋਂ ਬਿਨਾ ਖਾਧਾ ਜਾਵੇ, ਉਹ ਸਿਹਤ ਲਈ ਬਹੁਤ ਅੱਛਾ ਹੈ, ਜਿਵੇਂ ਉਬਲੇ ਆਂਡੇ ਵਿਚ ਜਾਂ ਪੋਚਿੰਗ (Poaching) ਨਾਲ ਬਣਾਏ ਆਂਡੇ। ਆਮਲੇਟ ਬਣਾ ਕੇ ਜਾਂ ਭੁਰਜੀ ਬਣਾ ਕੇ ਆਂਡਾ ਖਾਣਾ ਚੰਗਾ ਨਹੀਂ।


-ਖੁਰਾਕ ਵਿਚ ਮੋਟੇ ਅਨਾਜਾਂ (Whole Grains), ਫਾਈਬਰ, ਫਲਾਂ, ਸਬਜ਼ੀਆਂ, ਲਸਣ, ਪਿਆਜ, ਗਾਜਰਾਂ, Oatran, ਖੱਟੇ ਅੰਗੂਰਾਂ ਦਾ ਜੂਸ, ਜੋ ਫਰਿਜ 'ਚ ਰੱਖਿਆ ਹੋਵੇ ਅਤੇ ਅਨਾਰ ਦਾ ਜੂਸ ਚੰਗਾ ਹੁੰਦਾ ਹੈ।

-ਸੂਗਰ-ਸੂਕਰੋਜ਼ ਅਤੇ ਫਰੈਕਟੋਜ਼ (Sucrose, Fructose) ਦੀ ਵਰਤੋਂ ਘੱਟ ਕਰੋ।

-ਖਾਣਾ ਬਣਾਉਣ ਲਈ ਸਟੀਲ ਜਾਂ ਲੋਹੇ ਦੇ ਭਾਂਡਿਆਂ ਦਾ ਇਸਤੇਮਾਲ ਕਰੋ, ਐਲੂਮੀਨੀਅਮ ਦੇ ਭਾਂਡਿਆਂ ਦਾ ਨਹੀਂ।

-ਖਾਣਾ ਪਕਾਉਣ ਦਾ ਸਮਾਂ ਅਤੇ ਤਾਪਮਾਨ ਘੱਟ ਰੱਖੋ। Frying, Broiling ਅਤੇ Roasting ਨਾਲੋਂ ਉਬਾਲਣਾ, Poaching ਅਤੇ Stewing ਚੰਗਾ ਹੈ।

-ਵਰਜਿਨ ਓਲਿਵ ਆਇਲ (Virgin Olive Oil) ਦਾ ਇਸਤੇਮਾਲ ਕਰੋ, ਸੂਰਜਮੁਖੀ, ਸੋਇਆ ਆਇਲ, ਕੈਨੋਲਾ ਜਾਂ ਮੱਕੀ ਦੇ ਤੇਲ



(Sunflower, Soy Oil, Canola or Corn Oil) ਦੀ ਥਾਂ Grape seed oil ਵੀ ਠੀਕ ਹੈ।

-ਬਚੇ ਹੋਏ ਤੇਲ ਨੂੰ ਹਮੇਸ਼ਾ ਬੰਦ ਡੱਬੇ ਵਿਚ ਰੱਖੋ ਅਤੇ ਬਾਹਰ ਖੁੱਲ੍ਹੇ ਭਾਂਡੇ ਵਿਚ ਰੱਖਣ ਦੀ ਥਾਂ ਫਰਿਜ਼ ਵਿਚ ਰੱਖੋ।

-ਫਲ, ਸਬਜ਼ੀਆਂ ਆਦਿ ਚੰਗੀ ਤਰ੍ਹਾਂ ਧੋ ਕੇ ਅਤੇ ਬਿਨਾ ਬਹੁਤਾ ਪਕਾਏ ਖਾਣੇ ਚਾਹੀਦੇ ਹਨ।

-ਜਿਹੜੀਆਂ ਚੀਜ਼ਾਂ ਵਿਚ ਡਰਾਈ ਐਗਜ਼ ਹਨ ਜਿਸ ਤਰ੍ਹਾਂ ਪਾਊਡਰ ਵਾਲਾ ਦੁੱਧ, Graleid, Cheese, French Fries, Cake and Pancakes mixes, noodles and Salad dressings, ਉਨ੍ਹਾਂ ਦਾ ਇਸਤੇਮਾਲ ਘੱਟ ਕਰੋ, ਕਿਉਂਕਿ ਉਨ੍ਹਾਂ ਵਿਚ ਔਕਸੀਡਾਈਜ਼ਡ ਕੋਲੈਸਟਰੌਲ ਹੁੰਦੀ ਹੈ ਆਂਡਿਆਂ ਤੋਂ, ਜੋ ਹਾਨੀਕਾਰਕ ਹੈ।

-ਜਦੋਂ ਮੀਟ ਵਗੈਰਾ ਗਰਿੱਲ ਕਰਦੇ ਆਂ, ਜਿਹੜਾ ਹਿੱਸਾ ਕਾਲਾ ਹੋ ਜਾਂਦੈ, ਉਹ ਨਹੀਂ ਖਾਣਾ ਚਾਹੀਦਾ। ਉਨ੍ਹਾਂ ਵਿਚ ਕੈਂਸਰ ਪੈਦਾ ਕਰਨ ਵਾਲੇ ਤੱਤ ਹੁੰਦੇ ਹਨ।"

"ਪਰ ਦੀਦੀ, ਸੁਣਿਐ ਇਕ ਗਰਿਲ ਆਉਂਦੀ ਐ ਜਿਸ ਨਾਲ ਮੀਟ ਘੱਟ ਸੜ ਕੇ ਕਾਲਾ ਹੁੰਦੈ।"

"ਉਹਨੂੰ ਸੇਫ ਗਰਿਲ ਕਹਿੰਦੇ ਨੇ, ਜਿਸ ਵਿਚ ਖਾਸ ਫਿਲਟਰ ਹੁੰਦੈ, ਮੀਟ ਅਤੇ ਫੂਡ ਵਿਚਕਾਰ ਜਿਸ ਨਾਲ ਹਾਨੀਕਾਰਕ ਚੀਜ਼ਾਂ ਨਹੀਂ ਬਣਦੀਆਂ ਗਰਿਲ ਕਰਨ ਵੇਲੇ।

-ਪੀਣ ਵਾਲੇ ਪਾਣੀ ਵਿਚ ਕਲੋਰੀਨ ਹਾਨੀਕਾਰਕ ਹੈ ਕਿਉਂਕਿ ਇਹ ਕੋਲੈਸਟਰੌਲ ਪਲੈਕ ਬਣ ਕੇ ਸਾਡੀਆਂ ਖੂਨ ਦੀਆਂ ਨਾੜੀਆਂ ਵਿਚ ਜੰਮ ਜਾਂਦਾ ਹੈ, ਇਸ ਨੂੰ ਘਟਾਉਣ ਲਈ ਪਾਣੀ 5-10 ਮਿੰਟ ਤੱਕ ਉਬਾਲ ਕੇ ਪੀਣਾ ਚਾਹੀਦਾ ਹੈ, ਜਾਂ ਪਾਣੀ ਵਿਚ ਇਕ ਚੁਟਕੀ ਵਿਟਾਮਿਨ-ਸੀ ਦੇ ਕ੍ਰਿਸਟਲ ਪਾ ਲਵੋ। ਜੇ ਤੁਸੀਂ ਪਾਣੀ ਦੇ ਫਿਲਟਰ ਦਾ ਇਸਤੇਮਾਲ ਕਰਦੇ ਓ ਤਾਂ ਇਸ ਦੀ ਜ਼ਰੂਰਤ ਨਹੀਂ।

**-ਖਤਰੇ ਵਾਲੀ ਖੁਰਾਕ:** ਆਲੂ ਦੇ ਚਿਪਸ ਅਤੇ ਫਰਾਈਜ਼, ਜਿਹੜੇ ਹਾਈ ਤਾਪਮਾਨ 120 ਡਿਗਰੀ 'ਤੇ ਬਣਾਏ ਜਾਂਦੇ ਹਨ, ਨਹੀਂ ਖਾਣੇ ਚਾਹੀਦੇ ਕਿਉਂਕਿ ਖੁਰਾਕ ਦੇ ਅਮੀਨੋ ਐਸਿਡ (Amino Acids) ਅਤੇ ਸੂਗਰ (Certain Sugars) ਰੀਐਕਟ ਕਰਕੇ ਕਈ ਤੇਜ਼ਾਬੀ (Toxic) ਚੀਜ਼ਾਂ ਬਣ ਜਾਂਦੀਆਂ ਹਨ, ਉਹ ਤੁਹਾਡੇ ਲਈ ਹਾਨੀਕਾਰਕ ਹਨ। ਹੋਰ ਦੂਜੀਆਂ ਜ਼ਿਆਦਾ ਤਲੀਆਂ ਚੀਜ਼ਾਂ-ਪਕੌੜੇ, ਕਚੌਰੀਆਂ ਅਤੇ ਪਰੌਂਠੇ ਘੱਟ ਹੀ ਖਾਣੇ ਚਾਹੀਦੇ ਹਨ।"

"ਚਾਚੀ, ਸੁਣ ਲਈਆਂ, ਦੀਦੀ ਦੀਆਂ ਗੱਲਾਂ। ਇਹ ਜਿਹੜੇ ਦਾਲ ਅਤੇ ਸਬਜ਼ੀਆਂ ਨੂੰ ਘਿਓ ਦੇ ਤੜਕੇ ਲਗਦੇ ਨੇ ਉਹ ਵੀ ਘੱਟ ਕਰਨੇ ਪੈਣੇ ਨੇ ਹੁਣ। ਹਾਂ ਸੱਚ ਮੈਂ ਤਾਂ ਭੁੱਲ ਗਈ ਸੀ, ਜਿਹੜਾ ਘਿਓ ਪੈਂਦਾ ਸਾਗ ਵਿਚ, ਜਦੋਂ ਤੱਕ ਪਾਣੀ ਵਾਂਗ ਵਿਚ ਨਾ ਖੜ੍ਹਾ ਹੋਵੇ, ਤੁਹਾਨੂੰ ਸਾਗ ਖਾਣ ਦਾ ਸੁਆਦ ਈ ਨਹੀਂ ਆਉਂਦਾ। ਦੀਦੀ, ਨਾਲੇ ਇਹ ਖਾਈ ਜਾਣਗੇ ਨਾਲੇ ਕਹੀ ਜਾਣਗੇ-ਖਾਈਏ ਮਨ ਭਾਉਂਦਾ, ਪਹਿਨੀਏ ਜੱਗ ਭਾਉਂਦਾ।"

"ਬੱਸ ਫੇਰ ਮੈਂ ਕਹਿਨੀ ਆਂ ਰੋਟੋ ਰੂਟਰ (Roto Rooter), ਦਿਲ ਦੀਆਂ ਨਾੜੀਆਂ ਵਿਚ ਪਵਾਓ, ਡਾਕਟਰ ਭਾਉਂਦਾ।"

"ਚੰਨੀਏ, ਤੂੰ ਤਾਂ ਸਾਰੀਆਂ ਸੁਆਦੀ ਚੀਜ਼ਾਂ ਮੇਰੀਆਂ ਬੰਦ ਕਰਾ ਦਿੱਤੀਆਂ ਨੇ ਅਤੇ ਡਰਾ ਵੀ ਦਿੱਤਾ ਏ ਵਾਹਵਾ, ਬਈ ਮੈਂ ਤਾਂ ਕੁਝ ਵੀ ਕਰਨ ਲਈ ਤਿਆਰ ਹਾਂ ਪਰ ਹਸਪਤਾਲ ਜਾ ਕੇ ਇਹ ਨਾਲੀਆਂ ਪੁਆਉਣ ਵਾਲੀ ਹਾਲਤ ਨਹੀਂ ਕਰਾਉਣੀ। ਮੈਨੂੰ ਲੱਗਦੈ, ਐਨੇ ਸਾਲਾਂ ਦਾ ਜਿਹੜਾ ਘਿਓ ਖਾਧਾ ਹੋਇਐ, ਉਹ ਤਾਂ ਹੁਣ ਤੱਕ ਚਰਬੀ ਦੇ ਰੂਪ ਵਿਚ ਖੂਨ ਦੀਆਂ ਨਾੜੀਆਂ ਵਿਚ ਜੰਮ ਗਿਆ ਹੋਣੈ, ਉਨ੍ਹਾਂ ਨੂੰ ਥੋੜ੍ਹਾ-ਬਹੁਤਾ ਖੁਲ੍ਹਣ ਲਈ ਕੀ ਕਰ ਸਕਦੇ ਆਂ, ਬਈ ਚੰਨੀਏ!"

"ਚਾਚੀ, ਡੁੱਲ੍ਹੇ ਬੇਰਾਂ ਦਾ ਅਜੇ ਕੁਝ ਨਹੀਂ ਵਿਗੜਿਆ। ਅਜੇ ਵੀ ਆਸ ਹੈ, ਕੁਝ ਹੱਦ ਤੱਕ ਹੋਇਆ ਨੁਕਸਾਨ ਠੀਕ ਕਰਨ ਦੀ, ਪਰ ਆਪਣੇ ਡਾਕਟਰ ਦੀ ਸਲਾਹ ਵੀ ਲੈ ਲੈਣੀ ਚਾਹੀਦੀ ਐ।"

"ਅੱਛਾ! ਚੱਲ ਬਈ ਚੰਨੀਏ, ਦਸ ਛੇਤੀ ਛੇਤੀ, ਕੀ ਕਰਨਾ ਚਾਲੂ ਕਰਾਂ।"

"ਦਿਨ ਵਿਚ ਘੱਟੋ ਘੱਟ ਅੱਧਾ ਘੰਟਾ ਕਸਰਤ ਕਰੋ।"

"ਅੱਛਾ! ਫਿਰ ਅੱਧਾ ਘੰਟਾ ਤੁਰਨਾ ਠੀਕ ਹੈ?"

"ਹਾਂ, ਪਰ ਹੋਵੇ ਤੇਜ਼ ਰਫਤਾਰ ਨਾਲ, ਜਿਹਦੇ ਨਾਲ ਪਸੀਨਾ ਆ ਜਾਵੇ।

-ਕਈ ਸਪਲੀਮੈਂਟ ਵੀ ਮਦਦ ਕਰਦੇ ਹਨ ਕਾਫੀ, ਜਿਵੇਂ ਵਿਟਾਮਿਨ ਈ 800 ਯੂਨਿਟ ਦਿਨ ਵਿਚ ਪਰ ਹੋਵੇ Mixed Tocopherols ਦੀ ਸ਼ਕਲ ਵਿਚ। DHA/EPA ਜਿਹੜੇ Fish Oil ਵਿਚ ਹੁੰਦੇ ਹਨ, ਦਿਲ ਦੀ ਬਿਮਾਰੀ ਦਾ ਖਤਰਾ ਘਟਾ ਸਕਦੇ ਹਨ, ਧਿਆਨ ਕਰਨਾ ਚਾਹੀਦੈ ਕਿ ਚੰਗੀ ਕੁਆਲਿਟੀ ਦੇ ਹੋਣ (ਜੇ ਤੁਸੀਂ ਖੂਨ ਪਤਲਾ ਕਰਨ ਦੀ ਦਵਾਈ ਲੈ ਰਹੇ ਹੋਵੋ ਤਾਂ ਆਪਣੇ ਡਾਕਟਰ ਤੋਂ ਪੁੱਛੇ ਬਿਨਾ Omega-3 ਨਾ ਲੈਣਾ)।

-ਕੋ ਕਿਊ-10 (Co Q 10) 100mg, ਦਿਨ ਵਿਚ ਦੋ ਵਾਰ ਲਓ।

-ਐਲ ਕਾਰਨੀਟੀਨ (L-Carnitine) 250mg, ਦਿਨ ਵਿਚ ਦੋ ਵਾਰ।

-ਮੈਗਨੇਜ਼ੀਅਮ (Magnesium), 125mg, ਦਿਨ ਵਿਚ ਤਿੰਨ ਵਾਰ।

-ਵਿਟਾਮਿਨ ਬੀ-6, 50mg, ਦਿਨ ਵਿਚ ਇਕ ਵਾਰ।

-Folate 800mg, ਦਿਨ 'ਚ ਇਕ ਵਾਰ।

-ਵਿਟਾਮਿਨ ਬੀ-12, 500-1000 Microgram, ਇਕ ਵਾਰੀ।

-ਮਲਟੀ ਵਿਟਾਮਿਨ, ਹਾਈ ਪੋਟੈਂਸੀ ਵਾਲੇ।

-Testosterone, ਆਦਮੀਆਂ ਅਤੇ ਜਨਾਨੀਆਂ-ਦੋਵਾਂ ਲਈ, ਜੇ ਘਾਟ ਹੋਵੇ ਤਾਂ ਲੈਣਾ ਬਹੁਤ ਹੀ ਫਾਇਦੇਮੰਦ ਸਾਬਤ ਹੁੰਦਾ ਐ। ਸਪਲੀਮੈਂਟ ਦੀ ਡੋਜ਼ 6-12 ਮਹੀਨੇ ਬਾਅਦ, ਆਪਣੇ ਡਾਕਟਰ ਦੀ ਸਲਾਹ ਦੇ ਹਿਸਾਬ ਨਾਲ ਘਟਾ ਲੈਣਾ।"

"ਦੀਦੀ, ਮੈਂ ਜਦੋਂ ਤੁਹਾਡੇ ਵੀਰੇ ਨੂੰ ਸ਼ਰਾਬ ਪੀਣ ਤੋਂ ਮਨ੍ਹਾਂ ਕਰਦੀ ਆਂ ਤਾਂ ਕਹਿੰਦੇ ਨੇ, ਪੀਣੀ ਦਿਲ ਲਈ ਚੰਗੀ ਐ। ਕੀ ਇਹ ਸੱਚ ਐ?"

"ਸਿਰਫ ਰੈਡ ਵਾਈਨ ਹੋਵੇ, ਅੱਛੀ ਕੁਆਲਿਟੀ ਦੀ ਜਿਸ ਵਿਚ ਸਲਫਾਈਟਸ ਨਾ ਹੋਣ, ਇਕ ਡਰਿੰਕ ਦਿਨ ਵਿਚ, ਕਿਹਾ ਜਾਂਦੈ OPC (Oligomeric Procyanidins) ਕਰਕੇ ਮਦਦਗਾਰ ਸਾਬਤ ਹੋ ਸਕਦੀ ਐ ਪਰ Hawthorn Herb ਵਿਚ ਵੀ OPC ਹੁੰਦੇ ਹਨ ਅਤੇ ਸ਼ਰਾਬ ਦੀ ਤਰ੍ਹਾਂ ਨੁਕਸਾਨ ਕਰਨ ਵਾਲੇ ਹੋਰ ਕਈ ਸਾਈਡ ਇਫੈਕਟ ਨਹੀਂ ਹੁੰਦੇ।

-ਬਾਕੀ ਰਿਸਕ ਫੈਕਟਰ ਜੇਕਰ ਹੋਣ, ਜਿਸ ਤਰ੍ਹਾਂ ਐਲ ਡੀ ਐਲ ਤੇ ਟਰਾਈ ਗਲਿਸਰਾਈਡਜ਼ ਜ਼ਿਆਦਾ ਹੋਣ, ਸੂਗਰ ਦੀ ਬਿਮਾਰੀ ਬਲੱਡ ਪ੍ਰੈਸ਼ਰ ਦੀ ਬਿਮਾਰੀ ਹੋਵੇ, ਉਨ੍ਹਾਂ 'ਤੇ ਕਾਬੂ ਪਾਉਣਾ ਬਹੁਤ ਜ਼ਰੂਰੀ ਹੈ।

-ਜੇ ਤੁਹਾਡੀ ਲੰਬਾਈ ਦੇ ਹਿਸਾਬ ਨਾਲ ਭਾਰ ਜ਼ਿਆਦਾ ਹੋਵੇ ਤਾਂ ਉਹ ਵੀ ਘਟਾਉਣਾ ਜ਼ਰੂਰੀ ਹੈ।

-ਸਾਊਨਾ, ਖਾਸ ਕਰਕੇ ਇਨਫਰਾਰੈਡ (Infrared) ਵੀ ਕਾਫੀ ਫਾਇਦੇਮੰਦ ਹੋ ਸਕਦਾ ਹੈ।

ਚਾਚੀ, ਅੱਜ ਤਾਂ ਜ਼ਿਆਦਾ ਈ ਗੱਲਾਂ ਕਰ ਲਈਆਂ ਆਪਾਂ ਸਿਹਤ ਬਾਰੇ, ਚੱਲ ਬੱਸ ਕਰੀਏ ਹੁਣ, ਹੈ ਨਾ ਪ੍ਰੀਤ!

ਮੈਂ ਚਲਦੀ ਆਂ ਹੁਣ। ਅੱਛਾ ਰੱਬ ਰਾਖਾ। ਸਤਿ ਸ੍ਰੀ ਅਕਾਲ।"

***ਨੋਟ: ਇਹ ਲੇਖ ਦਿਲ ਦੇ ਰੋਗਾਂ ਬਾਰੇ ਆਮਫਹਿਮ ਜਾਣਕਾਰੀ ਮੁਹੱਈਆ ਕਰਦਾ ਹੈ, ਦਿਲ ਦੀ ਕਿਸੇ ਵੀ ਤਕਲੀਫ ਲਈ ਆਪਣੇ ਡਾਕਟਰ ਦੀ ਸਲਾਹ ਲਵੋ। -ਸੰਪਾਦਕ***

# ਭ੍ਰਿਸ਼ਟਾਚਾਰ ਦੇ ਦੌਰ ਵਿਚ ਪਾਕੀਜ਼ਗੀ...

*(ਸਫਾ 15 ਦੀ ਬਾਕੀ)*

ਭ੍ਰਿਸ਼ਟਾਚਾਰ ਲਾਜ਼ਮੀ ਸ਼ਰਤ ਬਣ ਗਈ ਜਾਪਦੀ ਹੈ। ਹੁਣ ਮੌਕਾ ਆ ਗਿਆ ਹੈ ਕਿ ਭ੍ਰਿਸ਼ਟਾਚਾਰ ਦੀ ਵਿਆਖਿਆ ਸੰਵਿਧਾਨ ਵਿਚ ਦਰਜ ਪਹਿਲੇ ਅੱਖਰ 'ਅਸੀਂ' ਦੇ ਹਵਾਲੇ ਨਾਲ ਕੀਤੀ ਜਾਵੇ। ਇਸੇ ਮੁਲਕ ਦੇ 77 ਫੀਸਦੀ ਲੋਕ ਵੀਹ ਰੁਪਏ ਤੋਂ ਘੱਟ ਦੀ ਰੋਜ਼ਾਨਾ ਆਮਦਨ ਨਾਲ ਗੁਜ਼ਾਰਾ ਕਰਦੇ ਹਨ। ਉਨ੍ਹਾਂ ਦੇ ਹਿੱਸੇ ਦੀ ਖੁਸ਼ਹਾਲੀ ਅਤੇ ਇੱਜ਼ਤ ਮਾਣ ਰਾਜਤੰਤਰ ਨੇ ਬਾਕੀਆਂ ਨੂੰ ਵੰਡਿਆ ਹੈ। ਸਮਾਜਿਕ ਬਰਾਬਰੀ, ਇਨਸਾਫ, ਇੱਜ਼ਤ-ਮਾਣ, ਮਨੁੱਖੀ ਹਕੂਕ, ਬੁਨਿਆਦੀ ਲੋੜਾਂ ਅਤੇ ਜਮਹੂਰੀ ਸਮਾਜ ਦੀ ਉਸਾਰੀ ਨਾਲ ਜੋੜ ਕੇ ਭ੍ਰਿਸ਼ਟਾਚਾਰ ਦੀ ਵਿਆਖਿਆ ਕਰਨੀ ਜ਼ਰੂਰੀ ਹੈ। ਇਸ ਤੋਂ ਬਾਅਦ ਭ੍ਰਿਸ਼ਟਾਚਾਰ ਦਾ ਫਸਤਾ ਵੱਢਣ ਦਾ ਮੰਤਰ ਜਨ ਲੋਕਪਾਲ ਬਿੱਲ ਨਹੀਂ ਸਿਆਸੀ-ਸਮਾਜਿਕ ਤਬਦੀਲੀ ਬਣ ਜਾਂਦੀ ਹੈ।

ਅਰਵਿੰਦ ਕੇਜਰੀਵਾਲ, ਕਿਰਨ ਬੇਦੀ, ਅਤੇ ਭੂਸ਼ਨ ਪਿਉ-ਪੁੱਤ ਦੀਆਂ ਦਲੀਲਾਂ ਨੂੰ ਨਵੇਂ ਸਵਾਲਾਂ ਦੇ ਰੂਪ ਵਿਚ ਪੁੱਛਿਆ ਜਾਣਾ ਬਣਦਾ ਹੈ। ਕਿੰਨੇ ਅਫ਼ਸਰ ਸਰਕਾਰੀ ਖਰਚਿਆਂ ਉਤੇ ਪੜ੍ਹਾਈ ਕਰਨ ਤੋਂ ਬਾਅਦ ਨੌਕਰੀ ਦੀਆਂ ਸ਼ਰਤਾਂ ਪੂਰੀਆਂ ਕਰਨ ਤੋਂ ਪਹਿਲਾਂ ਵਿਦੇਸ਼ਾਂ ਵਿਚ ਜਾ ਕੇ ਵਸ ਗਏ ਜਾਂ ਭਾਰਤ ਵਿਚ ਕਾਰੋਬਾਰ ਕਰ ਰਹੇ ਹਨ? ਕਿਰਨ ਬੇਦੀ ਦੀਆਂ ਤਕਰੀਰਾਂ ਕਰਵਾਉਣ ਵਾਲੀਆਂ ਗੈਰ-ਸਰਕਾਰੀ ਜਥੇਬੰਦੀਆਂ ਵਰਗੀਆਂ ਹੋਰ ਕਿੰਨੀਆਂ ਜਥੇਬੰਦੀਆਂ ਹਨ? ਇਨ੍ਹਾਂ ਨੂੰ ਪੈਸਾ ਕਿੱਥੋਂ ਆਉਂਦਾ ਹੈ? ਭੂਸ਼ਨਾਂ ਵਾਂਗ ਸਰਕਾਰਾਂ ਨੇ ਕਿਸ ਤਬਕੇ ਦੇ ਕਿੰਨੇ ਲੋਕਾਂ ਨੂੰ ਛੋਟਾਂ ਤਕਸੀਮ ਕੀਤੀਆਂ ਹਨ? ਇਨ੍ਹਾਂ ਸਵਾਲਾਂ ਨਾਲ ਭ੍ਰਿਸ਼ਟਾਚਾਰ ਘਟਨਾਵਾਂ ਤੋਂ ਰੁਝਾਨ ਵਜੋਂ ਦਿਖਾਈ ਦੇਣਾ ਸ਼ੁਰੂ ਹੁੰਦਾ ਹੈ ਜੋ ਰਾਜਤੰਤਰੀ ਖਾਸੇ ਦਾ ਹਿੱਸਾ ਜਾਪਦਾ ਹੈ। ਨਵੀਆਂ ਉਸਰ ਰਹੀਆਂ ਜਿੰਦਬੰਦ ਰਿਹਾਇਸ਼ੀ ਇਮਾਰਤਾਂ ਦੇ ਬਾਸ਼ਿੰਦਿਆਂ ਨੂੰ ਆਪਣੀ ਬੇਵਿਸਾਹੀ ਦੀਆਂ ਜੜ੍ਹਾਂ ਇਸੇ ਖਾਸੇ ਨਾਲ ਜੋੜ ਕੇ ਸਮਝ ਆ ਸਕਦੀਆਂ ਹਨ। ਇਨ੍ਹਾਂ ਹਾਲਾਤ ਵਿਚ ਪਾਕੀਜ਼ਗੀ ਦਾ ਚੋਲਾ ਪਾਈ ਫਿਰਦੀ ਪੜ੍ਹੀ-ਲਿਖੀ, ਸ਼ਹਿਰੀ ਮੱਧ ਵਰਗੀ ਜਮਾਤ ਦਾ ਭ੍ਰਿਸ਼ਟਾਚਾਰ ਨਾਲ ਸੰਜੀਦਾ ਸੰਵਾਦ ਨਾਖੁਸ਼ਗਵਾਰ ਸਵਾਲਾਂ ਨਾਲ ਹੀ ਸ਼ੁਰੂ ਹੋਣਾ ਹੈ। ਇਨ੍ਹਾਂ ਸਵਾਲਾਂ ਤੋਂ ਮੂੰਹ ਫੇਰਨਾ ਸਮਝ ਤੋਂ ਪਹਿਲਾਂ ਨੀਅਤ ਉਤੇ ਸ਼ੱਕ ਪੈਦਾ ਕਰਦਾ ਹੈ। ਅੰਨਾ ਹਜ਼ਾਰੇ ਦੀ ਮੁਹਿੰਮ ਅਤੇ ਸਰਕਾਰ ਦੀ ਸੰਜੀਦਗੀ ਪਰਖਣ ਦਾ ਮੰਤਰ ਇਹੋ ਬਣਦਾ ਹੈ ਕਿ ਅਰਵਿੰਦ ਕੇਜਰੀਵਾਲ, ਕਿਰਨ ਬੇਦੀ, ਅਤੇ ਭੂਸ਼ਨ ਪਿਉ-ਪੁੱਤ ਆਪ ਅਧਿਐਨ ਦਾ ਵਿਸ਼ਾ ਬਣਨ। ਸਰਕਾਰ ਇਨ੍ਹਾਂ ਨੂੰ ਮਿਸਾਲਾਂ ਤੋਂ ਰੁਝਾਨ ਦਾ ਖੁਰਾ ਨੱਪਣ ਲਈ ਪਹਿਲਕਦਮੀ ਕਰਨ ਦਾ ਹੌਸਲਾ ਦਿਖਾਵੇ। ਰਜਤ ਗੁਪਤਾ ਦੇ ਅਦਾਰਿਆਂ ਵਿਚ ਨਿਰਦੇਸ਼ਕ ਬਣੇ ਹੋਏ ਈਮਾਨਦਾਰ ਪ੍ਰਧਾਨ ਮੰਤਰੀ ਦੇ ਸਕੱਤਰ ਅਤੇ ਯੋਜਨਾ ਕਮਿਸ਼ਨ ਦੇ ਡਿਪਟੀ ਚੇਅਰਮੈਨ ਤਾਂ ਇਹੋ ਕਹਿਣਗੇ ਕਿ ਇਹ ਵੱਖਰੇ-ਵੱਖਰੇ ਮਾਮਲੇ ਹਨ।

# ਜਿੰਦੜੀਏ! ਕੀਹਨੇ ਤੇਰਾ ਹੋਣਾ ਏ ਸਹਾਈ...

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਅਮੀਰੀ ਦਾ ਤਾਜ ਸਿਰ 'ਤੇ ਪਹਿਨ ਕੇ ਅਤੀਤ ਦੀ ਗਰੀਬੀ ਭੁੱਲਣ ਵਾਲਾ ਕਦੇ ਵੀ ਆਪਣੇ ਭਵਿੱਖ ਵਿਚੋਂ ਖੁਸ਼ੀਆਂ ਨਹੀਂ ਮਾਣ ਸਕਦਾ। 'ਮੈਂ' ਮੈਂ' ਕਹਿਣ ਨਾਲ ਆਪਣੇ ਆਪ ਨੂੰ ਵੱਡਾ ਅਖਵਾਉਣ ਦਾ ਭਰਮ ਬੇਸ਼ੱਕ ਪਾਲੀ ਜਾਵੇ ਪਰ ਜੀਵਨ ਦਾ ਅਨੰਦ 'ਤੂੰ ਹੀ ਤੂੰ' ਵਿਚੋਂ ਵੱਧ ਮਿਲਦਾ ਹੈ।

ਲਾਸ ਏਂਜਲਸ ਵਿਚ ਪਹਾੜੀ 'ਤੇ ਬਣੇ ਹੋਏ ਅਲੀਸ਼ਾਨ ਮਕਾਨ ਵਿਚ ਵਿਆਹ ਵਰਗਾ ਮਾਹੌਲ ਹੈ। ਹਾਲ ਵਰਗੀ ਘਰ ਦੀ ਵੱਡੀ ਲਾਬੀ ਪ੍ਰਾਹੁਣਿਆਂ ਨਾਲ ਭਰੀ ਹੋਈ ਹੈ। ਕਿਸੇ ਚੀਜ਼ ਦੀ ਘਾਟ ਦਿਖਾਈ ਨਹੀਂ ਦੇ ਰਹੀ। ਜਾਮ ਨਾਲ ਜਾਮ ਟਕਰਾਏ ਜਾ ਰਹੇ ਹਨ। ਘੱਟ ਖਾ ਕੇ ਆਪਣੀ ਅਮੀਰੀ ਦੀ ਟੌਹਰ ਦਿਖਾਈ ਜਾ ਰਹੀ ਹੈ। ਪੇਂਡੂ ਚਿਹਰਿਆਂ ਉਤੇ ਵੀ ਪੱਛਮੀ ਸੱਭਿਆਚਾਰ ਦਾ ਮਖੌਟਾ ਚੜ੍ਹਿਆ ਹੋਇਆ ਹੈ। ਡੀ.ਜੇ. 'ਤੇ ਮਾਈਕਲ ਜੈਕਸਨ ਗੱਜ ਰਿਹਾ ਹੈ। ਪੰਜਾਬੀ ਕਿਤੇ ਕਿਤੇ ਸਾਹ ਭਰਦੀ ਦਿਖਾਈ ਦਿੰਦੀ ਹੈ। ਸਾਰੇ ਸਮਾਗਮ ਵਿਚ ਅੰਗਰੇਜ਼ੀ ਜ਼ੁਬਾਨ ਪਟਰਾਣੀ ਬਣੀ ਨੱਚਦੀ ਤੇ ਨਚਾਉਂਦੀ ਦਿਖਾਈ ਦੇ ਰਹੀ ਹੈ।

ਸਟੇਜ ਤੋਂ ਅਨਾਊਂਸ ਹੁੰਦਾ ਹੈ ਕਿ 'ਆਰ.ਐਸ. ਰਾਣਾ ਆਪਣੀ ਬੇਟੀ ਐਂਜਲੀਨਾ ਰਾਣਾ ਦਾ ਇਕੀਵਾਂ ਜਨਮ ਦਿਨ ਅੱਜ ਬੜੀ ਧੂਮ-ਧਾਮ ਨਾਲ ਮਨਾ ਰਹੇ ਹਨ। ਰਾਣਾ ਸਾਹਿਬ ਨੇ ਆਪਣੀ ਇਕਲੌਤੀ ਧੀ ਨੂੰ ਪੁੱਤਰਾਂ ਨਾਲੋਂ ਵੱਧ ਸਮਝ ਕੇ ਪਾਲਿਆ ਹੈ। ਜੋ ਕੁਝ ਐਂਜਲੀਨਾ ਨੇ ਮੰਗਿਆ, ਉਹ ਸਭ ਕੁਝ ਰਾਣਾ ਸਾਹਿਬ ਨੇ ਹਾਜ਼ਰ ਕੀਤਾ। ਆਪਾਂ ਸਾਰੇ ਰਾਣਾ ਸਾਹਿਬ ਦੀ ਇਸ ਖੁਸ਼ੀ ਵਿਚ ਸ਼ਰੀਕ ਹੋ ਕੇ ਪਾਰਟੀ ਦਾ ਅਨੰਦ ਮਾਣੀਏ, ਨੱਚੀਏ, ਗਾਈਏ ਤੇ ਖੁਸ਼ੀ ਮਨਾਈਏ।' ਮਾਈਕ ਬੰਦ ਹੁੰਦਿਆਂ ਹੀ ਡੀ.ਜੇ. 'ਤੇ ਫਿਰ ਮਾਈਕਲ ਜੈਕਸ਼ਨ ਪਰਤ ਆਇਆ।

ਰਣਜੀਤ ਸਿੰਘ ਰਾਣਾ ਉਰਫ਼ ਆਰ. ਐਸ. ਰਾਣਾ ਆਪਣੇ ਅਮੀਰ ਬਿਜਨੈਸ ਪ੍ਰਾਹੁਣਿਆਂ ਨਾਲ ਆਪਣੀ ਅਮੀਰੀ ਦੇ ਸੋਹਲੇ ਗਾ ਰਿਹਾ ਸੀ। ਰਾਣਾ ਸਾਹਿਬ ਸੂਣ ਘੱਟ ਤੇ ਬੋਲ ਵੱਧ ਰਿਹਾ ਸੀ। ਆਪਣੇ ਪੇਂਡੂਆਂ ਨੂੰ ਤਾਂ ਉਹ ਆਪ ਤੋਂ ਥੱਲੇ ਤੀਜੇ ਥਾਂ ਗਿਣਦਾ, ਹਰ ਇਕ ਦੇ ਗੁਣ ਤੇ ਸਿਆਣਪ ਨੂੰ ਉਹ ਆਪਣੇ ਡਾਲਰਾਂ ਨਾਲ ਢਕਣ ਦੀ ਕੋਸ਼ਿਸ਼ ਕਰਦਾ। ਜ਼ੁਬਾਨ ਵਿਚੋਂ 'ਮੈਂ' ਨਾ ਉਤਰਦੀ। ਨਵੇਂ ਆਏ ਪ੍ਰਾਹੁਣਿਆਂ ਵਿਚ ਦੋ ਪੇਂਡੂ ਭਰਾ ਵੀ ਸਨ-ਦਿਆਲ ਤੇ ਪਾਲ। ਦਿਆਲ ਨਿਊ ਯਾਰਕ ਤੋਂ ਨਵਾਂ ਹੀ ਮੂਵ ਹੋਇਆ ਸੀ ਤੇ ਪਾਲ ਅਜੇ ਇੰਡੀਆ ਤੋਂ ਦੋ ਮਹੀਨੇ ਪਹਿਲਾਂ ਹੀ ਇਥੇ ਪਹੁੰਚਿਆ ਸੀ। ਰਾਣਾ ਸਾਹਿਬ ਕੁਰਸੀ ਤੋਂ ਉਠਿਆ ਤੇ ਬੋਲਿਆ, 'ਦਿਆਲਿਆ, ਆ ਜਾ ਤੁਹਾਨੂੰ ਜੰਨਤ ਦੇ ਦਰਸ਼ਨ ਕਰਵਾਵਾਂ।'

ਜੰਨਤ ਦਾ ਨਾਂ ਸੁਣ ਕੇ ਦਿਆਲ ਦੇ ਨਾਲ ਪਾਲ ਵੀ ਉਠ ਖੜ੍ਹਾ ਹੋਇਆ ਤੇ ਦੋ ਚਾਰ ਪ੍ਰਾਹੁਣੇ ਵੀ ਰਾਣਾ ਸਾਹਿਬ ਅੱਗੇ ਤੇ ਬਾਕੀ ਪਿੱਛੇ। ਫਿਰ ਉਹ ਉਨ੍ਹਾਂ ਨੂੰ ਆਪਣੀ ਬਣਾਈ ਹੋਈ ਬਾਰ ਵਿਚ ਲੈ ਗਿਆ ਤੇ ਹੰਕਾਰ ਦੀ ਪੌੜ ਵਿਚ ਪੈੜ ਧਰਦਾ ਬੋਲਿਆ, "ਪਾਲਿਆ, ਬੋਲ ਕਿਹੜੀ ਪੀਣੀ ਐ, ਤੇ ਕਿਹੜੇ ਦੇਸ਼ ਦੀ ਪੀਣੀ ਐ। ਬੱਸ, ਤੁਹਾਡੇ ਵਾਲੀ ਰੂੜੀ ਮਾਰਕਾ ਨਹੀਂ ਮਿਲਣੀ। ਰਾਣੇ ਨੂੰ ਰੂੜੀ ਮਾਰਕਾ ਤੇ ਰੂੜੀ ਮਾਰਾਂ ਤੋਂ ਨਫ਼ਰਤ ਹੈ। ਮੈਂ ਜੋ ਚਾਹਿਆ ਉਹ ਕੀਤਾ, ਇਹ ਰਾਣੇ ਦੀ ਖੂਬੀ ਹੈ।"

ਫਿਰ ਰਾਣਾ ਸਾਹਿਬ ਨੇ ਅਗਲਾ ਕਮਰਾ ਦਿਖਾਇਆ ਜਿਸ ਵਿਚ ਫਿਲਮਾਂ ਦਾ ਭੰਡਾਰ ਸੀ, ਤੇ ਕੰਧ 'ਤੇ ਵੱਡੀ ਸਕਰੀਨ ਲੱਗੀ ਹੋਈ ਸੀ। "ਕਿਉਂ ਬਈ ਦਿਆਲਿਆ, ਕਿਹੜੀ ਫਿਲਮ ਦੇਖਣੀ ਐ, ਤੇ ਕਿਹੜੀ ਦੇਸ਼ ਦੀ ਦੇਖਣੀ ਐ ਪਰ ਮੇਰੇ ਕੋਲ ਲੰਬੜਦਾਰਾਂ ਵਾਲਾ ਬਲੈਕ ਐਂਡ ਵਾਈਟ ਟੀ.ਵੀ. ਨਹੀਂ ਐ ਜਿਥੇ ਤੁਸੀਂ ਦੋਵੇਂ ਭਰਾ ਉਨ੍ਹਾਂ ਦੀਆਂ ਮੋਰੀਆਂ ਵਿਚੀਂ ਟੀ.ਵੀ. ਦੇਖਦੇ ਹੁੰਦੇ ਸੀ।" ਰਾਣਾ ਆਪਣੀ ਕਰਤੂਤ ਦੀਆਂ ਹੱਦਾਂ ਟੱਪ ਗਿਆ, "ਆਹ ਅਗਲਾ ਕਮਰਾ ਕੱਪੜਿਆਂ ਨਾਲ ਭਰਿਐ। ਐਵੇਂ ਇਕ ਚਾਦਰੇ ਕੁੜਤੇ ਪਿੱਛੇ ਲੜਦੇ ਰਹਿੰਦੇ ਸੀ ਤੁਸੀਂ।" ਪਾਲ ਗੱਲੀਂ-ਬਾਤੀਂ ਹੁੰਦੀ ਬੇਇੱਜ਼ਤੀ ਸੁਣ ਕੇ ਰਾਣੇ ਦੀ ਅਤੀਤ ਵਾਲੀ ਕਿਤਾਬ ਦੇ ਤੀਹ ਸਾਲ ਪੁਰਾਣੇ ਸਫ਼ੇ ਫਿਰ ਇਉਂ ਪੜ੍ਹਨ ਲੱਗਾ,

ਰਾਣੇ ਦੇ ਬਾਪ ਭਾਗੂ ਤੇ ਮਾਂ ਬੰਤੀ ਨੇ ਅਤਿ ਦੀ ਗਰੀਬੀ ਵਿਚ ਰਾਣੇ ਨੂੰ ਜਨਮ ਦਿੱਤਾ ਸੀ। ਭਾਗੂ ਜ਼ਿਮੀਦਾਰਾਂ ਨਾਲ ਸਾਂਝੀ ਰਲ ਜਾਂਦਾ ਤੇ ਬੰਤੀ ਦਸ-ਬਾਰਾਂ ਘਰਾਂ ਦਾ ਗੋਹਾ-ਕੂੜਾ ਸਿੱਟ ਦਿੰਦੀ। ਦੋਵਾਂ ਜੀਆਂ ਦੇ ਦਿਲ ਦਾ ਇਕੋ ਚਾਅ ਸੀ ਕਿ ਰਾਣਾ ਪੜ੍ਹ-ਲਿਖ ਕੇ ਅਫ਼ਸਰ ਲੱਗ ਜਾਵੇ। ਰਾਣੇ ਲਈ ਉਹ ਪੁੱਠੇ ਲਟਕਣ ਲਈ ਵੀ ਤਿਆਰ ਸਨ। ਬਚਪਨ ਵਿਚ ਰਾਣਾ ਆਪਣੀ ਬੇਬੇ ਮਗਰ ਲਿਬੜਿਆ-ਤਿਬੜਿਆ ਘਰੋ-ਘਰੀ ਗੇੜਾ ਕੱਢ ਆਉਂਦਾ। ਖਾਣਾ-ਪੀਣਾ ਬੇਬੇ ਨਾਲ ਹੀ ਕਰ ਆਉਂਦਾ। ਬੰਤੀ ਨੇ ਰਾਣਾ ਸਕੂਲ ਭੇਜਿਆ ਪਰ ਸ਼ਰਾਰਤੀ ਰਾਣਾ ਮਸਾਂ ਪ੍ਰਾਇਮਰੀ ਸਕੂਲ ਟੱਪਿਆ। ਬਾਪੂ ਨੇ ਫਿਰ ਰਾਣਾ ਜ਼ਿਮੀਦਾਰਾਂ ਦੇ ਖੇਤਾਂ ਵਿਚ ਆਪਣੇ ਨਾਲ ਹੀ ਕੰਮ ਕਰਨ ਲਾ ਲਿਆ ਤੇ ਜ਼ਿਮੀਦਾਰੇ ਦਾ ਕੰਮ ਸਿਖਾ ਦਿੱਤਾ। ਵੱਡੇ ਸਰਦਾਰਾਂ ਨੇ ਭਾਗੂ ਨੂੰ ਦੋ ਮਹੀਨਿਆਂ ਵਾਸਤੇ ਆਪਣੀ ਭੈਣ ਕੋਲ ਭੇਜ ਦਿੱਤਾ ਤੇ ਭਾਗੂ ਦੀ ਥਾਂ ਰਾਣੇ ਨੂੰ ਰੱਖ ਲਿਆ। ਕਣਕ ਦੀ ਬਿਜਾਈ ਜ਼ੋਰਾਂ 'ਤੇ ਚੱਲ ਰਹੀ ਸੀ। ਜ਼ਿਮੀਦਾਰ ਬਲਦਾਂ ਨੂੰ ਪੁੱਤਾਂ ਵਾਂਗ ਸਾਂਭਦੇ ਸੀ। ਵੱਡੇ ਸਰਦਾਰ ਰੋਜ਼ ਬਲਦਾਂ ਨੂੰ ਦੇਸੀ ਘਿਓ ਦਾ ਪ੍ਰਸ਼ਾਦ ਕਰਕੇ ਦਿੰਦੇ। ਗਰਮ ਦੁੱਧ 'ਚ ਗੁੜ ਪਾ ਕੇ ਪਿਲਾਉਂਦੇ। ਭਾਗੂ ਪਿਛੋਂ ਇਹ ਕੰਮ ਵੀ ਰਾਣੇ ਨੂੰ ਸੌਂਪ ਦਿੱਤਾ। ਰਾਣਾ ਘਰੋਂ ਪਸ਼ੂਆਂ ਵਾਲੇ ਘਰ ਤੱਕ ਰੱਜ ਕੇ ਪ੍ਰਸ਼ਾਦ ਤੇ ਰੱਜ ਕੇ ਦੁੱਧ ਛਕਦਾ।

ਪੰਦਰਾਂ ਦਿਨਾਂ ਵਿਚ ਰਾਣਾ ਤਾਂ ਪਛਾਣ ਨਾ ਹੋਵੇ, ਤੇ ਬਲਦ ਵਿਚਾਰੇ ਸੁੱਕਦੇ ਜਾਣ। ਚਲਾਕ ਸਰਦਾਰਾਂ ਨੇ ਸਕੀਮ ਨਾਲ ਰਾਣੇ ਨੂੰ ਪ੍ਰਸ਼ਾਦ ਬਣਾ ਕੇ ਦੇਣ ਤੋਂ ਪਹਿਲਾਂ ਤੋਲ ਲਿਆ ਤੇ ਦੁੱਧ ਗਰਮ ਕਰਕੇ ਮਾਪ ਲਿਆ ਤੇ ਫਿਰ ਰਾਣੇ ਨੂੰ ਪਸ਼ੂਆਂ ਵਾਲੇ ਘਰ ਤੋਰ ਦਿੱਤਾ ਜਿੱਥੇ ਸਰਦਾਰਾਂ ਦਾ ਮੁੰਡਾ ਪਹਿਲਾਂ ਹੀ ਤੱਕਣੀ ਲਈ ਬੈਠਾ ਸੀ। ਜਦੋਂ ਪ੍ਰਸ਼ਾਦ ਤੋਲਿਆ ਤਾਂ ਡੇਢ ਕਿਲੋ ਘੱਟ ਤੁਲਿਆ ਤੇ ਦੁੱਧ ਸਵਾ ਕਿਲੋ ਘੱਟ ਨਿਕਲਿਆ; ਯਾਨਿ ਰਾਣਾ ਰਸਤੇ ਵਿਚ ਡੇਢ ਕਿਲੋ ਪ੍ਰਸ਼ਾਦ ਛਕ ਜਾਂਦਾ ਸੀ ਤੇ ਦੋ ਕਿਲੋ ਦੇ ਕਰੀਬ ਦੁੱਧ ਪੀ ਜਾਂਦਾ ਸੀ। ਸਰਦਾਰਾਂ ਨੇ ਭਾਗੂ ਕਰ ਕੇ ਰਾਣੇ ਨੂੰ ਟੌਣੀ ਨਾ ਲਾਈ। ਗੱਲ ਹਾਸੇ-ਮਜ਼ਾਕ ਵਿਚ ਆਈ-ਗਈ ਹੋ ਗਈ। ਰਾਣਾ ਫਿਰ ਵੀ ਮੱਝਾਂ ਵਾਲੇ ਦਲੀਏ ਵਿਚੋਂ ਲੱਪ ਭਰ ਭਰ ਕੇ ਦਲੀਆ ਖਾ ਜਾਂਦਾ। ਗਰੀਬੀ ਵਿਚ ਬੰਦੇ ਨੂੰ ਪਸ਼ੂਆਂ ਦੇ ਹਿੱਸੇ ਦਾ ਖਾਣਾ ਵੀ ਖਾਣ ਲਈ ਮਜਬੂਰ ਹੋਣਾ ਪੈ ਜਾਂਦਾ ਹੈ। ਜਦੋਂ ਰਾਣੇ ਦੇ ਮੁੱਛ ਫੁੱਟੀ ਤਾਂ ਬਾਪੂ ਅੱਖਾਂ ਮੀਚ ਗਿਆ। ਬੇਬੇ ਨੇ ਸਰਦਾਰਾਂ ਦੀ ਮਿੰਨਤ ਕਰਕੇ ਰਾਣਾ ਕੁਵੈਤ ਤੋਰ ਦਿੱਤਾ। ਪੰਜ ਸਾਲਾਂ ਵਿਚ ਕਮਾਈ ਤਾਂ ਕਰ ਕੇ ਲਿਆਇਆ ਨਹੀਂ, ਪਰ ਸ਼ੇਖਾਂ ਵਾਂਗ ਚੋਜ ਕਰਨੇ ਸਿੱਖ ਆਇਆ। ਬੁੱਢੀ ਬੇਬੇ ਦੀਆਂ ਅੱਖਾਂ ਤਾਂ ਨਾ ਬਣਵਾਈਆਂ ਪਰ ਕਿਸੇ ਦੀ ਕੁੜੀ 'ਤੇ ਅੱਖ ਰੱਖ ਬੈਠਾ ਤੇ ਹੱਥ ਪਾ ਲਿਆ। ਧੀ ਵਾਲਿਆਂ ਨੇ ਕੁੱਟ-ਕੁੱਟ ਕੇ ਸਾਰੀ ਸ਼ੇਖਗਿਰੀ ਕੱਢ ਦਿੱਤੀ ਤੇ ਇਹ ਪਿੰਡੋਂ ਦੌੜ ਗਿਆ।

ਕਈ ਸਾਲ ਰਾਣੇ ਦਾ ਪਤਾ ਨਾ ਲੱਗਿਆ ਕਿ ਉਹ ਕਿੱਥੇ ਗਿਆ। ਬੁੱਢੀ ਮਾਂ ਰਾਣੇ ਨੂੰ ਉਡੀਕਦੀ ਆਪ ਸਦਾ ਲਈ ਗੁਆਚ ਗਈ। ਲੋਕਾਂ ਨੇ ਚਾਰ ਮਣ ਲੱਕੜਾਂ ਸਿੱਟ ਕੇ ਫੂਕ ਦਿੱਤੀ। ਫਿਰ ਕਈ ਸਾਲਾਂ ਬਾਅਦ ਰਾਣੇ ਨੇ ਸੱਪ ਵਾਂਗ ਪਿੰਡ ਆ ਸਿਰੀ ਕੱਢੀ। ਸਾਰਾ ਪਿੰਡ ਹੈਰਾਨ ਕਿ ਰਾਣੇ ਕੋਲ ਅਮਰੀਕਾ ਦਾ ਪਾਸਪੋਰਟ, ਕਿਸੇ ਨੇ ਰਿਸ਼ਤਾ ਕਰਵਾ ਦਿੱਤਾ, ਦਾਜ ਵਿਚ ਮੋਟੀ ਰਕਮ ਲੈ ਲਈ। ਅਮਰੀਕਾ ਸੱਦਣ ਦੇ ਬਹਾਨੇ ਪਿੰਡੋਂ ਦਸ-ਬਾਰਾਂ ਮੁੰਡਿਆਂ ਕੋਲੋਂ ਪੈਸੇ ਲੈ ਕੇ ਅਮਰੀਕਾ ਚੜ੍ਹ ਆਇਆ। ਥੋੜ੍ਹੇ ਚਿਰ ਪਿਛੋਂ ਘਰਵਾਲੀ ਸੱਦ ਲਈ। ਪਰਤ ਕੇ ਪਿੰਡ ਗਿਆ ਹੀ ਨਹੀਂ, ਤੇ ਅੱਜ ਦਲੀਆ ਚੋਰ ਰਾਣਾ ਰਾਣਾ ਸਾਹਿਬ ਬਣਿਆ ਬੈਠਾ ਹੈ।

"ਪਾਲਿਆ! ਕੀ ਸੋਚੀਂ ਪੈ ਗਿਆ। ਆ ਜਾ ਅੱਗੇ ਦਿਖਾਵਾਂ ਜੰਨਤ, ਜਿਹੜੀ ਤੈਂ ਕਦੇ ਸੁਪਨੇ ਵਿਚ ਵੀ ਨਹੀਂ ਸੋਚੀ ਹੋਣੀ।" ਰਾਣਾ ਸਾਹਿਬ ਨੇ ਪਾਲ ਨੂੰ ਹਲੂਣਦਿਆਂ ਪੁੱਛਿਆ।

"ਬਾਈ, ਮੈਨੂੰ ਪਿੰਡ ਯਾਦ ਆ ਗਿਆ ਜਦੋਂ ਅਸੀਂ ਮੱਝਾਂ ਚਾਰਦੇ ਹੁੰਦੇ ਸੀ, ਤੇ ਤੂੰ ਦੋ-ਤਿੰਨ ਬਿਮਾਰ ਜਿਹੀਆਂ ਬੱਕਰੀਆਂ ਚਾਰਦਾ ਹੁੰਦਾ ਸੀ। ਤੈਨੂੰ ਯਾਦ ਹੀ ਹੋਣਾਂ ਜਦੋਂ ਤੂੰ ਸਰਦਾਰਾਂ ਦੇ ਬਲਦਾਂ ਦਾ ਪ੍ਰਸ਼ਾਦ ਤੇ ਦੁੱਧ ਚੋਰੀ ਖਾ-ਪੀ ਜਾਂਦਾ ਸੀ ਤੇ ਮੱਝਾਂ ਦਾ ਦਲੀਆ ਮੱਝਾਂ ਨਾਲ ਹੀ ਖਾ ਜਾਂਦਾ ਸੀ। ਕੁਵੈਤੋਂ ਆ ਕੇ ਤੂੰ ਕਿਸੇ ਦੀ ਧੀ ਨੂੰ ਹੱਥ ਪਾ ਲਿਆ ਸੀ ਤੇ ਤੇਰੇ ਚੰਗੀ ਵੱਢ ਪਈ ਸੀ। ਅੱਜ ਦੇਖ ਲੈ, ਪਤਾ ਨਹੀਂ ਕਿੰਨੇ ਲੋਕ ਤੇਰੇ ਘਰੋਂ ਰੱਜ ਕੇ ਜਾ ਰਹੇ ਨੇ, ਪਰ ਤੇਰੀ ਬੇਬੇ ਤਾਂ ਭੁੱਖੇ ਢਿੱਡ ਹੀ ਮਰ ਗਈ।" ਪਾਲ ਨੇ ਵੀ ਗੱਲੀਂ-ਬਾਤੀਂ ਰਾਣਾ ਸਾਹਿਬ ਦੀ ਚੰਗੀ ਤਹਿ ਲਾ ਦਿੱਤੀ।

"ਪਾਲ! ਮੂੰਹ ਸੰਭਾਲ ਕੇ ਬੋਲ। ਕਿਹੋ ਜਿਹੀਆਂ ਬੇਹੂਦਾ ਗੱਲਾਂ ਕਰਦਾ ਏਂ। ਤੈਨੂੰ ਪਤਾ ਹੈ ਤੂੰ ਕਿੱਥੇ ਖੜ੍ਹਾ ਭੌਂਕ ਰਿਹਾ ਏਂ।" ਰਾਣਾ ਸਾਹਿਬ ਅੱਗ ਭਬੂਕਾ ਹੁੰਦਾ ਬੋਲਿਆ।

"ਮੈਂ ਜੋ ਬੋਲਿਆ, ਕੀ ਝੂਠ ਐ? ਜੇ ਇੰਨਾ ਦੁੱਖ ਲੱਗਦੈ ਤਾਂ ਪਹਿਲਾਂ ਮੂੰਹ ਸੰਭਾਲ ਕੇ ਗੱਲ ਕਰਦਾ। ਉਨ੍ਹਾਂ ਦੇ ਪੈਸੇ ਵਾਪਸ ਕਰਦਾ ਜਿਨ੍ਹਾਂ ਨੂੰ ਪਿੰਡ ਲਾਰੇ ਲਾ ਕੇ ਆਇਆਂ। ਬਣਿਆ ਫਿਰਦੈ ਰਾਣਾ ਸਾਹਿਬ। ਸਾਲਾ ਦਲੀਆ ਚੋਰ।" ਪਾਲ ਨੇ ਦੂਜੇ ਮੋੜੇ ਰਾਣਾ ਵੱਤ ਕਰ ਦਿੱਤਾ।

ਦੂਜੇ ਪ੍ਰਾਹੁਣਿਆਂ ਨੇ ਵਿਚ ਪੈ ਕੇ ਦੋਵਾਂ ਨੂੰ ਟਿਕਾ ਦਿੱਤਾ। ਡੀ.ਜੇ. ਦੇ ਰੌਲੇ ਵਿਚ ਪਤਾ ਨਾ ਲੱਗਿਆ ਕਿ ਰਾਣਾ ਸਾਹਿਬ ਦੀ ਕਿੰਨੀ ਕੁ ਤਹਿ ਲੱਗ ਗਈ। 'ਘਰ ਦਾ ਭੇਤੀ, ਲੰਕਾ ਢਾਹੇ' ਦੀ ਕਹਾਵਤ ਵਾਂਗ ਪਾਲ ਨੇ ਰਾਣੇ ਦੀ ਅਮੀਰੀ ਤੇ ਹੰਕਾਰ ਦਾ ਮਹਿਲ ਪਲ 'ਚ ਢਹਿ ਢੇਰੀ ਕਰ ਦਿੱਤਾ। ਜਿਥੋਂ ਰਾਣਾ ਤੁਰਿਆ ਸੀ, ਉਸੇ ਥਾਂ ਬਿਠਾ ਦਿੱਤਾ।

ਫਿਰ ਸਟੇਜ ਤੋਂ ਅਨਾਊਂਸ ਹੋਇਆ ਕਿ ਹੁਣ ਐਂਜਲੀਨਾ ਰਾਣਾ ਤੁਹਾਨੂੰ ਆਪਣੇ ਡਾਂਸ ਰਾਹੀਂ ਆਪਣੇ ਅਮਰੀਕਨ ਹੋਣ ਦਾ ਪੱਕਾ ਸਬੂਤ ਪੇਸ਼ ਕਰੇਗੀ। ਤਨ 'ਤੇ ਲਟਕ ਰਹੇ ਕੱਪੜੇ ਦੇ ਛੋਟੇ ਟੁਕੜੇ ਦੱਸ ਰਹੇ ਸਨ ਕਿ ਐਂਜਲੀਨਾ ਰਾਣਾ ਸਾਹਿਬ ਤੋਂ ਬਾਹਰ ਹੋ ਚੁੱਕੀ ਹੈ।

ਐਂਜਲੀਨਾ ਰਾਣਾ ਦੇ ਡਾਂਸ ਅਤੇ ਕੱਪੜਿਆਂ ਨੇ ਦੱਸ ਦਿੱਤਾ ਸੀ ਕਿ ਜਦੋਂ ਸ਼ਰਮ ਦਾ ਘੁੰਡ ਚੁੱਕਿਆ ਜਾਵੇ, ਫਿਰ ਰੰਗਲੇ ਦੁਪੱਟਿਆਂ ਦੀ ਲੋੜ ਨਹੀਂ ਹੁੰਦੀ। ਧੀ ਦੇ ਡਾਂਸ ਉਤੇ ਡਾਲਰਾਂ ਦਾ ਮੀਂਹ ਵਰ੍ਹਾਉਂਦਾ ਰਾਣਾ ਉਦੋਂ ਬੇਹੋਸ਼ ਹੋ ਗਿਆ ਜਦੋਂ ਸਾਰਿਆਂ ਦੇ ਸਾਹਮਣੇ ਐਂਜਲੀਨਾ ਨੇ ਅਫਰੀਕੀ ਮੂਲ ਦੇ ਕਾਲੇ ਨੂੰ ਆਪਣਾ ਜੀਵਨ ਸਾਥੀ ਬਣਾਉਣ ਦਾ ਐਲਾਨ ਕਰ ਦਿੱਤਾ। ਸਾਰੇ ਪ੍ਰਾਹੁਣੇ ਹੈਰਾਨ ਹੋ ਗਏ ਕਿ ਐਂਜਲੀਨਾ ਨੇ ਇਹ ਕੀ ਕੀਤਾ?

ਦਿਆਲ ਨੇ ਐਂਬੂਲੈਂਸ ਨੂੰ ਕਾਲ ਕਰ ਦਿੱਤੀ। ਰੰਗ ਵਿਚ ਭੰਗ ਪੈ ਗਿਆ। ਚਾਨਣ ਦੀਆਂ ਲੜੀਆਂ ਅੱਧ ਵਿਚਕਾਰੋਂ ਟੁੱਟ ਗਈਆਂ। 'ਆਪੇ ਮੈਂ ਮੱਥਾ ਟੇਕਾਂ, ਆਪੇ ਮੈਂ ਬੁੱਢ ਸੁਹਾਗਣ', ਕਹਿ ਕੇ ਐਂਜਲੀਨਾ ਕਾਲੇ ਨਾਲ ਕਾਰ ਵਿਚ ਬੈਠ ਗਈ। ਜਦੋਂ ਰਾਣਾ ਸਾਹਿਬ ਹਸਪਤਾਲ ਵਿਚੋਂ ਬਾਹਰ ਆਏ ਤਾਂ ਬਹੁਤ ਦੇਰ ਹੋ ਚੁੱਕੀ ਸੀ। ਅਲੀਸ਼ਾਨ ਮਕਾਨ ਤਾਂ ਕੋਈ ਸੁੰਨੀ ਥਾਂ ਲੱਗ ਰਿਹਾ ਸੀ। ਨੀਂਹਾਂ 'ਚੋਂ ਛੱਤਿਆ ਬਿਜਨੈਸ ਬਨੇਰਿਆਂ ਤੋਂ ਢਹਿਣਾ ਸ਼ੁਰੂ ਹੋ ਗਿਆ। ਰਾਣੇ ਦੇ ਹੰਕਾਰ ਨੇ ਘਰ ਅਤੇ ਬਿਜਨੈਸ ਖਾਲੀ ਵਿਹੜੇ ਵਿਚ ਤਬਦੀਲ ਕਰ ਦਿੱਤਾ। ਰਾਣਾ ਭੁੱਲ ਗਿਆ ਸੀ ਕਿ ਉਚਾ ਬੋਲ ਨਾ ਬੋਲੀਏ, ਕਰਤਾਰੋਂ ਡਰੀਏ। ਹੁਣ ਚਿੜੀਆਂ ਖੇਤ ਚੁਗ ਗਈਆਂ ਸਨ, ਖੇਤਾਂ ਵਿਚ ਡਰਨੇ ਗੱਡੇ ਕਿਸ ਕੰਮ ਆਉਣੇ ਸਨ?

ਰਾਣੇ ਦੇ ਯਾਰ-ਦੋਸਤ ਮਿੱਠੇ 'ਤੇ ਮੱਖੀਆਂ ਨਿਕਲੇ। 'ਪੈਸਾ ਨਹੀਂ ਪਾਸ, ਰੂਠ ਗਏ ਵੋਹ ਜੋ ਹੋਤੇ ਥੇ ਖਾਸ।' ਆਖਰ ਦਿਆਲ ਅਤੇ ਪਾਲ ਕੰਮ ਆਏ ਜਿਨ੍ਹਾਂ ਡਿੱਗੇ ਪਏ ਨੂੰ ਸਹਾਰਾ ਦਿੱਤਾ ਤੇ ਤੁਰਨ ਜੋਗਾ ਕੀਤਾ। ਰਾਣਾ ਅੱਜ ਛੋਟੀ ਜਿਹੀ ਦੁਕਾਨ ਚਲਾ ਕੇ ਗੁਜ਼ਾਰਾ ਕਰਦਾ ਹੈ। ਹੰਕਾਰ ਵਾਲੀ ਗਾਨੀ ਦੇ ਮਣਕੇ ਜ਼ਮੀਨ ਵਿਚ ਦੱਬ ਕੇ ਨਾਮ ਦੀ ਕਿਆਰੀ ਬੀਜ ਕੇ 'ਲੋਕ ਸੁਖੀਏ ਪ੍ਰਲੋਕ ਸੁਹੇਲੇ' ਕਰਨ ਦੇ ਯਤਨਾਂ ਵਿਚ ਰਹਿੰਦਾ ਹੈ।

# ਜਿਥੇ ਮੁੱਲ ਵਿਕੇਂਦਾ ਰੱਬ...

## ਖਰੀ ਗੱਲ

ਰੱਬ ਮੁੱਲ ਵਿਕਦਾ ਹੈ, ਇਹ ਪੜ੍ਹ ਕੇ ਹੈਰਾਨੀ ਜਿਹੀ ਹੁੰਦੀ ਹੈ ਅਤੇ ਹਰ ਕੋਈ ਇਹੀ ਸੋਚਦਾ ਹੈ ਕਿ ਰੱਬ ਨੂੰ ਤਾਂ ਅਜੇ ਤੱਕ ਕਿਸੇ ਨੇ ਦੇਖਿਆ ਨਹੀਂ, ਫਿਰ ਮੁੱਲ ਕਿਵੇਂ ਵਿਕਦਾ ਹੈ? ਵਾਕਿਆ ਹੀ ਸੋਚਣ ਵਾਲੀ ਗੱਲ ਹੈ। ਉਂਜ, ਜੇ ਦੁਨੀਆ ਦੇ ਕਿਸੇ ਵੀ ਬੰਦੇ ਨੂੰ ਪੁੱਛਿਆ ਜਾਵੇ ਕਿ ਰੱਬ ਕਿੰਨੇ ਹਨ ਤਾਂ ਜਵਾਬ ਹੋਵੇਗਾ, ਰੱਬ ਤਾਂ ਇਕ ਹੀ ਹੈ।

ਬੌਬ ਖਹਿਰਾ, ਮਿਸ਼ੀਗਨ
ਫੋਨ:734-925-0177

ਸਾਰੇ ਹੀ ਧਰਮਾਂ ਵਾਲੇ ਆਪੋ-ਆਪਣੇ ਰੱਬ ਦਾ ਦਾਅਵਾ ਕਰਦੇ ਹਨ। ਸਾਰੇ ਧਰਮ ਇਹ ਵੀ ਕਹਿੰਦੇ ਹਨ, ਰੱਬ ਤਾਂ ਇਕ ਹੀ ਹੁੰਦਾ ਹੈ ਪਰ ਰਾਹ ਵੱਖਰੇ ਹਨ। ਫਿਰ ਕਿਸੇ ਵੀ ਧਰਮ ਵਾਲੇ ਨੂੰ ਜਦੋਂ ਪੁੱਛੋ ਕਿ ਰੱਬ ਕਿੱਥੇ ਰਹਿੰਦਾ ਹੈ, ਤਾਂ ਹਰ ਇਕ ਦੀ ਰਾਇ ਵੱਖੋ-ਵੱਖਰੀ ਹੁੰਦੀ ਹੈ। ਕੋਈ ਕਹਿੰਦਾ ਹੈ ਕਿ ਰੱਬ ਉਪਰ ਹੈ, ਕੋਈ ਕਹਿੰਦਾ ਹੈ ਕਿ ਰੱਬ ਕਣ-ਕਣ ਵਿਚ ਮੌਜੂਦ ਹੈ, ਅਤੇ ਕੋਈ ਕਹਿੰਦਾ ਹੈ ਕਿ ਰੱਬ ਤਾਂ ਦਿਲਾਂ ਦੇ ਅੰਦਰ ਹੁੰਦਾ ਹੈ। ਇਸ ਦੇ ਬਾਵਜੂਦ ਸਾਰੇ ਹੀ ਧਰਮਾਂ ਵਾਲਿਆਂ ਨੇ ਰੱਬ ਦੇ ਵੱਖ-ਵੱਖ ਘਰ ਬਣਾਏ ਹੋਏ ਹਨ। ਫਿਰ ਉਹ ਇਹ ਵੀ ਕਹਿੰਦੇ ਹਨ ਕਿ ਰੱਬ ਇਨ੍ਹਾਂ ਘਰਾਂ ਵਿਚ ਰਹਿੰਦਾ ਹੈ। ਸਾਰੇ ਹੀ ਧਰਮਾਂ ਵਾਲਿਆਂ ਨੇ ਆਪਣੇ ਰੱਬ ਦੇ ਘਰ ਵਿਚ ਧਾਰਮਿਕ ਗ੍ਰੰਥ ਰੱਖੇ ਹੋਏ ਹਨ; ਈਸਾਈਆਂ ਨੇ ਬਾਈਬਲ, ਹਿੰਦੂਆਂ ਨੇ ਗੀਤਾ, ਇਸਲਾਮ ਨੇ ਕੁਰਾਨ ਅਤੇ ਸਿੱਖਾਂ ਨੇ ਗੁਰੂ ਗ੍ਰੰਥ ਸਾਹਿਬ।

ਇਨ੍ਹਾਂ ਸਭ ਧਰਮ ਗ੍ਰੰਥਾਂ ਦੇ ਰਚਨਾਹਾਰ ਸਭ ਜਿਉਂਦੇ-ਜਾਗਦੇ ਇਨਸਾਨ ਸਨ ਅਤੇ ਇਨ੍ਹਾਂ ਨੇ ਵੀ ਮਾਂ ਦੇ ਪੇਟ ਵਿਚੋਂ ਹੀ ਜਨਮ ਲਿਆ ਸੀ ਅਤੇ ਆਮ ਇਨਸਾਨਾਂ ਵਾਂਗ ਗ੍ਰਹਿਸਥ ਜੀਵਨ ਬਤੀਤ ਕੀਤਾ, ਵਿਆਹ ਕਰਵਾਏ, ਬੱਚੇ ਪੈਦਾ ਕੀਤੇ। ਇਨਸਾਨ ਨੂੰ ਜ਼ਿੰਦਗੀ ਜਿਉਣ ਲਈ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ, ਉਹ ਸਭ ਉਨ੍ਹਾਂ ਨੇ ਆਪਣੀ ਸਮਝ ਦੇ ਹਿਸਾਬ ਨਾਲ ਧਾਰਮਿਕ ਗ੍ਰੰਥਾਂ ਵਿਚ ਲਿਖ ਦਿੱਤਾ। ਹਰ ਧਰਮ ਵਾਲੇ ਇਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਦਾ ਧਰਮ ਉਤਮ ਹੈ। ਉਹ ਤੁਹਾਨੂੰ ਬੜੀ ਜਲਦੀ ਰੱਬ ਦੇ ਦਰਸ਼ਨ ਕਰਵਾਉਣ ਦਾ ਦਾਅਵਾ ਕਰਦੇ ਹਨ (ਜੋ ਅਜੇ ਤੱਕ ਕਿਸੇ ਨੂੰ ਨਹੀਂ ਹੋਏ)।

ਜੇ ਸਾਰੇ ਧਰਮਾਂ ਜਾਂ ਉਨ੍ਹਾਂ ਦੇ ਧਰਮ ਗ੍ਰੰਥਾਂ ਬਾਰੇ ਖੋਜ ਕਰੀਏ ਤਾਂ ਪਤਾ ਲੱਗਦਾ ਹੈ ਕਿ ਤਿੰਨ ਧਰਮ-ਈਸਾਈ, ਹਿੰਦੂ ਤੇ ਇਸਲਾਮ-ਬਹੁਤ ਪੁਰਾਣੇ ਹਨ। ਇਨ੍ਹਾਂ ਤਿੰਨਾਂ ਵਿਚ ਬਹੁਤ ਜ਼ਿਆਦਾ ਕੁਝ ਇਕੋ ਜਿਹਾ ਹੀ ਲਿਖਿਆ ਹੋਇਆ ਹੈ। ਸਿੱਖ ਧਰਮ, ਜੋ ਸਭ ਤੋਂ ਬਾਅਦ ਵਿਚ ਹੋਂਦ ਵਿਚ ਆਇਆ, ਵਿਚ ਦੂਜੇ ਧਰਮਾਂ ਵਿਚ ਦਾਖਲ ਹੋ ਚੁੱਕੀਆਂ ਕੁਰੀਤੀਆਂ ਅਤੇ ਗਲਤ ਗੱਲਾਂ ਨੂੰ ਨਕਾਰਿਆ ਗਿਆ ਹੈ। ਇਸ ਵਿਚ ਦੂਜੇ ਧਰਮਾਂ ਵਿਚ ਆਣ ਵੜੇ ਕਰਮਕਾਂਡ ਅਤੇ ਅੰਧਵਿਸ਼ਵਾਸ ਨੂੰ ਬਾਹਰ ਕੱਢ ਦਿੱਤਾ ਗਿਆ ਹੈ (ਇਹ ਗੱਲ ਬਿਲਕੁਲ ਵੱਖਰੀ ਹੈ ਕਿ ਅੱਜ ਅਸੀਂ ਉਹ ਸਭ ਚੰਗੀਆਂ ਗੱਲਾਂ ਤਿਆਗ ਕੇ ਫਿਰ ਪਾਖੰਡਵਾਦ ਦੇ ਰਾਹ ਪੈ ਗਏ ਹਾਂ)।

ਹਰ ਇਨਸਾਨ ਕਦੇ ਨਾ ਕਦੇ ਇਹ ਸੋਚਦਾ ਹੈ ਕਿ ਰੱਬ ਕਿੱਥੇ ਹੈ ਅਤੇ ਉਹ ਕਿਸ ਤਰ੍ਹਾਂ ਦਾ ਹੈ? ਇਹ ਸਭ ਧਰਮਾਂ ਵਾਲੇ ਜੋ ਹੁਣ ਰੱਬ ਦੇ ਏਜੰਟ ਬਣੇ ਹੋਏ ਹਨ, ਪੈਸਾ ਇਕੱਠਾ ਕਰਨ ਲਈ ਰੱਬ ਨੂੰ ਪਾਉਣ ਦੇ ਵੱਖ-ਵੱਖ ਤਰੀਕੇ ਲੋਕਾਂ ਨੂੰ ਦੱਸਦੇ ਹਨ। ਕਈ ਸਦੀਆਂ ਤੋਂ ਇਨ੍ਹਾਂ ਦੇ ਦੱਸੇ ਤਰੀਕੇ ਅਪਨਾਏ ਜਾ ਰਹੇ ਹਨ ਪਰ ਰੱਬ ਅਜੇ ਤੱਕ ਕਿਸੇ ਨੂੰ ਨਹੀਂ ਮਿਲਿਆ। ਹੁਣ ਤਾਂ ਇਨ੍ਹਾਂ ਤੋਂ ਵੀ ਅਗਾਂਹ ਹੋਰ ਬਹੁਤ ਸਾਰੇ ਏਜੰਟ ਪੈਦਾ ਹੋ ਗਏ ਹਨ। ਇਨ੍ਹਾਂ ਵਿਚ ਸਾਧ, ਬਾਬੇ, ਜੋਤਸ਼ੀ, ਪੰਡਿਤ, ਪੁਜਾਰੀ, ਪੀਰ, ਪ੍ਰਵਚਨ ਕਰਨ ਵਾਲੇ ਅਤੇ ਹੋਰ ਪਾਖੰਡੀ ਸ਼ਾਮਲ ਹਨ ਜੋ ਰੱਬ ਨੂੰ ਮਿਲਾਉਣ ਅਤੇ ਤੁਹਾਡੀ ਜ਼ਿੰਦਗੀ ਦੀਆਂ ਸਭ ਦੁੱਖ-ਤਕਲੀਫਾਂ ਚੁਟਕੀ ਵਿਚ ਹੀ ਖਤਮ ਕਰਨ ਦੇ ਦਾਅਵੇ ਕਰਦੇ ਹਨ ਅਤੇ ਤੁਹਾਡੀ ਕਮਾਈ ਦਾ ਚੋਖਾ ਹਿੱਸਾ ਹੜੱਪ ਜਾਂਦੇ ਹਨ। ਇਨ੍ਹਾਂ ਸਾਰਿਆਂ ਨੇ ਰੱਬ ਨੂੰ ਮਿਲਾਉਣ ਦੇ ਵੱਖਰੇ ਢੰਗ ਦੱਸਣੇ ਹੁੰਦੇ ਹਨ। ਸਾਰਿਆਂ ਦੀ ਹੀ ਵੱਖਰੀ ਵੱਖਰੀ ਫੀਸ ਹੁੰਦੀ ਹੈ। ਇਹ ਹੁਣ ਰੱਬ ਨੂੰ ਮਿਲਣ ਵਾਲੇ 'ਤੇ ਨਿਰਭਰ ਹੈ ਕਿ ਉਸ ਨੇ ਕਿੰਨੀ ਕੀਮਤ ਅਦਾ ਕਰਨੀ ਹੈ।

ਧਰਮਾਂ ਵਾਲੇ ਇਹ ਕਹਿੰਦੇ ਹਨ ਕਿ ਅਸੀਂ ਜੋ ਰੱਬ ਦੇ ਘਰ ਬਣਾਏ ਹਨ, ਤੁਸੀਂ ਇੱਥੇ ਆਓ ਅਤੇ ਚੜ੍ਹਾਵਾ ਚੜ੍ਹਾਓ। ਇੱਥੇ ਸਭ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ਕਿਸੇ ਵੀ ਧਰਮ ਗ੍ਰੰਥ ਵਿਚ ਇਹ ਨਹੀਂ ਲਿਖਿਆ ਕਿ ਤੁਸੀਂ ਧਾਰਮਿਕ ਸਥਾਨ 'ਤੇ ਹੀਰੇ, ਜਵਾਹਰਾਤ, ਸੋਨਾ ਜਾਂ ਸੋਨੇ ਦੇ ਜ਼ੇਵਰ ਜਾਂ ਪੈਸੇ ਚੜ੍ਹਾਉਗੇ ਤਦ ਹੀ ਰੱਬ ਮਿਲੇਗਾ। ਫਿਰ ਇਹ ਟਨਾਂ ਦੇ ਹਿਸਾਬ ਨਾਲ ਸੋਨਾ, ਹੀਰੇ ਅਤੇ ਅਰਬਾਂ ਰੁਪਏ ਲੋਕ ਕਿਉਂ ਚੜ੍ਹਾਉਂਦੇ ਹਨ? ਰੱਬ ਲਈ ਸਾਧ, ਬਾਬੇ, ਜੋਤਸ਼ੀ, ਜਾਂ ਧਾਗੇ-ਤਵੀਤਾਂ ਵਾਲੇ ਤੁਹਾਨੂੰ ਬਹੁਤ ਸਸਤੇ ਵਿਚ ਮਨਾ ਲੈਂਦੇ ਹਨ। ਜਿਥੇ ਧਰਮਾਂ ਵਾਲੇ ਸੋਨੇ, ਹੀਰੇ, ਕੰਬਲ, ਰੁਮਾਲੇ, ਦੇਗਾਂ, ਪ੍ਰਸ਼ਾਦ ਆਦਿ ਚੜ੍ਹਾਉਣ ਲਈ ਪ੍ਰੇਰਦੇ ਹਨ, ਇਹ ਦੂਜੀ ਕਿਸਮ ਦੇ ਲੋਕ ਇਲਾਇਚੀਆਂ ਜਾਂ ਧਾਗਿਆਂ ਆਦਿ ਨਾਲ ਹੀ ਰੱਬ ਪਾਉਣ ਦਾ ਦਾਅਵਾ ਕਰਦੇ ਹਨ। ਹੁਣ ਇਹ ਤੁਹਾਡੇ ਉਤੇ ਹੈ ਕਿ ਤੁਸੀਂ ਕਿਹੜਾ ਰਾਹ ਚੁਣਨਾ ਹੈ? ਰੱਬ ਤੁਹਾਨੂੰ ਹਰ ਕੀਮਤ ਉਤੇ ਮਿਲ ਜਾਵੇਗਾ, ਇਹ ਦਾਅਵਾ ਇਨ੍ਹਾਂ ਲੋਕਾਂ ਦਾ ਹੈ!

ਸਭ ਧਰਮਾਂ ਨੇ ਰੱਬ ਦੇ ਵੱਖ-ਵੱਖ ਰੂਪ ਦੱਸੇ ਹਨ। ਸਭ ਤੋਂ ਜ਼ਿਆਦਾ ਰੱਬ ਹਿੰਦੂ ਧਰਮ ਵਿਚ ਹਨ। ਇਸ ਧਰਮ ਵਿਚ 33 ਕਰੋੜ ਦੇਵਤਿਆਂ ਦੀ ਮਾਨਤਾ ਹੈ। ਕੋਈ ਪਰਵਾਸੀ ਮਜ਼ਦੂਰ ਮਿੱਟੀ ਦੀਆਂ ਮੂਰਤੀਆਂ ਬਣਾਉਂਦਾ ਹੈ। ਉਸ ਮੂਰਤੀ ਨੂੰ ਘਰ ਜਾਂ ਮੰਦਰ ਵਿਚ ਲਿਜਾ ਕੇ ਸੋਨੇ ਹੀਰਿਆਂ ਨਾਲ ਲੱਦ ਦਿੱਤਾ ਜਾਂਦਾ ਹੈ ਅਤੇ 36 ਕਿਸਮ ਦੇ ਪਕਵਾਨ ਬਣਾ ਕੇ ਉਸ ਅੱਗੇ ਰੱਖੇ ਜਾਂਦੇ ਹਨ। ਫਿਰ ਲੋਕਾਂ ਨੂੰ ਕਿਹਾ ਜਾਂਦਾ ਹੈ ਕਿ ਇਹ ਰੱਬ ਹੈ, ਇਸ ਅੱਗੇ ਮੱਥਾ ਟੇਕੋ, ਚੜ੍ਹਾਵਾ ਚੜ੍ਹਾਓ, ਇਹ ਤੁਹਾਡੇ ਸਾਰੇ ਕੰਮ ਸਿੱਧ ਕਰ ਦੇਵੇਗਾ ਪਰ ਕਦੇ ਕਿਸੇ ਨੇ ਕਦੀ ਇਹ ਨਹੀਂ ਸੋਚਿਆ ਕਿ ਜਿਸ ਬੰਦੇ ਨੇ ਇਹ ਮੂਰਤੀ ਬਣਾਈ ਹੈ, ਉਸ ਦੇ ਘਰ ਤਾਂ ਖਾਣ ਲਈ ਰੋਟੀ ਵੀ ਨਹੀਂ ਹੈ! ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਸਾਨੂੰ ਅਜਿਹੇ ਪਾਖੰਡ ਕਰਨ ਦੀ ਜਾਂ ਕਿਤੇ ਵੀ ਜਾਣ ਦੀ ਉਕਾ ਹੀ ਲੋੜ ਨਹੀਂ ਹੈ।

ਇਕ ਪਾਸੇ ਇਹ ਵੀ ਕਿਹਾ ਜਾਂਦਾ ਹੈ ਕਿ ਬੱਚੇ ਦੇ ਜਨਮ ਸਮੇਂ ਹੀ ਸਭ ਕੁਝ ਉਸ ਦੀ ਤਕਦੀਰ ਵਿਚ ਲਿਖਿਆ ਹੁੰਦਾ ਹੈ। ਫਿਰ ਅਸੀਂ ਜਿਨ੍ਹਾਂ ਨੂੰ ਪੈਸੇ ਦੇ ਕੇ ਤਕਦੀਰਾਂ ਬਦਲਣ ਦੀ ਗੱਲ ਕਰਦੇ ਹਾਂ, ਉਨ੍ਹਾਂ ਕੋਲ ਰੱਬ ਕਿਵੇਂ ਆ ਗਿਆ ਭਲਾ? ਕਿਹੜੇ ਰੱਬ ਨੇ ਦੱਸਿਆ ਹੈ ਕਿ ਜੇ ਤੁਸੀਂ ਇਸ ਤਰ੍ਹਾਂ ਕਰੋਗੇ ਤਾਂ ਉਹ ਤਕਦੀਰਾਂ ਬਦਲ ਦੇਵੇਗਾ? ਦੋਸਤੋ! ਸਾਧ, ਨੇਤਾ, ਪੁਜਾਰੀ ਅਤੇ ਮਾਫੀਆ ਸਭ ਇਕੱਠੇ ਹੋ ਗਏ ਹਨ ਅਤੇ ਇਹ ਇਕ ਦੂਜੇ ਦੀ ਵੋਟਾਂ ਅਤੇ ਨੋਟਾਂ ਨਾਲ ਮਦਦ ਕਰਦੇ ਹਨ। ਨਾਲ ਹੀ ਆਮ ਲੋਕਾਂ ਦੇ ਦਿਲਾਂ ਵਿਚ ਡਰ, ਵਹਿਮ ਅਤੇ ਲਾਲਚ ਭਰਿਆ ਜਾਂਦਾ ਹੈ। ਜਿੰਨਾ ਚਿਰ ਅਸੀਂ ਇਹ ਡਰ, ਵਹਿਮ ਅਤੇ ਲਾਲਚ ਤਿਆਗ ਨਹੀਂ ਦਿੰਦੇ ਅਤੇ ਮਸੰਦਾਂ ਦੀਆਂ ਝੋਲੀਆਂ ਭਰਦੇ ਰਹਾਂਗੇ, ਉਨਾ ਚਿਰ ਇਹ ਲੋਕ ਸਾਡੀ ਹੱਕ-ਸੱਚ ਦੀ ਕਮਾਈ ਨੂੰ ਇੰਜ ਹੀ ਡਕਾਰਦੇ ਰਹਿਣਗੇ। ਫਿਰ ਇਸੇ ਤਰ੍ਹਾਂ ਹੀ ਰੱਬ ਦੀ ਖਰੀਦੋ-ਫਰੋਖਤ ਜਾਰੀ ਰਹੇਗੀ।

ਮੈਂ ਰੱਬ ਦੇ ਇਨ੍ਹਾਂ ਦਲਾਲਾਂ ਨੂੰ ਖੁੱਲ੍ਹਾ ਚੈਲਿੰਜ ਕਰਦਾ ਹਾਂ। ਪੰਜਾਬ ਵਿਚ ਵੀ ਇਕ ਸੰਸਥਾ ਨੇ ਇਸ ਤਰ੍ਹਾਂ ਦਾ ਚੈਲਿੰਜ ਕੀਤਾ ਹੋਇਆ ਹੈ ਅਤੇ 25 ਲੱਖ ਰੁਪਏ ਦਾ ਇਨਾਮ ਰੱਖਿਆ ਹੋਇਆ ਹੈ। ਇਸੇ ਤਰ੍ਹਾਂ ਟੋਰਾਂਟੋ (ਕੈਨੇਡਾ) ਵਿਚ ਵੀ ਇਕ ਸੰਸਥਾ ਨੇ ਇਕ ਲੱਖ ਡਾਲਰ ਦਾ ਇਨਾਮ ਰੱਖਿਆ ਹੋਇਆ ਹੈ। ਚੌਵੀ ਘੰਟੇ, ਤਿੰਨ ਜਾਂ ਸਤ ਦਿਨਾਂ ਵਿਚ ਕਸ਼ਟ ਦੂਰ ਕਰਨ ਵਾਲੇ ਪੀਰ ਬਾਬਿਆਂ ਅਤੇ ਹੋਰਨਾਂ ਨੂੰ ਵੀ ਖੁੱਲ੍ਹਾ ਚੈਲਿੰਜ ਹੈ ਕਿ ਉਹ ਆਪਣੀ ਸ਼ਕਤੀ ਦਿਖਾਉਣ ਅਤੇ ਇਨਾਮ ਜਿੱਤ ਲੈਣ ਜਾਂ ਫਿਰ ਰੱਬ ਬਾਰੇ ਕੀਤਾ ਜਾ ਰਿਹਾ ਝੂਠਾ ਪ੍ਰਚਾਰ ਬੰਦ ਕਰ ਦੇਣ।

ਦੋਸਤੋ! ਜੇ ਤੁਸੀਂ ਸੱਚੀ ਅਤੇ ਸੁੱਚੀ ਕਿਰਤ ਕਰਦੇ ਹੋ, ਹੇਰਾ-ਫੇਰੀ ਜਾਂ ਬੇਈਮਾਨੀ ਨਹੀਂ ਕਰਦੇ ਤਾਂ ਫਿਰ ਤੁਹਾਨੂੰ ਕਿਤੇ ਵੀ ਜਾਣ ਦੀ ਜ਼ਰੂਰਤ ਨਹੀਂ ਹੈ। ਨਾ ਹੀ ਕਿਤੇ ਭੁੱਲਾਂ ਮੁਆਫ ਕਰਵਾਉਣ ਦੀ ਹੀ ਲੋੜ ਹੈ। ਜਦੋਂ ਤੁਸੀਂ ਪਾਪ ਹੀ ਨਹੀਂ ਕਰਦੇ ਤਾਂ ਫਿਰ ਤੁਹਾਨੂੰ ਕਿਸੇ ਤੋਂ ਡਰਨ ਦੀ ਕੀ ਜ਼ਰੂਰਤ ਹੈ? ਡਰਨ ਤਾਂ ਇਹ ਅਖੌਤੀ ਪੀਰ ਬਾਬੇ ਜੋ ਲੋਕਾਂ ਨੂੰ ਝੂਠ ਬੋਲ ਕੇ ਮੂਰਖ ਬਣਾਉਂਦੇ ਹਨ। ਜਦੋਂ ਇਨ੍ਹਾਂ ਸਾਰੇ ਮਸੰਦਾਂ ਦੀਆਂ ਝੋਲੀਆਂ ਭਰਨੀਆਂ ਬੰਦ ਹੋਈਆਂ ਤਾਂ ਫਿਰ ਆਪਣੇ ਆਪ ਹੀ ਰੱਬ ਦਾ ਮੁੱਲ ਲੱਗਣਾ ਬੰਦ ਹੋ ਜਾਵੇਗਾ। ਧਰਮਾਂ ਦੇ ਨਾਂ 'ਤੇ ਲੋਕਾਂ ਨੂੰ ਆਪਸ ਵਿਚ ਲੜਾ ਕੇ ਜੋ ਮਰਵਾ ਦਿੱਤਾ ਜਾਂਦਾ ਹੈ, ਉਹ ਵੀ ਬੰਦ ਹੋ ਜਾਵੇਗਾ। ਹਜ਼ਾਰਾਂ ਲੱਖਾਂ ਲੋਕਾਂ ਦੀਆਂ ਜਾਨਾਂ ਲੈ ਕੇ ਰੱਬ ਨੂੰ ਖੁਸ਼ ਕਰਨਾ ਤਾਂ ਬਹੁਤ ਵੱਡੀ ਕੀਮਤ ਹੈ। ਇਹ ਕੀਮਤ ਮਨੁੱਖਤਾ ਤੋਂ ਚੁਕਾਈ ਨਹੀਂ ਜਾਂਦੀ!

# ਕਵਨ ਸੁਰਗ; ਕਹਾਂ ਨਰਕ

ਪਿਛਲੇ ਲੇਖ ਵਿਚ ਅਸੀਂ ਇਸ ਵਿਸ਼ੇ 'ਤੇ ਵਿਚਾਰ-ਚਰਚਾ ਕੀਤੀ ਸੀ ਕਿ ਜੀਵਨ ਕਿਸ ਨੂੰ ਕਹਿੰਦੇ ਹਨ ਅਤੇ ਮੌਤ ਕੀ ਹੈ? ਉਸ ਤੋਂ ਅਗਲਾ ਪ੍ਰਸ਼ਨ ਹੈ, ਸਵਰਗ ਕੀ ਹੈ ਅਤੇ ਨਰਕ ਕਿਸ ਨੂੰ ਕਹਿੰਦੇ ਹਨ? ਜੀਵਨ ਅਤੇ ਮੌਤ ਸਬੰਧੀ ਹਰ ਧਰਮ ਦਾ ਆਪਣਾ ਸੰਕਲਪ ਅਤੇ ਆਪਣਾ ਨਜ਼ਰੀਆ ਹੈ ਪਰ ਸਾਡਾ ਮੁੱਖ ਮੰਤਵ ਇਨ੍ਹਾਂ ਸੰਕਲਪਾਂ ਨੂੰ ਸਿੱਖ ਧਰਮ-ਚਿੰਤਨ ਦੀ ਰੌਸ਼ਨੀ ਵਿਚ ਦੇਖਣਾ ਸੀ। ਇਸੇ ਤਰ੍ਹਾਂ ਸਵਰਗ ਅਤੇ ਨਰਕ ਪ੍ਰਤੀ ਵੀ ਹਰ ਧਰਮ ਦੇ ਆਪਣੇ ਵਿਚਾਰ ਹਨ ਪਰ ਸਾਡਾ ਸਬੰਧ ਇਸ ਨਾਲ ਹੈ ਕਿ ਸਿੱਖ ਧਰਮ-ਚਿੰਤਨ ਵਿਚ ਸਵਰਗ ਅਤੇ ਨਰਕ ਪ੍ਰਤੀ ਕੀ ਵਿਚਾਰ ਪਾਏ ਜਾਂਦੇ ਹਨ? ਸਵਰਗ ਧਾਰਮਿਕ-ਬ੍ਰਹਿਮੰਡਕ ਅਰਥਾਤ ਪਰਾਭੌਤਿਕ ਪਦ ਹੈ ਜਿਥੇ ਦੈਵੀ ਹਸਤੀਆਂ ਪੈਦਾ ਹੁੰਦੀਆਂ ਅਤੇ ਰਹਿੰਦੀਆਂ ਹਨ। ਆਮ ਤੌਰ 'ਤੇ ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਦੈਵੀ ਹਸਤੀਆਂ ਸਵਰਗ ਤੋਂ



ਡਾ. ਗੁਰਨਾਮ ਕੌਰ

ਅਵਤਾਰ ਧਾਰ ਕੇ ਸੰਸਾਰ ਦੇ ਉਧਾਰ ਲਈ ਨੀਚੇ ਸੰਸਾਰ ਵਿਚ ਆਉਂਦੀਆਂ ਹਨ ਅਤੇ ਸੰਸਾਰੀ ਜੀਵ ਆਪਣੇ ਇਥੇ ਕੀਤੇ ਚੰਗੇ ਕਰਮਾਂ ਦੇ ਕਾਰਨ ਸਵਰਗ ਵਿਚ ਸਥਾਨ ਗ੍ਰਹਿਣ ਕਰਦੇ ਹਨ।

ਸਵਰਗ ਦੇ ਬਿਲਕੁਲ ਉਲਟ ਨਰਕ ਦਾ ਸੰਕਲਪ ਹੈ ਜੋ ਇੱਕ ਤਰ੍ਹਾਂ ਨਾਲ ਸਭ ਤੋਂ ਨੀਂਵਾਂ ਖੇਤਰ ਹੈ ਜਿਥੇ ਇਸ ਸੰਸਾਰ 'ਤੇ ਕੀਤੇ ਮੰਦੇ ਕਰਮਾਂ ਕਾਰਨ ਜੀਵ ਸਜਾ ਭੁਗਤਦੇ ਹਨ ਅਤੇ ਤਰ੍ਹਾਂ-ਤਰ੍ਹਾਂ ਦੇ ਕਸ਼ਟ ਸਹਿੰਦੇ ਹਨ। ਨਰਕ ਜਾਂ ਦੋਜ਼ਕ ਦੀ ਅੱਗ ਦੀ ਗੱਲ ਆਮ ਹੀ ਸੁਣੀ ਜਾਂਦੀ ਹੈ ਜਿਥੇ ਮੰਦੇ ਕੰਮਾਂ ਕਾਰਨ ਜੀਵਾਂ ਨੂੰ ਸੜਨਾ ਪੈਂਦਾ ਹੈ। ਵੱਖ-ਵੱਖ ਧਰਮਾਂ ਵਿਚ ਸਵਰਗ ਦਾ ਸੰਕਲਪ ਵੀ ਵੱਖੋ-ਵੱਖਰਾ ਹੈ ਜਿਵੇਂ ਬੁੱਧ ਧਰਮ ਅਨੁਸਾਰ ਸਵਰਗ ਕਈ ਹਨ ਜੋ ਸੰਸਾਰ ਦਾ ਹਿੱਸਾ ਹਨ। ਜਿਹੜੇ ਅੱਛੇ ਕਰਮ ਜਮ੍ਹਾਂ ਕਰ ਲੈਂਦੇ ਉਹ ਇਨ੍ਹਾਂ ਵਿਚੋਂ ਕਿਸੇ ਇੱਕ ਖੇਤਰ ਵਿਚ ਪੈਦਾ ਹੋ ਜਾਂਦੇ ਹਨ ਪਰ ਉਨ੍ਹਾਂ ਦਾ ਸਵਰਗ ਵਿਚ ਰਹਿਣਾ ਸਦੀਵੀ ਨਹੀਂ ਕਿਉਂਕਿ ਉਨ੍ਹਾਂ ਦੇ ਕਰਮ ਦਾ ਫਲ ਭੋਗ ਲੈਣ ਤੇ ਉਹ ਕਿਸੇ ਹੋਰ ਜੂਨ ਵਿਚ, ਕਿਸੇ ਹੋਰ ਮਨੁੱਖ, ਪਸ਼ੂ ਜਾਂ ਕਿਸੇ ਵੀ ਜੀਵ ਦੇ ਰੂਪ ਵਿਚ ਦੁਬਾਰਾ ਜਨਮ ਲੈਂਦੇ ਹਨ ਕਿਉਂਕਿ ਸਵਰਗ ਸੰਸਾਰ ਦਾ ਹਿੱਸਾ ਹੈ ਅਤੇ ਥੋੜ-ਚਿਰਾ ਹੈ। ਇਹ ਜਨਮ-ਜਨਮ ਦਾ ਚੱਕਰ ਨਿਰਵਾਣ ਪ੍ਰਾਪਤ ਹੋਣ 'ਤੇ ਹੀ ਖਤਮ ਹੁੰਦਾ ਹੈ।

ਹਿੰਦੂ ਧਰਮ ਵਿਚ ਵੀ ਆਮ ਤੌਰ 'ਤੇ ਛੇ ਲੋਕ ਮੰਨੇ ਗਏ ਹਨ ਅਤੇ ਸਵਰਗ ਵਿਚ ਦੇਵਤੇ ਆਪਣੇ ਰਾਜੇ ਇੰਦਰ ਸਮੇਤ ਨਿਵਾਸ ਕਰਦੇ ਹਨ ਅਤੇ ਚੰਗੇ ਕਰਮ ਕਰਨ ਵਾਲਿਆਂ ਨੂੰ ਵੀ ਸਵਰਗ ਵਿਚ ਸਥਾਨ ਪ੍ਰਾਪਤ ਹੁੰਦਾ ਹੈ। ਸਭ ਤੋਂ ਉਪਰ ਬੈਕੁੰਠ ਨੂੰ ਮੰਨਿਆ ਗਿਆ ਹੈ ਜਿਥੇ ਮੋਕਸ਼ ਪ੍ਰਾਪਤ ਕਰ ਲੈਣ ਤੋਂ ਬਾਅਦ ਮੁਕਤ ਆਤਮਾਵਾਂ ਵੀ ਨਿਵਾਸ ਕਰਦੀਆਂ ਹਨ। ਇਹ ਲਖਸ਼ਮੀ ਅਤੇ ਨਾਰਾਇਣ ਦਾ ਨਿਵਾਸ ਸਥਾਨ ਹੈ। ਇਸਲਾਮ ਵਿਚ ਜੰਨਤ ਦਾ ਸੰਕਲਪ ਮਿਲਦਾ ਹੈ ਜਿਥੇ ਧਾਰਮਿਕ ਬੰਦਿਆਂ ਨੂੰ ਹਰ ਤਰ੍ਹਾਂ ਦਾ ਆਰਾਮ ਮਿਲਦਾ ਹੈ ਅਤੇ ਧਰਮ ਵਿਚ ਵਿਸ਼ਵਾਸ ਨਾ ਕਰਨ ਵਾਲਿਆਂ ਨੂੰ ਜੰਨਤ ਦੀ ਥਾਂ ਦੋਜ਼ਕ ਦੀ ਅੱਗ ਵਿਚ ਸੜਨਾ ਪੈਂਦਾ ਹੈ। ਸਵਰਗ ਵਿਚ ਹੂਰਾਂ ਤੋਂ ਲੈ ਕੇ ਐਸ਼ ਦੀ ਹਰ ਚੀਜ਼ ਹਾਜ਼ਰ ਹੁੰਦੀ ਹੈ।

ਸਿੱਖ ਧਰਮ-ਚਿੰਤਨ ਵਿਚ ਸਵਰਗ-ਨਰਕ ਦਾ ਇਸ ਕਿਸਮ ਦਾ ਪਰੰਪਰਕ ਸੰਕਲਪ ਪ੍ਰਾਪਤ ਨਹੀਂ ਹੈ। ਸਿੱਖ ਧਰਮ-ਚਿੰਤਨ ਅਨੁਸਾਰ ਪਰਮਾਤਮਾ ਦੇ ਚਰਨ-ਕੰਵਲਾਂ ਦੀ ਪ੍ਰੀਤ ਨੂੰ, ਉਸ ਦੇ ਪ੍ਰੇਮ ਨੂੰ ਸਭ ਤੋਂ ਉਤੇ ਮੰਨਿਆ ਗਿਆ ਹੈ ਅਤੇ ਉਸ ਦੇ ਪ੍ਰੇਮ ਦੀ ਪ੍ਰਾਪਤੀ ਨੂੰ ਸਭ ਸੁੱਖਾਂ ਅਤੇ ਪ੍ਰਾਪਤੀਆਂ ਮੰਨਿਆ ਗਿਆ ਹੈ। ਇਸੇ ਲਈ ਉਸ ਦੇ ਨਾਮ ਦੀ ਦਾਤ ਦੀ ਪ੍ਰਾਪਤੀ ਲਈ ਹੀ ਸਾਰੀ ਬਾਣੀ ਵਿਚ ਇੱਕ ਤਰ੍ਹਾਂ ਨਾਲ ਅਰਦਾਸ ਅਤੇ ਜੋਦੜੀ ਕੀਤੀ ਗਈ ਹੈ। ਗੁਰੂ ਦੇ ਰਾਹੀਂ ਹਰੀ ਦੇ ਨਾਮ ਦੀ ਪ੍ਰਾਪਤੀ ਨੂੰ ਸਭ ਤੋਂ ਉਪਰ ਅਤੇ ਅਸਲੀ ਪ੍ਰਾਪਤੀ ਮੰਨਿਆ ਗਿਆ ਹੈ। ਇਸੇ ਸਬੰਧ ਵਿਚ ਗੁਰੂ ਅਰਜਨ ਦੇਵ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਵਾਹਿਗੁਰੂ ਤੇਰੇ ਨਾਮ ਤੋਂ ਬਿਨਾ ਤੇਰੇ ਕੋਲੋਂ ਹੋਰ ਕੁੱਝ ਮੰਗਣਾ ਭਾਰੇ ਦੁੱਖ ਸਹੇੜਨਾ ਹੈ। ਮੈਨੂੰ ਆਪਣੇ ਨਾਮ ਦੀ ਦਾਤ ਬਖਸ਼ ਜਿਸ ਨਾਲ ਮੈਨੂੰ ਸੰਤੋਖ ਆ ਜਾਵੇ ਅਤੇ ਮੇਰੇ ਮਨ ਦੀ ਤ੍ਰਿਸ਼ਨਾ ਮੁੱਕ ਜਾਵੇ,

ਵਿਣੁ ਤੁਧੁ ਹੋਰੁ ਜਿ ਮੰਗਣਾ
ਸਿਰਿ ਦੁਖਾ ਕੈ ਦੁਖ॥
ਦੇਹਿ ਨਾਮੁ ਸੰਤੋਖੀਆ
ਉਤਰੈ ਮਨ ਕੀ ਭੁਖ॥ (ਪੰਨਾ 958)

ਉਪਰ ਅਸੀਂ ਇਸਲਾਮ ਦੇ ਸਬੰਧ ਵਿਚ ਗੱਲ ਕਰਦਿਆ ਦੇਖਿਆ ਹੈ ਕਿ ਇਸਲਾਮ ਅਨੁਸਾਰ ਜੰਨਤ ਵਿਚ ਹਰ ਤਰ੍ਹਾਂ ਦੇ ਸੁੱਖ, ਸੁੰਦਰ ਨਾਰੀ ਤੱਕ ਪ੍ਰਾਪਤ ਹੁੰਦੀਆਂ ਹਨ ਅਤੇ ਹਿੰਦੂ ਮਿਥਿਹਾਸ ਅਨੁਸਾਰ ਦੇਵਤਿਆਂ ਦੇ ਰਾਜੇ ਇੰਦਰ ਦੇ ਦਰਬਾਰ ਵਿਚ ਸੁੰਦਰ ਅਪੱਛਰਾਂ ਨਾਚ ਕਰਦੀਆਂ ਹਨ। ਗੁਰੂ ਨਾਨਕ ਅਨੁਸਾਰ ਪ੍ਰਭੂ ਦੇ ਨਾਮ ਦੀ ਸਿਫ਼ਤਿ-ਸਾਲਾਹ ਦੇ ਸਾਹਮਣੇ ਇਹ ਸਾਰੀਆਂ ਚੀਜ਼ਾਂ ਤੁਛ ਹਨ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਜੇ ਸਵਰਗ ਦੀਆਂ ਅਪੱਛਰਾਂ ਵੀ ਮੇਰੇ ਘਰ ਵਿਚ ਹੋਣ ਤਾਂ ਵੀ ਇਹ ਤਾਂ ਨਾਸ਼ਵਾਨ ਹਨ। ਇਨ੍ਹਾਂ ਦੇ ਮੋਹ ਵਿਚ ਫਸ ਕੇ ਮੈਂ ਤੈਨੂੰ ਨਾ ਵਿਸਾਰਾਂ। ਮੈਂ ਸਦਾ ਤੇਰੀ ਸਿਫ਼ਤਿ-ਸਾਲਾਹ ਕਰਦਾ ਰਹਾਂ ਅਤੇ ਤੇਰੀ ਵਡਿਆਈ ਕਰਨ ਦਾ ਮੇਰਾ ਚਾਅ ਨਾ ਮੁੱਕੇ,

ਸੁਰਗੈ ਦੀਆ ਮੋਹਣੀਆ
ਇਸਤ੍ਰੀਆ ਹੋਵਨਿ ਨਾਨਕ ਸਭੋ ਜਾਉ॥
ਭੀ ਤੂੰ ਹੈ ਸਾਲਾਹਣਾ
ਆਖਣ ਲਹੈ ਨ ਚਾਉ॥4॥ (ਪੰਨਾ 142)

ਨੌਵੀਂ ਨਾਨਕ ਜੋਤਿ ਗੁਰੂ ਤੇਗ ਬਹਾਦਰ ਅਨੁਸਾਰ ਉਸ ਮਨੁੱਖ ਨੂੰ ਪਰਮਾਤਮਾ ਦੀ ਨੇੜਤਾ ਪ੍ਰਾਪਤ ਕਰ ਲੈਣ ਵਾਲਾ, ਪਰਮਾਤਮਾ ਨਾਲ ਡੂੰਘੀ ਸਾਂਝ ਸਥਾਪਤ ਕਰ ਲੈਣ ਵਾਲਾ ਸਮਝਣਾ ਚਾਹੀਦਾ ਹੈ ਜਿਸ ਨੂੰ ਸਵਰਗ ਅਤੇ ਨਰਕ, ਅੰਮ੍ਰਿਤ ਅਤੇ ਜ਼ਹਿਰ ਇੱਕੋ ਜਿਹੇ ਜਾਪਦੇ ਹਨ; ਜਿਸ ਨੂੰ ਸੋਨਾ ਅਤੇ ਚਾਂਦੀ, ਉਸਤਤਿ ਅਤੇ ਨਿੰਦਾ ਭੀ ਇੱਕ ਸਮਾਨ ਹਨ; ਜਿਸ ਦੇ ਹਿਰਦੇ ਵਿਚ ਲੋਭ ਵੀ ਕੋਈ ਪ੍ਰਭਾਵ ਨਹੀਂ ਪਾ ਸਕਦਾ ਅਤੇ ਮੋਹ ਦਾ ਵੀ ਕੋਈ ਅਸਰ ਨਹੀਂ ਹੁੰਦਾ; ਅਜਿਹਾ ਮਨੁੱਖ ਹੀ ਅਸਲ ਮੁਕਤ ਹੈ ਜਿਸ ਉਤੇ ਦੁੱਖ ਅਤੇ ਸੁੱਖ ਕੋਈ ਅਸਰ ਨਹੀਂ ਕਰਦੇ ਅਤੇ ਬੰਧਨ ਦਾ ਕਾਰਨ ਨਹੀਂ ਬਣਦੇ। ਅਜਿਹੀ ਜੀਵਨ-ਜੁਗਤਿ ਦਾ ਮਾਲਕ ਮਨੁੱਖ ਹੀ ਸੰਸਾਰਕ ਬੰਧਨਾਂ ਤੋਂ ਮੁਕਤ ਹੈ। ਕਹਿਣ ਤੋਂ ਭਾਵ ਇਹੀ ਬਣਦਾ ਹੈ ਕਿ ਗੁਰਮੁਖਿ ਵਾਸਤੇ ਨਰਕ-ਸਵਰਗ ਆਦਿ ਦੀ ਨਾ ਕੋਈ ਹੋਂਦ ਹੈ ਅਤੇ ਨਾ ਹੀ ਉਸ ਨੂੰ ਅਜਿਹੀਆਂ ਪ੍ਰਾਪਤੀਆਂ ਦੀ ਕੋਈ ਇੱਛਾ ਰਹਿ ਜਾਂਦੀ ਹੈ। ਉਸ ਲਈ ਤਾਂ ਸਭ ਪ੍ਰਾਪਤੀਆਂ ਇੱਕ ਪਰਮਾਤਮਾ ਦੇ ਨਾਮ ਵਿਚ ਆ ਜਾਂਦੀਆਂ ਹਨ,

ਸੁਰਗ ਨਰਕ ਅੰਮ੍ਰਿਤ ਬਿਖੁ ਏ
ਸਭ ਤਿਉ ਕੰਚਨ ਅਰੁ ਪੈਸਾ॥
ਉਸਤਤਿ ਨਿੰਦਾ ਏ ਸਮ ਜਾ ਕੈ
ਲੋਭੁ ਮੋਹੁ ਫੁਨਿ ਤੈਸਾ॥2॥
ਦੁਖੁ ਸੁਖੁ ਏ ਬਾਧੇ ਜਿਹ ਨਾਹਿਨ
ਤਿਹ ਤੁਮ ਜਾਨਹੁ ਗਿਆਨੀ॥
ਨਾਨਕ ਮੁਕਤਿ ਤਾਹਿ ਤੁਮ ਮਾਨਹੁ
ਇਹ ਬਿਧਿ ਕੋ ਜੋ ਪ੍ਰਾਨੀ॥3॥7॥ (ਪੰਨਾ 220)

ਭਗਤ ਕਬੀਰ ਕਹਿੰਦੇ ਹਨ ਕਿ ਅਕਾਲ ਪੁਰਖ ਦੀ ਸਿਫ਼ਤਿ-ਸਾਲਾਹ ਕਰਨੀ ਚਾਹੀਦੀ ਹੈ ਅਤੇ ਇਸੇ ਉਦਮ ਨਾਲ ਪਰਮਾਤਮਾ ਦਾ ਨਾਮ-ਰੂਪੀ ਖ਼ਜ਼ਾਨਾ ਪ੍ਰਾਪਤ ਹੋ ਜਾਂਦਾ ਹੈ, ਜੋ ਸਭ ਸੁੱਖਾਂ ਤੋਂ ਉਚਾ ਹੈ। ਮਨ ਵਿਚ ਇਹ ਤਾਂਘ ਨਹੀਂ ਰੱਖਣੀ ਚਾਹੀਦੀ ਕਿ ਮਰਨ ਪਿੱਛੋਂ ਸਵਰਗ ਵਿਚ ਨਿਵਾਸ ਮਿਲੇਗਾ ਅਤੇ ਨਾ ਹੀ ਇਸ ਗੱਲ ਤੋਂ ਡਰਨਾ ਚਾਹੀਦਾ ਹੈ ਕਿ ਕਿਤੇ ਨਰਕ ਵਿਚ ਨਾ ਰਹਿਣਾ ਪੈ ਜਾਵੇ। ਜੋ ਕੁੱਝ ਉਸ ਅਕਾਲ ਪੁਰਖ ਨੂੰ ਮਨਜ਼ੂਰ ਹੈ, ਉਹ ਹੋ ਜਾਵੇਗਾ ਕਿਉਂਕਿ ਸਭ ਕੁੱਝ ਉਸ ਦੇ ਭਾਣੇ ਵਿਚ ਹੀ ਹੁੰਦਾ ਹੈ। ਮਨੁੱਖ ਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ,

ਸੁਰਗ ਬਾਸੁ ਨ ਬਾਛੀਐ
ਡਰੀਐ ਨ ਨਰਕਿ ਨਿਵਾਸੁ॥
ਹੋਨਾ ਹੈ ਸੋ ਹੋਈ ਹੈ
ਮਨਹਿ ਨ ਕੀਜੈ ਆਸ॥1॥
ਰਮਈਆ ਗੁਨ ਗਾਈਐ॥
ਜਾ ਤੇ ਪਾਈਐ ਪਰਮ ਨਿਧਾਨੁ॥!॥ਰਹਾਉ॥
(ਭਗਤ ਕਬੀਰ, ਪੰਨਾ 337)

ਸਿੱਖ ਧਰਮ-ਚਿੰਤਨ ਵਿਚ ਬਾਕੀ ਧਰਮਾਂ ਦੀ ਤਰ੍ਹਾਂ ਨਰਕ ਅਤੇ ਸਵਰਗ ਕੋਈ ਖਾਸ ਮਿੱਥੇ ਹੋਏ ਸਥਾਨ ਨਹੀਂ ਹਨ ਜਿਥੇ ਮਨੁੱਖ ਆਪਣੇ ਕੀਤੇ ਹੋਏ ਚੰਗੇ ਜਾਂ ਮੰਦੇ ਕਰਮਾਂ ਦਾ ਫਲ ਮੌਤ ਉਪਰੰਤ ਭੋਗਣ ਜਾਂਦਾ ਹੈ। ਗੁਰਮਤਿ ਅਨੁਸਾਰ ਨਰਕ ਅਤੇ ਸਵਰਗ ਮਾੜੇ ਅਤੇ ਚੰਗੇ ਕਰਮਾਂ ਦਾ ਫਲ ਦੱਸਣ ਲਈ ਇੱਕ ਤਰ੍ਹਾਂ ਦੇ ਚਿੰਨ੍ਹ ਹਨ ਜੋ ਮਨੁੱਖ ਨੂੰ ਇਹ ਯਾਦ ਕਰਵਾਉਣ ਲਈ ਹਨ ਕਿ ਜੇ ਉਹ ਪਰਮਾਤਮਾ ਦਾ ਨਾਂ ਵਿਸਾਰ ਕੇ ਮਾੜੇ ਕਰਮ ਕਰੇਗਾ ਤਾਂ ਉਸ ਨੂੰ ਇਸੇ ਸੰਸਾਰ 'ਤੇ ਜਨਮ ਲੈ ਕੇ ਦੁੱਖ ਭੋਗਣੇ

## ਦਸਮ ਗ੍ਰੰਥ ਅਧਿਐਨ

ਪੈਣਗੇ ਅਤੇ ਜੇ ਉਹ ਨਾਮ ਦਾ ਅਨੁਸਾਰੀ ਹੋ ਕੇ ਚੰਗੇ ਕੰਮ ਕਰੇਗਾ ਤਾਂ ਉਸ ਨੂੰ ਸੁੱਖ ਭੋਗਣ ਨੂੰ ਮਿਲਣਗੇ ਪਰ ਮਨੁੱਖ ਦੀ ਅਸਲੀ ਮੰਜ਼ਿਲ ਪਰਮਾਤਮਾ ਦੇ ਨਾਮ ਸਿਮਰਨ ਰਾਹੀਂ ਉਸ ਦੀ ਜੋਤਿ ਦਾ ਆਪਣੇ ਅੰਦਰ ਅਨੁਭਵ ਕਰਨਾ ਹੈ ਅਤੇ ਅੰਤ ਵਿਚ ਜਨਮ-ਮਰਨ ਦੇ ਚੱਕਰ ਤੋਂ ਛੁੱਟ ਕੇ ਉਸ ਵਿਚ ਵਿਲੀਨ ਹੋ ਜਾਣਾ ਹੈ। ਜਦੋਂ ਤੱਕ ਮਨੁੱਖ ਆਪਣੀ ਇਸ ਅੰਤਿਮ ਮੰਜ਼ਿਲ ਨੂੰ ਪ੍ਰਾਪਤ ਨਹੀਂ ਕਰ ਲੈਂਦਾ ਉਦੋਂ ਤੱਕ ਉਹ ਸੰਸਾਰ 'ਤੇ ਵਾਰ-ਵਾਰ ਜਨਮ ਲੈਂਦਾ ਰਹਿੰਦਾ ਹੈ ਅਤੇ ਆਪਣੇ ਕੀਤੇ ਕਰਮਾਂ ਅਨੁਸਾਰ ਦੁੱਖ ਜਾਂ ਸੁੱਖ ਭੋਗਦਾ ਰਹਿੰਦਾ ਹੈ।

ਹੋਮ ਅਤੇ ਯੱਗ ਆਦਿ ਕਰਨਾ, ਪਵਿੱਤਰ ਤੀਰਥ ਸਥਾਨਾਂ ਦੀ ਯਾਤਰਾ ਕਰਨੀ ਅਤੇ ਉਥੇ ਜਾ ਕੇ ਇਸ਼ਨਾਨ ਕਰਨ ਦੀ ਹਿੰਦੂ ਧਰਮ ਵਿਚ ਬਹੁਤ ਮਹੱਤਤਾ ਹੈ। ਇਨ੍ਹਾਂ ਨੂੰ ਮਨੁੱਖ ਰਾਹੀਂ ਕੀਤੇ ਜਾਣ ਵਾਲੇ ਪਵਿੱਤਰ ਕਰਮ ਮੰਨਿਆ ਗਿਆ ਹੈ ਜਿਨ੍ਹਾਂ ਨੂੰ ਕਰਕੇ ਮਨੁੱਖ ਮੁਕਤੀ ਪ੍ਰਾਪਤ ਕਰ ਸਕਦਾ ਹੈ। ਹੋਮ-ਯੱਗ ਅਤੇ ਤੀਰਥ ਦੀ ਉਦਾਹਰਣ ਰਾਹੀਂ ਗੁਰੂ ਅਰਜਨ ਦੇਵ ਮਨੁੱਖ ਨੂੰ ਆਗਾਹ ਕਰ ਰਹੇ ਹਨ ਕਿ ਹੇ ਜੀਵ! ਪਰਮਾਤਮਾ ਦਾ ਨਾਮ ਸਿਮਰਨ ਕਰ, ਨਾਮ ਸਿਮਰਨ ਕਰ। ਅੱਗੇ ਸੰਸਾਰਕ ਰਸਤਾ ਵਿਸ਼ੇ ਵਿਕਾਰਾਂ ਦੇ ਕਾਰਨ ਬਹੁਤ ਔਖਾ ਹੈ। ਪਰਮਾਤਮਾ ਦਾ ਨਾਮ ਹੀ ਹੈ ਜੋ ਮਨੁੱਖ ਨੂੰ ਇਨ੍ਹਾਂ ਵਿਸ਼ੇ-ਵਿਕਾਰਾਂ ਵਿਚ ਉਲਝਣ ਤੋਂ ਬਚਾ ਕੇ ਉਸ ਦੇ ਜੀਵਨ ਰਸਤੇ ਨੂੰ ਸੌਖਾ ਕਰ ਸਕਦਾ ਹੈ। ਪਰਮਾਤਮਾ ਦਾ ਸਿਮਰਨ ਕਰ ਕਿਉਂਕਿ ਮੌਤ ਤਾਂ ਹਮੇਸ਼ਾ ਤੇਰੇ ਨਾਲ ਨਾਲ ਵੱਸਦੀ ਹੈ। ਪਰਮਾਤਮਾ ਦਾ ਨਾਮ ਸਿਮਰਨ ਅਤੇ ਗੁਰੂ ਦੀ ਸੇਵਾ ਹੀ ਮਨੁੱਖ ਨੂੰ ਆਤਮਿਕ ਮੌਤ ਮਰਨ ਤੋਂ ਬਚਾ ਸਕਦੇ ਹਨ ਜਿਸ ਵਿਚ ਫਸਣ ਦੀ ਸੰਭਾਵਨਾ ਕਦਮ ਕਦਮ 'ਤੇ ਬਣੀ ਰਹਿੰਦੀ ਹੈ। ਜੇ ਪਰਮਾਤਮਾ ਦੇ ਨਾਮ ਸਿਮਰਨ ਨੂੰ ਛੱਡ ਕੇ ਹੋਮ-ਯੱਗ ਅਤੇ ਤੀਰਥ ਯਾਤਰਾ ਆਦਿ ਧਾਰਮਿਕ ਕਰਮ ਕੀਤੇ ਜਾਂਦੇ ਹਨ ਉਹ ਤਾਂ ਸਗੋਂ ਮਨੁੱਖ ਦੇ ਬੰਧਨ ਦਾ ਕਾਰਨ ਬਣਦੇ ਹਨ ਕਿਉਂਕਿ ਇਹ ਕਰਮ ਕਰਦਿਆਂ ਮਨੁੱਖ ਅੰਦਰ ਹਉਮੈ ਪੈਦਾ ਹੋ ਜਾਂਦੀ ਹੈ। ਹਉਮੈ ਕਾਰਨ ਉਹ ਵਿਕਾਰਾਂ ਵਿਚ ਫਸਦਾ ਜਾਂਦਾ ਹੈ। ਇਸ ਤਰ੍ਹਾਂ ਉਸ ਨੂੰ ਨਰਕ ਅਤੇ ਸਵਰਗ ਦੋਵੇਂ ਭੋਗਣੇ ਪੈਂਦੇ ਹਨ ਅਰਥਾਤ ਆਪਣੇ ਕੀਤੇ ਚੰਗੇ ਅਤੇ ਮੰਦੇ ਕਰਮਾਂ ਦਾ ਫਲ ਭੋਗਣ ਲਈ ਵਾਰ-ਵਾਰ ਇਸ ਸੰਸਾਰ 'ਤੇ ਜਨਮ ਲੈਣਾ ਪੈਂਦਾ ਹੈ। ਸੋ, ਜਨਮ ਅਤੇ ਮਰਨ, ਨਰਕ ਅਤੇ ਸਵਰਗ ਦੋਹਾਂ ਤੋਂ ਛੁਟਕਾਰਾ ਪਾ ਕੇ ਪਰਮਾਤਮਾ ਵਿਚ ਵਿਲੀਨ ਹੋ ਜਾਣ ਦਾ ਸਾਧਨ ਪਰਮਾਤਮਾ ਦਾ ਨਾਮ ਹੈ, ਜੋ ਮਨੁੱਖ ਨੂੰ ਸੰਸਾਰ-ਸਾਗਰ ਤੋਂ ਪਾਰ ਲੈ ਜਾਂਦਾ ਹੈ। ਹੋਮ ਅਤੇ ਯੱਗ, ਤੀਰਥ ਆਦਿਕ ਕਰਮ ਮਨੁੱਖ ਨੂੰ ਸ਼ਿਵਪੁਰੀ, ਬ੍ਰਹਮਪੁਰੀ ਅਤੇ ਇੰਦਰਪੁਰੀ ਆਦਿ ਦੀਆਂ ਆਸਾਂ ਬਣਾਉਂਦੇ ਹਨ ਪਰ ਇਨ੍ਹਾਂ ਵਿਚੋਂ ਕੋਈ ਵੀ ਸਥਾਨ ਸਦਾ ਟਿਕੇ ਰਹਿਣ ਵਾਲਾ ਨਹੀਂ ਹੈ। ਪਰਮਾਤਮਾ ਦੇ ਸਿਮਰਨ ਤੋਂ ਬਿਨਾ ਹੋਰ ਕਿਤੇ ਵੀ ਸਦੀਵੀ ਆਤਮਿਕ ਅਨੰਦ ਨਹੀਂ ਮਿਲਦਾ ਅਤੇ ਪਰਮਾਤਮਾ ਨਾਲੋਂ ਵਿਛੜ ਕੇ ਮਨੁੱਖ ਜਨਮ-ਮਰਨ ਦੇ ਚੱਕਰ ਵਿਚ ਪਏ ਰਹਿੰਦੇ ਹਨ। ਗੁਰ-ਉਪਦੇਸ਼ ਤੋਂ ਇਹੀ ਸਿੱਖਿਆ ਮਿਲਦੀ ਹੈ ਕਿ ਸਦਾ ਪਰਮਾਤਮਾ ਦੇ ਕੀਰਤਨ ਵਿਚ ਲੱਗਾ ਰਹਿ ਜਿਸ ਨਾਲ ਵਿਕਾਰਾਂ ਤੋਂ, ਜਨਮ-ਮਰਨ ਦੇ ਗੇੜ ਤੋਂ ਬਚਾਓ ਹੋ ਜਾਂਦਾ ਹੈ,

ਹਰਿ ਨਾਮ ਲੇਹੁ ਮੀਤਾ ਲੇਹੁ॥
ਆਗੈ ਬਿਖਮ ਪੰਥ ਭੈਆਨ॥1॥ਰਹਾਉ॥
ਸੇਵਤ ਸੇਵਤ ਸਦਾ ਸੇਵਿ
ਤੇਰੈ ਸੰਗਿ ਬਸਤੁ ਹੈ ਕਾਲੁ॥
ਕਰਿ ਸੇਵਾ ਤੂੰ ਸਾਧ ਕੀ
ਹੋ ਕਾਟੀਐ ਜਮ ਜਾਲੁ॥1॥
ਹੋਮ ਜਗ ਤੀਰਥ ਕੀਏ
ਬਿਚਿ ਹਉਮੈ ਬਧੇ ਬਿਕਾਰ॥
ਨਰਕੁ ਸੁਰਗੁ ਦੁਇ ਭੁੰਚਨਾ
ਹੋਇ ਬਹੁਰਿ ਬਹੁਰਿ ਅਵਤਾਰ॥2॥ (ਪੰ. 214)

ਸਾਰੇ ਵਿਕਾਰਾਂ ਵਿਚ ਹਉਮੈ ਜਾਂ ਅਹੰਕਾਰ ਨੂੰ ਸਾਰਿਆਂ ਤੋਂ ਵੱਡਾ ਵਿਕਾਰ ਮੰਨਿਆ ਗਿਆ ਹੈ ਜੋ ਮਨੁੱਖ ਦੇ ਵਾਰ-ਵਾਰ ਜਨਮ ਲੈਣ ਦਾ ਜਾਂ ਦੁੱਖ ਸਹਿਣ ਦਾ ਕਾਰਨ ਬਣਦਾ ਹੈ। ਗੁਰੂ ਨਾਨਕ ਸਾਹਿਬ ਨੇ ਜਪੁਜੀ ਵਿਚ 'ਸਚਿਆਰ' ਬਣਨ ਦੇ ਰਸਤੇ ਦਾ ਹਉਮੈ ਨੂੰ ਸਭ ਤੋਂ ਵੱਡਾ ਰੋੜਾ ਕਿਹਾ ਹੈ ਕਿਉਂਕਿ ਇਹ ਮਨੁੱਖ ਅਤੇ ਪਰਮਾਤਮਾ ਵਿਚ ਵਿੱਥ ਸਿਰਜਣ ਦਾ ਕਾਰਨ ਬਣਦੀ ਹੈ। ਗੁਰੂ ਅਰਜਨ ਦੇਵ ਇਸ ਹਉਮੈ ਨੂੰ ਹੀ ਮਨੁੱਖ ਦੇ ਦੁੱਖ ਭੋਗਣ ਅਰਥਾਤ ਨਰਕ ਜੋ ਕਿ ਦੁੱਖ ਦਾ ਪ੍ਰਤੀਨਿਧ ਹੈ, ਵਿਚ ਜਾਣ ਦਾ ਸਭ ਤੋਂ ਵੱਡਾ ਕਾਰਨ ਮੰਨਦੇ ਹਨ। ਗੁਰੂ ਸਾਹਿਬ ਅਨੁਸਾਰ ਜਿਸ ਮਨੁੱਖ ਦੇ ਅੰਦਰ ਰਾਜ-ਸ਼ਕਤੀ ਦਾ ਅਭਿਮਾਨ ਹੈ, ਉਹ ਮਨੁੱਖ ਨਰਕਾਂ ਵਿਚ ਡਿਗਣ ਵਾਲੇ ਕੁੱਤੇ ਦੇ ਸਮਾਨ ਹੈ। ਇਸੇ ਤਰ੍ਹਾਂ ਜਿਹੜਾ ਮਨੁੱਖ ਅਨੇਕ ਕਿਸਮ ਦੀ ਤਪੱਸਿਆ ਕਰਦਾ ਹੈ ਅਰਥਾਤ ਧਾਰਮਿਕ ਕਰਮ ਕਰਦਾ ਹੈ ਅਤੇ ਇਸ ਦੇ ਨਾਲ ਨਾਲ ਧਾਰਮਿਕ ਕਰਮ ਕਰਨ ਕਰਕੇ ਹੰਕਾਰ ਵੀ ਕਰਦਾ ਹੈ ਉਹ ਵਾਰ-ਵਾਰ ਨਰਕ ਅਤੇ ਸਵਰਗ ਵਿਚ ਉਤਰੇਗਾ ਭਾਵ ਊਚ ਅਤੇ ਨੀਚ ਕਰਮਾਂ ਵਿਚ ਜਨਮ ਲੈਂਦਾ ਰਹੇਗਾ,

ਜਿਸ ਕੈ ਅੰਤਰਿ ਰਾਜ ਅਭਿਮਾਨ॥
ਸੋ ਨਰਕ ਪਾਤੀ ਹੋਵਤ ਸੁਆਨ॥
ਅਨਿਕ ਤਪਸਿਆ ਕਰੇ ਅਹੰਕਾਰ॥
ਨਰਕ ਸੁਰਗ ਫਿਰਿ ਫਿਰਿ ਅਵਤਾਰ॥
(ਪੰਨਾ 278)

ਇਸੇ ਵਿਚਾਰ ਨੂੰ ਹੋਰ ਵਿਸਥਾਰ ਦਿੰਦਿਆਂ ਗੁਰੂ ਅਰਜਨ ਦੇਵ ਥਿਤੀ ਗਉੜੀ ਵਿਚ ਫੁਰਮਾਉਂਦੇ ਹਨ ਕਿ ਜਗਤ ਦੇ ਜਿਹੜੇ ਜੀਵਾਂ ਉਤੇ ਮਾਇਆ ਦੇ ਤਿੰਨ ਗੁਣਾਂ ਰਜ, ਤਮ ਅਤੇ ਸਤ ਦਾ ਪ੍ਰਭਾਵ ਪਿਆ ਰਹਿੰਦਾ ਹੈ ਉਨ੍ਹਾਂ ਨੂੰ ਵਿਸ਼ੇ-ਵਿਕਾਰ ਰੂਪ ਫਲ ਹੀ ਮਿਲਦੇ ਹਨ। ਕੋਈ ਚੰਗੀ ਅਵਸਥਾ ਮਾਣਦੇ ਹਨ ਅਤੇ ਕਈ ਨੀਵੀਂ ਅਵਸਥਾ ਵਿਚ ਡਿਗ ਪੈਂਦੇ ਹਨ। ਜੀਵਾਂ ਨੂੰ ਨਰਕ ਸੁਰਗ ਭਾਵ ਦੁੱਖ-ਸੁੱਖ ਭੋਗਣੇ ਪੈਂਦੇ ਹਨ ਅਤੇ ਬਹੁਤ ਭਟਕਣਾ ਲੱਗੀ ਰਹਿੰਦੀ ਹੈ, ਮੌਤ ਦਾ ਸਹਿਮ ਉਨ੍ਹਾਂ ਦੀ ਆਤਮਿਕ ਮੌਤ ਦਾ ਕਾਰਨ ਬਣਿਆ ਰਹਿੰਦਾ ਹੈ। ਉਨ੍ਹਾਂ ਦੀ ਸਾਰੀ ਉਮਰ ਅਹੰਕਾਰ ਵਿਚ ਬੀਤਦੀ ਹੈ, ਕਦੇ ਖੁਸ਼ੀ ਅਤੇ ਕਦੇ ਗਮੀ, ਕਦੇ ਮੌਤ ਦਾ ਸਹਿਮ ਆਦਿ ਬਣੇ ਰਹਿੰਦੇ ਹਨ। ਅਜਿਹੇ ਮਨੁੱਖ ਜਿਸ ਪਰਮਾਤਮਾ ਨੇ ਪੈਦਾ ਕੀਤਾ ਹੈ ਉਸ ਨਾਲ ਸਾਂਝ ਨਹੀਂ ਪਾਉਂਦੇ ਪਰ ਹੋਰ ਧਾਰਮਿਕ ਕਰਮ ਜਿਵੇਂ ਤੀਰਥ ਅਸਥਾਨਾਂ ਦੀ ਯਾਤਰਾ ਆਦਿ ਵਿਚ ਲਗੇ ਰਹਿੰਦੇ ਹਨ। ਇਸ ਦੇ ਉਲਟ ਜਿਸ ਮਨੁੱਖ ਨੇ ਥੋੜੇ ਸਮੇਂ ਲਈ ਵੀ ਪਰਮਾਤਮਾ ਦੇ ਗੁਣ ਗਾਏ ਹਨ ਉਸ ਨੇ ਸਮਝੋ ਸਾਰੇ ਸਵਰਗ ਪਾ ਲਏ ਹਨ ਅਤੇ ਮੁਕਤੀ ਪ੍ਰਾਪਤ ਕਰ ਲਈ ਹੈ। ਜਿਸ ਮਨੁੱਖ ਦੇ ਮਨ ਵਿਚ ਪਰਮਾਤਮਾ ਦੇ ਨਾਮ ਦੀ ਗੱਲ-ਬਾਤ ਚੰਗੀ ਲੱਗੀ ਹੈ ਉਸ ਨੂੰ ਸਮਝੋ ਅਨੇਕਾਂ ਰਾਜ-ਭਾਗ ਅਤੇ ਵਡਿਆਈਆਂ ਮਿਲ ਗਈਆਂ। ਜਿਸ ਮਨੁੱਖ ਦੀ ਰਸਨਾ ਪਰਮਾਤਮਾ ਦਾ ਨਾਮ ਜਪਦੀ ਹੈ, ਉਸ ਨੂੰ ਮਾਨੋ ਕਈ ਕਿਸਮ ਦੇ ਖਾਣੇ, ਕਪੜੇ ਅਤੇ ਰਾਗ-ਰੰਗ ਪ੍ਰਾਪਤ ਹੋ ਗਏ। ਜਿਸ ਮਨੁੱਖ ਦੇ ਹਿਰਦੇ ਅੰਦਰ ਪੂਰੇ ਗੁਰੂ ਦੀ ਸਿੱਖਿਆ ਵੱਸ ਗਈ ਉਸ ਦਾ ਹੀ ਆਚਰਣ ਸ਼ੁਭ ਹੈ, ਉਸ ਨੂੰ ਹੀ ਸ਼ੋਭਾ ਮਿਲਦੀ ਹੈ ਅਤੇ ਉਹੀ ਧਨਾਢ ਹੈ। ਅਕਾਲ ਪੁਰਖ ਅੱਗੇ ਅਰਦਾਸ ਕੀਤੀ ਹੈ ਕਿ ਆਪਣੇ ਸੰਤਾਂ (ਪਰਮਾਤਮਾ ਦਾ ਸਿਮਰਨ ਕਰਨ ਵਾਲਿਆਂ) ਦੀ ਸੰਗਤਿ ਵਿਚ ਥਾਂ ਦੇਹ ਕਿਉਂਕਿ ਸਤਸੰਗਤਿ ਵਿਚ ਜਾ ਕੇ ਸਾਰੇ ਸੁਖਾਂ ਦਾ ਪ੍ਰਕਾਸ਼ ਹੋ ਜਾਂਦਾ ਹੈ,

ਸਾਧ ਸੰਗਿ ਪ੍ਰਭ ਦੇਹੁ ਨਿਵਾਸ॥
ਸਰਬ ਸੂਖ ਨਾਨਕ ਪਰਗਾਸ॥8॥20॥
(ਪੰਨਾ 290)

**(ਚਲਦਾ)**

***ਸਿੱਖ ਧਰਮ-ਚਿੰਤਨ ਵਿਚ ਸਵਰਗ-ਨਰਕ ਦਾ ਇਸ ਕਿਸਮ ਦਾ ਪਰੰਪਰਕ ਸੰਕਲਪ ਪ੍ਰਾਪਤ ਨਹੀਂ ਹੈ। ਸਿੱਖ ਧਰਮ-ਚਿੰਤਨ ਅਨੁਸਾਰ ਪਰਮਾਤਮਾ ਦੇ ਚਰਨ-ਕੰਵਲਾਂ ਦੀ ਪ੍ਰੀਤ ਨੂੰ, ਉਸ ਦੇ ਪ੍ਰੇਮ ਨੂੰ ਸਭ ਤੋਂ ਉਤੇ ਮੰਨਿਆ ਗਿਆ ਹੈ ਅਤੇ ਉਸ ਦੇ ਪ੍ਰੇਮ ਦੀ ਪ੍ਰਾਪਤੀ ਨੂੰ ਸਭ ਸੁੱਖਾਂ ਅਤੇ ਪ੍ਰਾਪਤੀਆਂ ਮੰਨਿਆ ਗਿਆ ਹੈ। ਇਸੇ ਲਈ ਉਸ ਦੇ ਨਾਮ ਦੀ ਦਾਤ ਦੀ ਪ੍ਰਾਪਤੀ ਲਈ ਹੀ ਸਾਰੀ ਬਾਣੀ ਵਿਚ ਇੱਕ ਤਰ੍ਹਾਂ ਨਾਲ ਅਰਦਾਸ ਅਤੇ ਜੋਦੜੀ ਕੀਤੀ ਗਈ ਹੈ।***

## ਸਿਆਣਿਆਂ ਦਾ ਕਿਹਾ

(1) ਮੌਕੇ 'ਤੇ ਮਦਦਗਾਰ ਹੋਣਾ, ਚਰਿੱਤਰ ਦਾ ਇਕ ਉਸਾਰੂ ਪਹਿਲੂ ਹੈ।
(2) ਮੂਰਖਾਂ ਦੇ ਹੱਥ ਵਿਚ ਹਥਿਆਰ ਤਾਂ ਬਾਂਦਰ ਹੱਥ ਮੋਮਬੱਤੀ ਸਮਾਨ ਹੈ।
(3) ਜੁਝਾਰੂ ਪੁੱਤਰ ਦੇ ਪਿਤਾ ਨੂੰ ਭਵਿੱਖ ਦਾ ਜ਼ਰੂਰ ਪਤਾ ਹੋਣਾ ਚਾਹੀਦਾ ਹੈ।
(4) ਜਰਨੈਲ ਹੌਂਸਲਾ ਹਾਰ ਜਾਵੇ ਤਾਂ ਫੌਜਾਂ ਬਾਂਝ ਹੋ ਜਾਂਦੀਆਂ ਹਨ।
(5) ਮੇਰੇ ਪੈਰਾਂ ਦੀਆਂ ਤਲੀਆਂ 'ਤੇ ਵੱਜੀਆਂ ਪੁਲਿਸ ਦੀਆਂ ਡਾਂਗਾਂ ਨੇ ਮੇਰੇ ਪੈਰਾਂ ਨੂੰ ਅਸਲੀ ਰਸਤੇ ਉਪਰ ਤੁਰਨ ਦੀ ਸਿੱਖਿਆ ਦਿੱਤੀ ਹੈ।
(6) ਕੌਮ ਦੀ ਆਜ਼ਾਦੀ ਦੀਆਂ ਜੰਗਾਂ ਭਗੌੜੇ ਹੋ ਕੇ ਨਹੀਂ ਜਿੱਤ ਹੁੰਦੀਆਂ।
(7) ਗੁਰੀਲਾ ਲੜਾਈ ਲੜ ਰਿਹਾ ਮਨੁੱਖ ਮਾਨਸਿਕ, ਆਤਮਿਕ, ਵਿਦਿਅਕ, ਦ੍ਰਿੜਤਾ, ਨੀਤੀ, ਹੌਂਸਲੇ ਅਤੇ ਧੀਰਜ ਵਿਚ ਆਮ ਮਨੁੱਖ ਤੋਂ 20 ਗੁਣਾ ਵੱਧ ਨਿਪੁੰਨ ਚਾਹੀਦਾ ਹੈ।
(8) ਵਿਦਿਆ ਦੀ ਅਹਿਮੀਅਤ ਤੋਂ ਸੱਖਣੀ ਲਹਿਰ ਭਾਵੇਂ ਕਿੰਨਾ ਵੀ ਜੁਝਾਰੂ ਜਜ਼ਬਾ ਰੱਖਦੀ ਹੋਵੇ, ਨਿਸ਼ਾਨੇ ਦੀ ਪ੍ਰਾਪਤੀ ਤੱਕ ਨਹੀਂ ਪਹੁੰਚ ਸਕਦੀ।
(9) ਖਾੜਕੂਆਂ ਵਿਚ ਵਿਦਿਆ ਅਤੇ ਨੀਤੀ ਦੀ ਘਾਟ ਕਾਰਨ ਆਮ ਪੜ੍ਹਿਆ ਲਿਖਿਆ ਕੌਮੀ ਵਰਗ ਹੌਲੀ ਹੌਲੀ ਲਹਿਰ ਤੋਂ ਦੂਰ ਚਲਾ ਗਿਆ ਹੈ।
(10) ਵਿਦਿਆ ਰਾਹੀਂ ਵਿਚਾਰ ਕਰਕੇ ਹੀ ਮਨੁੱਖ ਪਰਉਪਕਾਰੀ ਬਣਦਾ ਹੈ।
(11) ਲੋਕ ਜਿਸ ਨੂੰ ਸਤਿਕਾਰ ਦਿੰਦੇ ਹਨ, ਉਹ ਲੋਕਾਂ ਦਾ ਆਗੂ ਬਣਦਾ ਹੈ।
(12) ਲੋਕਾਂ ਨੂੰ ਨਾਲ ਜੋੜਨ ਲਈ ਅਤੇ ਆਪਣੀਆਂ ਨੀਤੀਆਂ ਦੇ ਫੈਲਾਅ ਲਈ ਵਿਚਾਰਾਂ ਦਾ ਪ੍ਰਗਟਾਵਾ ਤੇ ਲੋਕਾਂ ਨੂੰ ਵਿਚਾਰਾਂ ਰਾਹੀਂ ਕਾਇਲ ਕਰਨਾ ਲਹਿਰ ਦਾ ਜ਼ਰੂਰੀ ਅੰਗ ਹੁੰਦਾ ਹੈ।
(13) ਅਸੀਂ ਗੱਲਾਂ ਕਰਨ ਨਾਲੋਂ ਕੁੱਝ ਕਰਨ ਵਿਚ ਵਿਸ਼ਵਾਸ ਰੱਖਦੇ ਹਾਂ।
(14) ਰੂਹਾਂ ਦੀਆਂ ਗੱਲਾਂ, ਦਿਲ ਦੇ ਜਜ਼ਬਾਤ ਕਿਸੇ ਆਜ਼ਾਦ ਹਵਾ ਵਿਚ ਹੀ ਸਾਹ ਲੈਂਦੇ ਹਨ।
(15) ਜਦੋਂ ਸ਼ਬਦ ਸਸਤੇ ਹੋ ਜਾਂਦੇ ਹਨ ਤਾਂ ਭਾਵਨਾਵਾਂ ਪਰਮਾਤਮਾ ਦੇ ਦਰ ਦੀਆਂ ਦੁਆਵਾਂ ਬਣ ਜਾਂਦੀਆਂ ਹਨ।
(16) ਕੇਵਲ ਹਥਿਆਰ ਆਜ਼ਾਦੀ ਨਹੀਂ ਦਿੰਦੇ, ਇਨ੍ਹਾਂ ਨਾਲ ਵਿਚਾਰਾਂ ਦਾ ਸੰਸਾਰ ਹੋਣਾ ਬਹੁਤ ਜ਼ਰੂਰੀ ਹੈ। ਵਿਚਾਰਾਂ ਤੋਂ ਬਿਨਾਂ ਸੰਘਰਸ਼ ਦੌਰਾਨ ਹਥਿਆਰ ਦਾ ਕੋਈ ਮੁੱਲ ਨਹੀਂ।
(17) ਸੋਕੇ ਦੀ ਮਾਰੀ ਫਸਲ ਨੂੰ ਪਾਣੀ ਦੇ ਕੇ ਬਚਾਇਆ ਜਾ ਸਕਦਾ ਹੈ ਪਰ ਪਾਣੀ ਦੀ ਮਾਰੀ ਫਸਲ ਨੂੰ ਕਿਸ ਤਰ੍ਹਾਂ ਬਚਾਇਆ ਜਾਵੇ।
(18) ਗਿਆਨ ਦਾ ਨਾਂ ਸੱਚ ਹੈ। ਗਿਆਨ ਦਾ ਰਾਜ ਹੋਣਾ ਜ਼ਰੂਰੀ ਹੈ।
(19) ਹਿੰਦੋਸਤਾਨੀ ਅਦਾਲਤਾਂ ਮੁੱਢ ਤੋਂ ਹੀ ਸਿੱਖ ਕੌਮ ਦੀਆਂ ਭਰੋਸੇਯੋਗ ਨਹੀਂ ਹਨ।
(20) ਅਸਲੀ ਸਰਦਾਰੀ ਸਿਰ ਨੂੰ ਸੂਲੀ 'ਤੇ ਰੱਖਣ ਨਾਲ ਬਣਦੀ ਹੈ ਨਾ ਕਿ ਸੰਘਰਸ਼ 'ਚੋਂ ਭਗੌੜੇ ਹੋਣ ਨਾਲ।
(21) ਅਕਾਲੀ ਲੀਡਰਸ਼ਿਪ ਸ਼ਾਇਦ ਉਸ ਬਿਮਾਰੀ ਵਿਚ ਡਿੱਗ ਪਈ ਹੈ ਜਿਸ ਨੂੰ ਕੋਮਾ ਕਹਿੰਦੇ ਹਨ।
(22) ਭਾਰਤੀ ਖਿੱਤੇ ਵਿਚ ਆਜ਼ਾਦੀ ਦਾ ਨਿੱਘ ਮਾਣ ਰਹੇ ਹਿੰਦੂਤਵੀ ਇਹ ਭੁੱਲ ਚੁੱਕੇ ਹਨ ਕਿ ਇਸ ਆਜ਼ਾਦੀ ਲਈ ਸਿੱਖਾਂ ਨੇ ਆਪਣੇ ਹੱਡਾਂ ਨੂੰ ਲੱਕੜੀ ਦੇ ਬਾਲਣ ਵਾਂਗ ਬਾਲਿਆ ਹੈ।
(23) ਹੁਣ ਤਾਂ ਪੰਜਾਬ ਬੱਸ ਨਾਂ ਦਾ ਹੀ ਪੰਜਾਬ ਰਹਿ ਗਿਆ ਹੈ।
(24) ਜੇ ਪੰਜਾਬੀ ਭਾਸ਼ਾ ਨੂੰ ਅਸੀਂ ਰੋਜਮੱਰਾ ਦੀ ਜ਼ਿੰਦਗੀ ਦੌਰਾਨ ਵਰਤੋਂ 'ਚ ਨਹੀਂ ਲਿਆਵਾਂਗੇ ਤਾਂ ਇਸ ਦੀ ਕੀ ਅਹਿਮੀਅਤ ਰਹਿ ਜਾਵੇਗੀ?
(25) ਸਰੀਰ ਨੂੰ ਸੁੰਦਰਤਾ ਦੇਣ ਦੀ ਸਭ ਤੋਂ ਵੱਧ ਜ਼ਿੰਮੇਵਾਰੀ ਅੱਖਾਂ ਦੀ ਹੈ।
(26) ਗੀਤਕਾਰਾਂ ਨੂੰ ਤਾਂ ਲੜਕੀ ਦੀ ਸੁੰਦਰਤਾ ਉਸ ਦੀਆਂ ਅੱਖਾਂ ਵਿਚ ਹੀ ਦਿਸਦੀ ਹੈ।
(27) ਕਲਾਕਾਰ ਜੰਮਦੇ ਹਨ, ਬਣਾਏ ਨਹੀਂ ਜਾ ਸਕਦੇ।
(28) ਜੰਗਲ ਦੇ ਫੁਲਾਂ ਦੀ ਆਪਣੀ ਵੱਖਰੀ ਹੀ ਖੁਸ਼ਬੂ ਹੁੰਦੀ ਹੈ।
(29) ਕਲਾ ਵਿਚ ਕੋਈ ਸਿਖਰ ਨਹੀਂ ਹੁੰਦੀ, ਸਮਾਧੀ ਦਾ ਕੋਈ ਅੰਤ ਨਹੀਂ ਹੁੰਦਾ।
(30) ਤੁਹਾਡੇ ਉਪਰ ਪੂਰੇ ਪਰਿਵਾਰ ਦੀ ਜ਼ਿੰਮੇਵਾਰੀ ਹੈ, ਇਸ ਲਈ ਤੁਹਾਡਾ ਖੁਸ਼ ਰਹਿਣਾ ਬਹੁਤ ਜ਼ਰੂਰੀ ਹੈ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**
ISBN # 978-0-9781624-9-8

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਮੇਰੇ ਯਾਰ ਨੂੰ ਮੰਦਾ ਨਾ ਬੋਲੀਂ...

***ਬਠਿੰਡੇ ਵਿਚ ਜਲਾਲ ਦੀ ਧਰਤੀ 'ਤੇ ਜਿੱਦਣ ਕੁਲਦੀਪ ਮਾਣਕ ਨੂੰ ਸਪੁਰਦ-ਏ-ਖਾਕ ਕੀਤਾ ਜਾ ਰਿਹਾ ਸੀ ਤਾਂ ਗੁਰਦਾਸ ਸਿੰਘ ਨਾਂ ਦਾ ਮਾਣਕ ਦਾ ਹਾਣੀ ਪਰ ਉਹਦਾ ਸਾਰੀ ਉਮਰ ਦਾ ਯਾਰ, ਸੀ ਭਾਵੇਂ ਉਹਦਾ ਵਫ਼ਾਦਾਰ ਡਰਾਈਵਰ ਰਿਹਾ, ਧਾਹੀਂ ਨਹੀਂ, ਪੱਟਾਂ 'ਤੇ ਹੱਥ ਮਾਰ ਕੇ ਰੋ ਰਿਹਾ ਸੀ। ਗੁਰਦਾਸ ਵੀ ਉਦੋਂ ਕੁ ਮਾਣਕ ਨਾਲ ਰਲਿਆ ਸੀ ਜਦੋਂ 'ਬਲਬੀਰੋ ਭਾਬੀ' ਫ਼ਿਲਮ ਤੋਂ ਬਾਅਦ ਮੈਂ ਤੇ ਮਾਣਕ ਵੀ ਟਿੱਚ ਬਟਨਾਂ ਵਾਂਗ ਜੁੜ ਗਏ ਸਾਂ। ਗੁਰਦਾਸ ਬੜੇ ਸਾਲਾਂ ਬਾਅਦ ਪਿਛਲੇ ਸਾਲ ਮੈਨੂੰ ਮਿਲਿਆ ਕਿਉਂਕਿ ਘਰ ਦੀਆਂ ਮਜਬੂਰੀਆਂ ਕਾਰਨ ਉਹ ਲੁਧਿਆਣਾ ਛੱਡ ਕੇ ਪਿੰਡ ਚਲੇ ਗਿਆ ਸੀ। ਉਹਨੇ ਮੈਨੂੰ ਬੜੀ ਦਿਲਚਸਪ ਘਟਨਾ ਦੱਸੀ ਕਿ ਇਕ ਵਾਰ ਸੰਗਰੂਰ ਜ਼ਿਲ੍ਹੇ 'ਚ ਉਹ ਕਿਸੇ ਟੂਰਨਾਮੈਂਟ ਦੇ ਪ੍ਰੋਗਰਾਮ ਤੋਂ ਪਰਤ ਰਹੇ ਸਨ ਤਾਂ ਬੋਰਡ ਲੱਗਾ ਦਿਸ ਪਿਆ ਪਿੰਡ ਭਦੌੜ ਦਾ। ਮਾਣਕ ਕਹਿਣ ਲੱਗਾ-ਇਹ ਪਿੰਡ ਪੰਜਾਬੀ ਸਾਹਿਤ ਦੀ ਪੂਜਣਯੋਗ ਹਸਤੀ ਦਵਿੰਦਰ ਸਤਿਆਰਥੀ ਦਾ ਹੈ, ਵਸੀਵੇਂ 'ਤੇ ਚੱਲ ਕੇ ਇਹਦੀ ਮਿੱਟੀ ਮੱਥੇ ਲਾਉਣੀ ਐ। ਅੱਧੇ ਕੁ ਘੰਟੇ ਦਾ ਸਫ਼ਰ ਕਰਕੇ ਜਦੋਂ ਪਿੰਡ ਦੀ ਜੂਹ 'ਤੇ ਪਹੁੰਚੇ ਤਾਂ ਉਨ੍ਹਾਂ ਦੋਹਾਂ ਜਣਿਆਂ ਨੇ ਕਾਲੀ ਅੰਬੈਸਡਰ ਕਾਰ 'ਚੋਂ ਉਤਰ ਕੇ ਹਾਲੇ ਮਿੱਟੀ ਮੱਥੇ ਨੂੰ ਲਾਈ ਹੀ ਸੀ ਕਿ ਸਾਹਮਣੇ ਰੂੜੀਆਂ 'ਤੇ ਬੈਠਾ ਕੁੱਤਾ ਭੌਂਕਣ ਲੱਗ ਪਿਆ। ਗੁਰਦਾਸ ਦੱਸੇ ਕਿ ਹਾਲੇ ਉਹਨੇ ਵੱਟਾ ਚੁੱਕਿਆ ਹੀ ਸੀ ਮਾਰਨ ਲਈ, ਤਾਂ ਮਾਣਕ ਨੇ ਉਹਦਾ ਹੱਥ ਫੜ ਲਿਆ-'ਨਾ ਨਾ, ਇਹਦੇ ਵਿਚਾਰੇ ਦੇ ਨਾ ਮਾਰੀਂ। ਇਹ ਖਾਂਦਾ ਤਾਂ ਭਾਵੇਂ ਗੰਦ ਮੰਦ ਈ ਐ, ਊਂ ਦੱਸਦਾ ਤਾਂ ਹੈ, ਪਈ ਮੈਂ ਵੀ ਇਸ ਪਿੰਡ ਦਾ ਹਾਂ।' ਕੁਝ ਲੋਕਾਂ ਨੇ ਵਕਤ ਹੀ ਨਹੀਂ ਵਿਚਾਰਨਾ ਹੁੰਦਾ, ਉਹ ਦਰਦ ਦੀ ਚੀਸ ਨੂੰ ਮਜ਼ਾਕ ਬਣਾ ਕੇ ਕੁੱਤਿਆਂ ਦੇ ਮੂੰਹ 'ਚ ਹੋਰ ਬੁਰਕੀਆਂ ਦੇਈ ਜਾਂਦੇ ਨੇ-'ਭੌਂਕੀ ਚੱਲ!' ਇਨ੍ਹਾਂ ਲੋਕਾਂ ਨੂੰ ਬੰਦਿਆਂ ਦੀ ਨਸਲ ਵਿਚ ਖੜ੍ਹੇ ਕੀਤਾ ਜਾ ਸਕਦੈ? ਗੀਤ ਚੋਰੀ ਕਰਕੇ ਲਿਆਉਣ ਵਾਲਿਆਂ ਨੂੰ, ਝੂਠ ਦੀਆਂ ਪੰਡਾਂ ਬੰਨ੍ਹਣ ਵਾਲਿਆਂ ਨੂੰ, ਪਖੰਡੀ ਸਾਧਾਂ ਨੂੰ ਫਿੱਟ ਲਾਹਣਤ ਦੀ ਜਿੰਨੀ ਦਕਸ਼ਣਾ ਉਹ ਦੇ ਜਾਂਦਾ ਸੀ, ਏਡੀ ਹਿੰਮਤ ਵਿਰਲੇ ਬੰਦਿਆਂ 'ਚ ਹੀ ਹੁੰਦੀ ਹੈ। ਕੋਈ ਉਹਨੂੰ ਕਲੀਆਂ ਦਾ ਬਾਦਸ਼ਾਹ ਆਖੇ, ਕੋਈ ਲੋਕ ਗਾਥਾਵਾਂ ਦਾ ਪਰ ਉਹ ਸਮੁੱਚੀ ਪੰਜਾਬੀ ਗਾਇਕੀ 'ਚ ਬਾਦਸ਼ਾਹੀ ਕਰਕੇ ਗਿਆ ਹੈ। ਸ਼ਾਹਰੁਖ਼ ਖ਼ਾਨ ਨਾਲ ਅਰਧ ਨਗਨ ਕੁੜੀਆਂ ਨਚਾ ਕੇ ਕੀਤੇ ਜਾਣ ਵਾਲੇ ਸਭਿਆਚਾਰਕ ਹਮਲੇ ਲਈ ਮਾਣਕ ਢਾਲ ਸੀ। ਉਹਦੀ ਯਾਦ ਵਾਲੀ ਰੰਗਲੀ ਚਰਖੀ 'ਤੇ ਹਉਕਿਆ ਦੇ ਤੰਦ ਪਾਉਣ ਦਾ ਇਕ ਯਤਨ ਫਿਰ ਹੈ, ਕਬੂਲ ਕਰਨਾ।***

ਗੱਲ ਜਨਵਰੀ 1982 ਦੀ ਹੈ। ਮੈਂ ਕੁਲਦੀਪ ਮਾਣਕ ਦੇ ਲੁਧਿਆਣੇ ਬੱਸ ਅੱਡੇ ਦੇ ਸਾਹਮਣੇ ਵਾਲੇ ਦਫਤਰ ਦੀਆਂ ਪੌੜੀਆਂ ਚੜ੍ਹਿਆ ਤਾਂ ਮਸ਼ੀਨ 'ਤੇ ਕਾਲਾ ਤਵਾ ਜਿਹਨੂੰ ਐਚ.ਐਮ.ਵੀ. ਕੰਪਨੀ ਸੁਪਰਸੈਵਨ ਦਾ ਨਾਂ ਦਿੰਦੀ ਸੀ, ਵਿਚਲਾ ਗੀਤ ਚੱਲ ਰਿਹਾ ਸੀ:

ਇਕ ਦਿਨ ਇਕ ਮੁਸਾਫਿਰ ਡਿੱਠਾ
ਚੜ੍ਹ ਡਾਚੀ 'ਤੇ ਆਇਆ।
ਰਾਹ ਵਿਚ ਵੇਖ ਕਬਰ ਸੱਸੀ ਦੀ
ਕਲਮਾਂ ਉਸ ਫਰਮਾਇਆ।
ਪਾਟੀ ਕਬਰ ਤੇ ਇਕ ਦੂਜੇ ਗਲ
ਯਾਰਾਂ ਬਾਹਾਂ ਪਾਈਆਂ।
ਅੰਤ ਸੱਸੀ ਦੀ ਕਬਰ ਦੇ ਵਿਚੋਂ
ਇਹੋ ਆਵਾਜ਼ਾਂ ਆਈਆਂ...।
ਮੇਰੇ ਯਾਰ ਨੂੰ ਮੰਦਾ ਨਾ ਬੋਲੀਂ
ਮੇਰੀ ਭਾਵੇਂ ਜਿੰਦ ਕੱਢ ਲੈ...।

ਕਿਸੇ ਚੰਗੀ ਫਿਲਮ ਦੇ ਦ੍ਰਿਸ਼ ਵਾਂਗ ਇਹ ਸਭ ਕੁਝ ਮੇਰੀਆਂ ਅੱਖਾਂ 'ਚ ਕੈਦ ਹੈ। ਤੇ ਅੱਜ ਫਿਰ ਆਪਣੇ ਬਾਪ ਵੀ, ਯਾਰ ਵੀ ਤੇ ਭਰਾ ਦੀਆਂ ਕੁਝ ਗੱਲਾਂ ਤੁਹਾਡੇ ਨਾਲ ਬਾਤ ਤੇ ਹੁੰਗਾਰੇ ਵਾਂਗ ਪਾਉਣ ਲੱਗਾ ਹਾਂ।

ਨਾਵਲਕਾਰ ਤੇ ਸਿਰਮੌਰ ਢਾਡੀ ਸੋਹਣ ਸਿੰਘ ਸੀਤਲ ਨੇ ਸ਼ੌਂਕੀ ਮੇਲੇ 'ਤੇ ਸ਼ੌਂਕੀ ਐਵਾਰਡ ਲੈਣ ਤੋਂ ਮਨ੍ਹਾ ਕਰ ਦਿੱਤਾ ਕਿ ਅਮਰ ਸਿੰਘ ਸ਼ੌਂਕੀ ਪੰਥਕ ਢਾਡੀ ਨਹੀਂ ਸੀ ਪਰ ਜਦੋਂ ਮੈਂ ਢਾਡੀਆਂ ਬਾਰੇ 'ਪੰਜਾਬ ਦੇ ਢਾਡੀ' ਕਿਤਾਬ 1992 ਵਿਚ ਲਿਖੀ ਤਾਂ ਸੀਤਲ ਕਹਿਣ ਲੱਗਾ-ਇਹਦੇ ਵਿਚ ਭਾਵੇਂ ਕੁਲਦੀਪ ਮਾਣਕ ਨੂੰ ਸ਼ਾਮਲ ਕਰ ਲੈ, ਮੈਨੂੰ ਕੋਈ ਇਤਰਾਜ਼ ਨਹੀਂ ਕਿਉਂਕਿ ਸਿੱਖ ਇਤਿਹਾਸ ਨੂੰ ਉਸ ਨੇ ਢਾਡੀਆਂ ਤੋਂ ਵੀ ਉਪਰ ਦੀ ਹੋ ਕੇ ਜੋਸ਼ੀਲੇ ਢੰਗ ਨਾਲ ਗਾਇਆ ਹੈ। ਇਥੇ ਇਸ ਗੱਲ ਦਾ ਵੀ ਜ਼ਿਕਰ ਕਰ ਦਿਆਂ ਕਿ ਇਕੱਲੇ ਮਾਣਕ ਨੇ 25 ਐਲਬਮਾਂ ਰਾਹੀਂ ਸਿੱਖ ਇਤਿਹਾਸ ਨੂੰ ਗੌਰਵਮਈ ਢੰਗ ਨਾਲ ਪੇਸ਼ ਕਰਕੇ ਰਿਕਾਰਡ ਕਾਇਮ ਕੀਤਾ ਹੈ।

ਮਾਣਕ ਨਾਲ ਘਿਓ-ਖਿਚੜੀ ਵਾਂਗ 14 ਸਾਲ ਹਰ ਪਲ ਨਾਲ ਗੁਜ਼ਾਰਨ ਵਾਲਾ ਉਹਦਾ ਸ਼ਾਗਿਰਦ ਪ੍ਰੀਤਮ ਬਰਾੜ, ਮਾਣਕ ਦਾ ਸਭ ਤੋਂ ਵੱਡਾ ਉਪਾਸ਼ਕ ਸਰਬਜੀਤ ਮਾਹਿਲ ਅਤੇ ਮੈਂ ਹਾਲ ਹੀ ਵਿਚ ਪੰਜਾਬੀ ਗੀਤਕਾਰ ਮੰਚ ਕੈਲੇਫੋਰਨੀਆ ਵੱਲੋਂ ਕਰਵਾਏ ਗਏ ਸ਼ਰਧਾਂਜਲੀ ਸਮਾਗਮ ਤੋਂ ਵਾਪਸ ਪਰਤ ਰਹੇ ਸਾਂ ਕਿ ਇੰਡਿਆਨਾ ਤੋਂ ਮਿੱਤਰ ਅਮਰਦੀਪ ਸਿੰਘ ਅਮਰ ਦੀ ਘੰਟੀ ਵੱਜੀ:

"ਹੈਲੋ, ਤੁਸੀਂ ਅਸ਼ੋਕ ਭੌਰਾ ਬੋਲ ਰਹੇ ਹੋ?"

"ਜੀ ਹਾਂ ਜੀ।"

"ਥੋਡਾ ਲੰਬਾ ਲੇਖ 'ਪੰਜਾਬ ਟਾਈਮਜ਼' ਵਿਚ ਪੜ੍ਹ ਕੇ ਮੈਂ ਇਕ ਵਾਰ ਨਹੀਂ, ਕਈ ਵਾਰ ਰੋਇਆ ਹਾਂ। ਮੇਰੇ ਕੋਲ ਸ਼ਬਦ ਨਹੀਂ।"

"ਧੰਨਵਾਦ ਵੀਰੇ, ਤੁਸੀਂ ਮੇਰੇ ਭਰਾ ਮਾਣਕ ਲਈ ਰੋਏ ਹੋ।"

"ਪਰ ਵੱਡੇ ਵੀਰ, ਛੋਟੇ ਭਰਾ ਦਾ ਗਿਲਾ ਕਬੂਲ ਜ਼ਰੂਰ ਕਰਨਾ ਪਵੇਗਾ?"

"ਦੱਸੋ ਸਿਰ ਮੱਥੇ ਹੈ।"

"ਤੁਸੀਂ ਜੁਝਾਰੂ ਸਿੰਘ ਗੁਰਜੰਟ ਸਿੰਘ ਬੁੱਧਸਿੰਘਵਾਲਾ ਦੀ ਮਾਣਕ ਨਾਲ ਨੇੜਤਾ ਨੂੰ ਜਾਣਦੇ ਸੀ, ਪਰ ਉਸ ਬਾਰੇ ਲਿਖਿਆ ਨਹੀਂ।"

"ਅਜ ਹੀ ਸ਼ਰਧਾਂਜਲੀ ਸਮਾਗਮ ਵਿਚ ਇਸ ਗੱਲ ਦਾ ਜ਼ਿਕਰ ਕਰਕੇ ਆਇਆ ਹਾਂ।"

"ਨਹੀਂ, ਇਸ ਨੂੰ ਅਖ਼ਬਾਰ ਰਾਹੀਂ ਵੀ ਜ਼ਰੂਰ ਲਿਖੋ।"

ਦਰਅਸਲ ਜਦੋਂ 'ਦੋ ਗੱਭਰੂ ਪੰਜਾਬ ਦੇ' ਕੈਸੇਟ ਰਿਲੀਜ਼ ਹੋਈ ਤਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਵੀ 'ਜਵਾਨੀ ਜੜ੍ਹਾਂ ਪੱਟਣ ਨੂੰ ਕਾਹਲੀ, ਜ਼ਾਲਮ ਸਰਕਾਰ ਦੀਆਂ' ਆਦਿ ਗੀਤਾਂ ਦੀ ਪ੍ਰਸ਼ੰਸਾ ਕੀਤੀ ਪਰ ਗੁਰਜੰਟ ਸਿੰਘ ਬੁੱਧਸਿੰਘਵਾਲਾ ਮਾਣਕ ਦਾ ਮੁਰੀਦ ਸੀ। ਜਦੋਂ ਉਹਦੇ ਸਿਰ ਦਾ ਮੁੱਲ ਲੱਖਾਂ 'ਚ ਸੀ, ਤਦ ਵੀ ਸਾਫਾ ਬੰਨ੍ਹ, ਭੇਸ ਬਦਲ ਕੇ ਮਾਣਕ ਨੂੰ ਮਿਲਣ ਪ੍ਰੋਗਰਾਮਾਂ, ਇੱਥੋਂ ਤੱਕ ਕਿ ਪ੍ਰੋ. ਮੋਹਨ ਸਿੰਘ ਮੇਲੇ 'ਤੇ ਵੀ ਚਲਾ ਜਾਂਦਾ ਸੀ। ਖਾੜਕੂ ਨਵਦੀਪ ਸਿੰਘ, ਦਵਿੰਦਰ ਭੁੱਲਰ ਉਹਨੂੰ ਅਕਸਰ ਕਿਹਾ ਕਰਦੇ ਸਨ ਕਿ ਤੂੰ ਲੁਧਿਆਣੇ ਨਾ ਜਾਹ, ਤੂੰ ਫੜਿਆ ਜਾਣੈਂ!...ਤੇ ਗੱਲ ਵੀ ਉਹੀ ਹੋਈ। ਉਹ ਲੁਧਿਆਣੇ ਹੀ ਮੁਕਾਬਲੇ ਵਿਚ ਮਾਰਿਆ ਗਿਆ। ਜਦੋਂ ਗੁਰਜੰਟ ਸਿੰਘ ਦਾ ਪਰਿਵਾਰ ਪੁਲਿਸ ਨੇ ਚੁੱਕਿਆ ਤਾਂ ਇਹ ਖ਼ਬਰ ਮਾਣਕ ਤੱਕ ਪੁੱਜੀ। ਉਹਨੇ ਤਤਕਾਲੀ ਪੁਲਿਸ ਮੁਖੀ ਨੂੰ ਕਿਹਾ ਸੀ, "ਪਰਿਵਾਰ ਦਾ ਕੀ ਕਸੂਰ ਐ? ਜੇ ਪਰਿਵਾਰ ਸਵੇਰ ਤੀਕ ਨਾ ਛੱਡਿਆ ਤਾਂ ਮੇਰੀ ਲਾਸ਼ ਮਿਲੇਗੀ।"...ਤੇ ਮਾਣਕ ਦੀ ਪਹੁੰਚ ਅਤੇ ਕੇ.ਪੀ.ਐਸ. ਗਿੱਲ ਦੀ ਦਖ਼ਲਅੰਦਾਜ਼ੀ ਨਾਲ ਪਰਿਵਾਰ ਛੱਡ ਦਿੱਤਾ ਗਿਆ ਸੀ। ਕੁਲਵੰਤ ਸਿਘ ਘੁੰਗਰਾਣਾ ਦੀ ਸਿੰਘਣੀ ਅਨੁਸਾਰ 'ਅੰਬ ਦਾ ਬੂਟਾ ਰਹਿੰਦਾ ਮਸਤ ਸਦਾ ਵਿਚ ਬੇਲਿਆਂ ਦੇ' ਬੁੱਧਸਿੰਘਵਾਲਾ ਦਾ ਮਨਪਸੰਦ ਗੀਤ ਸੀ। ਉਹਦੇ ਪਰਿਵਾਰ ਵਿਚ ਕੰਧ ਨਾਲ 'ਮਾਣਕ ਨਾਲ ਘੁੱਟ ਕੇ ਪਾਈ ਜੱਫ਼ੀ' ਵਾਲੀ ਉਹਦੀ ਫੋਟੋ ਹਾਲੇ ਵੀ ਦੇਖੀ ਜਾ ਸਕਦੀ ਹੈ। ਇਨ੍ਹਾਂ ਗੱਲਾਂ ਦਾ ਜ਼ਿਕਰ ਕਈ ਵਾਰ ਮਾਣਕ ਨੇ ਮੇਰੇ ਨਾਲ ਕੀਤਾ ਸੀ।

ਮਾਣਕ ਦੀ ਜ਼ਿੰਦਗੀ ਦਾ ਆਖਰੀ ਵਪਾਰਕ ਪ੍ਰੋਗਰਾਮ ਕੁਝ ਮਹੀਨੇ ਪਹਿਲਾਂ ਮੇਰੀ ਹਾਜ਼ਰੀ ਵਿਚ ਮੇਰੇ ਰਾਹੀਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਭਾਮ ਵਿਚ ਸੀ। ਸੈਨ ਹੋਜ਼ੇ ਅਤੇ ਫਰੀਮਾਂਟ ਵਸਦੀਆਂ ਮੇਰੀਆਂ ਦੋ ਵੱਡੇ ਭਰਾਵਾਂ ਵਰਗੀਆਂ ਹਸਤੀਆਂ ਗੁਰਮੇਲ ਸਿੰਘ ਸਿੱਧੂ ਤੇ ਬਲਜੀਤ ਸਿੰਘ ਸਿੱਧੂ ਨੇ ਕਿਹਾ ਕਿ "ਐਤਕਾਂ ਲਾਲਾਂ ਵਾਲੇ ਪੀਰ ਦੇ ਸਥਾਨ 'ਤੇ ਤੂੰ ਸ਼ੌਂਕੀ ਮੇਲੇ ਵਰਗਾ ਮੇਲਾ ਲਾਉਣੈ ਪਰ ਮਾਣਕ ਨੂੰ ਜ਼ਰੂਰ ਸੁਣਨਾ ਤੇ ਗੀਤ ਵੀ ਸਿਰਫ਼ ਪੰਜ।" ਖ਼ੈਰ! ਮੈਂ ਪਾਲੀ ਦੇਤਵਾਲੀਏ ਨੂੰ ਕਹਿ'ਤਾ, ਭਜਨਾ ਅਮਲੀ ਤੇ ਸੰਤੀ ਆ ਗਏ। ਮਾਣੋ ਬਿੱਲੀ ਵਾਲਾ ਕਮਲਜੀਤ ਨੀਲੋਂ ਆ ਗਿਆ, ਗੁਰਮੇਜ ਮੇਹਲੀ ਵੀ, ਪਰ ਮਾਣਕ ਆਖੇ-'ਯੁਧਵੀਰ ਨੂੰ ਲੈ ਜਾ।' ਚਲੋ ਉਹ ਆ ਗਿਆ। ਰਚਨਾਵਾਂ ਪੰਜ ਹੀ ਗਾਈਆਂ, 'ਤੇਰੇ ਟਿੱਲੇ ਤੋਂ ਅਹੁ ਸੂਰਤ ਦੀਂਹਦੀ ਆ ਹੀਰ ਦੀ', 'ਸਾਹਿਬਾਂ ਬਣੀ ਭਰਾਵਾਂ ਦੀ', 'ਮਾਂ ਹੁੰਦੀ ਏ ਮਾਂ', 'ਚਾਦਰ' ਅਤੇ 'ਤੇਰਿਆਂ ਦੁੱਖਾਂ ਦਾ ਮਾਰਾ ਨੀ ਜੱਟ ਜੋਗੀ ਹੋਇਆ।' ਤੀਹ ਸਾਲ ਪਹਿਲਾਂ ਵਾਲਾ ਮਾਣਕ ਨਿੱਖਰਿਆ। ਪੂਰਾ 32 ਹਜ਼ਾਰ ਇਨਾਮ ਹੋਇਆ। ਵੀਹ ਹਜ਼ਾਰ ਸਿੱਧੂ ਪਰਿਵਾਰ ਨੇ ਦੇ ਦਿੱਤਾ। ਮੈਂ ਹੱਸਦਿਆਂ ਕਿਹਾ, "ਤੂੰ ਹਾਲੇ ਗਾਇਕੀ ਦਾ ਦਾਰਾ ਸਿਹੁੰ ਐਂ।" ਉਹ ਟਿੱਚਰ 'ਚ ਕਹਿਣ ਲੱਗਾ, "ਬਵੰਜਾ ਹਜ਼ਾਰ ਨੂੰ ਤਾਂ ਪੰਜ ਗੀਤ ਮਾੜੇ ਨ੍ਹੀਂ...ਇੱਦਾਂ ਦੇ ਕਰ ਲਿਆ ਕਰ, ਪਰ ਅਫਸੋਸ ਕਿ ਇਹ ਮੇਰਾ ਤੇ ਮਾਣਕ ਦਾ ਇਕੱਠਿਆਂ ਦਾ ਆਖਰੀ ਪ੍ਰੋਗਰਾਮ ਹੋ ਗਿਆ।

ਵਾਪਸੀ 'ਤੇ ਰਾਹ ਵਿਚ ਮੇਰੇ ਸਹੁਰਿਆਂ ਦਾ ਪਿੰਡ ਮਖ਼ਸੂਸਪੁਰ ਆ ਗਿਆ। ਉਹ ਉਥੇ ਘੰਟਾ ਕੁ ਰੁਕਿਆ, ਪਰ ਆਖਰੀ ਸਮੇਂ ਦੀ ਗੱਲਬਾਤ ਦੇਖੋ-ਮੈਨੂੰ ਪੁੱਛਣ ਲੱਗਾ, "ਤੂੰ ਮੇਰਾ ਯਾਰ ਐਂ ਕਿ ਦੋਸਤ।"

"ਮੈਂ ਕਿਹਾ ਯਾਰ।"

"ਦੋਸਤ ਤੇ ਯਾਰ ਇਕੋ ਗੱਲ ਹੁੰਦੀ ਐ।"

ਮੈਂ ਅੜ ਗਿਆ, "ਨਹੀਂ ਫਰਕ ਹੁੰਦੈ।"

"ਉਹ ਤੁਸੀਂ ਅਖ਼ਬਾਰਾਂ ਵਾਲੇ ਨ੍ਹੀਂ ਕਿਸੇ ਦੀ ਗੱਲ ਛੇਤੀ ਮੰਨਦੇ। ਚੱਲ ਸਿੱਧ ਕਰ?"

ਮੈਂ ਵੀ ਕਿਹਾ, "ਲੈ ਸੁਣ ਫਿਰ, ਪਰ ਵਿਚੋਂ ਨਾ ਬੋਲੀ।"

ਗੱਲ ਇੱਦਾਂ ਸੀ ਕਿ ਇਕ ਵਜ਼ੀਰ ਨੂੰ ਬਾਦਸ਼ਾਹ ਨੇ ਵੀ ਇਹੋ ਸਵਾਲ ਕਰ'ਤਾ। ਵਜ਼ੀਰ ਕਹੇ ਦੋਸਤ ਤੇ ਯਾਰ ਵਿਚ ਫਰਕ ਬੜਾ ਹੁੰਦੈ, ਰਾਜਾ ਮੰਨੇ ਨਾ। ਬਹਿਸ ਲੰਬੀ ਹੁੰਦੀ ਵੇਖ ਕੇ ਵਜ਼ੀਰ ਕਹਿਣ ਲੱਗਾ-ਸਵੇਰੇ ਭੇਸ ਬਦਲ ਕੇ ਮੇਰੇ ਨਾਲ ਦੁਨੀਆ ਦਾ ਰੰਗ ਦੇਖਣ ਚੱਲਿਓ।

ਸਵੇਰੇ ਬਾਦਸ਼ਾਹ ਨੇ ਫਟੇ ਪੁਰਾਣੇ ਕੱਪੜੇ ਪਾਏ, ਨਿਕਲ ਪਏ ਮਹਿਲਾਂ 'ਚੋਂ। ਵਜ਼ੀਰ ਪਹਿਲੇ ਦੋਸਤ ਦੇ ਘਰ ਲੈ ਕੇ ਗਿਆ ਬਾਦਸ਼ਾਹ ਨੂੰ। ਬਗਲਗੀਰ ਹੋਣ ਤੋਂ ਪਿੱਛੋਂ ਦੋਸਤ ਵਜ਼ੀਰ ਨੂੰ ਪੁੱਛਣ ਲੱਗਾ, "ਕਿਵੇਂ ਆਏ ਐਂ ਹਾਕਮ ਸਿਹਾਂ, ਅੱਜ ਖ਼ੈਰ ਨ੍ਹੀਂ ਲੱਗਦੀ?"

"ਗੱਲ ਤੇਰੀ ਸੋਲਾਂ ਆਨੇ ਸੱਚ ਐ।"

"ਖੋਲ੍ਹ ਭੇਤ ਫਿਰ?"

"ਮੈਂ ਬਾਦਸ਼ਾਹ ਤੋਂ ਉਧਾਰਾ ਪੰਜ ਲੱਖ ਰੁਪਿਆ ਲਿਆ ਸੀ ਤਾਰਾ ਚੰਦਾ, ਆਪਣੀ ਧੀ ਦੇ ਵਿਆਹ 'ਤੇ।"

"ਫੇ?"

"ਰਾਜਾ ਤੰਗ ਕਰਦੈ, ਆਂਹਦਾ ਪੈਸੇ ਦੇਹ।...ਮੇਰੀ ਮੱਦਦ ਕਰ ਪੰਜ ਲੱਖ ਦੀ।"

ਤਾਰਾ ਚੰਦ ਮੱਥੇ 'ਤੇ ਹੱਥ ਮਾਰ ਕੇ ਕਹਿਣ ਲੱਗਾ, "ਬਹੁਤ ਸ਼ਰਮਿੰਦਾ ਕਰ'ਤਾ ਤੂੰ ਅੱਜ ਮੈਨੂੰ। ਸੁਆਲ ਵੀ ਜ਼ਿੰਦਗੀ 'ਚ ਪਹਿਲੀ ਵਾਰ ਪਾਇਆ, ਕਿਤੇ ਕੱਲ੍ਹ ਆ ਜਾਂਦਾ ਤਾਂ ਭਾਵੇਂ ਛੇ ਲੱਖ ਲੈ ਲੈਂਦਾ। ਤੇਰੀ ਭਰਜਾਈ ਪੂਰਾ ਈ ਪੰਜ ਲੱਖ ਪੇਕਿਆਂ ਨੂੰ ਲੈ'ਗੀ। ਸਾਲੇ ਸਹੁਰਿਆਂ ਨੇ ਕੋਈ ਜ਼ਮੀਨ ਦਾ ਬਿਆਨਾ ਕੀਤਾ ਸੀ।"

"ਮਾੜਾ ਮੋਟਾ ਕੁਛ?"

"ਕਾਹਨੂੰ ਹੋਰ ਲਾਹੁੰਨੈਂ। ਆਹ ਬੱਸ ਕਰਿਆਨੇ ਜੋਗੇ ਚਾਰ ਦਮੜੇ ਆ ਜੇਬ 'ਚ।"

...ਤੇ ਵਜ਼ੀਰ ਅਤੇ ਬਾਦਸ਼ਾਹ ਬੇਰੰਗ ਲਿਫ਼ਾਫੇ ਵਾਂਗ ਘਰੋਂ ਬਾਹਰ ਨਿਕਲ ਆਏ।

"ਮਹਾਰਾਜ, ਇਹ ਮੇਰਾ ਦੋਸਤ ਸੀ।"

"ਲੱਗ ਗਿਆ ਪਤਾ। ਹੁਣ ਯਾਰ ਵੀ ਮਿਲਾ।"

"ਸਬਰ ਕਰੋ ਮਹਾਰਾਜ, ਹਾਲੇ ਇਕ ਹੋਰ ਦੋਸਤ ਵੀ ਮਿਲਾਊਂ।"

"ਛੇਤੀ ਕਰ।"

...ਤੇ ਪਹੁੰਚ ਗਏ ਦੂਜੇ ਦੋਸਤ ਦੇ ਘਰ।

"ਕਿਵੇਂ ਆਉਣੇ ਹੋਏ ਹਾਕਮ ਸਿਹਾਂ?"

"ਬੰਦਾ ਦੁਖੀ ਹੋ ਕੇ ਘਰੋਂ ਨਿਕਲਦੈ।"

"ਹਾਅ ਗੰਦ-ਮੰਦ ਜਿਹਾ ਕੌਣ ਐ ਤੇਰੇ ਨਾਲ?"

"ਚੱਲ ਇਹ ਤਾਂ ਹੋਇਆ। ਭੁੱਖਾ ਮੰਗਤਾ ਸੀ ਕੋਈ। ਗਲੋਂ ਨ੍ਹੀਂ ਲਹਿੰਦਾ। ਤੂੰ ਮੇਰੀ ਸਮੱਸਿਆ ਹੱਲ ਕਰ।"

"ਹੁਕਮ ਕਰ, ਤੈਥੋਂ ਜਾਨ ਵਾਰ ਦੇਈਏ।"

"ਬਾਦਸ਼ਾਹ ਤੋਂ ਧੀ ਦੇ ਵਿਆਹ ਲਈ ਪੰਜ ਲੱਖ ਉਧਾਰੇ ਲਏ ਸੀ। ਹੁਣ ਗਲ ਵਿਚ 'ਗੂਠਾ ਦਿੱਤਾ ਹੋਇਐ। ਮੇਰੀ ਮੱਦਦ ਕਰ। ਮੈਂ ਜ਼ਿੰਦਗੀ ਭਰ ਤੇਰਾ ਅਹਿਸਾਨ ਨਹੀਂ ਭੁੱਲਾਂਗਾ।"

"ਮਿੱਤਰਾ, ਕਿੱਦਾਂ ਦੇ ਮੌਕੇ ਆਇਐਂ? ਮਾਮੇ ਨੇ ਵੀ ਪਤਾ ਨ੍ਹੀਂ ਹੁਣੇ ਵਿਆਹ ਰੱਖਣਾ ਸੀ ਕੁੜੀ ਦਾ! ਬੇਬੇ ਨੇ ਜ਼ੁਬਾਨ ਕਰ'ਤੀ, ਪਈ ਫਿਕਰ ਨਾ ਕਰੀਂ ਭਰਾਵਾ। ਮਿੰਟ ਪੰਦਰਾਂ ਨ੍ਹੀਂ ਹੋਏ ਹੋਣੇ ਬੇਬੇ ਗਈ ਨੂੰ। ਨਹੀਂ ਤਾਂ ਤੇਰੀ ਝੋਲੀ ਭਰ ਦੇਣੀ ਸੀ। ਇੰਨੇ ਕੁ ਪੈਸੇ ਤਾਂ ਹੱਥਾਂ ਦੀ ਮੈਲ ਲਾਹ ਕੇ ਦੇ ਦਿੰਦੇ ਤੈਨੂੰ।"




"ਚੰਗਾ ਭਰਾਵਾ, ਕੀ ਜ਼ੋਰ ਗਰੀਬਾਂ ਦਾ?"

"ਬੈਠੋ ਚਾਹ ਪਾਣੀ?"

"ਭਰਾਵਾ ਸੁੱਕਾ ਹਿਸਾਬ ਈ ਠੀਕ ਐ।"

...ਤੇ ਵਜ਼ੀਰ ਤਾਜ਼ਾ ਜਿਹਾ ਹੋ ਕੇ ਬਾਦਸ਼ਾਹ ਨੂੰ ਕਹਿਣ ਲੱਗਾ, "ਮਹਾਰਾਜ, ਦੋਸਤ ਤਾਂ ਦੋ ਮਿਲਾ'ਤੇ ਤੁਹਾਨੂੰ, ਹੁਣ ਮਿਲਾਉਨਾ ਯਾਰ।"

"ਤੂੰ ਬਾਤ ਈ ਲੰਬੀ ਕਰੀ ਜਾਨੈਂ। ਛੇਤੀ ਮਿਲਾ ਕੇਰਾਂ।"

...ਤੇ ਵਜ਼ੀਰ ਨੇ ਖੜਕਾ'ਤਾ ਕੁੰਡਾ ਯਾਰ ਜਾਗਰ ਸਿਹੁ ਦਾ।

"ਇਹ ਤਾਂ ਕੋਈ ਅਮਲੀ ਜਿਹਾ ਭੁੱਖਾ ਨੰਗਾ ਲਗਦਾ। ਇਹਨੇ ਨੰਗ ਨੇ ਕੀ ਦੇਣਾ ਤੈਨੂੰ?"

"ਮਹਾਰਾਜ ਸਬਰ ਤਾਂ ਰੱਖੋ।" ਤੇ ਆ ਗਈ ਆਵਾਜ਼ ਅੰਦਰੋਂ-"ਬਾਈ ਕੌਣ ਐ ਤੂੰ?"

"ਤੇਰਾ ਯਾਰ ਹਾਕਮ ਸਿਹੁ। ਤੂੰ ਕੁੰਡਾ ਨ੍ਹੀਂ ਖੋਲ੍ਹਦਾ?"

"ਮੈਂ ਤੜਕਾ ਰੱਖਿਆ ਹੋਇਐ। ਜਲ ਜੂ ਸਾਲਾ। ਤੇਰੇ ਕੋਲੋਂ ਢਾਈ ਫੁੱਟੀ ਕੰਧ ਨ੍ਹੀਂ ਟੱਪ ਹੁੰਦੀ?"

ਵਜ਼ੀਰ ਤੇ ਬਾਦਸ਼ਾਹ ਟੱਪ ਗਏ ਫਿਰ ਵਾਹਗੇ ਆਲੀ ਹੱਦ।

"ਬਈ ਪਹਿਲਾਂ ਤਾਂ ਛਕੋ ਪ੍ਰਸ਼ਾਦਾ। ਬਾਕੀ ਗੱਲਾਂ ਫੇਰ। ਨਾਲੇ ਅੱਜ ਗਰੀਬ ਦਾ ਹੋ ਜੂ ਪੁੰਨ।"

"ਉਹ ਕਿੱਦਾਂ?"

"ਹਾਅ ਜਿਹੜਾ ਲੀਰਾਂ ਆਲਾ ਸਾਧ ਜਿਹਾ ਲਈ ਫਿਰਦੈਂ, ਇਹਦੇ ਵੀ ਢਿੱਡ ਪੈ ਜੂ ਕੁਛ। ਅਸੀਂ ਕਿਹੜਾ ਕਿਤੇ ਨੱਕ ਤੇ ਮੱਥਾ ਰਗੜਨ ਜਾਈਦੈ।"

...ਤੇ ਜਾਗਰ ਨੇ ਸਹੇ ਦੇ ਕੰਨਾਂ ਤੇ ਲੋਗੜ ਵਰਗੀਆਂ ਦੋ ਦੋ ਮੋਟੀਆਂ ਰੋਟੀਆਂ ਦੋਹਾਂ ਨੂੰ ਖੁਆ ਕੇ ਪੁੱਛਿਆ, "ਹੋ ਗਈ ਢਿੱਡ ਦੀ ਪੂਜਾ। ਹੁਣ ਦੱਸ ਹਾਕਮ ਸਿੰਹਾਂ ਕੰਮ ਕਿਹੜੈ ਦੂਜਾ? ਮੂੰਹ ਲਟਕਾਈ ਫਿਰਦੈਂ ਊਠ ਦੇ ਬੁੱਲ੍ਹਾਂ ਵਾਂਙੂੰ!"

"ਯਾਰ ਤੂੰ ਮੇਰੀ ਜਾਨ ਬਚਾ ਸਕਦੈਂ?"

"ਜਿਉਣਾ ਮੌੜ ਪਿੱਛੇ ਪੈ ਗਿਆ ਤੇਰੇ?"

"ਟਿੱਚਰਾਂ ਨਾ ਕਰ, ਮੈਂ ਬੜੇ ਦੁੱਖ ਦੀ ਘੜੀ 'ਚ ਆਇਐਂ।"

"ਗੱਲ ਕੀ ਐ ਯਾਰਾ? ਕੀ ਜਾਨੀ ਚੋਰ ਦਾ ਕਿੱਸਾ ਸੁਣਾਈ ਜਾਨੈਂ, ਚੱਕ ਦੇ ਘੜੇ ਤੋਂ ਕੌਲਾ। ਗੱਲ ਕੀ ਐ?"

"ਮੈਂ ਬਾਦਸ਼ਾਹ ਤੋਂ ਧੀ ਸੰਤੀ ਦੇ ਵਿਆਹ ਲਈ ਪੰਜ ਲੱਖ ਉਧਾਰ ਲਿਆ ਸੀ।"

"ਫੇ...ਕੀ ਹੋਇਆ?"

"ਬਾਦਸ਼ਾਹ ਡਾਢਾ ਤੰਗ ਕਰਦੈ। ਆਂਹਦੈ ਪੈਸੇ ਚਾਹੀਦੇ ਆ।"

ਜਾਗਰ ਦੀਆਂ ਤਾਂ ਢੋਲ ਵਾਂਗ ਵਾਛਾਂ ਖਿੜ'ਗੀਆਂ। ਹੱਸਦਿਆਂ ਦੂਹਰਾ ਹੋ ਹੋ ਆਖੇ, "ਬੱਸ ਆਹੀ ਗੱਲ ਸੀ। ਕੀ ਹੁੰਦਾ ਸਾਲਾ ਪੰਜ ਲੱਖ ਰੁਪਿਆ। ਛੱਡ ਫਿਕਰ, ਕੋਈ ਹੋਰ ਗੱਲ ਦੱਸ।"

"ਬੱਸ ਇਹੋ ਗੱਲ ਐ, ਘਰ 'ਚ ਰੋਟੀ ਨ੍ਹੀਂ ਪੱਕੀ ਚਹੁੰ ਦਿਨਾਂ ਤੋਂ।"

"ਅੱਛਾ! ਗੱਲ ਏਨੀ ਵਧ'ਗੀ। ਚੱਲ ਆਏਂ ਦੱਸ, ਜੇ ਤੂੰ ਬਾਦਸ਼ਾਹ ਨੂੰ ਪੰਜ ਲੱਖ ਨਾ ਦਏਂ ਤਾਂ ਕੀ ਵਗਾੜ ਲਊ ਤੇਰਾ?"

"ਸਾਨੂੰ ਤੇ ਬੱਚਿਆਂ ਨੂੰ ਘਾਣ 'ਚ ਪੀੜ ਕੇ ਮਾਰ ਦਿਊ।"

"ਤੂੰ ਮਨ 'ਚੋਂ ਕੱਢ ਸਾਰਾ ਭੈਅ। ਐਸੀ ਤੈਸੀ ਸਾਲੇ ਬਾਦਸ਼ਾਹ ਦੀ। ਦਿਨ ਚੜ੍ਹਦੇ ਨੂੰ ਸਾਲਾ ਇਹ ਲੰਡਾ ਚਿੜਾ ਈ ਮਾਰ ਦਿਆਂਗੇ।"

"ਜਾਗਰਾ, ਮੂਹਰੇ ਦਰਬਾਨ ਹੁੰਦੇ ਆ। ਪਹਿਰਾ ਹੁੰਦਾ ਪੂਰਾ। ਇੱਦਾਂ ਕਿਵੇਂ ਹੋ ਜੂ?"

"ਯਾਰ ਤਾਂ ਤੂੰ ਮੇਰੈਂ, ਪਰ ਦਿਲ ਤੀਵੀਆਂ ਵਾਲਾ ਈ ਐ। ਮਾਰਾਂਗੇ ਕੰਜਰ ਦੇ ਦਰਬਾਨਾਂ ਦੇ ਦੋ ਦੋ ਲੱਫੜ, ਤੇ ਬਾਦਸ਼ਾਹ ਦੀ ਧੌਣ 'ਚ ਜਦ ਚਾਰ ਪਈਆਂ, ਨਾਲ ਈ ਕੱਢ ਦਿਆਂਗੇ ਪ੍ਰਾਣ।"

ਤੇ ਬਾਦਸ਼ਾਹ ਤਾਂ ਭੱਜ ਪਿਆ ਉਥੋਂ ਨੰਗੇ ਪੈਰੀਂ। ਵਜ਼ੀਰ ਬਥੇਰਾ 'ਵਾਜ਼ਾਂ ਮਾਰੇ, "ਬਾਦਸ਼ਾਹ ਜੀ ਖੜ੍ਹ ਜੋ, ਕੀ ਹੋ ਗਿਐ", ਪਰ ਉਹ ਤਾਂ ਸਾਹੋ ਸਾਹੀ ਹੋਇਆ ਮਹਿਲਾਂ ਦੇ ਮੂਹਰੇ ਜਾ ਪਿਆ।

ਵਜ਼ੀਰ ਨੇ ਸਵਾਲ ਕੀਤਾ, "ਮਹਾਰਾਜ, ਤੁਸੀਂ ਇੰਨਾ ਡਰ ਕੇ ਭੱਜੇ ਕਿਉਂ?"

ਬਾਦਸ਼ਾਹ ਨੇ ਹੱਥ ਜੋੜ ਲਏ, "ਪਾ ਲਿਆ ਭੇਤ ਦੋਸਤ ਤੇ ਯਾਰ ਦਾ। ਕਿਤੇ ਤੇਰੇ ਯਾਰ ਨੂੰ ਉਥੇ ਪਤਾ ਲੱਗ ਜਾਂਦਾ ਕਿ ਬਾਦਸ਼ਾਹ ਆਹੀ ਐ, ਮੇਰੀਆਂ ਤਾਂ ਲੀਰਾਂ ਕਰ ਦਿੰਦਾ ਉਹ।"

ਉਹ ਦਿਨ ਮੇਰੇ ਲਈ ਭਾਗਾਂ ਵਾਲਾ ਸੀ ਜਦੋਂ

*(ਬਾਕੀ ਸਫਾ 31 'ਤੇ)*

# ਗੁਰੂ ਤੇਗ ਬਹਾਦਰ ਦੀ ਬਾਣੀ ਦੇ ਧਰਮ-ਸ਼ਾਸ਼ਤਰੀ-ਸਰੋਕਾਰ

***ਇਹ ਕੁੰਜੀਵਤ ਭਾਸ਼ਣ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ 15 ਦਸੰਬਰ 2011 ਨੂੰ 'ਕੌਮੀ ਏਕਤਾ ਅਤੇ ਭਾਈਚਾਰਕ ਸਦਭਾਵਨਾ ਸਨਮੁਖ ਚੁਣੌਤੀਆਂ' ਵਿਸ਼ੇ ਉਪਰ ਕਰਵਾਏ ਗਏ ਕੌਮੀ ਪੱਧਰ ਦੇ ਸੈਮੀਨਾਰ ਵਿਚ ਪੜ੍ਹਿਆ ਗਿਆ। ਡਾ. ਬਲਕਾਰ ਸਿੰਘ ਇਸ ਯੂਨੀਵਰਸਿਟੀ ਵਿਚ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਮੁਖੀ ਰਹੇ ਹਨ ਅਤੇ ਸਥਾਪਤ ਵਿਦਵਾਨ ਹਨ। ਅਸੀਂ ਉਨ੍ਹਾਂ ਦਾ ਇਹ ਪਰਚਾ ਇਸ ਗੰਭੀਰ ਵਿਸ਼ੇ ਉਤੇ ਚਰਚਾ ਛੇੜਨ ਦੇ ਮਨੋਰਥ ਨਾਲ ਪੰਜਾਬ ਟਾਈਮਜ਼ ਦੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। -ਸੰਪਾਦਕ***

ਸਿੱਖ ਧਰਮ ਨਾਲ ਸਬੰਧਤ ਕੋਈ ਵੀ ਚਰਚਾ ਮੇਰਾ ਕਰਮ-ਖੇਤਰ ਰਿਹਾ ਹੈ। ਇਸ ਸੈਮੀਨਾਰ ਵਾਸਤੇ ਚੁਣਿਆ ਗਿਆ ਵਿਸ਼ਾ ਭਾਰਤ ਵਿਚ ਕੌਮੀ-ਏਕਤਾ ਅਤੇ ਭਾਈਚਾਰਕ-ਸਦਭਾਵਨਾ ਦੀਆਂ ਵੰਗਾਰਾਂ ਨਾਲ ਸਬੰਧਤ ਹੈ। ਇਸ ਪਰਚੇ ਵਿਚ ਚਰਚਾ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦੇ ਹਵਾਲੇ ਨਾਲ ਕੀਤੀ ਜਾਏਗੀ। ਕੌਮੀ-ਏਕਤਾ ਅਤੇ ਭਾਈਚਾਰਕ-ਸਦਭਾਵਨਾ ਦੀ ਭਾਰਤੀ ਦਾਸਤਾਨ ਬਹੁਤ ਲੰਬੀ ਹੈ ਪਰ ਇਹ ਗੱਲ ਜ਼ਰੂਰ

**ਪ੍ਰੋ. ਬਲਕਾਰ ਸਿੰਘ (ਰਿਟਾ.)**
**ਫੋਨ:91-93163-01328**

ਸਾਂਝੀ ਕਰਨਾ ਚਾਹੁੰਦਾ ਹਾਂ ਕਿ ਸਮੱਸਿਆਵਾਂ ਦੀ ਜੜ੍ਹ ਸਿਧਾਂਤ ਵਿਚ ਨਹੀਂ, ਸਿਧਾਂਤ ਦੇ ਅਮਲ ਵਿਚ ਹੈ। ਸਿਧਾਂਤ ਦੇ ਅਮਲ ਦਾ ਸਬੰਧ ਸਿਧਾਂਤ ਨੂੰ ਵਰਤਣ ਵਾਲਿਆਂ ਅਤੇ ਅਮਲ ਨੂੰ ਭੁਗਤਣ ਵਾਲਿਆਂ ਨਾਲ ਹੈ। ਮਿਸਾਲ ਵਜੋਂ ਭਾਰਤੀ ਸੰਵਿਧਾਨ ਦੀ ਪ੍ਰਧਾਨ ਸੁਰ, ਸੁਤੰਤਰ, ਪ੍ਰਭੂਸੱਤਾ ਸੰਪੰਨ, ਸਮਾਜਵਾਦੀ, ਧਰਮਨਿਰਪੇਖ (ਸੈਕੂਲਰ) ਅਤੇ ਲੋਕਤਾਂਤ੍ਰਿਕ ਗਣਤੰਤਰ ਹੈ ਪਰ ਇਸ ਦਾ ਅਮਲ, ਇਸ ਦੀ ਸਿਆਸਤ ਹੀ ਸਿਆਸਤ ਹੈ ਜਿਸ ਵਾਸਤੇ ਇਹ ਸਾਰੇ ਸ਼ਬਦ ਸਿਆਸੀ ਕੱਚਾ ਮਾਲ ਹਨ ਤੇ ਇਸ ਨੂੰ ਸਿਆਸੀ ਮੰਡੀ ਮੁਤਾਬਕ ਹੀ ਵਰਤਿਆ ਜਾ ਰਿਹੈ।

ਇਸ ਹਾਲਤ ਵਿਚ ਵੰਗਾਰਾਂ ਕੌਮੀ-ਏਕਤਾ ਅਤੇ ਭਾਈਚਾਰਕ-ਸਦਭਾਵਨਾ ਵਾਸਤੇ ਨਹੀਂ ਸਗੋਂ ਇਨ੍ਹਾਂ ਦੋਹਾਂ ਦੀ ਸਿਆਸਤ ਵਾਸਤੇ ਹਨ। ਵਰਤਮਾਨ ਭਾਰਤੀ ਸਿਆਸਤਦਾਨਾਂ ਨੂੰ ਸਾਰੇ ਕਲੇਸ਼ਾਂ ਦੀ ਜੜ੍ਹ ਧਰਮ ਅਤੇ ਭਾਸ਼ਾ ਦੀ ਕੱਟੜਤਾ ਵਿਚ ਹੀ ਨਜ਼ਰ ਆਉਣ ਲੱਗੀ ਹੈ। ਭਾਰਤੀ ਸਿਆਸਤ ਇਸ ਵੇਲੇ ਦੁਨੀਆਂਦਾਰੀ ਨੂੰ ਮਰਜ਼ੀ ਮੁਤਾਬਿਕ ਚਲਾਉਣ ਦਾ ਸਿੱਕੇਬੰਦ ਮਾਧਿਅਮ ਹੋ ਗਈ ਹੈ। ਇਹ ਬੇਸ਼ੱਕ ਪਹਿਲੀ ਵਾਰ ਨਹੀਂ ਹੋਇਆ ਸਗੋਂ ਹੁੰਦਾ ਹੀ ਆਇਆ ਹੈ। ਜ਼ਿੰਦਗੀ ਨਾਲ ਜੁੜੇ ਸਰੋਕਾਰਾਂ ਵਿਚੋਂ ਨੈਤਿਕਤਾ ਕਮਜ਼ੋਰ ਹੁੰਦੀ ਹੁੰਦੀ, ਗੁੰਮ ਹੀ ਹੋ ਗਈ ਹੈ। ਇਸੇ ਨਾਲ ਜੁੜੀਆਂ ਵੰਗਾਰਾਂ ਨੂੰ ਲੈ ਕੇ ਗੇਟੇ ਦੀ ਇਹ ਗੱਲ ਦੁਹਰਾਉਣੀ ਪੈ ਰਹੀ ਹੈ, "ਜਿਹੜਾ ਕੁਝ ਸਦਾਚਾਰ ਪੱਖੋਂ ਜਾਇਜ਼ ਨਹੀਂ ਉਹ ਸਿਆਸਤ ਲਈ ਵੀ ਜਾਇਜ਼ ਨਹੀਂ ਹੈ।" ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਦੁੱਖ ਅਤੇ ਸੁੱਖ, ਜ਼ਿੰਦਗੀ ਦੇ ਅਨਿੱਖੜ ਅਤੇ ਪਰਸਪਰ ਸਰੋਕਾਰਾਂ ਵਜੋਂ ਇਕੱਠੇ ਹੀ ਤੁਰਦੇ ਰਹੇ ਹਨ ਅਤੇ ਇਨਸਾਨ ਨੂੰ ਇਹ ਦੋਵੇਂ ਕਪੜਿਆਂ ਵਾਂਗ ਹੰਢਾਉਣੇ ਪੈਂਦੇ ਰਹੇ ਹਨ,

ਦੁਖੁ ਸੁਖੁ ਕਰਤੈ ਧੁਰਿ ਲਿਖਿ ਪਾਇਆ॥
ਦੂਜਾ ਭਾਉ ਆਪਿ ਵਰਤਾਇਆ॥
ਗੁਰਮੁਖਿ ਹੋਵੈ ਸੁ ਅਲਿਪਤੋ ਵਰਤੈ
ਮਨਮੁਖ ਕਾ ਕਿਆ ਵੇਸਾਹਾ ਹੇ॥
(ਮਾਰੂ ਮਹਲਾ 3)

ਇਹ ਮੰਨ ਲੈਣ ਵਿਚ ਕੋਈ ਹਰਜ ਨਹੀਂ ਕਿ ਭਾਰਤ ਨੂੰ ਸਦਾ ਹੀ ਕਾਨੂੰਨ ਨੇ ਘੱਟ ਅਤੇ ਧਰਮ ਨੇ ਵੱਧ ਚਲਾਇਆ ਹੈ। ਇਸੇ ਨੂੰ ਧਿਆਨ ਵਿਚ ਰੱਖ ਕੇ ਹਥਲੇ ਵਿਸ਼ੇ ਨੂੰ ਨੌਵੇਂ ਪਾਤਸ਼ਾਹ ਦੀ ਬਾਣੀ ਦੀ ਰੌਸ਼ਨੀ 'ਚ ਪਰਖਣ ਦੀ ਕੋਸ਼ਿਸ਼ ਕਰ ਰਿਹਾ ਹਾਂ,

ਗ੍ਰੰਥ ਅਤੇ ਪੰਥ ਜਾਂ ਬਾਣੀ ਅਤੇ ਇਤਿਹਾਸ ਦੇ ਦੋ ਕੰਢਿਆਂ ਵਿਚਕਾਰ ਵਹਿੰਦੇ ਸਿੱਖੀ ਦੇ ਦਰਿਆ ਦਾ ਅਰੰਭ ਤਾਂ ਬਾਣੀ ਤੋਂ ਹੋਇਆ ਸੀ। ਬਾਣੀ ਦੇ ਇਤਿਹਾਸ ਵਿਚ ਪ੍ਰਗਟਾਵੇ ਨਾਲ ਜੋ ਫਰਕ ਪਿਆ, ਉਸ ਨਾਲ ਵਰਤਮਾਨ 'ਚ ਸਿੱਖ-ਭਾਈਚਾਰਾ ਬਾਣੀ ਦੇ ਸਿੱਖ ਹੋਣ ਨਾਲੋਂ ਇਤਿਹਾਸ ਦੇ ਸਿੱਖ ਹੋਣ ਨੂੰ ਪਹਿਲ ਦੇਣ ਲੱਗ ਪਿਆ ਹੈ। ਇਸੇ ਵਹਿਣ 'ਚ ਬਾਣੀ ਦੀ ਰੌਸ਼ਨੀ ਵਿਚ ਇਤਿਹਾਸ ਨੂੰ ਵੇਖਣ ਅਤੇ ਪਰਖਣ ਦੀ ਥਾਂ ਬਾਣੀ ਨੂੰ ਇਤਿਹਾਸ ਦੀ ਰੌਸ਼ਨੀ ਵਿਚ ਪਰਖਿਆ ਜਾਣ ਲੱਗ ਪਿਆ ਹੈ। ਇਸ ਨਾਲ ਸਿੱਖ ਰੋਲ ਮਾਡਲ ਵਿਚ ਤਬਦੀਲੀ ਆ ਗਈ ਹੈ ਜਿਸ ਨਾਲ ਸਿਆਸਤ ਧਰਮ ਉਤੇ ਹਾਵੀ ਹੋ ਗਈ ਹੈ। ਸਿਆਸਤ ਦਾ ਬਾਣੀ-ਪ੍ਰਸੰਗ ਉਸਾਰਨਾ ਸੌਖਾ ਨਹੀਂ ਹੈ, ਇਸੇ ਲਈ ਸਿਆਸਤ ਦੇ ਇਤਿਹਾਸ-ਪ੍ਰਸੰਗ ਨਾਲ ਸੰਤੁਸ਼ਟ ਹੋਣ ਵਲ ਤੁਰਨਾ ਪੈ ਰਿਹਾ ਹੈ। ਇਸ ਨਾਲ ਕੌਮੀ-ਏਕਤਾ ਅਤੇ ਭਾਈਚਾਰਕ-ਸਦਭਾਵਨਾ-ਦੋਵੇਂ ਹੀ ਮਸਲਾ ਜਾਂ ਵੰਗਾਰ ਹੋ ਗਏ ਹਨ। ਇਸ ਗੁੰਝਲ ਨੂੰ ਜਿੰਨਾ ਚਿਰ ਬਾਣੀ ਦੀ ਰੌਸ਼ਨੀ ਵਿਚ ਸਮਝਣ ਵੱਲ ਨਹੀਂ ਤੁਰਾਂਗੇ, ਉਨਾ ਚਿਰ ਅਗਾਊਂ (ਪਰੋਐਕਟਿਵ) ਪਹੁੰਚ ਦੀ ਥਾਂ, ਜਵਾਬੀ (ਰੀਐਕਟਿਵ) ਪਹੁੰਚ ਹੀ ਵਰਤਣ ਦੀ ਮਜਬੂਰੀ ਤੋਂ ਨਹੀਂ ਬਚ ਸਕਾਂਗੇ। ਅਗਾਊਂ-ਪਹੁੰਚ ਅਤੇ ਜਵਾਬੀ-ਪਹੁੰਚ ਦੇ ਪ੍ਰਸੰਗਕ ਹਵਾਲੇ ਬਾਣੀ ਵਿਚ ਪ੍ਰਾਪਤ ਹਨ। ਗੁਰੂ ਨਾਨਕ ਰਚਿਤ ਬਾਬਰਵਾਣੀ ਵਿਚ ਆਇਆ ਹੈ,

ਅਗੋ ਦੇ ਜੇ ਚੇਤੀਐ
ਤਾਂ ਕਾਇਤੁ ਮਿਲੈ ਸਜਾਇ॥
ਸਾਹਾਂ ਸੁਰਤਿ ਗਵਾਈਆ
ਰੰਗਿ ਤਮਾਸੈ ਚਾਇ॥
ਬਾਬਰਵਾਣੀ ਫਿਰਿ ਗਈ
ਕੁਇਰੁ ਨ ਰੋਟੀ ਖਾਇ॥

ਇਹ ਸੋਚ ਅਤੇ ਵੇਖ ਕੇ ਤੁਰਨ ਦੀ ਮਾਨਸਿਕਤਾ ਹੈ। ਦੂਜੀ ਜਵਾਬੀ-ਪਹੁੰਚ ਦੀ ਉਸਾਰੂ-ਪਰਤ, ਮੌਕੇ ਦੀ ਸੰਭਾਲ ਹੈ, ਜ਼ਿੰਮੇਵਾਰੀ ਦੀ ਪਾਲਣਾ ਹੈ, ਪਰਖ ਉਤੇ ਪੂਰਾ ਉਤਰਨਾ ਅਤੇ ਲੋੜਵੰਦ ਦੀ ਮਦਦ ਕਰਨਾ ਹੈ। ਇਸ ਦਾ ਬਾਣੀ-ਪ੍ਰਸੰਗ ਗੁਰੂ ਨਾਨਕ ਦੇਵ ਦੇ ਸ਼ਬਦਾਂ 'ਚ ਇਸ ਤਰ੍ਹਾਂ ਪ੍ਰਾਪਤ ਹੈ,

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥

ਇਸੇ ਦਾ ਅਧਿਆਤਮਕ ਪ੍ਰਗਟਾਵਾ ਦਸਮ ਪਾਤਸ਼ਾਹ ਦੇ ਸ਼ਬਦਾਂ ਵਿਚ "ਜੂਝ ਮਰਉ ਤਉ ਸਾਚੁ ਪਤੀਜੈ" ਹੈ। ਇਸ ਭਾਵਨਾ ਨੂੰ ਸਿੱਖ ਮਾਨਸਿਕਤਾ ਨੇ ਗੁਰੂ ਤੇਗ ਬਹਾਦਰ ਸਾਹਿਬ ਦੇ ਹਵਾਲੇ ਨਾਲ ਇਸ ਤਰ੍ਹਾਂ ਸਾਂਭਿਆ ਹੋਇਆ ਹੈ,

ਚਿਤੁ ਚਰਣ ਕੰਵਲ ਕਾ ਆਸਰਾ
ਚਿਤੁ ਚਰਣ ਕੰਵਲ ਸੰਗਿ ਜੋੜੀਐ॥
ਮਨੁ ਲੋਚੈ ਬੁਰਿਆਈਆਂ
ਗੁਰ ਸ਼ਬਦੀ ਇਹੁ ਮਨੁ ਹੋੜੀਐ॥
ਬਾਹਿ ਜਿਨਾ ਦੀ ਪਕੜੀਐ
ਸਿਰੁ ਦੀਜੈ ਬਾਹਿ ਨ ਛੋੜੀਐ॥
ਤੇਗ ਬਹਾਦਰ ਬੋਲਿਆ
ਧਰ ਪਈਐ ਧਰਮੁ ਨ ਛੋੜੀਐ॥

ਇਸ ਵਾਸਤੇ ਲੋੜੀਂਦੀ ਮਾਨਸਿਕਤਾ ਨੂੰ ਸੁਜੱਗਤਾ ਅਤੇ ਵਚਨਬੱਧਤਾ ਦੀ ਲੋੜ ਪੈਂਦੀ ਹੈ। ਅਜਿਹੀ ਮਾਨਸਿਕਤਾ ਨੂੰ ਸ਼ਬਦ (ਬਾਣੀ) ਦੁਆਰਾ ਘੜੇ ਜਾਣ ਦੀ ਜੁਗਤਿ ਦਾ ਅਧਿਆਤਮਕ-ਸ੍ਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ।

ਕਿਸੇ ਵੀ ਧਰਮ ਦੀਆਂ ਸੁਤੰਤਰ ਸਥਾਪਨਾਵਾਂ ਨੂੰ ਸਮਝਣ ਵਾਸਤੇ ਅਧਿਆਤਮਕਤਾ ਹੀ ਕੰਮ ਆਉਂਦੀ ਹੈ ਕਿਉਂਕਿ ਅਧਿਆਤਮ-ਵਿਹੂਣੇ ਧਰਮ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਸਿੱਖ ਧਰਮ ਵਾਸਤੇ ਇਹ ਕੰਮ ਨਾਨਕ-ਜੋਤਿ (ਨੌਂ ਗੁਰੂ ਸਾਹਿਬਾਨ, 1539-1708) ਤੋਂ ਇਲਾਵਾ ਭਾਈ ਗੁਰਦਾਸ ਤੋਂ ਲੈ ਕੇ ਕਿਸੇ ਨਾ ਕਿਸੇ ਰੂਪ ਵਿਚ ਹੁੰਦਾ ਹੀ ਆਇਆ ਹੈ ਅਤੇ ਸਿੱਖ ਸਾਹਿਤ ਦੇ ਰੂਪ ਵਿਚ ਪ੍ਰਾਪਤ ਹੈ। ਸਿੱਖ-ਅਧਿਆਤਮਕਤਾ ਦੀ ਨਿਖੜਵੇਂ ਜਾਂ ਇਕਹਿਰੇ ਰੂਪ ਵਿਚ ਨਿਸ਼ਾਨਦੇਹੀ ਭਾਵੇਂ ਨਹੀਂ ਹੋ ਸਕੀ ਪਰ ਇਸ ਦਾ ਪ੍ਰਗਟਾਵਾ ਲਗਾਤਾਰ ਹੁੰਦਾ ਰਿਹਾ ਹੈ ਜਿਸ ਦੀ ਨਿਸ਼ਾਨਦੇਹੀ ਸਭਿਆਚਾਰਕ, ਧਾਰਮਿਕ ਅਤੇ ਅਧਿਆਤਮਕ ਦ੍ਰਿਸ਼ਟੀ ਤੋਂ ਹੋਣੀ ਚਾਹੀਦੀ ਹੈ। ਅਜਿਹਾ ਕਰਦਿਆਂ ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਅਧਿਆਤਮਕਤਾ ਦੀਆਂ ਜੜ੍ਹਾਂ ਜੇ ਸਭਿਆਚਾਰ ਵਿਚ ਹੋਣਗੀਆਂ ਤਾਂ ਇਸ ਨੂੰ ਸਬੰਧਤ ਧਰਮ ਦੀਆਂ ਕਿਸੇ ਨਾ ਕਿਸੇ ਕਿਸਮ ਦੀਆਂ ਸੀਮਾਵਾਂ ਨੂੰ ਪਾਰ ਨਾ ਕਰ ਸਕਣ ਦੀ ਮਜਬੂਰੀ ਹੰਢਾਉਣੀ ਪਵੇਗੀ। ਜੇ ਅਧਿਆਤਮਕਤਾ (ਥੀਆਲੋਜੀ) ਦੀਆਂ ਜੜ੍ਹਾਂ ਧਰਮ ਵਿਚ ਹੋਣਗੀਆਂ ਤਾਂ ਸੀਮਾਵਾਂ ਦੀਆਂ ਮਜਬੂਰੀਆਂ, ਹੱਦਾਂ ਦੀ ਸੰਤੁਸ਼ਟੀ ਵਿਚ ਤਬਦੀਲ ਹੋ ਜਾਣਗੀਆਂ। ਜੇ ਧਰਮ ਸ਼ਾਸਤਰ ਦੀਆਂ ਜੜ੍ਹਾਂ ਅਧਿਆਤਮ ਵਿਚ ਹੋਣਗੀਆਂ ਤਾਂ ਪ੍ਰਭੂ ਅਤੇ ਮਾਨਵ ਵਿਚਕਾਰ ਪੁਲ ਦੀ ਭੂਮਿਕਾ ਨਿਭਾਉਣਗੀਆਂ। ਤੀਜੀ ਨੂੰ ਸਿੱਖ ਅਧਿਆਤਮਵਾਦ ਕਿਹਾ ਜਾ ਰਿਹਾ ਹੈ ਕਿਉਂਕਿ ਇਸ ਦਾ ਸ੍ਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ। ਉਤਰ-ਆਧੁਨਿਕਤਾ ਵਿਚ ਧਰਮ ਸ਼ਾਸਤਰ ਦੀ ਵਿਆਖਿਆ ਮਾਨਵ ਦੀ ਪ੍ਰਭੂ ਪ੍ਰਤੀ ਅਕਾਂਖਿਆ ਅਤੇ ਪ੍ਰਭੂ ਦੀ ਸਾਰਿਆਂ ਪ੍ਰਤੀ ਅਕਾਂਖਿਆ ਵਜੋਂ ਕੀਤੀ ਗਈ ਹੈ। ਇਹ ਰਾਏ ਬਣਾਉਣ ਵਾਲੇ ਦੇ ਧਿਆਨ ਵਿਚ ਸਿੱਖ ਧਰਮ ਬਿਲਕੁਲ ਨਹੀਂ ਸੀ ਪਰ ਇਸ ਰਾਏ ਦੀ ਸਿਧਾਂਤਕ-ਧਰਾਤਲ ਬਾਣੀ ਨੂੰ ਪ੍ਰਵਾਨ ਕੀਤਾ ਜਾ ਸਕਦਾ ਹੈ। ਬਾਣੀ ਵਿਚ ਮਾਨਵ ਦੇ ਪ੍ਰਭੂ ਨਾਲ ਰਿਸ਼ਤੇ ਬਾਰੇ ਮਾਤਾ, ਪਿਤਾ, ਭਰਾਤਾ ਵਰਗੇ ਬਹੁਤ ਸਾਰੇ ਸ਼ਬਦ ਪ੍ਰਾਪਤ ਹਨ। ਇਸੇ ਦੀ ਨਿਰੰਤਰਤਾ ਵਿਚ ਇਥੇ ਪੰਚਮ ਪਾਤਸ਼ਾਹ ਵਲੋਂ ਵਰਤੇ ਗਏ ਸ਼ਬਦ "ਸਉਤੁ" ਦੇ ਹਵਾਲੇ ਨਾਲ ਇਹ ਨੁਕਤਾ ਸਾਹਮਣੇ ਲਿਆਉਣਾ ਹੈ ਕਿ ਮਾਨਵ ਦੁਆਰਾ ਹੀ ਪ੍ਰਭੂ ਨੂੰ ਸੌਤਰਾਪਨ (ਜੋ ਕਿ ਔਤਰਾਪਨ ਦਾ ਵਿਰੋਧਵਾਚੀ ਹੈ) ਪ੍ਰਾਪਤ ਹੋਇਆ ਹੈ,

ਸਫਲ ਜਨਮੁ ਹਰਿ ਜਨ ਕਾ ਉਪਜਿਆ
ਜਿਨਿ ਕੀਨੋ ਸਉਤੁ ਬਿਧਾਤਾ॥
ਸਗਲ ਸਮੂਹ ਲੈ ਉਧਰੇ ਨਾਨਕ
ਪੂਰਨ ਬ੍ਰਹਮੁ ਪਛਾਤਾ॥ (ਪੰਨਾ 532)

ਇਸ ਰਿਸ਼ਤੇ ਨਾਲ ਨਿਭਦਿਆਂ ਪ੍ਰਾਪਤ ਹੋਣ ਵਾਲੀ ਰਸੀ ਹੋਈ ਸੋਝੀ ਉਲਾਰ-ਉਪਭੋਗੀ-ਮਾਨਸਿਕਤਾ ਤੋਂ ਨਿਰਲੇਪ ਰਹਿ ਕੇ ਜਿਉਣ ਵਾਸਤੇ ਸਹਾਇਕ ਸਾਬਤ ਹੁੰਦੀ ਹੈ। ਬੇਸ਼ੱਕ ਦਿਮਾਗ ਅਤੇ ਦਿਲ ਦੀਆਂ ਭ੍ਰਾਂਤੀਆਂ ਤੋਂ ਮੁਕਤ ਹੋ ਸਕਣਾ ਮੁਸ਼ਕਲ ਹੈ ਕਿਉਂਕਿ ਜ਼ਿੰਦਗੀ ਦਾ ਯਥਾਰਥ ਇਸੇ ਨਾਲ ਜੁੜਿਆ ਹੁੰਦਾ ਹੈ। ਇਸ ਨਾਲ ਇਸ ਸੱਚ ਦਾ ਪਤਾ ਲੱਗ ਜਾਂਦਾ ਹੈ ਕਿ ਪ੍ਰਭੂ ਅਤੇ ਮਾਨਵ ਵਿਚਕਾਰ ਸਾਂਝ ਦੇ ਆਧਾਰ 'ਤੇ ਜ਼ਿੰਦਗੀ ਦੇ ਨੈਤਿਕ



ਸਰੋਕਾਰਾਂ ਨੂੰ ਆਮ ਆਦਮੀ ਦੀ ਸਮਝ ਗੋਚਰੇ ਕਰਨ ਦਾ ਨਾਮ ਹੀ ਅਧਿਆਤਮਕਤਾ ਹੈ। ਪ੍ਰਗਟਾਵੇ ਵਿਚ ਵੀ ਜੋ ਸਥਾਪਤ-ਸੱਚ ਰਹਿੰਦਾ ਹੈ, ਉਹੀ ਪ੍ਰਭੂ ਹੈ। ਅਕਾਲ ਪੁਰਖ ਸੱਚ ਰੂਪ ਵਿਚ ਸਰਬਵਿਆਪਕ ਹੈ। ਸਾਰਾ ਪ੍ਰਗਟਾਵਾ ਬੇਸ਼ੱਕ ਪਰਮਾਤਮਾ ਕਰਕੇ ਹੀ ਹੈ, ਪਰ ਇਹ ਸਾਰਾ ਪ੍ਰਗਟਾਵਾ (ਸਰਗੁਣ) ਪਰਮਾਤਮਾ ਨਹੀਂ ਹੈ। ਸਰਗੁਣ ਅਤੇ ਨਿਰਗੁਣ ਦੋਹਾਂ ਦੀ ਸਾਂਝ ਨੂੰ ਸਮਝਿਆ ਤਾਂ ਜਾ ਸਕਦਾ ਹੈ ਪਰ ਪਲਟਾਇਆ ਜਾਂ ਬਦਲਾਇਆ ਨਹੀਂ ਜਾ ਸਕਦਾ,

ਨਿਰਗੁਨੁ ਆਪਿ ਸਰਗੁਨੁ ਭੀ ਓਹੀ॥
ਕਲਾ ਧਾਰਿ ਜਿਨਿ ਸਗਲੀ ਮੋਹੀ॥ (ਪੰਨਾ 287)

ਜਿਸ ਮਸਲੇ ਨੂੰ ਇਸ ਸੈਮੀਨਾਰ ਵਿਚ ਵੰਗਾਰ ਵਜੋਂ ਵਿਚਾਰਿਆ ਜਾ ਰਿਹਾ ਹੈ, ਉਹ ਅਸਲ ਵਿਚ ਮਾਨਵ-ਮਾਨਸਿਕਤਾ ਦੇ ਲੇਖੇ-ਜੋਖੇ ਨਾਲ ਹੀ ਜੁੜਿਆ ਹੋਇਆ ਹੈ। ਸਾਰੀਆਂ ਸਮੱਸਿਆਵਾਂ ਮਾਨਸਿਕ-ਵਿਗਾੜ ਕਰਕੇ ਹੀ ਪੈਦਾ ਹੁੰਦੀਆਂ ਹਨ। ਗੁਰੂ ਤੇਗ ਬਹਾਦਰ ਨੇ ਇਸ ਮਾਨਸਿਕ-ਵਿਗਾੜ ਦੀ ਜੜ੍ਹ "ਮਨ ਕਾ ਮਾਨ" (ਹਉਮੈ) ਨੂੰ ਦਸਿਆ ਹੈ ਅਤੇ ਇਸ ਆਧਾਰ ਉਤੇ ਉਨ੍ਹਾਂ ਮਾਨਸਿਕ-ਪਰਤਾਂ ਵਲ ਵੀ ਇਸ਼ਾਰਾ ਕੀਤਾ ਹੈ ਜੋ ਮਾਨਵੀ-ਹੋਣੀ ਹੋ ਗਈਆਂ ਹਨ,

ਸਾਧੋ ਮਨ ਕਾ ਮਾਨੁ ਤਿਆਗਉ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ
ਤਾ ਤੇ ਅਹਿਨਿਸਿ ਭਾਗਉ॥ਰਹਾਉ॥(ਪੰਨਾ 219)

ਜਿਹੜੇ ਅਧਿਆਤਮਕ ਸਰੋਕਾਰ ਦੁਰਜਨ ਮਾਨਸਿਕਤਾ ਨਾਲ ਜੁੜੇ ਹੋਏ ਹਨ ਅਤੇ ਜਿਨ੍ਹਾਂ ਦੇ ਸਹਿਜ-ਸਥਾਪਨ ਨੂੰ ਨਾਲ ਲੈ ਕੇ ਜਿਉਣਾ ਹੈ, ਉਹ ਸਭ ਨਾਨਕ-ਚਿੰਤਨ ਦੀ ਨਿਰੰਤਰਤਾ ਵਿਚ ਹੈ। ਨਾਨਕ-ਚਿੰਤਨ ਨੂੰ ਮੁਕਤੀ ਦਾ ਮਾਰਗ (ਮੁਕਤ ਪੰਥ) ਕਿਹਾ ਗਿਆ ਹੈ ਤੇ ਇਸ ਮਾਰਗ ਦੇ ਪਾਂਧੀ ਹੋਣ ਵਾਸਤੇ ਹਉਮੈ ਅਤੇ ਮਾਇਆ ਦੇ ਮੋਹ ਤੋਂ ਉਪਰ ਉਠ ਕੇ ਜਿਉਣ 'ਤੇ ਜ਼ੋਰ ਦਿਤਾ ਗਿਆ ਹੈ। ਅਜਿਹਾ ਕਰਨ ਲਈ ਨਾਮ-ਸਿਮਰਨ ਦੀ ਵਿਧੀ ਨੂੰ ਅਪਨਾਉਣਾ ਲਾਜ਼ਮੀ ਕਰਾਰ ਦਿਤਾ ਗਿਆ ਹੈ,

ਤਜਿ ਅਭਿਮਾਨ ਮੋਹ ਮਾਇਆ
ਫੁਨਿ ਭਜਨ ਰਾਮ ਚਿਤੁ ਲਾਵਹੁ॥
ਨਾਨਕ ਕਹਤ ਮੁਕਤਿ ਪੰਥ ਇਹੁ
ਗੁਰਮੁਖਿ ਹੋਇ ਤੁਮ ਪਾਵਹੁ॥(ਪੰਨਾ 219)

ਇਥੇ ਇਹ ਸਮਝਣ ਦੀ ਲੋੜ ਹੈ ਕਿ ਬਾਣੀ ਵਿਚ ਉਹੀ ਸ਼ਬਦਾਵਲੀ ਵਰਤੀ ਗਈ ਹੈ, ਜੋ ਆਮ ਲੋਕਾਂ ਵਿਚ ਪ੍ਰਚਲਿਤ ਸੀ। ਕਾਰਨ ਇਹ ਕਿ ਸਿੱਖ ਧਰਮ ਨਾਲ ਆਮ ਬੰਦੇ ਦੇ ਧਰਮ ਅਤੇ ਵਰਤਮਾਨ ਜਾਂ ਕਿਸੇ ਵੀ ਸਮਕਾਲ ਦੇ ਧਰਮ ਨੂੰ ਸਾਹਮਣੇ ਲਿਆਂਦਾ ਜਾ ਰਿਹਾ ਸੀ। ਇਸ ਦੇ ਬਾਵਜੂਦ ਵਰਤੀ ਗਈ ਸ਼ਬਦਾਵਲੀ ਨੂੰ ਨਵੇਂ ਪ੍ਰਸੰਗ ਵਿਚ ਨਵੇਂ ਅਰਥ ਦਿਤੇ ਗਏ ਹਨ। ਮਿਸਾਲ ਵਜੋਂ ਜੂਨਾਂ ਦਾ ਜ਼ਿਕਰ ਤਾਂ ਹੈ ਪਰ ਇਸ ਨੂੰ ਭੂਤ ਦੇ ਭੈਅ ਅਤੇ ਭਵਿਖ ਦੇ ਲਾਰੇ ਨਾਲੋਂ ਤੋੜਨ ਵਾਸਤੇ ਇਸੇ ਜਨਮ ਨੂੰ ਹੀ "ਗੋਬਿੰਦ ਮਿਲਣ ਕੀ ਇਹੁ ਤੇਰੀ ਬਰੀਆ" ਕਿਹਾ ਗਿਆ ਹੈ। ਇਸ ਵਾਸਤੇ ਵੀ ਕਾਰਗਰ ਵਿਧਾ, ਨਾਮ-ਸਿਮਰਨ ਨੂੰ ਹੀ ਪ੍ਰਵਾਨ ਕੀਤਾ ਗਿਆ ਹੈ,

ਮਾਨਸ ਦੇਹ ਬਹੁਰਿ ਨਹ ਪਾਵੈ
ਕਛੂ ਉਪਾਉ ਮੁਕਤਿ ਕਾ ਕਰੁ ਰੇ॥
ਨਾਨਕ ਕਹਤ ਗਾਇ ਕਰੁਨਾ
ਮੈ ਭਵਸਾਗਰ ਕੈ ਪਾਰਿ ਉਤਰੁ ਰੇ॥(ਪੰਨਾ 220)

ਕੌਮੀ ਏਕਤਾ ਅਤੇ ਭਾਈਚਾਰਕ ਸਦਭਾਵਨਾ ਨਾਲ ਜੁੜੀਆਂ ਵੰਗਾਰਾਂ ਨੂੰ ਇਕੋ ਵੇਲੇ ਭੁਗਤ ਰਹੇ ਹਨ ਵਿਅਕਤੀ, ਪਰਿਵਾਰ, ਭਾਈਚਾਰਾ, ਸਮਾਜ, ਸੂਬਾ ਅਤੇ ਦੇਸ਼। ਵਿਅਕਤੀ ਤੋਂ ਦੇਸ਼ ਅਤੇ ਦੇਸ਼ ਤੋਂ ਵਿਅਕਤੀ ਵਿਚਾਲੇ ਸਾਂਝੀ ਤੰਦ ਮਾਨਵ-ਮਾਨਸਿਕਤਾ ਹੀ ਹੈ। ਇਨ੍ਹਾਂ ਮਾਨਸਿਕ ਵਰਤਾਰਿਆਂ ਨੂੰ ਪ੍ਰਭਾਵਿਤ ਕਰਨ ਵਾਲਿਆਂ ਵਿਚ ਧਾਰਮਿਕ-ਯੂਨਿਟ ਵੀ ਸ਼ਾਮਲ ਹੈ। ਸਾਰਾ ਦੇਸ਼ ਧਰਮ-ਨਿਰਪੇਖ ਸਿਆਸਤ ਅਤੇ ਧਾਰਮਿਕ ਮਾਨਸਿਕਤਾ ਵਿਚਾਲੇ ਤ੍ਰਿਸ਼ੰਕੂ ਬਣਿਆ ਪਿਆ ਹੈ। ਇਹ ਲਟਕਾਊ ਮਾਨਸਿਕਤਾ ਸਿਆਸਤਦਾਨ ਤੋਂ ਬਿਨਾਂ ਕਿਸੇ ਨੂੰ ਠੀਕ ਨਹੀਂ ਬੈਠਦੀ। ਫਿਰ ਵੀ ਇਉਂ ਲਗਦਾ ਹੈ ਕਿ ਕਿਸੇ ਨੂੰ ਇਨ੍ਹਾਂ ਦੋਹਾਂ ਦਾ ਬਿਬੇਕ ਸਾਹਮਣੇ ਲਿਆਉਣ ਲਈ ਕੋਈ ਫਿਕਰ ਹੀ ਨਹੀਂ ਹੈ?

ਇਹ ਪ੍ਰਸ਼ਨ ਸਦਾ ਤੋਂ ਬਣਿਆ ਰਿਹਾ ਹੈ ਕਿ ਮਨ ਦੀ ਪੀੜਾ ਕਿਸ ਨੂੰ ਦੱਸੀਏ? ਗੁਰੂ ਤੇਗ ਬਹਾਦਰ ਨੇ ਮਨ ਦੀ ਵਿਥਿਆ ਬਾਰੇ ਜੋ ਕਿਹਾ ਹੈ, ਉਸ ਨੂੰ ਸੁਣਨ ਅਤੇ ਸਮਝਣ ਨਾਲ ਇਹ ਸਮਝ ਆ ਸਕਦਾ ਹੈ ਕਿ ਸਮਸਿਆਵਾਂ ਦੀ ਜੜ੍ਹ ਮਾਨਵ-ਮਾਨਸਿਕਤਾ ਹੀ ਹੈ,

ਬਿਰਥਾ ਕਹਉ ਕਉਨ ਸਿਉ ਮਨ ਕੀ॥
ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ
ਆਸਾ ਲਾਗਿਓ ਧਨ ਕੀ॥1॥ਰਹਾਉ॥
ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ
ਸੇਵ ਕਰਤ ਜਨ ਜਨ ਕੀ॥
ਦੁਆਰਹਿ ਦੁਆਰਿ ਸੁਆਨ ਜਿਉ
ਡੋਲਤ ਨਹ ਸੁਧ ਰਾਮ ਭਜਨ ਕੀ॥
ਨਾਨਕ ਹਰਿ ਜਸੁ ਕਿਉ ਨਹੀ ਗਾਵਤ
ਕੁਮਤਿ ਬਿਨਾਸੈ ਤਨ ਕੀ॥ (ਪੰਨਾ 411)

ਤਨ ਦੀ ਕੁਮਤਿ ਦੀ ਜੜ੍ਹ ਵੀ ਮਨ ਵਿਚ ਹੀ ਹੈ। ਮਨ ਦਾ ਸੁਭਾ "ਦੁਰਮਤਿ ਤੇ ਨ ਟਰੈ" ਵਾਲਾ ਹੈ ਅਤੇ ਇਸ ਸੁਭਾ ਕਰਕੇ ਮਨ ਨੂੰ "ਸੁਆਨ ਪੂਛ ਜਿਉ ਹੋਇ ਨ ਸੂਧੋ" ਕਿਹਾ ਗਿਆ ਹੈ। ਨਤੀਜਾ ਇਹ ਕਢਿਆ ਹੈ ਕਿ ਮਨ ਨੂੰ ਸਿੱਖਿਆ ਨਾਲ ਅਲਰਜੀ ਹੈ,

ਮਨ ਮੂਰਖ ਅਜਹੂ ਨਹ ਸਮਝਤ
ਸਿਖ ਦੈ ਹਾਰਿਓ ਨੀਤ॥
ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ
ਪ੍ਰਭ ਕੇ ਗੀਤ॥ (ਪੰਨਾ 536)

ਨੌਵੇਂ ਪਾਤਸ਼ਾਹ ਹਜ਼ੂਰ ਦੇ ਧਰਮ-ਸ਼ਾਸਤਰੀ ਸਰੋਕਾਰ "ਮੁਕਤਿ ਪੰਥ" ਵਲ ਸੇਧਤ ਹਨ। ਪੰਥ, ਮਾਰਗ ਹੈ ਅਤੇ ਇਸ 'ਤੇ ਚਲਣ ਵਾਲਿਆਂ ਦੀ ਭਾਈਚਾਰਕ ਮੰਜ਼ਲ ਵੀ ਹੈ। ਪੰਥ ਨੂੰ ਗ੍ਰੰਥ ਦਾ ਬੰਧਨ ਹੈ ਪਰ ਗ੍ਰੰਥ ਨੂੰ ਪੰਥ ਦਾ ਕੋਈ ਬੰਧਨ ਨਹੀਂ ਹੈ। ਗ੍ਰੰਥ ਦਾ ਬੰਧਨ ਸ਼ਬਦ-ਗੁਰੂ ਦਾ ਬੰਧਨ ਹੈ। ਇਹ ਸਾਰਾ ਕੁਝ ਸ੍ਰੀ ਗੁਰੂ ਤੇਗ ਬਹਾਦਰ ਦੇ ਸਮੇਂ (1621-1675) ਤੱਕ ਸਥਾਪਤ ਹੋ ਚੁੱਕਾ ਸੀ ਕਿਉਂਕਿ ਇਸ ਦੇ ਸੰਸਥਾਪਕ ਗੁਰੂ ਨਾਨਕ ਦੇਵ (1469-1539) ਸਨ। ਇਸੇ ਨੂੰ "ਮੁਕਤਿ ਪੰਥ" ਕਿਹਾ ਜਾ ਰਿਹਾ ਹੈ ਅਤੇ ਇਸੇ ਨੂੰ ਆਧੁਨਿਕ ਅੰਤਰਦ੍ਰਿਸ਼ਟੀਆਂ ਨੇ ਮਾਨਵ-ਕਲਿਆਣ ਵਜੋਂ ਮਾਨਤਾ ਦਿੱਤੀ ਹੋਈ ਹੈ। ਇਸ ਪ੍ਰਾਪਤੀ ਵਾਸਤੇ ਅੰਦਰ ਪਏ ਬੀਜ ਰੂਪ ਗੁਣਾਂ ਨੂੰ ਪ੍ਰਗਟ ਕਰਨ ਦੀ ਲੋੜ ਹੈ। ਨਾਮ-ਸਿਮਰਨ ਦੀ ਤਕਨਾਲੋਜੀ ਨਾਲ ਅਪ੍ਰਗਟ ਨੂੰ ਪ੍ਰਗਟ ਕੀਤਾ ਜਾ ਸਕਦਾ ਹੈ,

ਰਤਨੁ ਰਾਮੁ ਘਟ ਹੀ ਕੇ ਭੀਤਰਿ
ਤਾ ਕੋ ਗਿਆਨੁ ਨ ਪਾਇਓ॥
ਜਨ ਨਾਨਕ ਭਗਵੰਤ ਭਜਨ ਬਿਨੁ
ਬਿਰਥਾ ਜਨਮੁ ਗਵਾਇਓ॥ (ਪੰਨਾ 703)

ਇਹ ਤਾਂ ਸਥਾਪਤ ਸੱਚ ਹੈ ਕਿ ਮਾਨਵ ਕਿਸੇ ਨਾ ਕਿਸੇ ਤਰ੍ਹਾਂ ਦੇ ਬੰਧਨ ਵਿਚ ਜ਼ਿੰਦਗੀ ਬਿਤਾਉਂਦਾ ਆ ਰਿਹਾ ਹੈ। ਇਹ ਬੰਧਨ ਰਿਸ਼ਤਿਆਂ ਦੇ ਹੋਣ, ਕਾਨੂੰਨ ਜਾਂ ਸਾਧਨਾਂ ਦੇ ਹੋਣ, ਇਨ੍ਹਾਂ ਨੂੰ ਨਾਲ ਲੈ ਕੇ ਤੁਰਨਾ ਪੈਂਦਾ ਹੈ। ਕਹਿ ਸਕਦੇ ਹਾਂ ਕਿ ਮਾਨਵ ਬੰਧਨਾਂ ਦੀ ਸਿਆਸਤ ਦਾ ਸ਼ਿਕਾਰ ਹੈ ਕਿਉਂਕਿ ਉਹ ਰਿਸ਼ਤਿਆਂ ਦੀ ਵਿਆਕਰਣ ਉਸਾਰ ਸਕਣ ਤੋਂ ਅਸਮਰਥ ਹੈ। ਮਜਬੂਰੀਆਂ ਮਾਨਸਿਕ ਵਿਗਾੜ ਪੈਦਾ ਕਰਦੀਆਂ ਹਨ। ਮਜਬੂਰੀਆਂ ਦੇ ਭਾਰ ਨਾਲ ਪਾਟੀ ਮਾਨਸਿਕਤਾ ਵੰਗਾਰਾਂ ਦਾ ਸਾਹਮਣਾ ਤਾਂ ਕੀ ਕਰੇਗੀ, ਵੰਗਾਰਾਂ ਦੀ ਨਿਸ਼ਾਨਦੇਹੀ ਵੀ ਨਹੀਂ ਕਰ ਸਕਦੀ। ਏਕਤਾ ਅਤੇ ਸਦਭਾਵਨਾ ਵਲ ਪਿੱਠ ਇਹੋ ਜਿਹੇ ਹਾਲਾਤ ਵਿਚ ਹੋ ਹੀ ਜਾਂਦੀ ਹੈ। ਇਹ ਆਤਮਿਕ ਤੌਰ 'ਤੇ ਨਿਰਬਲ ਹੋਣ ਦੀ ਮਾਨਸਿਕਤਾ ਹੈ। ਇਹ ਅਵਸਥਾ ਹੁੰਦਿਆਂ-ਸੁੰਦਿਆਂ ਹੋਵੇ ਤਾਂ ਛੇਤੀ ਸਮਝ ਆ ਜਾਂਦੀ ਹੈ ਅਤੇ ਜੇ ਨਿਆਸਰਿਆਂ ਅਤੇ ਨਿਓਟਿਆਂ ਵਾਸਤੇ ਇਹ ਅਵਸਥਾ ਹੋਵੇ ਤਾਂ ਸਮਝ ਵੀ ਮਜਬੂਰੀ ਵਾਂਗ ਜੇ ਆਉਂਦੀ ਵੀ ਹੈ ਤਾਂ ਨਾ ਆਇਆਂ ਵਰਗੀ ਹੀ। ਦੋਹਾਂ ਹੀ ਹਾਲਤਾਂ ਵਿਚ ਮਾਨਸਿਕਤਾ ਨੂੰ ਨੁੰਮੂਣਾ ਦੇਣ ਲਈ ਅਗਿਆਨ, ਕਲਪਿਤ ਬੰਧਨਾਂ ਅਤੇ ਭਰਮ ਮੂਲਕ ਕਰਮਾਂ ਨੂੰ ਧਰਮ ਸਮਝਣ ਦਾ ਅਧਰਮ ਪੈਦਾ ਹੋ ਜਾਂਦਾ ਹੈ। ਇਨ੍ਹਾਂ ਨੂੰ ਗੁਰੂ ਤੇਗ ਬਹਾਦਰ ਦੀ ਸ਼ਬਦਾਵਲੀ ਵਿਚ ਧਰਮ ਦੇ ਕੁਮਤਿ-ਸਰੋਕਾਰ ਕਹਿ ਸਕਦੇ ਹਾਂ। ਕੁਮਤਿ-ਸਰੋਕਾਰ ਜੇ ਸੁਮਤਿ-ਸਰਕਾਰਾਂ ਵਾਂਗ ਵਿਕਣ ਲੱਗ ਪੈਣ ਤਾਂ ਧਰਮ ਦੇ ਮੰਡੀਕਰਨ ਦੀਆਂ ਸੰਭਾਵਨਾਵਾਂ ਪੈਦਾ ਹੋ ਜਾਂਦੀਆਂ ਹਨ। ਇਸ ਨੂੰ "ਆਸਾ ਦੀ ਵਾਰ" ਦੇ ਹਵਾਲੇ ਨਾਲ ਸਮਝਣਾ ਸੌਖਾ ਹੈ। ਨੌਵੇਂ ਪਾਤਸ਼ਾਹ ਹਜ਼ੂਰ ਨੇ ਇਸ ਨੂੰ ਇਸ ਤਰ੍ਹਾਂ ਦਸਿਆ ਹੈ ਕਿ ਇੰਦ੍ਰਿਆਵੀ-ਗਿਆਨ ਨਾਲ, ਮਨ-ਵਿਗਾੜ ਨੂੰ ਠਲ੍ਹ ਨਹੀਂ ਪੈਂਦੀ ਅਤੇ ਅਗਿਆਨਵੱਸ ਕੱਚ ਅਤੇ ਸੱਚ ਵਿਚ ਫਰਕ ਸਮਝ ਨਹੀਂ ਆਉਂਦਾ,

ਹਰਿ ਕੀ ਗਤਿ ਨਹਿ ਕੋਊ ਜਾਨੈ॥
ਜੋਗੀ ਜਤੀ ਤਪੀ ਪਚਿ ਹਾਰੇ
ਅਰੁ ਬਹੁ ਲੋਗ ਸਿਆਨੇ॥ ਰਹਾਉ॥

***(ਬਾਕੀ ਅਗਲੇ ਸਫੇ 'ਤੇ)***

**ਮਰਹੂਮ ਸ. ਕਪੂਰ ਸਿੰਘ ਦੇ ਕਾਲਪਨਿਕ "ਬੁਰਛਾ ਸੋਧਕ ਭੁਜੰਗੀ ਦਲ" ਬਾਰੇ ਲਿਖੀ ਕਵਿਤਾ**

ੴ ਦੇਗ ਤੇਗ ਫਤਿਹ॥

**ਝੂਲਤੇ ਨਿਸ਼ਾਨ ਰਹੈਂ ਪੰਥ ਮਹਾਰਾਜ ਕੇ।**

ਸ਼੍ਰੋਮਣੀ ਹਮਾਰੀ ਰਹੈ ਪੈਸਾ ਚੰਦਾ ਜਾਰੀ ਰਹੈ,
ਸੰਘ ਨਾਲ ਯਾਰੀ, ਬੱਲੇ ਆਰੀਆ ਸਮਾਜ ਕੇ।
ਸਿੱਖ ਕੀ ਨ ਬਾਤ ਚੱਲੇ, ਪੰਥ ਕੀ ਨ ਗਾਥ ਚੱਲੇ,
ਲੂਟ ਦੋਨੋਂ ਹਾਥ ਚੱਲੇ, ਸੰਗ ਸਾਜ ਬਾਜ ਕੇ।
ਅਕਲ ਕੀ ਨ ਗੱਲ ਰਹੈ, ਇਕੋ 'ਕਾਲੀ ਦਲ' ਰਹੈ,
ਨਿਤ ਤਰਥੱਲ ਰਹੈ, 'ਜ਼ਿੰਦਾਬਾਦ' ਗਾਜ ਕੇ।
ਝੰਡੀ ਵਾਲੀ ਕਾਰ ਰਹੈ, ਫੂਲਨ ਕੇ ਹਾਰ ਰਹੈ,
ਗੋਲਕੇਂ ਭਰਪੂਰ ਕਰੈਂ, ਸਿੱਖ ਭਾਜ ਭਾਜ ਕੇ।
ਪੰਥ ਕੇ ਦਰਦ ਹਿਤ, ਬੁੱਧੀ ਕੀ ਜੋ ਸੇਧ ਦੇਵੈਂ,
ਨਿਕਟ ਨ ਆਣ ਪਾਵੈਂ, ਰਾਜ ਭਾਗ ਕਾਜ ਕੇ।
ਜਥੇਦਾਰ ਕਹਿਤ ਬਿਰਾਜੋ ਮਤ ਭਾਜੋ ਸਿੱਖੋ,
ਝੂਲਤੇ ਨਿਸ਼ਾਨ ਰਹੈਂ ਪੰਥ ਮਹਾਰਾਜ ਕੇ।

# ਘਰਿ ਘਰਿ ਮੀਆ ਸਭਨਾਂ ਜੀਆਂ...

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-454-4958

ਇਕ ਆਦਰਸੂਚਕ ਸ਼ਬਦ 'ਮੀਆਂ' ਭਾਵੇਂ ਚੜ੍ਹਦੇ ਪੰਜਾਬ ਵਿਚ ਹੁਣ ਆਮ ਨਹੀਂ ਬੋਲਿਆ ਜਾਂਦਾ ਪਰ ਸਾਂਝੇ ਪੰਜਾਬ ਸਮੇਂ ਇਸ ਦੀ ਖੂਬ ਵਰਤੋਂ ਹੁੰਦੀ ਹੋਵੇਗੀ। ਉਰਦੂ ਸ਼ਾਇਰੀ ਅਤੇ ਪੰਜਾਬੀ ਕਿੱਸਿਆਂ/ਕਾਫ਼ੀਆਂ ਵਿਚ ਇਕ ਰਦੀਫ਼ ਵਜੋਂ ਇਸ ਦੀ ਚੋਖੀ ਵਰਤੋਂ ਹੋਈ ਹੈ। ਵਾਰਿਸ ਸ਼ਾਹ ਦੀ ਹੀਰ ਵਿਚ ਦੇਖੋ,

ਰਾਂਝਾ ਸੁੱਟ ਖੂੰਡੀ ਉਤੋਂ ਲਾਹ ਭੂਰਾ
ਛੱਡ ਚਲਿਆ ਸਭ ਮੰਗਵਾੜ ਮੀਆਂ।
ਜੇਹਾ ਚੋਰ ਨੂੰ ਬੜੇ ਦਾ ਖੜਕ ਪਹੁੰਚੇ
ਛੱਡ ਟੁਰੇ ਹੈ ਸੰਨ੍ਹ ਦਾ ਪਾੜ ਮੀਆਂ।
ਦਿਲ ਚਾਇਆ ਦੇਸ ਤੇ ਮੁਲਕ ਉਤੋਂ
ਉਸ ਦੇ ਭਾ ਦਾ ਬੋਲਿਆ ਹਾੜ ਮੀਆਂ।
ਤੇਰੀਆਂ ਖੋਲੀਆਂ ਕਟਕ ਤੇ ਮਿਲਣ ਸਭੇ
ਖੜੇ ਕੱਟੀਆਂ ਨੂੰ ਕਾਈ ਹਾੜ ਮੀਆਂ।
ਮੈਨੂੰ ਮਝੀਂ ਦੀ ਕੁਝ ਪਰਵਾਹ ਨਾਹੀਂ
ਨਢੀ ਪਈ ਸੀ ਇੱਤ ਰਿਹਾੜ ਮੀਆਂ।
ਤੇਰੀ ਧੀਓ ਨੂੰ ਅਸੀਂ ਕੀ ਜਾਣਨੇ ਹਾਂ
ਤੈਨੂੰ ਆਉਂਦੀ ਨਜ਼ਰ ਪਹਾੜ ਮੀਆਂ।

ਅੱਜ ਪੰਜਾਬੀ ਅਖਬਾਰਾਂ ਵਿਚ ਸਮਕਾਲੀ ਰਾਜਨੀਤੀ 'ਤੇ ਚੋਟ ਕਰਦੇ ਕਵੀਓ-ਵਾਚ ਜਿਹੇ ਕਾਵਿ-ਟੋਟਿਆਂ ਵਿਚ ਏਹੀ ਰੀਤ ਅੱਗੇ ਚੱਲ ਰਹੀ ਹੈ। ਮੀਆਂ ਜਾਣੋਂ ਕਵੀ ਦੇ ਧਿਆਨ ਕੇਂਦਰ ਵਿਚ ਬੈਠਾ ਅਜਿਹਾ ਹਮਰਾਜ਼ ਹੈ ਜਿਸ ਨੂੰ ਉਹ ਆਪਣੇ ਰੁਦਨ ਸੁਣਾਉਂਦਾ ਹੈ। ਜੇ ਆਮ ਆਦਮੀ ਨੂੰ ਪੁੱਛਿਆ ਜਾਵੇ ਕਿ ਮੀਆਂ ਕੌਣ ਹੁੰਦਾ ਹੈ ਤਾਂ ਉਹ ਸ਼ਾਇਦ ਏਹੀ ਜਵਾਬ ਦੇਵੇਗਾ ਕਿ ਮੀਆਂ ਮੁਸਲਮਾਨ ਨੂੰ ਆਖਦੇ ਹਨ। ਧਰਮਾਂ ਵਿਚ ਵੰਡੇ ਪੰਜਾਬੀ ਸਮਾਜ ਵਿਚ ਅਜਿਹੇ ਅਨੇਕਾਂ ਸਬਦ ਹਨ ਜਿਨ੍ਹਾਂ ਦੀ ਵਰਤੋਂ ਵਧੇਰੇ ਕਰਕੇ ਕਿਸੇ ਧਰਮ-ਵਿਸ਼ੇਸ਼ ਦੇ ਪੈਰੋਕਾਰਾਂ ਵਿਚ ਹੀ ਹੁੰਦੀ ਹੈ। ਮਿਸਾਲ ਵਜੋਂ 'ਨਮਸਤੇ' ਹਿੰਦੂ ਹੀ ਆਪਸ ਵਿਚ ਕਰਦੇ ਹਨ ਤੇ 'ਸਤਿ ਸ੍ਰੀ ਅਕਾਲ' ਸਿੱਖ। ਪੰਜਾਬ ਵਿਚ ਮੀਆਂ ਸ਼ਬਦ ਦੇ ਬੋਲਬਾਲੇ ਬਾਰੇ ਗੁਰੂ ਨਾਨਕ ਦੇਵ ਜੀ ਖੂਬਸੂਰਤ ਬਿਆਨ ਦੇ ਗਏ ਹਨ,

ਆਦਿ ਪੁਰਖ ਕਉ ਅਲਹੁ ਕਹੀਐ
ਸੇਖਾਂ ਆਈ ਵਾਰੀ।
ਦੇਵਲ ਦੇਵਤਿਆਂ ਕਰ ਲਾਗਾ
ਐਸੀ ਕੀਰਤਿ ਚਾਲੀ।
ਕੂਜਾ ਬਾਂਗ ਨਿਵਾਜ ਮੁਸਲਾ
ਨੀਲ ਰੂਪ ਬਨਵਾਰੀ।
ਘਰਿ ਘਰਿ ਮੀਆ ਸਭਨਾਂ ਜੀਆਂ
ਬੋਲੀ ਅਵਰ ਤੁਮਾਰੀ।

ਗੁਰੂ ਨਾਨਕ ਦੇਵ ਸੰਪਰਦਾਇਕ ਸੰਕੀਰਣਤਾ ਤੋਂ ਉਪਰ ਉਠੇ ਹੋਏ ਸਨ ਪਰ ਫਿਰ ਵੀ ਮੁਸਲਮਾਨੀ ਹਕੂਮਤ ਕਾਇਮ ਹੋਣ ਪਿਛੋਂ ਰਵਾਇਤੀ ਰਹਿਤਲ ਉਤੇ ਇਸਲਾਮੀ ਤਹਿਜ਼ੀਬ ਦੇ ਠੋਸੇ ਜਾਣ ਦੀ ਟੀਸ ਉਨ੍ਹਾਂ ਵੀ ਮਹਿਸੂਸ ਕੀਤੀ ਜਿਸ ਦੀ ਧੁਨੀ ਬਾਬਰਵਾਣੀ ਵਿਚ ਹੋਰ ਵੀ ਤਿਖੇਰੀ ਹੋ ਜਾਂਦੀ ਹੈ। ਰੱਬ ਲਈ ਪਰੰਪਰਕ ਤੌਰ 'ਤੇ ਵਰਤੇ ਜਾਂਦੇ ਸ਼ਬਦ 'ਆਦਿ ਪੁਰਖ' ਲਈ ਇਨ੍ਹਾਂ ਦੇ ਰਾਜ ਵਿਚ ਅੱਲਾ ਕਿਹਾ ਜਾਣ ਲੱਗ ਪਿਆ। ਘਰ ਘਰ ਲੋਕ ਇਕ ਨਵਾਂ ਹੀ ਚੱਲਿਆ ਸ਼ਬਦ 'ਮੀਆਂ ਮੀਆਂ' ਬੋਲਣ ਡਹਿ ਪਏ। ਗੁਰੂ ਨਾਨਕ ਸ਼ਾਇਦ ਉਸ ਨਵੇਂ ਕੁਲੀਨ ਵਰਗ ਦੀ ਗੱਲ ਕਰ ਰਹੇ ਹਨ ਜੋ ਲੋਕਾਂ ਤੋਂ ਟੁੱਟਾ ਹੋਇਆ ਸੀ। ਇਸਲਾਮ ਦੀ ਇਸ ਚੜ੍ਹਤ ਸਮੇਂ ਕੀ ਹਿੰਦੂ, ਕੀ ਮੁਸਲਮਾਨ ਸਭ ਇਸਲਾਮੀ ਤੌਰ-ਤਰੀਕੇ ਅਪਨਾ ਰਹੇ ਸਨ ਜਿਸ ਵਿਚ ਲੋਕਾਂ ਵਲੋਂ ਬੋਲੀ ਜਾਂਦੀ ਜ਼ਬਾਨ ਵੀ ਆ ਜਾਂਦੀ ਹੈ। ਨਾਨਕਬਾਣੀ ਵਿਚ ਮੀਆਂ ਸ਼ਬਦ ਤਿੰਨ ਅਰਥਾਂ ਵਿਚ ਆਇਆ ਹੈ: 1. ਪਤੀ, ਖਾਵੰਦ:ਕੂੜ ਮੀਆ ਕੂੜ ਬੀਬੀ ਖਪਿ ਹੋਇ ਖਾਰੁ; 2. ਸਰਦਾਰ, ਚੌਧਰੀ:ਤੂ ਸੁਲਤਾਨ ਕਹਾ ਹਉ ਮੀਆ ਤੇਰੀ ਕਵਨ ਵਡਾਈ; 3. ਆਦਰਸੂਚਕ ਸੰਬੋਧਨ:ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ।

ਉਪਰੋਕਤ ਤੀਜੇ ਨੰਬਰ 'ਚ ਆਈ ਗੁਰੂ ਸਾਹਿਬ ਦੀ ਤੁਕ ਵਿਚ ਮੀਆ ਦੇ ਅਰਥ ਭਾਈ ਕਾਹਨ ਸਿੰਘ ਅਤੇ ਸਾਹਿਬ ਸਿੰਘ ਪਿਤਾ ਵਜੋਂ ਕਰਦੇ ਹਨ ਪਰ ਮੇਰੀ ਜਾਚੇ ਇਥੇ ਇਹ ਸ਼ਬਦ ਆਦਰਸੂਚਕ ਸੰਬੋਧਨ ਹੀ ਹੈ। ਅਰਥਾਤ ਘਰ ਘਰ ਹਰ ਵੱਡਾ ਛੋਟਾ ਇਕ ਦੂਜੇ ਨੂੰ ਮੀਆ ਕਹਿਣ ਲੱਗ ਪਿਆ ਹੈ।

ਪੰਜਾਬੀ ਉਰਦੂ ਵਿਚ ਮੀਆਂ ਸ਼ਬਦ ਬਹੁਤ ਹੀ ਪ੍ਰਸੰਗਾਂ ਵਿਚ ਆਇਆ ਹੈ। ਸਨਮਾਨਸੂਚਕ ਅਗੇਤਰ ਵਜੋਂ, ਖਾਸ ਤੌਰ 'ਤੇ ਅਰਾਈਂ ਲੋਕਾਂ ਦੇ ਨਾਂਵਾਂ ਅੱਗੇ, ਇਹ ਆਮ ਹੀ ਲਾਇਆ ਜਾਂਦਾ ਹੈ ਜਿਵੇਂ ਲਾਹੌਰ ਵਿਚ ਅਰਾਈਆਂ ਦਾ ਲੀਡਰ ਮੀਆਂ ਮੁਹੰਮਦ ਅਜ਼ਹਰ। ਜਲੰਧਰ-ਹੁਸ਼ਿਆਰਪੁਰ ਜ਼ਿਲ੍ਹਿਆਂ ਵਿਚ ਬਹੁਤ ਸਾਰੇ ਮੀਆਂ ਕਹਾਉਂਦੇ ਅਰਾਈਂ ਵਸਦੇ ਸਨ ਜੋ ਬਟਵਾਰੇ ਪਿਛੋਂ ਪਾਕਿਸਤਾਨ ਦੇ ਟੋਬਾ ਟੇਕ ਸਿੰਘ ਇਲਾਕੇ ਵਿਚ ਜਾ ਕੇ ਆਬਾਦ ਹੋਏ। ਕੁਝ ਕਸ਼ਮੀਰੀਆਂ ਦੇ ਨਾਂ ਅੱਗੇ ਵੀ ਮੀਆਂ ਲਗਦਾ ਹੈ ਜਿਵੇਂ ਮੀਆਂ ਨਵਾਜ਼ ਸ਼ਰੀਫ਼। ਲਾਹੌਰ ਦੇ ਕਈ ਰਾਜਪੂਤ ਆਪਣੇ ਆਪ ਨੂੰ ਮੀਆਂ ਕਹਾਉਂਦੇ ਹਨ। ਬਹੁਤ ਸਾਰੇ ਪਖਤੂਨ ਵੀ ਮੀਆਂ ਹਨ। ਕਈ ਖਾਸ ਨਾਂਵਾਂ ਵਿਚ ਵੀ ਮੀਆਂ ਲਗਦਾ ਹੈ ਜਿਵੇਂ ਦਰਬਾਰ ਸਾਹਿਬ ਦੀ ਨੀਂਹ ਰੱਖਣ ਵਾਲਾ ਸੂਫ਼ੀ ਮੀਆਂ ਮੀਰ।

ਮੀਆਂ ਕੁਝ ਇਸ ਤਰ੍ਹਾਂ ਹੈ ਜਿਵੇਂ ਸਰਦਾਰ, ਸ੍ਰੀ ਜਾਂ ਮਿਸਟਰ। ਸਯਦ ਮੀਆਂ ਸੁਲਤਾਨ ਜ਼ਕਰੀਆ ਦੇ ਨਾਂ 'ਤੇ ਮੀਆਂਵਾਲੀ ਨਾਂ ਦਾ ਇਕ ਸ਼ਹਿਰ ਵੀ ਹੈ। ਪੀਰ, ਔਲੀਆ, ਸੂਫੀ, ਸੰਤ ਆਦਿ ਪਹੁੰਚੇ ਹੋਏ ਪੁਰਖਾਂ ਨੂੰ ਵੀ ਮੀਆਂ ਕਿਹਾ ਜਾਂਦਾ ਹੈ। ਇਥੋਂ ਤੱਕ ਕਿ ਰੱਬ ਨੂੰ ਵੀ ਅੱਲਾ ਮੀਆਂ ਕਹਿ ਦਿੱਤਾ ਜਾਂਦਾ ਹੈ। ਮੀਆਂ ਦਾ ਇਕ ਅਰਥ ਦੂਤ ਵੀ ਹੈ ਕਿਉਂ ਜੁ ਉਹ ਸਾਧਾਰਨ ਮਨੁਖ ਨੂੰ ਰੱਬ ਤੱਕ ਪਹੁੰਚਾਉਣ ਦਾ ਮਾਧਿਅਮ ਬਣਦੇ ਹਨ। ਲਾਹੌਰ ਵਿਚ ਮਿਆਨੀ ਸਾਹਿਬ ਦੇ ਨਾਂ ਨਾਲ ਬਹੁਤ ਸਾਰੇ ਪੀਰਾਂ-ਫਕੀਰਾਂ ਦਾ ਕਬਰਿਸਤਾਨ ਹੈ। ਕੁਝ ਮੁਹਾਵਰਿਆਂ ਵਿਚ ਵੀ ਇਹ ਸ਼ਬਦ ਆਉਂਦਾ ਹੈ ਜਿਵੇਂ ਬੜੇ ਮੀਆਂ ਸੋ ਬੜੇ ਮੀਆਂ ਛੋਟੇ ਮੀਆਂ ਸੁਭਾਨ ਅੱਲਾ; ਆਪਣੇ ਮੂੰਹ ਮੀਆਂ ਮਿੱਠੂ ਬਣਨਾ। ਗੁਰੂ ਨਾਨਕ ਦੇਵ ਵਲੋਂ ਏਨੇ ਵਿਅੰਗ ਦੇ ਬਾਵਜੂਦ ਏਨੀ ਮੀਆਂ ਮੀਆਂ ਹੋਣ ਡਹੀ ਹੈ, ਆਖਿਰ ਕੀ ਹੈ ਇਹ ਮੀਆਂ?

ਪਲੈਟਸ ਨਾਮੀ ਕੋਸ਼ਕਾਰ ਦੇ ਪ੍ਰਸਿਧ ਉਰਦੂ-ਹਿੰਦੁਸਤਾਨੀ ਕੋਸ਼ ਵਿਚ ਇਸ ਨੂੰ 'ਮਿੱਤਰ'



ਹਜ਼ਰਤ ਮੀਆਂ ਮੀਰ

ਸ਼ਬਦ ਤੋਂ ਵਿਕਸਿਤ ਹੋਇਆ ਦੱਸਿਆ ਗਿਆ ਹੈ। ਇਸ ਨੂੰ ਮੰਨਣ ਵਾਲੇ ਇਸ ਦੀ ਵਿਉਤਪਤੀ ਇਸ ਤਰ੍ਹਾਂ ਦਰਸਾਉਂਦੇ ਹਨ:

ਮਿਤਰ>ਮਿਤਅ>ਮਿਅਅ>ਮਿਆ>ਮੀਆ

ਪਰ ਇਸ ਨਿਰੁਕਤੀ ਨੂੰ ਇਕ ਸਰਲ ਜਿਹੇ ਤਰਕ ਨਾਲ ਝੁਠਲਾਇਆ ਜਾਂਦਾ ਹੈ। ਜਿਹੜਾ ਸ਼ਬਦ ਮੁਖ ਤੌਰ 'ਤੇ ਮੁਸਲਮਾਨੀ ਤਹਿਜ਼ੀਬ ਵਿਚ ਪ੍ਰਚਲਿਤ ਸੀ ਤੇ ਹੈ ਉਸ ਦੇ ਸੰਸਕ੍ਰਿਤ ਪਿਛੋਕੜ ਵਲੋਂ ਆਏ ਹੋਣ ਦੀ ਸੰਭਾਵਨਾ ਘਟ ਹੀ ਹੈ। 'ਮਹਾਨ ਕੋਸ਼' ਵਿਚ ਮੀਆਂ ਸ਼ਬਦ ਨੂੰ ਸੰਸਕ੍ਰਿਤ 'ਮੀਹਯਮਾਨ' ਤੋਂ ਵਿਉਤਪਤ ਹੋਇਆ ਦੱਸਿਆ ਗਿਆ ਹੈ ਜਿਸ ਦਾ ਅਰਥ ਪੂਜਾਯੋਗ, ਸ੍ਰੇਸ਼ਟ ਦੱਸਿਆ ਗਿਆ ਹੈ। ਮੈਂ ਸੰਸਕ੍ਰਿਤ ਦੇ ਸਰੋਤ ਫੋਲੇ ਹਨ ਪਰ ਮੈਨੂੰ ਮੀਹਯਮਾਨ ਜਿਹਾ ਕੋਈ ਸ਼ਬਦ ਨਹੀਂ ਲੱਭਾ। ਕੁਝ ਸੰਸਕ੍ਰਿਤ ਵਿਦਵਾਨਾਂ ਤੋਂ ਵੀ ਪੁਛਗਿਛ ਕੀਤੀ ਪਰ ਕੋਈ ਜਾਣਕਾਰੀ ਨਹੀਂ ਮਿਲੀ। ਇਕ ਵਿਦਵਾਨ ਅਨੁਸਾਰ ਇਹ ਸ਼ਬਦ ਮਹਿਮਾਵਾਨ ਹੋ ਸਕਦਾ ਹੈ ਜਿਸ ਦੇ ਅਰਥਾਂ ਵਿਚ ਮੀਆਂ ਸ਼ਬਦ ਦੀਆਂ ਸਾਰੀਆਂ ਅਰਥ-ਪ੍ਰਛਾਈਆਂ ਹਨ ਪਰ ਗੱਲ ਫਿਰ ਉਥੇ ਹੀ ਆ ਜਾਂਦੀ ਹੈ ਕਿ ਇਹ ਸ਼ਬਦ ਵੀ ਸੰਸਕ੍ਰਿਤ ਪਿਛੋਕੜ ਵਾਲਾ ਹੈ। ਕੁਝ ਇਸ ਨੂੰ ਫਾਰਸੀ ਪਿਛੋਕੜ ਵਾਲੇ ਮਹਿਮਾਨ ਸ਼ਬਦ ਤੋਂ ਵਿਗੜਿਆ ਦੱਸ ਰਹੇ ਹਨ ਕਿਉਂਕਿ ਲਗਭਗ ਸਾਰੀਆਂ ਸੰਸਕ੍ਰਿਤੀਆਂ ਵਿਚ ਰਵਾਇਤੀ ਤੌਰ 'ਤੇ ਮਹਿਮਾਨ ਦਾ ਸਤਿਕਾਰ ਕੀਤਾ ਜਾਂਦਾ ਹੈ। ਫਿਰ ਫਾਰਸੀ ਵਿਚ ਸਾਡੇ ਪ੍ਰਾਹੁਣੇ ਦੀ ਤਰ੍ਹਾਂ ਮਹਿਮਾਨ ਦਾ ਅਰਥ ਜਵਾਈ ਵੀ ਹੁੰਦਾ ਹੈ। ਮਹਿਮਾਨ ਦੀ ਵਿਉਤਪਤੀ 'ਮਹ' ਧਾਤੂ ਤੋਂ ਹੋਈ ਹੋ ਸਕਦੀ ਹੈ ਜਿਸ ਵਿਚ ਵਡੱਪਣ, ਮਹਾਨਤਾ ਦੇ ਅਰਥ ਸਮਾਏ ਹੋਏ ਹਨ। ਮਹਾਨ, ਮਹਿਤਾ ਆਦਿ ਸ਼ਬਦ ਇਸੇ ਤੋਂ ਬਣੇ ਹਨ ਪਰ ਵਿਦਵਾਨਾਂ ਨੇ ਇਸ ਨੂੰ ਵੀ ਅਟਪਟਾ ਕਹਿ ਕੇ ਰੱਦ ਕਰ ਦਿੱਤਾ ਹੈ।

ਮੀਆਂ ਦੀ ਤੋਂ ਸਭ ਤੋਂ ਸੰਤੋਖਜਨਕ ਵਿਉਤਪਤੀ ਅਵੇਸਤਾ ਸ਼ਬਦ 'ਮਦਿਆ' ਤੋਂ ਮੰਨੀ ਜਾ ਸਕਦੀ ਹੈ ਜਿਸ ਦੇ ਸਮਾਨੰਤਰ ਸੰਸਕ੍ਰਿਤ ਮਧਯ ਪੰਜਾਬੀ ਮਧ, ਮੰਝ ਆਦਿ ਹਨ ਜਿਨ੍ਹਾਂ ਵਿਚ 'ਵਿਚਕਾਰ, ਗਭ', ਦੇ ਅਰਥ ਸਮਾਏ ਹੋਏ ਹਨ। ਭਾਰੋਪੀ ਭਾਸ਼ਾ ਪਰਿਵਾਰ ਵਿਚ ਇਕ ਮੂਲ ਲਭਿਆ ਗਿਆ ਹੈ 'ਮਾਧਿਯੋ' ਜਿਸ ਤੋਂ ਇਸ ਪਰਿਵਾਰ ਦੇ ਬਹੁਤ ਸਾਰੇ ਸ਼ਬਦ ਬਣੇ ਹਨ ਜਿਵੇਂ ਅੰਗਰੇਜ਼ੀ mid, middle, medium, medial ਅਤੇ ਫਰਾਂਸੀਸੀ moyen ਆਦਿ ਜਿਨਾਂ ਵਿਚ ਮਧ, ਵਿਚਕਾਰ ਦਾ ਭਾਵ ਆਉਂਦਾ ਹੈ। ਮੀਆਂ ਸ਼ਬਦ ਦੀ ਧੁਨੀ ਜਿਹਾ mean ਸ਼ਬਦ ਵੀ ਇਸੇ ਕੜੀ ਵਿਚ ਆਉਂਦਾ ਹੈ ਜਿਸ ਦਾ ਅਰਥ ਔਸਤ ਅਰਥਾਤ ਵਿਚ-ਵਿਚਾਲੀ ਸੰਖਿਆ ਆਦਿ ਹੈ। ਮਧ ਦੇ ਸਬੰਧ ਵਿਚ ਮੀਆਂ ਸ਼ਬਦ ਦੇ ਅਰਥ ਇਕ ਵਿਚੋਲਾ ਜਾਂ ਪੰਚ ਵਜੋਂ ਉਜਾਗਰ ਹੁੰਦੇ ਹਨ। ਫਾਰਸੀ ਵਿਚ 'ਮੀਆਂਜੀ' ਲਫ਼ਜ਼ ਇਨ੍ਹਾਂ ਅਰਥਾਂ ਵਿਚ ਮੌਜੂਦ ਹੈ। ਆਮ ਅਨੁਭਵ ਵਾਲੀ ਗੱਲ ਹੈ ਕਿ ਸਮਾਜਕ ਤੌਰ 'ਤੇ ਮੰਨਿਆ ਦੰਨਿਆ ਆਦਮੀ ਸਭਾ ਵਿਚ ਸਭ ਦੇ ਵਿਚਕਾਰ ਬੈਠਦਾ ਹੈ। ਪੰਚ ਪਰਿਆ ਦੇ ਗਭੇ ਬੈਠੇ ਹੁੰਦੇ ਹਨ ਕਿਉਂਕਿ ਉਨ੍ਹਾਂ ਸਭ ਨਾਲ ਗੱਲਬਾਤ ਕਰਨੀ ਹੁੰਦੀ ਹੈ। ਵਿਚੋਲੇ ਦਾ ਵੀ ਏਹੀ ਵਤੀਰਾ ਹੁੰਦਾ ਹੈ। ਮੀਆਂ ਮਿਠੂ ਨਾਮੀ ਤੋਤਾ ਵੀ ਘਰ ਦੇ ਵਿਚਕਾਰ ਪਿੰਜਰੇ ਵਿਚ ਟੰਗਿਆ ਹੁੰਦਾ ਹੈ ਜੋ ਸਭ ਦਾ ਧਿਆਨ ਖਿਚਦਾ ਹੈ। ਅੰਗਰੇਜ਼ੀ ਵਿਚ ਵਿਚੋਲੇ ਨੂੰ ਮੀਡੀਏਟਰ ਕਿਹਾ ਜਾ ਸਕਦਾ ਹੈ ਜਿਸ ਵਿਚ ਆਇਆ 'ਮੀਡੀ' ਸ਼ਬਦ ਮਧ ਦੇ ਅਰਥ ਦਿੰਦਾ ਹੈ। ਅਜਿਹਾ ਵਿਚੋਲਾ ਜਾਂ ਪੰਚ ਲੋਕਾਂ ਦੀਆਂ ਨਜ਼ਰਾਂ ਵਿਚ ਸਨਮਾਨਯੋਗ ਹੁੰਦਾ ਹੈ ਕਿਉਂਕਿ ਉਹ ਉਨ੍ਹਾਂ ਦੇ ਮਸਲੇ ਸੁਲਝਾਉਂਦਾ ਹੈ। ਕਈ ਹੂਸ ਭਰੇ ਲੋਕ ਪੰਚ ਦਾ ਮਾਣ-ਤਾਣ ਦੇਖ ਕੇ ਖੁਦ ਲੋਕਾਂ ਦੇ ਮਸਲਿਆਂ ਵਿਚ ਟੰਗ ਅੜਾਉਂਦੇ ਫਿਰਦੇ ਹਨ ਜਿਨ੍ਹਾਂ ਨੂੰ ਖੜਪੰਚ ਜਾਂ ਘੜੰਮ ਚੌਧਰੀ ਕਿਹਾ ਜਾਂਦਾ ਹੈ। ਇਕ ਫਾਰਸੀ ਉਕਤੀ 'ਮੀਆਂਗੀਰੀ ਕਰਦਨ' ਦਾ ਅਰਥ ਹੁੰਦਾ ਹੈ ਵਿਚੋਲਾਗੀਰੀ ਕਰਨ ਦੀ ਕੋਸ਼ਿਸ਼ ਕਰਨਾ।

ਕੁਝ ਵਿਦਵਾਨ ਕਿੰਤੂ ਕਰਦੇ ਹਨ ਕਿ ਵਿਚੋਲੇ ਦੇ ਅਰਥਾਂ ਵਾਲਾ ਇਹ ਸ਼ਬਦ ਆਦਰਸੂਚਕ ਸੰਬੋਧਨ ਤੇ ਫਿਰ ਪਿਤਾ, ਪਤੀ, ਸਰਦਾਰ, ਚੌਧਰੀ ਦੇ ਅਰਥ ਕਿਵੇਂ ਦੇਣ ਲੱਗ ਪਿਆ? ਉਨ੍ਹਾਂ ਅਨੁਸਾਰ ਅਜਿਹੇ ਅਰਥਾਂ ਵਾਲਾ ਸ਼ਬਦ ਫਾਰਸੀ ਅਸਲੇ ਵਾਲੇ ਮੀਆਂਜੀ ਤੋਂ ਅਲੱਗ ਹੋ ਸਕਦਾ ਹੈ ਤੇ ਇਸ ਦਾ ਵਿਕਾਸ ਨਿਰੋਲ ਭਾਰਤੀ ਸਭਿਆਚਾਰ ਤੇ ਸੰਸਕ੍ਰਿਤ ਪਿਛੋਕੜ ਵਾਲੇ ਸ਼ਬਦਾਂ ਵਿਚ ਹੋਇਆ ਹੈ ਕਿਉਂਕਿ ਹੋਰ ਅਰਥਾਂ ਵਿਚ ਇਹ ਸ਼ਬਦ ਫਾਰਸੀ ਇਥੋਂ ਤੱਕ ਕਿ ਉਰਦੂ ਕੋਸ਼ਾਂ ਵਿਚ ਵੀ ਨਹੀਂ ਮਿਲਦਾ। ਇਤਰਾਜ਼ ਦਾ ਇਕ ਵੱਡਾ ਕਾਰਨ ਇਹ ਵੀ ਹੈ ਕਿ ਇਹ ਸ਼ਬਦ ਪੂਰਬੀ ਭਾਰਤ ਦੇ ਇਲਾਕਿਆਂ ਵਿਚ ਹੀ ਪ੍ਰਚਲਿਤ ਹੈ। ਹਿਮਾਚਲ ਦੇ ਰਾਜਪੂਤਾਂ ਅਤੇ ਰਾਜਪੂਤਾਂ ਤੋਂ ਬਣੇ ਸਯਦ ਮੁਸਲਮਾਨਾਂ ਲਈ ਵੀ ਇਹ ਸ਼ਬਦ ਵਰਤਿਆ ਜਾਂਦਾ ਹੈ। ਇਸ ਲਈ ਇਸ ਸ਼ਬਦ ਦੀ ਮਿੱਟੀ ਭਾਰਤ ਵਿਚ ਹੀ ਹੋ ਸਕਦੀ ਹੈ ਪਰ ਬਹੁ-ਗਿਣਤੀ ਭਾਸ਼ਾ ਵਿਗਿਆਨੀ ਇਸ ਨੂੰ ਅਰਥ-ਵਿਸਤਾਰ ਦਾ ਵਰਤਾਰਾ ਦਸਦੇ ਹਨ ਅਰਥਾਤ ਵਿਚੋਲੇ ਦੇ ਅਰਥਾਂ ਵਾਲੇ ਸ਼ਬਦ ਵਜੋਂ ਸ਼ੁਰੂ ਹੋ ਕੇ ਇਹ ਪਤੀ, ਪਿਤਾ, ਸਰਦਾਰ, ਚੌਧਰੀ ਵਜੋਂ ਤਰੱਕੀ ਕਰ ਗਿਆ।

ਫਾਰਸੀ ਦੇ ਇਸ ਧਾਤੂ ਤੋਂ ਵਿਉਤਪਤ ਕੁਝ ਹੋਰ ਸ਼ਬਦ ਵੀ ਹਨ ਜੋ ਮਧ ਦੇ ਅਰਥ ਦਿੰਦੇ ਹਨ। ਸਭ ਤੋਂ ਪਹਿਲੇ ਨੰਬਰ 'ਤੇ 'ਦਰਮਿਆਨ' ਸ਼ਬਦ ਆਉਂਦਾ ਹੈ। ਤਲਵਾਰ ਦੀ 'ਮਿਆਨ' ਵਿਚ ਇਸ ਦੇ ਵਿਚਕਾਰਲੇ ਖੋਖਲੇਪਨ ਤੋਂ ਭਾਵ ਹੈ। ਦੋ ਛੱਤਾਂ ਜਾਂ ਪੌੜੀਆਂ ਦੇ ਵਿਚਕਾਰ ਬਣੇ ਛੋਟੇ ਕਮਰੇ ਅਤੇ ਪਜਾਮੇ ਦੇ ਵਿਚਕਾਰ ਲਾਏ ਕਪੜੇ ਨੂੰ ਮਿਆਨੀ ਆਖਦੇ ਹਨ। ਦੇਸ਼ ਦੇ ਵਿਚਕਾਰ ਸਥਿਤ ਸ਼ਹਿਰ ਨੂੰ ਮਿਆਨਾ ਕਿਹਾ ਜਾਂਦਾ ਹੈ ਜਿਵੇਂ ਸਾਡੇ ਮਾਝਾ ਹੈ। ਅਜਰਬਾਈਜਾਨ ਦੇ ਇਕ ਸ਼ਹਿਰ ਦਾ ਨਾਂ ਮਿਆਨਾ ਹੈ।

## ਗੁਰੂ ਤੇਗ ਬਹਾਦਰ ਦੀ ਬਾਣੀ ਦੇ ਧਰਮ-ਸ਼ਾਸ਼ਤਰੀ-ਸਰੋਕਾਰ

ਇਸ ਸਥਿਤੀ 'ਚ ਨਤੀਜੇ ਵੰਗਾਰਾਂ ਵਿਚ ਹੀ ਨਿਕਲਦੇ ਹਨ। ਤਾਂ ਤੇ ਪ੍ਰਭੂ ਦੀ ਸ਼ਰਨ (ਸ਼ਰਣਾਗਤ) ਦਾ ਰਾਹ ਹੀ ਅਪਨਾਇਆ ਜਾ ਸਕਦਾ ਹੈ,

ਅਗਨਤ ਅਪਾਰੁ ਅਲਖ ਨਿਰੰਜਨ
ਜਿਹ ਸਭ ਜਗੁ ਭਰਮਾਇਓ॥
ਸਗਲ ਭਰਮ ਤਜਿ ਨਾਨਕ ਪ੍ਰਾਣੀ
ਚਰਨਿ ਤਾਹਿ ਚਿਤੁ ਲਾਇਓ॥ (ਪੰਨਾ 537)

ਪ੍ਰਾਪਤ ਦੇ ਤਲਿਸਮੀ ਸਰੋਕਾਰਾਂ ਦਾ ਸਹਿਜ-ਸਥਾਪਨ ਗੁਰੂ ਜੁਗਤਿ ਦਾ ਅਹਿਮ ਹਿੱਸਾ ਹੈ। ਗੁਰੂ ਜੀ ਨੇ ਆਪ ਇਸ ਨੂੰ ਜੀਵਿਆ ਅਤੇ ਫਿਰ ਸਿੱਖਾਂ ਤੋਂ ਇਸ ਨੂੰ ਜੀਵੇ ਜਾਣ ਦੀ ਆਸ ਕੀਤੀ। ਕਰਤਾ ਸੂਰਜ ਪ੍ਰਕਾਸ਼ ਭਾਈ ਸੰਤੋਖ ਸਿੰਘ ਨੇ ਦਸਿਆ ਹੈ ਕਿ ਜੇ ਮਨ ਨੂੰ ਦਰਖਤ ਵਾਂਗ ਸਿਉਂਕ ਲੱਗ ਜਾਵੇ ਤਾਂ ਇਸ ਹਾਲਤ ਵਿਚ ਵੀ ਗੁਰੂ ਤੇਗ ਬਹਾਦਰ ਦੀ ਕਿਰਪਾ ਜਲ ਵਾਂਗ ਕੰਮ ਕਰ ਸਕਦੀ ਹੈ। ਹੇ ਮਨ! ਇਸ ਜਲ ਨੂੰ ਤੂੰ ਉਨ੍ਹਾਂ ਤੋਂ ਨਿੱਤ ਮੰਗ,

ਬਿਸ਼ਯਾਗਨਿ ਤੇ ਸ਼ੁਸ਼ਕ ਹਵੈ
ਮਨ ਤਰੁ ਕੋ ਲਗਿ ਆਂਚਿ।
ਤੇਗ਼ ਬਹਾਦਰ ਗੁਰ ਕ੍ਰਿਪਾ
ਇਸ ਜਲ ਕੋ ਨਿਤ ਜਾਂਚਿ।

ਸਿੱਖ-ਅਰਦਾਸ ਵਿਚ ਇਹੀ ਭਾਵਨਾ "ਗੁਰੂ ਤੇਗ ਬਹਾਦਰ ਸਿਮਰੀਐ ਘਰਿ ਨਉ ਨਿਧਿ ਆਵੈ ਧਾਇ" ਵਜੋਂ ਪ੍ਰਾਪਤ ਹੈ।

ਨਤੀਜਾ ਕਢ ਸਕਦੇ ਹਾਂ ਕਿ ਨੌਵੇਂ ਪਾਤਸ਼ਾਹ ਹਜ਼ੂਰ ਨੇ ਜੋ ਕਿਹਾ, ਉਸ ਨੂੰ ਜਿਉਂਕੇ ਵੀ ਵਿਖਾਇਆ। ਜ਼ਿੰਦਗੀ ਦੇ ਸਾਰੇ ਸਰੋਕਾਰਾਂ ਵਿਚ ਏਕਤਾ ਅਤੇ ਸਦਭਾਵਨਾ ਦੇ ਨਾ ਕੇਵਲ ਅਮਲ ਨੂੰ ਸਾਹਮਣੇ ਲਿਆਂਦਾ ਸਗੋਂ ਇਸ ਵਾਸਤੇ ਲੋੜੀਂਦੀ ਅਗਵਾਈ ਵੀ ਦਿੱਤੀ। ਜੋ ਉਨ੍ਹਾਂ ਨੇ ਕਰਕੇ ਵਿਖਾਇਆ, ਉਹ ਇਤਿਹਾਸ ਹੈ ਅਤੇ ਜੋ ਉਨ੍ਹਾਂ ਨੇ ਕਰਵਾ ਕੇ ਵਿਖਾਇਆ, ਉਹ ਧਰਮ-ਸ਼ਾਸ਼ਤਰੀ ਇਤਿਹਾਸ ਹੈ। ਇਸ ਵਰਤਾਰੇ ਨੂੰ ਚਿੰਨ੍ਹਾਂ, ਬਿੰਬਾਂ ਤੇ ਕਹਾਣੀਆਂ ਰਾਹੀਂ ਸਮਝਿਆ-ਸਮਝਾਇਆ ਜਾ ਸਕਦਾ ਹੈ ਕਿਉਂਕਿ ਇਸ ਦੀ ਪਰੰਪਰਾ ਕਾਇਮ ਹੈ। ਉਨ੍ਹਾਂ ਦਾ ਬਾਣੀ-ਸੰਦੇਸ਼ ਨਿਰਭੈ, ਨਿਰਵੈਰ ਤੇ ਬੰਧਨ ਰਹਿਤ ਜੀਵਨ ਨਾਲ ਜੁੜਿਆ ਹੋਇਆ ਹੈ ਅਤੇ ਇਸੇ ਨੂੰ ਜੀਵਨ-ਮੁਕਤ ਭਾਵ ਜਿਉਂਦਿਆਂ ਮੁਕਤ ਹੋਣਾ ਕਿਹਾ ਗਿਆ ਹੈ। ਇਹ ਲਿਬਰੇਸ਼ਨ ਥੀਆਲੋਜੀ ਨਾਲੋਂ ਅਗੇ ਤੁਰਨਾ ਹੈ ਅਤੇ ਇਸ ਬਾਰੇ ਵਿਚਾਰ-ਵਟਾਂਦਰਾ ਕਰਕੇ ਇਸ ਦੀ ਅਕਾਦਮਿਕਤਾ ਸਥਾਪਤ ਕੀਤੇ ਜਾਣ ਦੀ ਲੋੜ ਹੈ।

ਅਕਾਲ ਅਤੇ ਮਾਨਵ ਦੇ ਪਰਸਪਰ ਪ੍ਰਸੰਗ ਦੀ ਸਥਾਪਨਾ ਕਰਦਿਆਂ ਕਿਸੇ ਵੀ ਸਮਕਾਲ ਨੂੰ ਦੈਵੀ-ਸੱਤਾ ਬਨਾਮ ਰਾਜ-ਸੱਤਾ ਵਜੋਂ ਲਿਆ ਗਿਆ ਹੈ। ਇਸ ਵਿਚੋਂ ਆਮ ਅਤੇ ਖਾਸ ਆਦਮੀ ਦੇ ਸਾਂਝੇ ਸੱਚ ਨੂੰ ਸਿੱਖੀ ਦੀ ਸੰਗਿਆ ਦਿੱਤੀ ਗਈ ਹੈ। ਸਿੱਖੀ ਜਨਮ ਤੋਂ ਨਹੀਂ ਕਰਮ ਤੋਂ ਹੋਣ ਕਰਕੇ ਨਾਮ-ਸਰੋਕਾਰਾਂ ਅਤੇ ਮਾਇਆ-ਸਰੋਕਾਰਾਂ ਦਾ ਸ਼ਬਦ-ਪ੍ਰਸੰਗ ਉਸਾਰਿਆ ਗਿਆ ਹੈ। ਇਹੀ ਸ਼ਬਦ ਗੁਰੂ ਦਾ ਪ੍ਰਸੰਗ ਹੈ। ਇਸ ਰੌਸ਼ਨੀ ਵਿਚ ਕਿਸੇ ਵੀ ਸਿੱਖ-ਟੈਕਸਟ ਦੀ ਡੀਕੋਡਿੰਗ ਨੂੰ ਪ੍ਰਸੰਗ-ਸਥਾਪਨ ਕਹਿ ਰਿਹਾ ਹਾਂ। ਮਿਸਾਲ ਦੇ ਤੌਰ 'ਤੇ ਭਾਈ ਵੀਰ ਸਿੰਘ ਨੇ ਭਾਈ ਸੰਤੋਖ ਸਿੰਘ ਵਲੋਂ ਸੂਰਜ ਪ੍ਰਕਾਸ਼ ਦੀ ਰਾਸਿ 3, ਅੰਸੂ 41 ਵਿਚੋਂ "ਸਭਿ ਬੇਦਨਿ ਕੋ ਸਾਰ ਨਿਕਾਰਾ। ਮਥ ਸਾਗਰ ਜਿਮ ਰਤਨ ਉਦਾਰਾ। 11" ਦਾ ਪ੍ਰਸੰਗ ਸਥਾਪਨ ਕਰਦਿਆਂ ਟਿਪਣੀ ਕੀਤੀ ਹੈ, "ਵੇਦਾਂ ਨੂੰ ਸਮੁੰਦਰ ਵਾਂਗ ਅਤੇ ਗੁਰਬਾਣੀ ਨੂੰ ਰਤਨ ਵਾਂਗ ਕਿਹਾ ਹੈ, ਸਮੁੰਦਰ ਖਾਰਾ ਹੈ ਤੇ ਉਸ ਦਾ ਜਲ ਕੀਮਤੀ ਬੀ ਨਹੀਂ, ਪਰ ਰਤਨ ਹੱਥ ਆ ਗਈ ਸ਼ੈ ਹੈ, ਸੁਹਣੀ ਹੈ ਤੇ ਕੀਮਤੀ ਹੈ।" ਚਰਚਾ ਦੀ ਸਮਾਪਤੀ ਵੀ ਭਾਈ ਸੰਤੋਖ ਸਿੰਘ ਦੇ ਹਵਾਲੇ ਨਾਲ ਕਰਦੇ ਹਾਂ। ਸਿੱਖਾਂ ਨੇ ਪੰਚਮ ਪਾਤਸ਼ਾਹ ਨੂੰ ਕਿਹਾ ਕਿ ਮੁਕਤੀ ਕਰਨ ਦੀ ਕਿਰਪਾ ਕਰੋ ਜੀ। ਗੁਰੂ ਸਾਹਿਬ ਦਾ ਉਤਰ ਭਾਈ ਵੀਰ ਸਿੰਘ ਦੇ ਸ਼ਬਦਾਂ ਵਿਚ ਸੁਣੋ,

"ਸੁਨਿ ਬੋਲੇ ਸ੍ਰੀ ਅਰਜਨ ਗਯਾਨੀ। ਪਠਹੁ ਸੁਨਹੁ ਤੁਮ ਮਿਲਿ ਗੁਰਬਾਨੀ। ਆਪਸ ਮਹਿ ਪੁਨ ਕਰਹੁ ਬਿਚਾਰਾ। ਕਯਾ ਆਸ਼ੈ ਗੁਰਦੇਵ ਉਚਾਰਾ। (28) ਤਯਾਗਨਿ ਕਹਯੋ ਸੁ ਤਯਾਗ ਕਰੀਜੈ। ਗ੍ਰਹਣ ਜੋਗ ਗ੍ਰਹਣ ਧਰੀਜੈ। ਪੁਨ ਬੂਝਤਿ ਭੇ ਕੀਨਿ ਉਚਾਰਨਿ। ਬਾਨੀ ਪਢਨਿ ਸੁ ਔਰ ਬਿਚਾਰਨਿ। 29, ਰਾਸਿ 3, ਅੰਸੂ 54"

ਇਹ ਤੇ ਇਸ ਵਾਂਗ ਬਾਣੀ ਨੂੰ ਆਮ ਜਗਿਆਸੂ ਦੀ ਸਮਝ ਗੋਚਰਾ ਬਣਾਉਣ ਵਾਲੇ ਸਾਰੇ ਯਤਨਾਂ ਦੀ ਸਹਾਇਤਾ ਨਾਲ ਹੀ ਸਿੱਖ-ਧਰਮ ਸ਼ਾਸ਼ਤਰ ਦੀ ਸਥਾਪਨਾ ਕੀਤੀ ਜਾ ਸਕਦੀ ਹੈ। ਇਸ ਅਕਾਦਮਿਕ ਯਤਨ ਦਾ ਆਧਾਰ ਸ੍ਰੋਤ ਗੁਰੂ ਗ੍ਰੰਥ ਸਾਹਿਬ ਨੂੰ ਹੀ ਰਹਿਣਾ ਚਾਹੀਦਾ ਹੈ।

## ਮੇਰੇ ਯਾਰ ਨੂੰ ਮੰਦਾ ਨਾ ਬੋਲੀਂ...

(ਸਫਾ 29 ਦੀ ਬਾਕੀ)

ਕੁਲਦੀਪ ਮਾਣਕ ਨੇ ਮੈਨੂੰ ਆਠੇ ਵਾਂਗ ਘੁੱਟ ਕੇ ਜੱਫੀ ਪਾ ਲਈ।

ਜੱਫੀ ਢਿੱਲੀ ਹੋਈ ਤਾਂ ਮੈਂ ਕਿਹਾ, "ਹੁਣ ਇਸ ਕਥਾ ਦਾ ਸਿਰਲੇਖ ਵੀ ਸੁਣ।"

"ਹੁਣ ਵਜ਼ੀਰ ਵਾਂਗ ਤੂੰ ਦੱਸ ਫੇ ਛੇਤੀ।"

"ਜਿੱਦਣ ਪ੍ਰੋ. ਮੋਹਨ ਸਿੰਘ ਮੇਲੇ 'ਤੇ ਗਵਰਨਰੀ ਰਾਜ ਵਿਚ ਗਵਰਨਰ ਸੁਰਿੰਦਰ ਨਾਥ ਨੇ ਆਉਣਾ ਸੀ, ਤੇ ਤੇਰਾ ਸਨਮਾਨ ਰੱਖਿਆ ਹੋਇਆ ਸੀ ਜੱਸੋਵਾਲ ਹੋਰਾਂ।"

"ਹਾਂ ਪਤੈ।"

"ਤੂੰ ਪੰਜਾਬੀ ਭਵਨ ਦੇ ਆਂਗਣ 'ਚ ਗਵਰਨਰ ਨੂੰ ਕੋਸ ਕੇ 'ਕੱਲੇ ਨੇ ਅਖਾੜਾ ਕਿਉਂ ਲਾਇਆ ਸੀ?"

...ਤੇ ਮਾਣਕ ਨੇ ਮੇਰਾ ਮੱਥਾ ਚੁੰਮ ਲਿਆ। ਕਹਿਣ ਲੱਗਾ, "ਤੂੰ ਮੇਰਾ ਸੱਚੀਂ ਦਾ ਯਾਰ ਏਂ।"

ਅਸਲ ਵਿਚ ਪੰਜਾਬ ਦੇ ਹਾਲਾਤ ਦੀ ਖਰਾਬੀ ਵਿਚ ਪ੍ਰੋ. ਮੋਹਨ ਸਿੰਘ ਮੇਲੇ 'ਤੇ ਜੱਸੋਵਾਲ ਹੋਰਾਂ ਭੁੱਲ-ਭੁਲੇਖੇ ਪੰਜਾਬ ਦੇ ਰਾਜਪਾਲ ਸੁਰਿੰਦਰ ਨਾਥ ਨੂੰ ਬੁਲਾ ਲਿਆ। ਖੁੱਲ੍ਹੀ ਜਿਪਸੀ ਵਿਚ ਮਾਣਕ ਜਦੋਂ ਪੰਜਾਬੀ ਭਵਨ 'ਚ ਦਾਖਲ ਹੋਇਆ ਤਾਂ ਸੁਰੱਖਿਆ ਪ੍ਰਬੰਧਾਂ ਕਰਕੇ 'ਪੁੱਛਗਿੱਛ' ਉਹਨੂੰ ਸਨਮਾਨ ਨਾਲੋਂ ਅਪਮਾਨ ਵੱਧ ਲੱਗਣ ਲੱਗੀ। ਫਿਰ ਵੀ ਜਦੋਂ ਮੈਂ ਤੇ ਮਾਣਕ ਉੱਤਰੇ ਤਾਂ ਉਹ ਕਹਿਣ ਲੱਗਾ, "ਬਰਾੜ ਕਿੱਥੇ ਐ?" ਮੈਂ ਦੱਸਿਆ, "ਉਹ ਆਪਣੇ ਘਰੋਂ ਹੀ ਰਣਜੀਤ ਕੌਰ ਆਲੀ ਗੱਡੀ 'ਚ ਬਹਿ ਗਿਆ ਸੀ।"

...ਤੇ ਜਦੋਂ ਅਸੀਂ ਦੋਵੇਂ ਜਣੇ ਪੰਜਾਬੀ ਭਵਨ ਦੇ ਪਿਛਲੇ ਦਰਵਾਜ਼ੇ 'ਚੋਂ ਅੰਦਰ ਜਾਣ ਲੱਗੇ ਤਾਂ ਮਾਣਕ ਤਾਂ ਲੰਘ ਗਿਆ ਪਰ ਇਕ ਐਸ.ਐਸ.ਪੀ. ਰੈਂਕ ਦਾ ਅਫਸਰ ਮੇਰਾ ਕਾਲਰ ਖਿੱਚ ਕੇ ਕਹਿਣ ਲੱਗਾ, "ਤੂੰ ਨ੍ਹੀਂ ਜਾ ਸਕਦਾ?"

ਮਾਣਕ ਖਿਝ ਕੇ ਕਹਿਣ ਲੱਗਾ, "ਅੱਗ ਲੱਗ ਜੂ ਇਹਦੇ ਨਾਲ? ਤੂੰ ਕਾਲਰ ਕਾਹਤੋਂ ਖਿੱਚਿਆ?"

"ਸੁਰੱਖਿਆ ਦੀ ਡਿਊਟੀ ਐ ਸਾਡੀ।"

"ਅਸ਼ੋਕ ਨੇ ਲੱਕ ਨਾਲ ਬੰਬ ਬੰਨ੍ਹਿਐਂ? ਚੱਲ ਮੈਂ ਨ੍ਹੀਂ ਕਿਸੇ ਗੜੇ-ਗਵਰਨਰ ਦੀ ਪ੍ਰਵਾਹ ਕਰਦਾ।"

...ਤੇ ਕੁਲਦੀਪ ਮਾਣਕ ਨੇ ਸਨਮਾਨ ਲੈਣ ਤੋਂ ਵੀ ਇਨਕਾਰ ਕਰ ਦਿੱਤਾ ਸੀ, ਹਾਲਾਂਕਿ ਡਿਪਟੀ ਕਮਿਸ਼ਨਰ ਚੰਨੀ ਸਮੇਤ ਕਈ ਅਧਿਕਾਰੀ ਉਹਨੂੰ ਮਨਾਉਣ ਲਈ ਆਏ।

ਉੱਦਣ ਮੈਨੂੰ ਵੀ ਅਹਿਸਾਸ ਹੋਇਆ ਸੀ ਕਿ ਜਿਸ ਨੂੰ ਮੈਂ ਬਾਪ ਵਾਂਗ ਪੂਜਿਐ, ਉਹ ਮੇਰਾ ਯਾਰ ਵੀ ਸੀ। ਇਸੇ ਲਈ...।

ਜਿਨ੍ਹਾਂ ਬੁੱਢਿਆਂ ਨੇ ਧੀਆਂ ਬਜ਼ੁਰਗਾਂ ਨਾਲ ਵਿਆਹ'ਤੀਆਂ ਜਾਂ ਜਿਨ੍ਹਾਂ ਕੁ-ਨਸਲ ਪੁੱਤਰਾਂ ਨੇ ਮਾਂ ਤੋਂ ਵੱਡੀ ਔਰਤ ਨਾਲ ਵਿਆਹ ਕਰਵਾਇਆ, ਉਨ੍ਹਾਂ ਲਾਲਚੀ ਲੋਕਾਂ ਨੂੰ ਦੁਨੀਆਂ ਲਾਲਚੀ ਹੀ ਲੱਗਦੀ ਰਹੇਗੀ।

**ਸਫ਼ਰ ਜ਼ਿੰਦਗੀ ਦਾ**



**ਵਰਿਆਮ ਸਿੰਘ ਸੰਧੂ**

# ਧੂੜ ਵਿਚਲੇ ਕਣ

***ਸਾਡੇ ਸਮਰੱਥ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਆਪਣੀ ਸਵੈ-ਜੀਵਨੀ ਦੇ ਇਸ ਅਧਿਆਇ 'ਸੋਚ ਅਤੇ ਅਮਲ ਦੇ ਰਾਹ 'ਤੇ ਪਹਿਲੇ ਕਦਮ' ਵਿਚ ਆਪਣੀ ਜ਼ਿੰਦਗੀ ਦੀਆਂ ਪਹਿਲ-ਪਲੇਠੀਆਂ ਉਡਾਣਾਂ ਦੀਆਂ ਗੱਲਾਂ ਛੋਹੀਆਂ ਹਨ। ਉਹਦੇ ਪਿੰਡ ਦਾ ਇਤਿਹਾਸ ਉਹਨੂੰ ਉਂਗਲ ਲਾ ਕੇ ਬਿਖੜੇ ਪਰ ਸੱਚੇ-ਸੁੱਚੇ ਪੈਂਡਿਆਂ ਵੱਲ ਤੋਰ ਰਿਹਾ ਸੀ। ਉਹਦੇ ਅੰਦਰ ਕੁਝ ਕਰ-ਗੁਜ਼ਰਨ ਦਾ ਜੋਸ਼ ਇੰਨਾ ਠਾਠਾਂ ਮਾਰ ਰਿਹਾ ਸੀ ਕਿ ਕੁਝ ਸਮੇਂ ਬਾਅਦ ਗੁਰਬਖਸ਼ ਸਿੰਘ ਦੀ ਸਹਿਜ-ਪ੍ਰੀਤ ਦੀ ਧੀਮੀ ਚਾਲ ਉਸ ਨੂੰ ਬਹੁਤ ਮੱਠੀ ਲੱਗਣ ਲੱਗ ਪਈ। ਪਿੰਡ ਵਿਚ 'ਦੇਸ਼ ਭਗਤ ਯਾਦਗਾਰ ਲਾਇਬ੍ਰੇਰੀ' ਬਣਾਉਣ ਦੇ ਖਾਸ ਪਿਛੋਕੜ ਦੀ ਚਰਚਾ ਉਹਨੇ ਬੜੇ ਚਾਅ ਨਾਲ ਕੀਤੀ ਹੈ। ਫਿਰ ਇਨ੍ਹਾਂ ਸਰਗਰਮੀਆਂ ਨੇ ਹੀ ਉਸ ਨੂੰ ਤੱਤੀ ਸਿਆਸਤ ਅਤੇ ਸਾਹਿਤ-ਸਭਿਆਚਾਰ ਵੱਲ ਰੁਖ਼ ਕਰਨ ਲਈ ਪ੍ਰੇਰਿਆ ਅਤੇ ਫਿਰ ਉਹ ਇਨਕਲਾਬ ਲਈ ਨਿਕਲੇ ਨੌਜਵਾਨ ਇਨਕਲਾਬਪਸੰਦਾਂ ਦਾ ਸਾਥੀ ਹੋ ਨਿਕਲਿਆ। -ਸੰਪਾਦਕ***

*ਲੜੀ ਜੋੜਨ ਲਈ ਪਿਛਲਾ ਅੰਕ ਵੇਖੋ*

## ਸੋਚ ਅਤੇ ਅਮਲ ਦੇ ਰਾਹ 'ਤੇ ਪਹਿਲੇ ਕਦਮ

ਜ਼ਿੰਦਗੀ ਦੇ ਇਨ੍ਹਾਂ ਮੁਢਲੇ ਵਰ੍ਹਿਆਂ ਵਿਚ ਮੇਰੀ ਸੋਚ ਉਤੇ ਪਿੰਡ ਵਿਚ ਲੱਗਦੇ ਮੇਲਿਆਂ ਸਮੇਂ ਲੱਗਦੇ ਦੀਵਾਨਾਂ ਅਤੇ ਸਮੇਂ-ਸਮੇਂ ਵੱਖ ਵੱਖ ਰਾਜਸੀ ਪਾਰਟੀਆਂ ਦੁਆਰਾ ਕੀਤੇ ਜਾਂਦੇ ਜਲਸਿਆਂ/ਡਰਾਮਿਆਂ ਦਾ ਵੀ ਅਸਰ ਪਿਆ। ਸਾਡੇ ਪਿੰਡ ਗੁਰੂ ਹਰਗੋਬਿੰਦ ਸਾਹਿਬ ਅਤੇ ਭਾਈ ਬਿਧੀ ਚੰਦ ਦੀ ਯਾਦ ਵਿਚ ਹਰ ਸਾਲ ਦੋ ਵੱਡੇ ਮੇਲੇ ਲੱਗਦੇ। ਪਹਿਲਾ ਨੌਂ ਜੇਠ ਨੂੰ ਤੇ ਦੂਜਾ ਭਾਦੋਂ ਦੀ ਮੱਸਿਆ ਤੋਂ ਸੱਤ ਦਿਨ ਪਿਛੋਂ। ਇਹ ਮੇਲੇ ਅਖੰਡਪਾਠ ਰੱਖਣ ਦੇ ਦਿਨ ਤੋਂ ਲੈ ਕੇ ਭੋਗ ਪੈਣ ਵਾਲੇ ਦਿਨ ਤੱਕ ਲੱਗਦੇ। ਤਿੰਨੇ ਦਿਨ ਬਾਹਰ ਖੁੱਲ੍ਹੇ ਪੰਡਾਲ ਵਿਚ ਰਾਤ-ਦਿਨ ਦੀਵਾਨ ਸੱਜਦੇ। ਢਾਡੀ ਅਤੇ ਕਵੀਸ਼ਰ ਸਿੱਖ ਗੁਰੂਆਂ ਦੀ ਕੁਰਬਾਨੀ ਦੀਆਂ ਵਾਰਾਂ ਗਾਉਂਦੇ ਅਤੇ ਇਤਿਹਾਸਕ ਯੋਧਿਆਂ ਦੇ ਰਾਂਗਲੇ ਤੇ ਜੁਝਾਰੂ ਪ੍ਰਸੰਗ ਸੁਣਾਉਂਦੇ।

ਜਦੋਂ ਮੈਂ ਪ੍ਰਾਇਮਰੀ ਦਾ ਵਿਦਿਆਰਥੀ ਸਾਂ ਤਾਂ ਘਰੋਂ ਮੇਲੇ 'ਤੇ ਖ਼ਰਚਣ ਲਈ ਮਿਲੇ ਪੈਸਿਆਂ ਨਾਲ ਅੱਖਾਂ ਨੂੰ ਲਾਉਣ ਵਾਲੇ ਸ਼ੀਸ਼ਿਆਂ ਵਾਲੇ ਡੱਬੇ ਵਿਚੋਂ ਤਸਵੀਰਾਂ ਵੇਖ ਕੇ ਅਤੇ ਮੇਲੇ ਦਾ ਗੇੜਾ ਕੱਢ ਕੇ ਘਰ ਮੁੜ ਆਉਂਦਾ ਸਾਂ। ਪਰ ਹਾਈ ਸਕੂਲ ਵਿਚ ਜਾ ਕੇ ਮੇਰੀ ਸਭ ਤੋਂ ਵੱਡੀ ਦਿਲਚਸਪੀ ਲੱਗਦੇ ਦੀਵਾਨਾਂ ਵਿਚ ਇਸ ਕਦਰ ਵਧ ਗਈ ਕਿ ਕਈ ਕਈ ਘੰਟੇ ਬੈਠ ਕੇ ਸਿੱਖ-ਇਤਿਹਾਸ ਦੇ ਪ੍ਰਸੰਗ ਸੁਣਦਾ ਰਹਿੰਦਾ। ਹੱਕ-ਸੱਚ ਲਈ ਜੂਝਣ ਵਾਲੇ ਗੁਰੂ ਅਤੇ ਉਨ੍ਹਾਂ ਦੇ ਸਿਦਕੀ ਸਿੱਖ ਮੇਰੇ ਆਦਰਸ਼ ਬਣ ਗਏ। ਸੱਚੇ ਸਿੱਖ ਵਾਲੇ ਗੁਣ ਧਾਰਨ ਕਰਨ ਦੀ ਰੀਝ ਮੇਰੇ ਅਵਚੇਤਨ ਵਿਚ ਵੱਸ ਗਈ। ਪਰ ਮੇਰੇ ਵਿਚ ਧਾਰਮਿਕ-ਕੱਟੜਤਾ ਬਿਲਕੁਲ ਨਹੀਂ ਸੀ। ਨਾ ਹੀ ਧਾਰਮਿਕ-ਰੀਤੀਆਂ ਵਿਚ ਕਿਸੇ ਪ੍ਰਕਾਰ ਦੀ ਅੰਨ੍ਹੀ ਸ਼ਰਧਾ ਸੀ। ਇਸ ਦਾ ਸਭ ਤੋਂ ਵੱਡਾ ਕਾਰਨ ਤਾਂ ਇਹ ਸੀ ਕਿ ਸਾਡੇ ਗੁਰੂ ਤਾਂ ਹਰ ਤਰ੍ਹਾਂ ਦੀ ਸੰਕੀਰਣਤਾ ਨੂੰ ਰੱਦ ਕਰ ਕੇ ਸਾਰੇ ਜਗਤ ਨੂੰ ਇਨਸਾਨੀ ਪ੍ਰੀਤ ਦੇ ਕਲਾਵੇ ਵਿਚ ਭਰਨ ਦਾ ਸੁਨੇਹਾ ਦਿੰਦੇ ਸਨ। ਦੂਜਾ, ਸਾਡੇ ਘਰ ਵਿਚ ਧਾਰਮਿਕ ਰਹੁ-ਰੀਤ ਅਤੇ ਪੂਜਾ-ਪਾਠ ਦੀ ਕੱਟੜ ਪਾਲਣਾ ਦਾ ਕੋਈ ਰਿਵਾਜ਼ ਹੀ ਨਹੀਂ ਸੀ। ਮੇਰਾ ਪਿਤਾ ਤਾਂ ਅਗਾਂਹਵਧੂ ਖੁੱਲ੍ਹੇ ਖ਼ਿਆਲਾਂ ਦਾ ਹੈ ਹੀ ਸੀ, ਮੇਰੀ ਮਾਂ ਵੀ, ਮੈਨੂੰ ਨਹੀਂ ਯਾਦ; ਪਰ ਜੇ ਹੋਵੇ ਵੀ ਤਾਂ ਕਦੀ ਵਰ੍ਹੇ-ਛਿਮਾਹੀ ਹੀ ਗੁਰਦੁਆਰੇ ਜਾਂਦੀ ਹੋਵੇਗੀ। ਦਾਦੀ ਮੇਰੀ ਵੀ ਆਪਣੇ ਕਿਸੇ ਸਿੱਧ-ਸਬੀਏ ਵਡੇਰੇ ਬਜ਼ੁਰਗ ਅਤੇ ਪਰਿਵਾਰ ਦੀ ਕਿਸੇ ਹੋਰ ਸਿਆਣੀ 'ਬੀਬੀ' ਦੇ ਹਵਾਲੇ ਨਾਲ ਸਿੱਖ ਧਰਮ ਨਾਲ ਜੁੜੀ ਅੰਨ੍ਹੀ ਲੱਗ-ਲਬੇੜ ਤੋਂ ਮੁਕਤ ਹੋਣ ਦੀਆਂ ਕਥਾ-ਕਹਾਣੀਆਂ ਸੁਣਾਉਂਦੀ ਰਹਿੰਦੀ। ਉਧਰੋਂ ਮੈਂ ਇਨ੍ਹੀਂ ਦਿਨੀਂ ਗੁਰਬਖ਼ਸ਼ ਸਿੰਘ ਦੀ ਪੁਸਤਕ 'ਪਰਮ-ਮਨੁੱਖ' ਪੜ੍ਹ ਲਈ ਸੀ ਅਤੇ ਗੁਰੂਆਂ ਦੀ ਸੋਚ ਵਿਚਲਾ ਤਰਕਸ਼ੀਲ ਪਹਿਲੂ ਵੀ ਮੇਰੇ ਸਾਹਮਣੇ ਜਗਣ ਲੱਗਾ ਸੀ। ਇਹੋ ਕਾਰਨ ਹੈ ਕਿ ਮੈਨੂੰ ਆਪਣੀ ਜ਼ਿੰਦਗੀ ਦਾ ਕੋਈ ਪਲ ਵੀ ਅਜਿਹਾ ਯਾਦ ਨਹੀਂ ਆਉਂਦਾ ਜਦੋਂ ਮੈਂ ਧਾਰਮਿਕ ਕੱਟੜਤਾ ਜਾਂ ਧਾਰਮਿਕ ਤੰਗਦਿਲੀ ਦੀ ਹਨੇਰੀ ਦਲਦਲ ਵਿਚ ਧਸਿਆ ਹੋਵਾਂ। ਸਿੱਖੀ ਦਾ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦਾ ਸੁਨੇਹਾ ਮੇਰੀ ਰੂਹ ਦਾ ਸਦੀਵੀ ਹਿੱਸਾ ਬਣਿਆ ਰਿਹਾ ਹੈ।

ਗੁਰਬਖ਼ਸ਼ ਸਿੰਘ ਦੇ ਮਾਧਿਅਮ ਰਾਹੀਂ ਮੈਂ ਹੌਲੀ ਹੌਲੀ ਵਿਗਿਆਨਕ ਸੋਚਣੀ ਦੇ ਲੜ ਲੱਗ ਰਿਹਾ ਸਾਂ। ਕੰਵਲ ਦੀ 'ਰਾਤ ਬਾਕੀ ਹੈ' ਨੇ ਮੈਨੂੰ ਕਮਿਊਨਿਸਟ ਚੰਗੇ ਲੱਗਣ ਲਾ ਦਿੱਤੇ। ਉਂਜ ਵੀ ਜਦੋਂ ਕਮਿਊਨਿਸਟ ਸਾਡੇ ਪਿੰਡਾਂ ਵਿਚ ਜਲਸੇ ਅਤੇ ਡਰਾਮੇ ਕਰਦੇ, ਸਰਕਾਰ ਅਤੇ ਪੁਲਿਸ ਨੂੰ ਖ਼ਰੀਆਂ ਖ਼ਰੀਆਂ ਸੁਣਾਉਂਦੇ, ਭ੍ਰਿਸ਼ਟ ਅਫ਼ਸਰਾਂ 'ਤੇ ਤਵਾ ਲਾਉਂਦੇ ਤਾਂ ਮੈਨੂੰ ਉਨ੍ਹਾਂ ਦੀ ਦਲੇਰੀ ਚੰਗੀ ਲੱਗਦੀ। ਗਰੀਬਾਂ ਅਤੇ ਮਾੜਿਆਂ ਦੀ ਉਨ੍ਹਾਂ ਵੱਲੋਂ ਕੀਤੀ ਜਾਂਦੀ ਹਮਾਇਤ ਮਨ ਮੋਹ ਲੈਂਦੀ। ਸਥਾਪਤੀ ਵਿਰੁਧ ਮੇਰਾ ਰੁਝਾਨ ਸੁਰਤ ਸੰਭਲਦਿਆਂ ਉਦੋਂ ਹੀ ਪੈਦਾ ਹੋ ਗਿਆ ਸੀ ਜਦੋਂ ਮੈਂ ਪਿੰਡ ਦੇ ਧਾਰਮਿਕ ਦੀਵਾਨਾਂ ਵਿਚ ਅਕਾਲੀ ਲੀਡਰਾਂ ਦੇ ਭਾਸ਼ਣ ਸੁਣਦਾ ਸਾਂ, ਜਿਨ੍ਹਾਂ ਵਿਚ ਕੈਰੋਂ ਸਰਕਾਰ ਤੇ ਨਹਿਰੂ ਸਰਕਾਰ ਦੀ ਮਿਲੀਭੁਗਤ ਦਾ ਜ਼ਿਕਰ ਹੁੰਦਾ, ਜਿਸ ਸਦਕਾ ਪੰਜਾਬੀ ਬੋਲੀ ਦੇ ਆਧਾਰ ਉਤੇ ਪੰਜਾਬੀ ਸੂਬਾ ਬਣਾਉਣ 'ਚ ਰੁਕਾਵਟ ਖੜੀ ਕੀਤੀ ਜਾ ਰਹੀ ਸੀ, ਜਦ ਕਿ ਬੋਲੀ ਦੇ ਆਧਾਰ ਉਤੇ ਹੋਰ ਸੂਬੇ ਬਣਾ ਦਿੱਤੇ ਗਏ ਸਨ। 'ਪੰਜਾਬੀ ਸੂਬੇ' ਦੀ ਪ੍ਰਾਪਤੀ ਲਈ ਲੱਗੇ ਮੋਰਚੇ ਵਿਚ ਹਜ਼ਾਰਾਂ ਲੋਕ ਕੈਦ ਕੀਤੇ ਗਏ। ਅਬੋਹਰ ਰਹਿੰਦਾ ਬਾਪੂ ਚੰਦਾ ਸਿੰਘ ਵੀ ਗਲ ਵਿਚ ਹਾਰ ਪੁਆ ਕੇ ਜੇਲ੍ਹ ਵਿਚ ਜਾ ਪੁੱਜਾ। ਪੰਜਾਬੀ ਸੂਬੇ ਦੇ ਕੈਦੀਆਂ ਉਪਰ ਬਠਿੰਡਾ ਜੇਲ੍ਹ ਵਿਚ ਗੋਲੀ ਚੱਲੀ ਅਤੇ ਸਕੂਲ ਪੜ੍ਹਦੇ ਬੱਚੇ ਨੂੰ 'ਪੰਜਾਬੀ ਸੂਬੇ' ਦਾ ਨਾਅਰਾ ਲਾਉਣੋਂ ਰੋਕਣ ਦਾ ਯਤਨ ਕਰਦਿਆਂ ਪੁਲਿਸ ਵੱਲੋਂ ਕੁੱਟ ਕੁੱਟ ਕੇ ਮਾਰ ਦੇਣ ਦੀਆਂ ਦਰਦਨਾਕ ਘਟਨਾਵਾਂ ਨੇ ਮੇਰੇ ਮਨ ਵਿਚ ਇਹ ਵਿਚਾਰ ਪੈਦਾ ਕਰ ਦਿੱਤੇ ਕਿ 'ਇਹ ਸਰਕਾਰ' 'ਸਾਡੀ ਸਰਕਾਰ' ਨਹੀਂ। ਸਾਡੇ ਸਕੂਲੋਂ ਕੁਝ ਸਾਲ ਪਹਿਲਾਂ ਪੜ੍ਹ ਕੇ ਗਿਆ ਸਾਡੇ ਮਾਸਟਰ ਰਾਮ ਸਿੰਘ ਦਾ ਭਣੇਵਾਂ ਜਸਵੰਤ ਸਿੰਘ ਪਟਵਾਰੀ ਵੀ ਗੋਲੀ ਨਾਲ ਸ਼ਹੀਦ ਹੋ ਗਿਆ ਸੀ। ਉਸ ਦੀ ਮੌਤ ਸਾਨੂੰ ਆਪਣੇ ਕਿਸੇ ਬਹੁਤ ਨਜ਼ਦੀਕੀ ਦੀ ਮੌਤ ਲੱਗੀ ਸੀ।

ਪਰ ਜਦੋਂ ਕਮਿਊਨਿਸਟ ਸਰਕਾਰ ਦੇ ਵਿਤਕਰੇ ਨੂੰ ਆਰਥਕ ਆਧਾਰ ਨਾਲ ਜੋੜ ਕੇ ਆਰਥਕ ਕਾਣੀ-ਵੰਡ ਦੂਰ ਕਰਨ ਦਾ ਪ੍ਰਚਾਰ ਕਰਦੇ ਤਾਂ ਉਨ੍ਹਾਂ ਦੀਆਂ ਗੱਲਾਂ ਮਨ ਨੂੰ ਟੁੰਬਦੀਆਂ। ਕਾਮਰੇਡ ਰੁਤ ਸਿੰਘ 'ਇਨਕਲਾਬ' ਸਿੱਧ-ਪੱਧਰੇ ਅੰਦਾਜ਼ ਵਿਚ ਲਿਖੀ ਕਵਿਤਾ ਜਟਕੇ ਅੰਦਾਜ਼ ਵਿਚ ਗਾਉਂਦਾ:

ਟਾਟੇ ਬਾਟੇ ਪੀਣ ਵਿਸਕੀਆਂ
ਕਾਮੇ ਭੁੱਖੇ ਮਰਦੇ।

ਡਰਾਮਾ ਸਕੁਐਡ ਵਾਲੇ ਗੀਤ ਗਾਉਂਦੇ:

ਸੁਣ ਨਹਿਰੂ ਸਰਕਾਰੇ
ਤੈਨੂੰ ਰੋਵਣ ਲੋਕੀਂ ਸਾਰੇ
ਗੋਰੇ ਦੀ ਥਾਂ ਕਾਲਾ ਆ ਗਿਆ
ਉਹ ਵੀ ਛੜੀਆਂ ਮਾਰੇ।

ਕਾਮਰੇਡ ਅੱਛਰ ਸਿੰਘ ਛੀਨਾ ਅਤੇ ਦਲੀਪ ਸਿੰਘ ਟਪਿਆਲਾ ਦੀਆਂ ਤਕਰੀਰਾਂ ਹੋਸ਼ ਵੀ ਦਿੰਦੀਆਂ ਅਤੇ ਜੋਸ਼ ਵੀ।

ਜਿਵੇਂ ਪਹਿਲਾਂ ਦੱਸਿਆ ਹੈ ਕਿ ਹਿੰਦੂ ਭਾਈਚਾਰੇ ਵਿਚ ਵਸਦਾ ਹੋਣ ਕਰ ਕੇ ਜੀਵਨ-ਵਿਹਾਰ ਵਿਚ ਤਾਂ ਮੈਂ ਬਚਪਨ ਤੋਂ ਹੀ ਧਾਰਮਿਕ ਤੰਗ-ਨਜ਼ਰੀ ਤੋਂ ਮੁਕਤ ਸਾਂ। ਮੇਰੇ ਪਿਆਰੇ ਚਾਰ ਦੋਸਤਾਂ; ਦਰਸ਼ਨ ਅਤੇ ਦਵਾਰਕਾ, ਪਰਕਾਸ਼ ਅਤੇ ਅਤਰ ਵਿਚੋਂ ਪਹਿਲੇ ਦੋ ਹਿੰਦੂ ਸਨ। ਪਰ ਹੁਣ ਮੈਂ ਸੁਚੇਤ ਤੌਰ ਉਤੇ ਤਥਾ-ਕਥਿਤ ਨੀਵੀਂ ਜਾਤੀ ਦੇ ਲੋਕਾਂ ਅਤੇ ਮੁੰਡਿਆਂ ਨੂੰ ਮਾਨਵੀ ਅਪਣੱਤ ਨਾਲ ਮਿਲਣਾ ਸ਼ੁਰੂ ਕੀਤਾ। ਉਂਜ ਛੋਟੇ ਹੁੰਦਿਆਂ ਵੀ ਤੀਸਰੀ ਚੌਥੀ ਵਿਚ ਪੜ੍ਹਦੇ ਸਮੇਂ ਸਹਿਸਿਆਂ ਦਾ ਮੁੰਡਾ ਫ਼ੌਜੂ ਅਤੇ ਮਜ਼੍ਹਬੀ ਸਿੱਖਾਂ ਦਾ ਜੋਗਿੰਦਰ ਮੇਰੇ ਬਹੁਤ ਨਿਕਟੀ-ਮਿੱਤਰ ਸਨ ਅਤੇ ਮੈਂ ਉਨ੍ਹਾਂ ਦੇ ਘਰ ਖੇਡਣ-ਮੇਲਣ ਜਾਂਦਾ ਹੀ ਰਹਿੰਦਾ ਸਾਂ। ਮੇਰੇ ਅੰਦਰ ਭਿੱਟ-ਸੁੱਚ ਦਾ ਕੋਈ ਅਹਿਸਾਸ ਨਹੀਂ ਸੀ। ਪਰ ਹੁਣ ਮੈਂ ਜਾਤ-ਪਾਤ ਦੇ ਵਿਧਾਨ ਬਾਰੇ ਜਾਣੂ ਹੋ ਚੁੱਕਾ ਸਾਂ ਅਤੇ ਸੁਚੇਤ ਹੋ ਕੇ ਹੀ ਇਹ ਬੰਧਨ ਤੋੜਨ ਵੱਲ ਰੁਚਿਤ ਸਾਂ। ਅੱਠਵੀਂ-ਨੌਂਵੀਂ ਵਿਚ ਪੜ੍ਹਦਿਆਂ ਹੀ ਮੈਂ ਆਪਣੇ ਕਾਮੇ ਬਚਨ ਸਿੰਘ ਮਜ਼੍ਹਬੀ ਸਿੱਖ ਨਾਲ ਖੇਤਾਂ ਵਿਚ ਕੰਮ ਕਰਦਿਆਂ ਉਸ ਦੇ ਜੂਠੇ ਭਾਂਡੇ ਵਿਚ ਉਸ ਦੇ ਸਾਹਮਣੇ ਪਾਣੀ ਪੀ ਲਿਆ ਸੀ। ਉਹ ਹੈਰਾਨ ਹੋਇਆ ਇਹ 'ਅਣਹੋਣੀ' ਵਾਪਰੀ ਵੇਖ ਕੇ ਬੋਲਿਆ, "ਓਏ ਇਹ ਕੀ ਕੀਤਾ ਈ?"

"ਪਾਣੀ ਪੀਤਾ ਹੈ, ਹੋਰ ਕੀ?" ਮੈਂ ਮੁਸਕਰਾ ਕੇ ਉਸ ਵੱਲ ਵੇਖਿਆ। ਮੇਰੇ ਵੱਲ ਵੇਖ ਕੇ ਉਹ ਵੀ ਮੁਸਕਰਾ ਪਿਆ। ਮੇਰਾ ਇਹ ਵਿਹਾਰ ਉਸ ਨੂੰ ਓਪਰਾ ਪਰ ਚੰਗਾ ਵੀ ਲੱਗਾ ਜਾਪਦਾ ਸੀ। ਉਂਜ ਉਸ ਵੇਲੇ ਪਾਣੀ ਪੀਂਦਿਆਂ ਸ਼ਾਇਦ ਮੈਨੂੰ ਵੀ ਲੱਗਾ ਸੀ ਜਿਵੇਂ ਮੈਂ ਕੋਈ ਡੂੰਘੀ ਖਾਈ ਪਾਰ ਕੀਤੀ ਹੋਵੇ-ਇੱਕੋ ਝਟਕੇ ਨਾਲ ਛਾਲ ਮਾਰ ਕੇ। ਪਰ ਜੇ ਬੀ ਟੀ ਕਰਦਿਆਂ ਸਾਡਾ ਜਿਹੜਾ ਪੰਜਾਂ ਮੁੰਡਿਆਂ ਦਾ ਜੁੱਟ ਸੀ, ਉਨ੍ਹਾਂ ਵਿਚੋਂ ਦੋ ਚਾਚੇ-ਤਾਏ ਦੇ ਪੁੱਤ ਭਰਾ ਕਰਮ ਸਿੰਘ ਅਤੇ ਰਾਮ ਸਿੰਘ ਚਮੜੇ ਦਾ ਕੰਮ ਕਰਨ ਵਾਲੇ ਕਾਰੀਗਰਾਂ ਦੇ ਮੁੰਡੇ ਸਨ ਪਰ ਬੜੇ ਸਨੁੱਖੇ ਅਤੇ ਦਰਸ਼ਨੀ। ਅਸੀਂ ਇਕੱਠੇ ਇੱਕੋ ਭਾਂਡੇ ਵਿਚ ਖਾਂਦੇ। ਇਕੱਠੇ ਹੀ ਬਾਹਰ ਆਉਂਦੇ ਜਾਂਦੇ। ਕਦੀ ਇਹ ਅਹਿਸਾਸ ਹੀ ਨਹੀਂ ਸੀ ਹੋਇਆ ਕਿ ਅਸੀਂ ਕਿਹੜੀ ਜਾਤ ਦੇ ਹਾਂ।

ਪਿੱਛੋਂ ਪੜ੍ਹਦਿਆਂ ਅਤੇ ਜੀਵਨ ਵਿਚ ਵਿਚਰਦਿਆਂ ਤਥਾ-ਕਥਿਤ ਦਲਿਤ ਸ਼੍ਰੇਣੀਆਂ ਦੇ ਬਹੁਤ ਸਾਰੇ ਵਿਅਕਤੀਆਂ ਨਾਲ ਮੇਰਾ ਡੂੰਘਾ ਨੇੜ ਰਿਹਾ। ਲਿਖਣ ਦੇ ਉਨ੍ਹਾਂ ਮੁੱਢਲੇ ਦਿਨਾਂ ਵਿਚ ਮੈਂ ਅਕਸਰ ਬਾਬਾ ਧੰਨਾ ਸਿੰਘ ਅਤੇ ਉਜਾਗਰ ਰਾਮ ਕੋਲ ਲੰਮਾ ਸਮਾਂ ਬੈਠ ਕੇ ਉਨ੍ਹਾਂ ਨਾਲ ਜੱਗ-ਬੀਤੀਆਂ, ਹੱਡ-ਬੀਤੀਆਂ ਸਾਂਝੀਆਂ ਕਰਦਾ-ਕਰਾਉਂਦਾ ਰਹਿੰਦਾ। ਦੋਵੇਂ ਹੀ ਚਮੜੇ ਦਾ ਕੰਮ ਕਰਦੇ ਸਨ। ਉਹ ਨਾਲ ਦੀ ਨਾਲ ਜੁੱਤੀਆਂ ਸੀਵੀਂ ਜਾਂਦੇ ਅਤੇ ਨਾਲ ਨਾਲ ਵਾਰਤਾਲਾਪ ਜਾਰੀ ਰੱਖਦੇ। ਇਹ ਉਜਾਗਰ ਰਾਮ ਹੀ ਸੀ ਜਿਹਨੇ ਮੇਰੀਆਂ ਕਹਾਣੀਆਂ ਸੁਣ ਕੇ ਮੈਨੂੰ ਰਾਇ ਦਿੱਤੀ ਸੀ, "ਤੇਰੀਆਂ ਕਹਾਣੀਆਂ ਵਿਚ ਇੱਕ ਗੱਲ ਹੋਣੀ ਚਾਹੀਦੀ ਹੈ। ਇੱਕੋ ਗੱਲ। ਕਿਤੇ ਕੋਈ, ਕਿਤੇ ਕੋਈ ਹੋਰ ਗੱਲ ਨਹੀਂ...।" ਉਹਦਾ ਭਾਵ ਸੀ ਕਿ ਮੇਰੀਆਂ ਕਹਾਣੀਆਂ ਵਿਚ ਨਿਰੋਲ ਵਰਗ-ਵੰਡ ਦੇ ਚਿਤਰ ਹੋਣੇ ਚਾਹੀਦੇ ਹਨ, ਜਿਨ੍ਹਾਂ ਵਿਚ ਤਗੜਿਆਂ ਦੇ ਵਿਰੁਧ ਮਾੜਿਆਂ ਨੂੰ ਲੜਦਿਆਂ ਅਤੇ ਸੰਘਰਸ਼ ਕਰਦਿਆਂ ਵਿਖਾਇਆ ਗਿਆ ਹੋਵੇ। ਇੰਜ ਉਹ ਮੈਨੂੰ, ਜਿੰਨਾ ਚਿਰ 'ਇਨਕਲਾਬ' ਨਹੀਂ ਆ ਜਾਂਦਾ, ਹੋਰਨਾਂ ਮਸਲਿਆਂ ਤੇ ਵਿਸ਼ਿਆਂ ਨੂੰ ਹਾਲ ਦੀ ਘੜੀ ਤਿਆਗ ਦੇਣ ਦੀ ਸਲਾਹ ਦੇ ਰਿਹਾ ਸੀ। ਆਪਣੇ ਪਹਿਲੇ ਕਹਾਣੀ-ਸੰਗ੍ਰਹਿ 'ਲੋਹੇ ਦੇ ਹੱਥ' ਵਿਚ ਦੇ ਮੁੱਢ ਵਿਚ ਮੈਂ ਉਜਾਗਰ ਰਾਮ ਦੀ ਇਸ ਸਲਾਹ ਦਾ ਹਵਾਲਾ ਵੀ ਦਿੱਤਾ ਸੀ। ਇਹ ਸਲਾਹ ਇੱਧਰ ਉਧਰ ਭਟਕਦੇ ਲੇਖਕ ਨੂੰ ਉਸ ਦੀ ਪ੍ਰਤੀਬੱਧਤਾ ਅਤੇ ਸਾਹਿਤਕ-ਜ਼ਿੰਮੇਵਾਰੀ ਦਾ ਚੇਤਾ ਕਰਵਾਉਂਦੀ ਲੱਗਦੀ ਹੈ।

ਮੁੱਛ-ਫੁੱਟ ਚੜ੍ਹਦੀ ਜਵਾਨੀ ਦੇ ਝੱਲ-ਵਲੱਲੇ ਦਿਨਾਂ ਵਿਚ ਮੈਂ ਇੱਕ ਵਾਰ ਸਾਡੇ ਘਰ ਕੰਮ ਕਰਨ ਵਾਲੀ ਬੀਬੀ ਸਵਰਨੋਂ ਨੂੰ ਆਖਿਆ, "ਜਦੋਂ ਇਨਕਲਾਬ ਆਇਆ, ਉਦੋਂ ਸਭ ਨੂੰ ਕੰਮ ਕਰਨਾ ਪਊ ਅਤੇ ਸਭ ਨੂੰ ਕੰਮ ਮਿਲੂ। ਜ਼ਮੀਨਾਂ ਸਾਂਝੀਆਂ ਹੋ ਜਾਣਗੀਆਂ। ਆਪਾਂ ਸਾਰੇ ਮਾਲਕ ਹੋ ਜਾਵਾਂਗੇ। ਕੋਈ ਇੱਕ ਜਣਾ ਮਾਲਕ ਨਹੀਂ ਰਹੂਗਾ ਜ਼ਮੀਨਾਂ-ਜਾਇਦਾਦਾਂ ਦਾ।"

"ਸਾਰੇ ਮਾਲਕ ਹੋ ਜਾਵਾਂਗੇ ਅਤੇ ਕੋਈ ਜਣਾ ਮਾਲਿਕ ਨਹੀਂ ਰਹੂਗਾ! ਇਹ ਕੀ ਗੱਲ ਬਣੀ?" ਉਹਦੀ ਸਮਝ ਵਿਚ ਗੱਲ ਨਾ ਪਈ।

"ਮਾਲਕ ਬਣੂੰਗੀ ਸਟੇਟ...ਮਤਲਬ ਗੌਰਮਿੰਟ! ਤੇ ਗੌਰਮਿੰਟ ਹੋਊਗੀ ਆਪਣੀ ਮਨ ਮਰਜ਼ੀ ਦੀ। ਧਨੀਆਂ ਅਤੇ ਲੋਟੂਆਂ ਦੀ ਨਹੀਂ। ਬੱਚਿਆਂ ਨੂੰ ਪੜ੍ਹਾਉਣ ਲਿਖਾਉਣ ਅਤੇ ਕੰਮੇ ਲਾਉਣਾ ਵੀ ਗੌਰਮਿੰਟ ਦਾ ਕੰਮ ਹੋਊ। ਬੀਮਾਰੀ ਸ਼ਮਾਰੀ ਅਤੇ ਇਲਾਜ ਦਾ ਬੰਦੋਬਸਤ ਵੀ ਗੌਰਮਿੰਟ ਦਾ...।"

ਉਹ ਅਣਮੰਨੇ ਮਨ ਨਾਲ ਮੇਰੀਆਂ ਭੋਲੀਆਂ ਗੱਲਾਂ ਤੇ ਹੱਸੀ ਅਤੇ ਆਖਣ ਲੱਗੀ, "ਵੀਰ ਵਰਿਆਮ ਸਿਹਾਂ! ਸਾਡੀ ਤੇ ਤੂੰ ਈ ਗੌਰਮਿੰਟ ਆਂ, ਜਿਨ੍ਹਾਂ ਨਾਲ ਰਲ ਕੇ ਰੋਟੀ-ਟੁੱਕ ਦਾ ਗੁਜ਼ਾਰਾ ਚੱਲਦੈ...।"

"ਉਂਜ ਤਾਂ ਫੇਰ ਤੂੰ ਵੀ ਸਾਡੀ ਗੌਰਮਿੰਟ ਏਂ...ਤੇਰੇ ਬਿਨਾਂ ਵੀ ਤਾਂ ਸਾਡਾ ਗੁਜ਼ਾਰਾ ਨਹੀਂ...।" ਮੈਂ ਹੱਸ ਕੇ ਆਖਿਆ।

ਉਸ ਦਿਨ ਤੋਂ ਪਿੱਛੋਂ ਅਸੀਂ ਦੋਵੇਂ ਸਦਾ ਇੱਕ ਦੂਜੇ ਨੂੰ 'ਗੌਰਮਿੰਟ' ਆਖ ਕੇ ਬੁਲਾਉਂਦੇ। ਉਸ ਨੇ ਪੰਜੀ-ਤੀਹ ਸਾਲ ਲਗਾਤਾਰ ਸਾਡੇ ਘਰ ਕੰਮ ਕੀਤਾ। ਕਈ ਸਾਲਾਂ ਤੱਕ ਉਸ ਦਾ ਪਤੀ ਅਤੇ ਦਿਓਰ ਵੀ ਸਾਡੇ ਸਾਂਝੀ ਰਹੇ। ਜਦੋਂ ਅਧਿਆਪਕ ਬਣ ਕੇ ਮੈਂ ਪਿੰਡ ਦੇ ਸਕੂਲ ਵਿਚ ਪੜ੍ਹਾਉਣ ਲੱਗਾ ਤਾਂ ਮੈਂ ਉਸ ਦੇ ਬੱਚਿਆਂ ਦੀ ਹਰ ਸੰਭਵ ਮਦਦ ਕੀਤੀ। ਉਸ ਦਾ ਇੱਕ ਮੁੰਡਾ ਦਸ ਜਮਾਤਾਂ ਪੜ੍ਹ ਕੇ ਫ਼ੌਜ ਵਿਚ ਭਰਤੀ ਵੀ ਹੋ ਗਿਆ। ਜਦੋਂ ਅਸੀਂ ਸਾਰਾ ਪਰਿਵਾਰ ਜਲੰਧਰ ਆਉਣ ਲਈ ਪਿੰਡ ਛੱਡ ਕੇ ਤੁਰੇ, ਉਹ ਮੇਰੀ ਪਤਨੀ ਦੇ ਗਲ ਲੱਗ ਕੇ ਭੁੱਬਾਂ ਮਾਰ ਕੇ ਰੋ ਪਈ, "ਗੌਰਮਿੰਟ! ਸਾਨੂੰ ਕੀਹਦੇ ਆਸਰੇ ਛੱਡ ਚੱਲੇ ਓ?"

ਇਹ ਵੱਖਰੀ ਗੱਲ ਹੈ ਕਿ ਅਜੇ ਤੱਕ ਸਾਡੀ 'ਗੌਰਮਿੰਟ' ਬਣੀ ਨਹੀਂ ਅਤੇ ਨਾ ਹੀ ਨਿਕਟ-ਭਵਿੱਖ ਵਿਚ ਬਣ ਸਕਣ ਦੀ ਸੰਭਾਵਨਾ ਹੈ ਪਰ ਸਾਡੀਆਂ ਮੋਹ ਦੀਆਂ ਤੰਦਾਂ ਅਜੇ ਵੀ ਬਦਸਤੂਰ ਉਂਜ ਹੀ ਜੁੜੀਆਂ ਹੋਈਆਂ ਹਨ। ਜਦੋਂ ਕਿਤੇ ਮੈਂ ਹੁਣ ਵੀ ਆਪਣੇ ਪਿੰਡ ਜਾਵਾਂ ਤੇ ਉਸ ਨੂੰ ਮੇਰੇ ਆਉਣ ਦੀ ਸੂਹ ਮਿਲ ਜਾਵੇ ਤਾਂ ਉਹ ਮਿਲਣ ਲਈ ਉਡੀ ਆਉਂਦੀ ਹੈ। ਉਸ ਦੀ ਗਲਵੱਕੜੀ ਵਿਚ ਹੁਣ ਵੀ ਮੈਨੂੰ ਮਾਂ ਜਾਂ ਵੱਡੀ ਭੈਣ ਦੇ ਪਿਆਰ ਦਾ ਨਿੱਘ ਮਹਿਸੂਸ ਹੁੰਦਾ ਹੈ।

ਇਸ ਦਾ ਭਾਵ ਇਹ ਹਰਗਿਜ਼ ਨਹੀਂ ਕਿ ਮੇਰੇ ਅੰਦਰੋਂ ਜਾਤ-ਪਾਤ ਦਾ ਹੰਕਾਰ ਅਸਲੋਂ ਮਿਟ ਗਿਆ ਹੋਊ। ਇਹ ਹੰਕਾਰ ਪੀੜ੍ਹੀ-ਦਰ-ਪੀੜ੍ਹੀ ਤੋਂ ਸੰਸਕਾਰਾਂ ਦੇ ਰੂਪ ਵਿਚ ਬੜੀ ਸੂਖਮ ਸ਼ਕਲ ਵਿਚ ਸਾਡੇ ਧੁਰ ਅੰਦਰ ਬੈਠਾ ਹੁੰਦਾ ਹੈ ਅਤੇ ਕਿਸੇ ਵੀ ਵੇਲੇ ਸਿਰੀ ਕੱਢ ਸਕਦਾ ਹੈ। ਉਂਜ ਸੁਚੇਤ ਪੱਧਰ ਤੇ ਮੈਂ ਸਦਾ ਇਸ ਦੀ ਲਪੇਟ ਵਿਚ ਆਉਣ ਤੋਂ ਬਚਦਾ ਰਿਹਾਂ।

ਇਨ੍ਹਾਂ ਦਿਨਾਂ ਵਿਚ ਦੇਸ਼ ਦਾ ਰਾਜਸੀ ਦ੍ਰਿਸ਼ ਬਦਲ ਰਿਹਾ ਸੀ। ਲੋਕਾਂ ਦਾ ਸਰਕਾਰਾਂ ਤੋਂ ਮੋਹ-ਭੰਗ ਹੋ ਰਿਹਾ ਸੀ। ਆਗੂ ਲੋਕ ਗਿਰਗਿਟ ਵਾਂਗ ਰੰਗ ਬਦਲਦੇ ਦਿੱਸਣ ਲੱਗੇ। ਤਾਕਤ ਵੱਲ ਵੇਖ ਕੇ ਕਦੀ ਚਿੱਟੀਆਂ ਪੱਗਾਂ ਨੀਲੀਆਂ ਹੋਣ ਲੱਗ ਪਈਆਂ ਅਤੇ ਕਦੀ ਨੀਲੀਆਂ ਚਿੱਟੀਆਂ। 'ਆਇਆ ਰਾਮ-ਗਇਆ ਰਾਮ' ਵਾਲੀ ਸਿਆਸਤ ਸ਼ੁਰੂ ਹੋ ਚੁੱਕੀ ਸੀ। ਮੌਕਾਪ੍ਰਸਤ ਸਿਆਸਤ ਅਤੇ ਸਿਆਸਤਦਾਨਾਂ ਵਿਰੁਧ ਸੁਹਿਰਦ ਅਤੇ ਸਾਦਾ ਲੋਕਾਂ ਦੇ ਮਨ ਵਿਚ ਗੁੱਸਾ ਇਕੱਠਾ ਹੋਣ ਲੱਗਾ। ਇਹ ਗੁੱਸਾ ਮੇਰੇ ਅੰਦਰ ਵੀ ਤਰਲੋਮੱਛੀ ਹੋ ਰਿਹਾ ਸੀ। ਮੇਰੇ ਆਸੇ-ਪਾਸੇ ਗ਼ਰੀਬੀ ਦੇ ਝੰਬੇ ਹੋਏ ਲੋਕ ਸਨ, ਧੱਕਾ ਕਰਨ ਵਾਲੇ ਧਨੀ ਅਤੇ ਬਦਮਾਸ਼ ਸਨ। ਅੰਧ-ਵਿਸ਼ਵਾਸ ਅਤੇ ਵਹਿਮਾਂ-ਭਰਮਾਂ ਵਿਚ ਫਾਥੀ ਦੁਨੀਆਂ ਸੀ। ਜ਼ਬਾਨ ਅਤੇ ਮਜ਼੍ਹਬ ਦੇ ਨਾਂ 'ਤੇ ਲੜੀਆਂ ਜਾ ਰਹੀਆਂ ਫ਼ਿਰਕੂ ਲੜਾਈਆਂ ਸਨ। ਭ੍ਰਿਸ਼ਟ ਸਿਆਸਤ ਸੀ। ਮੈਂ ਇਨ੍ਹਾਂ ਸਭ ਬੁਰਾਈਆਂ ਤੋਂ ਮੁਕਤ ਸਮਾਜ ਵੇਖਣਾ ਚਾਹੁੰਦਾ ਸਾਂ। ਇਸ ਤਬਦੀਲੀ ਲਈ ਮੈਂ ਲਿਖਤ ਦੀ ਪੱਧਰ 'ਤੇ ਤਾਂ ਜੂਝ ਰਿਹਾ ਸਾਂ। ਮੇਰੀ ਲਿਖਤ ਵਿਚ ਕੋਈ ਨਾ ਕੋਈ ਸੁਨੇਹਾ ਜ਼ਰੂਰ ਹੁੰਦਾ। ਮੈਂ ਸੋਚਦਾ ਜੇ ਮੈਨੂੰ ਚੰਗੇ ਲੱਗਣ ਵਾਲੇ ਲੇਖਕਾਂ ਨੇ ਮੇਰੇ ਅੰਦਰ ਆਦਰਸ਼ਕ ਸੋਚ ਅਤੇ ਹਾਂ-ਮੁੱਖ ਤਬਦੀਲੀ ਦੀ ਰੀਝ ਪੈਦਾ ਕਰ ਦਿੱਤੀ ਹੈ ਤਾਂ ਮੇਰੀ ਲਿਖਤ ਨੂੰ ਵੀ ਇਹ ਰੋਲ ਅਦਾ ਕਰਨਾ ਚਾਹੀਦਾ ਹੈ। ਅਜੇ ਮੈਨੂੰ ਏਨੀ ਸਮਝ ਵੀ ਨਹੀਂ ਸੀ ਕਿ ਸਾਹਿਤਕ ਕਿਰਤ ਵਿਚ ਨਿਰੋਲ ਵਿਚਾਰ ਦੀ ਹੀ ਪ੍ਰਮੁੱਖਤਾ ਰਚਨਾ ਦੇ ਕਲਾਤਮਕ ਮੁੱਲ ਨੂੰ ਘਟਾ ਦਿੰਦੀ ਹੈ।

ਮੈਂ ਧੁਰ-ਡੂੰਘਾਣਾਂ ਤੋਂ ਸਿਆਸੀ ਅਤੇ ਸਮਾਜੀ ਤਬਦੀਲੀ ਦਾ ਤਲਬਗਾਰ ਸਾਂ ਪਰ ਇਹ ਤਬਦੀਲੀ ਸਿਰਫ਼ ਕਵਿਤਾ ਜਾਂ ਕਹਾਣੀਆਂ ਲਿਖਿਆਂ ਨਹੀਂ ਸੀ ਆ ਜਾਣੀ। ਇਸ ਲਈ ਅਮਲੀ ਤੌਰ 'ਤੇ ਜੀਵਨ ਵਿਚ ਕੁਝ ਚੰਗਾ ਕਰ ਗੁਜ਼ਰਨ ਦੀ ਰੀਝ ਵੀ ਅੰਗੜਾਈਆਂ ਲੈ ਰਹੀ ਸੀ। ਪਰ ਕੀ ਕੀਤਾ ਜਾਵੇ? ਕਿਵੇਂ ਕੀਤਾ ਜਾਵੇ? ਇਸ ਲਈ ਕੋਈ ਰਾਹ ਨਹੀਂ ਸੀ ਲੱਭਦਾ ਪਿਆ।

ਉਂਜ 'ਗਰਮ' ਸਿਆਸਤ ਬਚਪਨ ਤੋਂ ਹੀ ਮੈਨੂੰ ਧੂਹ ਪਾਉਂਦੀ ਸੀ। ਇੱਕ ਤਾਂ ਪੰਜਾਬੀਆਂ ਦਾ ਸਮੁੱਚਾ ਵਿਰਸਾ ਹੀ ਖਾੜਕੂ ਰਿਹਾ ਹੈ। ਵਿਸ਼ੇਸ਼ ਤੌਰ ਤੇ ਸਿੱਖ ਵਿਰਾਸਤ ਤਾਂ ਹੈ ਹੀ ਜ਼ੁਲਮ ਵਿਰੁਧ ਸੰਘਰਸ਼ ਅਤੇ ਕੁਰਬਾਨੀਆਂ ਦੀ ਲਹੂ-ਭਿੱਜੀ ਗਾਥਾ। ਮੈਂ ਪੈਦਾ ਵੀ ਅਜਿਹੇ ਇਲਾਕੇ ਵਿਚ ਹੋਇਆ ਸਾਂ ਜਿੱਥੇ ਬਹੁਤ ਸਾਰੇ ਸ਼ਹੀਦ ਸੂਰਮੇ ਹੋਏ ਸਨ। ਉਨ੍ਹਾਂ ਬਾਰੇ ਗਾਈਆਂ ਢਾਡੀ ਵਾਰਾਂ ਸੁਣ ਕੇ ਮੇਰੇ ਅੰਦਰ ਸ਼ੁਰੂ ਤੋਂ ਹੀ ਖ਼ੂਨ ਦੀ ਗਤੀ ਤੇਜ਼ ਹੋ ਜਾਂਦੀ ਸੀ। ਗਦਰ ਪਾਰਟੀ, ਬੱਬਰ ਅਕਾਲੀ ਲਹਿਰ ਅਤੇ ਆਜ਼ਾਦ ਹਿੰਦ ਫ਼ੌਜ ਦੀਆਂ ਅੰਗਰੇਜ਼ ਹਕੂਮਤ ਵਿਰੁਧ ਕੋਸ਼ਿਸ਼ਾਂ ਅਤੇ ਕੁਰਬਾਨੀਆਂ ਦਾ ਇਤਿਹਾਸ ਮੈਨੂੰ ਵਧੇਰੇ ਟੁੰਬਦਾ। ਕਰਤਾਰ ਸਿੰਘ ਸਰਾਭਾ, ਬਾਬਾ ਸੋਹਣ ਸਿੰਘ ਭਕਨਾ, ਅਤੇ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਅਤੇ ਰਾਜ ਕਾਇਮ ਹੋਇਆ ਵੇਖਣਾ ਮੇਰਾ ਸੁਪਨਾ ਬਣ ਗਿਆ। ਇਸ ਸੁਪਨੇ ਦੀ ਪ੍ਰਾਪਤੀ ਲਈ ਕਮਿਊਨਿਸਟ ਪਾਰਟੀ ਲੜ ਰਹੀ ਸੀ। ਪਰ ਹੁਣ ਤੱਕ ਤਾਂ ਕਮਿਊਨਿਸਟ ਵੀ ਦੋ ਧੜਿਆਂ ਵਿਚ ਵੰਡੇ ਗਏ ਸਨ। ਕੋਈ ਕਿੱਧਰ ਜਾਏ ਤੇ ਕਿਸ ਦੇ ਪਿੱਛੇ ਲੱਗੇ?

ਮੈਂ ਇਨ੍ਹਾਂ ਦਿਨਾਂ ਵਿਚ ਜ਼ਿੰਦਗੀ, ਸਾਹਿਤ ਅਤੇ ਸਿਆਸਤ ਨੂੰ ਸਮਝਣ ਦੀ ਕੋਸ਼ਿਸ਼ ਵਿਚ ਸਾਂ। ਸਿਵਾਏ ਪੁਸਤਕਾਂ ਤੋਂ ਮੇਰਾ ਕੋਈ ਹੋਰ ਨੇੜਲਾ ਰਹਿਬਰ ਨਹੀਂ ਸੀ। ਇਸ ਤੋਂ ਇਲਾਵਾ ਜਿੰਨਾ ਵੀ ਰੂਸੀ ਸਾਹਿਤ ਪੰਜਾਬੀ ਵਿਚ ਛਪਦਾ ਮੈਂ ਨਾਲ ਦੀ ਨਾਲ ਪੜ੍ਹ ਰਿਹਾ ਸਾਂ। ਚੈਖ਼ਵ, ਟਾਲਸਟਾਏ, ਗੋਰਕੀ, ਤੁਰਗਨੇਵ, ਦਾਸਤੋਵਸਕੀ ਮੇਰੇ ਮਨਪਸੰਦ ਲੇਖਕ ਸਨ। ਮੈਂ ਇਨ੍ਹਾਂ ਦੀਆਂ ਲਿਖਤਾਂ ਤੋਂ ਪ੍ਰਭਾਵਿਤ ਸਾਂ। ਪਰ ਉਸ ਵੇਲੇ ਨਿਕੋਲਾਈ ਅਸਤ੍ਰੋਵਸਕੀ ਦੀ 'ਸੂਰਮੇ ਦੀ ਸਿਰਜਣਾ', ਗੋਰਕੀ ਦੀ 'ਮਾਂ' ਅਤੇ ਬੋਰਿਸ ਪੋਲਵੋਈ ਦੀ 'ਅਸਲੀ ਇਨਸਾਨ ਦੀ ਕਹਾਣੀ' ਮੇਰੀਆਂ ਮਨਪਸੰਦ ਲਿਖਤਾਂ ਸਨ। ਮੈਂ ਇਨ੍ਹਾਂ ਨਾਵਲਾਂ ਵਿਚਲਾ ਬੰਦਾ ਵੀ ਬਣਨਾ ਚਾਹੁੰਦਾ ਸਾਂ ਅਤੇ ਇਹੋ ਜਿਹੀਆਂ ਰਚਨਾਵਾਂ ਲਿਖਣ ਦੀ ਤਮੰਨਾ ਵੀ ਰੱਖਦਾ ਸਾਂ।

ਸ਼ਾਇਦ 1968 ਦੀ ਗੱਲ ਹੈ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਪ੍ਰੀਤ-ਪਾਠਕਾਂ ਨੂੰ ਅੰਮ੍ਰਿਤਸਰ ਦੀ ਗਾਂਧੀ ਗਰਾਊਂਡ ਵਿਚਲੇ ਓਪਨ ਏਅਰ ਥੀਏਟਰ ਵਿਚ 'ਪ੍ਰੀਤ-ਮਿਲਣੀ' ਉਤੇ ਆਉਣ ਦਾ ਸੱਦਾ ਦਿੱਤਾ। ਇਨ੍ਹੀਂ ਦਿਨੀਂ ਪ੍ਰੀਤਲੜੀ ਦੀ ਛਪਣ ਗਿਣਤੀ ਸਿਖਰਾਂ ਉਤੇ ਸੀ। ਗੁਰਬਖ਼ਸ਼ ਸਿੰਘ ਦੇ ਵਿਚਾਰਾਂ ਦੇ ਸੂਰਜੀ-ਦਾਇਰੇ ਦੇ ਆਭਾ-ਮੰਡਲ ਦੇ ਕਲਾਵੇ ਵਿਚ ਲਿਪਟੇ ਬਹੁਤ ਸਾਰੇ ਪੰਜਾਬੀ ਲੇਖਕਾਂ ਅਤੇ ਪਾਠਕਾਂ ਸਮੇਤ ਮੈਂ ਵੀ ਓਪਨ ਏਅਰ ਥੀਏਟਰ ਵਿਚ ਜਾ ਪੁੱਜਾ। ਧਾਰਮਿਕ ਦੀਵਾਨਾਂ ਅਤੇ ਰਾਜਸੀ ਜਲਸਿਆਂ ਤੋਂ ਇਲਾਵਾ ਇਹ ਪਹਿਲਾ ਵੱਡਾ ਸਾਹਿਤਕ ਇਕੱਠ ਸੀ ਜਿਸ ਵਿਚ ਮੈਂ ਸ਼ਾਮਲ ਹੋਇਆ ਸਾਂ। ਇਹ 'ਮਿਲਣੀ' ਦੋ ਦਿਨ ਚੱਲੀ।

ਇਕੱਠ ਬੜਾ ਵਿਲੱਖਣ ਅਤੇ ਦਿਲਕਸ਼ ਸੀ। ਬਹੁਤੇ ਲੋਕ ਭਾਵੇਂ ਇੱਕ ਦੂਜੇ ਦੇ ਜਾਣ-ਪਛਾਣ ਵਾਲੇ ਨਹੀਂ ਸਨ ਪਰ ਫ਼ਿਰ ਵੀ ਇੱਕ ਦੂਜੇ ਨਾਲ ਅਪਣੱਤ ਦੇ ਰਿਸ਼ਤੇ ਵਿਚ ਬੱਝੇ ਹੋਏ ਸਨ। ਗੁਰਬਖ਼ਸ਼ ਸਿੰਘ ਦੇ ਮਾਧਿਅਮ ਰਾਹੀਂ; ਅਗਾਂਹਵਧੂ ਵਿਚਾਰਾਂ ਦੀ ਆਪਸੀ ਸਾਂਝ ਦੇ ਮਾਧਿਅਮ ਰਾਹੀਂ। ਦੋ ਦਿਨ ਅਤੇ ਵਿਚਕਾਰਲੀ ਇੱਕ ਰਾਤ ਚੱਲੇ ਸਮਾਗਮ ਦਾ ਅਜਬ ਸਾਹਿਤਕ ਅਤੇ ਕਲਾਤਮਕ ਮਾਹੌਲ ਸੀ। ਤਕਰੀਰਾਂ, ਡਰਾਮੇ ਅਤੇ ਕਵਿਤਾਵਾਂ। ਤਿੱਖੇ, ਟੁੰਬਵੇਂ ਅਤੇ ਕਲਾਮਈ ਬੋਲਾਂ 'ਤੇ ਤਾੜੀਆਂ ਦੀ ਗੜਗੜਾਹਟ ਗੂੰਜਦੀ। ਲੋਕ ਕੀਲੇ ਹੋਏ ਸਨ। ਮਾਂਦਰੀ ਸੀ ਗੁਰਬਖ਼ਸ਼ ਸਿੰਘ, ਜਿਸ ਨੇ ਏਨਾ ਵੱਡਾ ਇਕੱਠ ਜੋੜ ਲਿਆ ਸੀ। ਪ੍ਰੀਤ-ਘਰ ਅਤੇ ਮਿੱਤਰ-ਮੰਡਲ ਬਣਾਉਣ ਦੀਆਂ ਵਿਚਾਰਾਂ ਹੋ ਰਹੀਆਂ ਸਨ। ਦੇਸ਼ ਦੇ ਸਮਾਜੀ ਸਿਆਸੀ ਮਾਹੌਲ ਤੋਂ ਪ੍ਰਭਾਵਿਤ ਅਗਾਂਹਵਧੂ ਲੋਕ ਅਜਿਹੇ ਵਿਚਾਰ ਵੀ ਪੇਸ਼ ਕਰ ਰਹੇ ਸਨ ਜਿਨ੍ਹਾਂ ਤੋਂ ਲੱਗਦਾ ਪਿਆ ਸੀ ਕਿ ਪ੍ਰੀਤ-ਘਰ ਅਤੇ ਮਿੱਤਰ-ਮੰਡਲ ਬਣਾਉਣ ਦਾ ਚਾਰਾ ਵੀ ਚੰਗੀ ਗੱਲ ਹੈ, ਪਰ ਸਮਾਜ ਅਤੇ ਜ਼ਿੰਦਗੀ ਨੂੰ ਬਦਲਣ ਲਈ ਇਸ ਤੋਂ ਅੱਗੇ ਜਾਣ ਦੀ ਵੀ ਲੋੜ ਹੈ।

ਲੋਕ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਦੇਣ ਨੂੰ ਸਤਿਕਾਰਦੇ ਸਨ ਪਰ ਉਨ੍ਹਾਂ ਨੂੰ ਲੱਗਣ ਲੱਗ ਪਿਆ ਸੀ ਕਿ ਗੁਰਬਖ਼ਸ਼ ਸਿੰਘ ਇੱਕ ਖ਼ਾਸ ਉਮਰ ਤੱਕ ਅਤੇ ਖ਼ਾਸ ਹੱਦ ਤੱਕ ਹੀ ਪ੍ਰੇਰਿਤ ਅਤੇ ਪ੍ਰਭਾਵਿਤ ਕਰਦਾ ਹੈ। ਉਹ ਚਾਹੁੰਦੇ ਸਨ ਕਿ ਜ਼ਿੰਦਗੀ ਨੂੰ ਬਦਲਣ ਲਈ ਖ਼ਾਸ ਹੱਦ ਤੋਂ ਪਾਰ ਜਾਣ ਦੀ ਵੀ ਲੋੜ ਸੀ। ਇਸ ਸਮਾਗਮ ਵਿਚ ਜਿਹੜਾ ਬੁਲਾਰਾ ਇਹੋ ਜਿਹੇ ਵਿਚਾਰ ਪ੍ਰਗਟ ਕਰਦਾ ਉਹਨੂੰ ਵਧੇਰੇ ਹੁੰਗਾਰਾ ਮਿਲਦਾ। ਰਾਤ ਦੇ ਸਮਾਗਮ ਵਿਚ ਪਹਿਲੀ ਵਾਰ ਗੁਰਸ਼ਰਨ ਸਿੰਘ ਨੂੰ 'ਭਾਈ ਮੰਨਾ ਸਿੰਘ' ਦੇ ਰੂਪ ਵਿਚ ਵੇਖਿਆ। ਉਹਦੇ ਅੰਦਾਜ਼ ਅਤੇ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਬਹੁਤ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ। ਇਨ੍ਹਾਂ ਛੋਟੇ ਨਾਟਕਾਂ ਵਿਚ ਸਥਾਪਤ ਨਜ਼ਾਮ ਉਤੇ ਕਾਟਵਾਂ ਵਿਅੰਗ ਸੀ ਜੋ ਗੁਰਬਖ਼ਸ਼ ਸਿੰਘ ਅਤੇ ਉਸ ਦੀ 'ਸਹਿਜ ਸੋਚ' ਤੋਂ ਅਗਲੀ ਗੱਲ ਸੀ। ਇਹ 'ਅਗਲੀ ਗੱਲ' ਲੋਕਾਂ ਨੂੰ ਚੰਗੀ ਲੱਗੀ।

ਸ਼ਿਵ ਕੁਮਾਰ ਦੀ ਉਦੋਂ ਤੂਤੀ ਬੋਲਦੀ ਸੀ। ਖੱਦਰ ਦੇ ਖੁੱਲ੍ਹੇ ਕੁੜਤੇ ਪਜਾਮੇ ਵਿਚ ਤਿੱਲੇ ਜੜੀਆਂ ਚੱਪਲਾਂ ਪਾਈ ਉਹ ਸਟੇਜ ਉਤੇ ਚੜ੍ਹਿਆ ਤਾਂ ਥੀਏਟਰ ਤਾੜੀਆਂ ਨਾਲ ਗੂੰਜ ਉਠਿਆ। ਨਸ਼ਈ ਅੱਖਾਂ ਅਤੇ ਦਰਦ-ਰਿੰਝਾਣੇ ਚਿਹਰੇ ਵਾਲੇ ਸ਼ਿਵ ਕੁਮਾਰ ਨੇ ਬੜੀ ਨਜ਼ਾਕਤ ਨਾਲ ਹੱਥ ਉਠਾ ਕੇ ਬੋਲ ਚੁੱਕੇ:

ਨਹਿਰੂ ਦੇ ਵਾਰਸੋ ਸੁਣੋ ਅਵਾਜ਼ ਹਿੰਦੋਸਤਾਨ ਦੀ!
ਗਾਂਧੀ ਦੇ ਪੁਜਾਰੀਓ ਸੁਣੋ ਅਵਾਜ਼ ਹਿੰਦੋਸਤਾਨ ਦੀ!
ਸੁਣੋ ਸੁਣੋ ਇਹ ਬਸਤੀਆਂ ਦੇ ਮੋੜ ਕੀ ਨੇ ਆਖਦੇ
ਬੀਮਾਰ ਭੁੱਖੇ ਦੇਸ਼ ਦੇ ਇਹ ਲੋਕ ਕੀ ਨੇ ਆਖਦੇ
ਕਿਉਂ ਸੁਰਖ਼ੀਆਂ 'ਚੋਂ ਉਗਦੇ ਨੇ ਰੋਜ਼ ਸੂਹੇ ਹਾਦਸੇ।

ਉਹਦੀ ਹਰੇਕ ਸਤਰ ਉਤੇ ਤਾੜੀਆਂ ਦੇ ਨਾਲ 'ਵਾਹ! ਵਾਹ!' ਦੀਆਂ ਆਵਾਜ਼ਾਂ ਉਠ ਰਹੀਆਂ ਸਨ। ਸ਼ਿਵ ਕੁਮਾਰ ਨੇ ਰੁਕ ਕੇ ਕਿਹਾ, "ਇਹ ਨਜ਼ਮ ਹਾਲ ਹੀ ਵਿਚ ਪ੍ਰੀਤਲੜੀ ਵਿਚ ਛਪੀ ਹੈ ਪਰ ਮੇਰੇ ਵੀਰ ਨਵਤੇਜ ਨੇ ਇਸ ਦੀਆਂ ਕੁਝ ਸਤਰਾਂ ਪ੍ਰੀਤਲੜੀ ਵਿਚ ਨਹੀਂ ਛਾਪੀਆਂ...ਉਨ੍ਹਾਂ ਦੀ ਮਜਬੂਰੀ...ਪਰ ਉਹ ਸਤਰਾਂ ਮੈਂ ਤੁਹਾਡੇ ਨਾਲ ਸਾਂਝੀਆਂ ਕਰ ਰਿਹਾ ਹਾਂ...।"

ਲੋਕ ਕੁਰਸੀਆਂ ਦੀਆਂ ਢੋਹਾਂ ਛੱਡ ਕੇ ਅੱਗੇ ਝੁਕ ਗਏ...ਸ਼ਿਵ ਦੇ ਬੋਲ ਸੁਣਨ ਲਈ। ਉਹਦੀ

ਉਚੀ ਹੇਕ ਰਾਤ ਦੇ ਹਨੇਰਿਆਂ ਨੂੰ ਚੀਰ ਗਈ:

ਨਹਿਰੂ ਦੇ ਵਾਰਸੋ
ਤੁਸਾਂ ਜੇ ਇਹ ਆਵਾਜ਼ ਨਾ ਸੁਣੀ
ਤਾਂ ਇਹ ਆਵਾਜ਼
ਤੁਹਾਡਿਆਂ ਮਹਿਲਾਂ ਨੂੰ ਸਾੜ ਜਾਵੇਗੀ।
ਗਾਂਧੀ ਦੇ ਪੂਜਕੋ
ਤੁਸਾਂ ਜੇ ਇਹ ਆਵਾਜ਼ ਨਾ ਸੁਣੀ
ਤਾਂ ਇਹ ਆਵਾਜ਼
ਖ਼ੂਨ ਦੀ ਹਵਾੜ ਲੈ ਕੇ ਆਵੇਗੀ।

ਲੋਕਾਂ ਦੇ ਸ਼ਾਬਾਸ਼ ਦਿੰਦੇ ਹੱਥ ਉਚੇ ਉਠ ਕੇ ਅਸਮਾਨ ਵੱਲ ਖੁੱਲ੍ਹ ਗਏ। ਤਾੜੀਆਂ ਦੀ ਗੜਗੜਾਹਟ ਨਾਲ ਚੁਫ਼ੇਰਾ ਗੂੰਜ ਉਠਿਆ। ਸ਼ਿਵ-ਕੁਮਾਰ ਜਿਹਾ 'ਬਿਰਹਾ ਦਾ ਸ਼ਾਇਰ' ਵੀ ਬਗ਼ਾਵਤ ਦੀ ਆਵਾਜ਼ ਬੁਲੰਦ ਕਰ ਰਿਹਾ ਸੀ। ਲੋਕ ਇਹੋ ਜਿਹੀ ਆਵਾਜ਼ ਹੀ ਸੁਣਨਾ ਚਾਹੁੰਦੇ ਸਨ। ਤੁਰਸ਼ ਅਤੇ ਤਿੱਖੀ। ਇਹ ਆਵਾਜ਼ ਉਨ੍ਹਾਂ ਦੇ ਦਿਲ ਦੀ ਆਵਾਜ਼ ਸੀ। ਉਨ੍ਹਾਂ ਦੀ ਆਪਣੀ ਆਵਾਜ਼। ਭਾਰਤ ਦੇ ਦੱਬੇ ਕੁਚਲੇ ਲੋਕਾਂ ਦੀ ਸਥਾਪਤ ਤਾਕਤਾਂ ਵਿਰੁਧ ਰੋਹ ਭਰੀ ਬੁਲੰਦ ਆਵਾਜ਼।

ਲੋਕ ਗੁਰਬਖ਼ਸ਼ ਸਿੰਘ ਦੇ ਦੇਣਦਾਰ ਵੀ ਸਨ ਪਰ ਉਸ ਤੋਂ ਕੁੱਝ ਵਡੇਰੀ ਅਤੇ ਤਿੱਖੀ ਅਗਵਾਈ ਦੀ ਮੰਗ ਕਰ ਰਹੇ ਸਨ। ਜਸਵੰਤ ਸਿੰਘ ਕੰਵਲ ਉਸ ਮਿਲਣੀ ਤੇ ਆਇਆ ਪਰ ਪਿਛਲੀਆਂ ਕੁਰਸੀਆਂ 'ਤੇ ਬੈਠਾ ਰਿਹਾ। ਨਵਤੇਜ ਵੱਲੋਂ ਸਟੇਜ ਉਪਰ ਅਨਾਊਂਸ ਕਰਨ ਅਤੇ ਵਾਰ ਵਾਰ ਬੇਨਤੀ ਕਰਨ ਉਤੇ ਵੀ ਉਹ ਅਗਲੀਆਂ ਕੁਰਸੀਆਂ 'ਤੇ ਨਾ ਆਇਆ। ਉਹਦਾ ਅੱਗੇ ਆ ਕੇ ਨਾ ਬੈਠਣਾ ਵੀ ਲੋਕਾਂ ਨੇ ਗੁਰਬਖ਼ਸ਼ ਸਿੰਘ ਦੇ ਫ਼ਲਸਫ਼ੇ ਤੋਂ ਟੇਢ ਵੱਟਣ ਤੁਲ ਸਮਝਿਆ। ਮੇਰੇ ਲਾਗੇ ਬੈਠੇ ਕਿਸੇ ਵਿਅਕਤੀ ਨੇ ਕਿਹਾ।

"ਉਹ ਇਨਕਲਾਬੀ ਲੇਖਕ ਹੈ। ਉਹ ਨਹੀਂ ਆਉਂਦਾ ਅੱਗੇ...।"

ਅਗਲੇ ਦਿਨ ਸ. ਸੋਭਾ ਸਿੰਘ ਤੇ ਬਾਬਾ ਸੋਹਣ ਸਿੰਘ ਭਕਨਾ ਨੇ ਗੁਰਬਖ਼ਸ਼ ਸਿੰਘ ਦੇ ਫ਼ਲਸਫ਼ੇ ਦੀ ਸੀਮਾ ਨਿਰਧਾਰਿਤ ਕਰਦਿਆਂ ਨੌਜਾਵਾਨਾਂ ਨੂੰ ਅੱਗੇ ਆਉਣ ਦਾ ਸੰਦੇਸ਼ ਦਿੱਤਾ। ਬਾਬਾ ਭਕਨਾ ਨੇ ਕਿਹਾ, "ਸ. ਗੁਰਬਖ਼ਸ਼ ਸਿੰਘ ਜੀ! ਆਪਾਂ ਜੋ ਕਰਨਾ ਤੇ ਜੋ ਦੱਸਣਾ ਸੀ ਉਹ ਕਰ ਲਿਆ ਹੈ ਅਤੇ ਦੱਸ ਲਿਆ ਹੈ। ਹੁਣ ਆਪਾਂ ਨੌਜਵਾਨਾਂ ਨੂੰ ਅੱਗੇ ਆਉਣ ਦੇਈਏ...ਅਤੇ ਉਨ੍ਹਾਂ ਨੂੰ ਕੁੱਝ ਕਰਨ ਦੇਈਏ...।"

ਪ੍ਰੀਤ-ਮਿਲਣੀ ਉਪਰ ਇਕੱਠੇ ਹੋਏ ਲੇਖਕਾਂ ਅਤੇ ਵਿਦਵਾਨਾਂ ਦੀ ਅਜਿਹੀ ਸੁਰ ਤੋਂ ਪ੍ਰਤੀਤ ਹੁੰਦਾ ਸੀ ਕਿ ਉਨ੍ਹਾਂ ਸਭ ਦੇ ਮਨਾਂ ਵਿਚ ਕੁੱਝ ਨਵਾਂ ਕਰ ਗੁਜ਼ਰਨ ਦਾ ਜੋਸ਼ ਸੀ। ਉਹ ਗੁਰਬਖ਼ਸ਼ ਸਿੰਘ ਵਾਂਗ ਸਹਿਜ-ਗਤੀ ਨਾਲ ਨਹੀਂ ਸਗੋਂ ਤੇਜ਼ ਗਤੀ ਨਾਲ ਸਿਆਸਤ ਅਤੇ ਸਮਾਜ ਨੂੰ ਬਦਲਿਆ ਵੇਖਣਾ ਚਾਹੁੰਦੇ ਸਨ। ਗੁਰਬਖ਼ਸ਼ ਸਿੰਘ ਨੇ ਉਨ੍ਹਾਂ ਲਈ ਪੜੁੱਲ ਤਿਆਰ ਕਰ ਦਿੱਤਾ ਸੀ। ਉਹ ਉਸ ਤੋਂ ਅੱਗੇ ਛਾਲ ਮਾਰਨਾ ਲੋਚਦੇ ਸਨ। ਲੰਮੀ ਛਾਲ ਮਾਰਨ ਦੀ ਕਾਹਲ ਅਤੇ ਲਾਲਸਾ ਨੇ ਪੜੁੱਲ ਬਣਾਉਣ ਵਾਲੇ ਦਾ ਬਣਦਾ ਮਹੱਤਵ ਹੌਲੀ-ਹੌਲੀ ਅੱਖੋਂ ਓਹਲੇ ਕਰਨਾ ਸ਼ੁਰੂ ਕਰ ਦਿੱਤਾ ਸੀ।

ਮੈਨੂੰ ਵੀ ਲੱਗਣ ਲੱਗਾ ਕਿ ਸਾਨੂੰ ਗੁਰਬਖ਼ਸ਼ ਸਿੰਘ ਦੀ ਬੁੱਕਲ ਵਿਚੋਂ ਬਾਹਰ ਨਿਕਲ ਕੇ ਰਾਜਨੀਤਕ ਤੇ ਸਮਾਜਕ ਤਬਦੀਲੀ ਲਈ ਮੈਦਾਨ ਵਿਚ ਸਰਗਰਮੀ ਨਾਲ ਕੁੱਦਣਾ ਚਾਹੀਦਾ ਹੈ। ਪਰ ਇਹ ਤਬਦੀਲੀ ਕਿਸੇ ਇਕੱਲੇ-ਕਾਰੇ ਬੰਦੇ ਦੇ ਵੱਸ ਦੀ ਗੱਲ ਤਾਂ ਨਹੀਂ ਸੀ। ਮੈਂ ਤਾਂ ਇਕੱਲਾ ਹੀ ਸਾਂ। ਕਿਸੇ ਪਾਰਟੀ ਜਾਂ ਜਥੇਬੰਦੀ ਨਾਲ ਮੇਰਾ ਕੋਈ ਸਿੱਧਾ ਨਾਤਾ ਨਹੀਂ ਸੀ। ਅਜਿਹੀ ਤਬਦੀਲੀ ਪ੍ਰਤੀ ਆਪਣਾ ਆਪ ਸਮਰਪਿਤ ਕਰਨ ਲਈ ਕਿਸੇ ਪਾਰਟੀ ਜਾਂ ਜਥੇਬੰਦੀ ਨਾਲ ਮੇਰਾ ਸਬੰਧ ਜੁੜਨਾ ਚਾਹੀਦਾ ਸੀ। ਹੁਣ ਤੱਕ ਤਾਂ ਜਿਹੜੀ ਜਥੇਬੰਦੀ ਨਾਲ ਮੇਰਾ ਵਾਸਤਾ ਸੀ, ਉਹ ਸੀ 'ਸਾਹਿਤ-ਕੇਂਦਰ ਭਿੱਖੀਵਿੰਡ'। ਮੈਂ ਤੇ ਮੇਰੇ ਕੁੱਝ ਮਿੱਤਰਾਂ ਨੇ ਮਿਲ ਕੇ 1967-68 ਵਿਚ ਇਹ ਕੇਂਦਰ ਸਥਾਪਿਤ ਕੀਤਾ ਸੀ। ਮੇਰੇ ਸਾਹਿਤਕ ਸ਼ੌਕ ਵੱਲ ਵੇਖ ਕੇ ਸਾਡੇ ਇਲਾਕੇ ਦੇ ਪਹਿਲਾਂ ਕਦੀ ਸਾਹਿਤ ਨਾਲ ਜੁੜੇ ਰਹੇ ਬੇਲੀਆਂ ਅੰਦਰ ਮੁੜ ਤੋਂ ਕਵਿਤਾ ਦੇ ਫੁੱਲ ਖਿੜਨੇ ਸ਼ੁਰੂ ਹੋ ਗਏ ਸਨ ਅਤੇ ਕੁੱਝ ਮਿੱਤਰਾਂ ਦੀ ਰੂਹ ਵਿਚ ਬਿਲਕੁਲ ਨਵੀਆਂ ਕਰੂੰਬਲਾਂ ਵੀ ਫੁੱਟ ਪਈਆਂ ਸਨ। ਮੇਰੇ ਪਿੰਡ ਤੋਂ ਤਿੰਨ ਕੁ ਮੀਲ ਦੂਰ ਭਿੱਖੀਵਿੰਡ ਦੇ ਹਾਈ ਸਕੂਲ ਵਿਚ ਅਸੀਂ ਇਸ ਦੀਆਂ ਮਾਸਿਕ ਇਕੱਤਰਤਾਵਾਂ ਕਰਦੇ। ਆਪਣੀਆਂ ਸਾਹਿਤਕ ਰਚਨਾਵਾਂ ਦਾ ਪਾਠ ਕਰਦੇ ਅਤੇ ਆਮ ਸਾਹਿਤ ਸਭਾਵਾਂ ਵਾਂਗ ਪੜ੍ਹੀਆਂ ਗਈਆਂ ਰਚਨਾਵਾਂ ਤੇ ਟਿੱਪਣੀਆਂ ਕਰਦੇ।

ਇਸ ਤੋਂ ਇਲਾਵਾ ਅਸੀਂ ਕੁੱਝ ਸਾਲ ਪਹਿਲਾਂ ਆਪਣੇ ਪਿੰਡ ਵਿਚ 'ਦੇਸ਼-ਭਗਤ ਯਾਦਗਾਰ ਲਾਇਬ੍ਰੇਰੀ' ਵੀ ਬਣਾਈ ਸੀ। ਬਾਜ਼ਾਰ ਵਿਚ ਇੱਕ ਕਮਰਾ ਕਿਰਾਏ ਤੇ ਲੈ ਕੇ ਉਸ ਵਿਚ ਦਰੀਆਂ ਵਿਛਾ ਦਿੱਤੀਆਂ। ਕੰਧਾਂ ਨਾਲ ਤਿੰਨ-ਚਾਰ ਬੈਂਚ ਵੀ ਖ਼ਰੀਦ ਕੇ ਰਖਵਾ ਦਿੱਤੇ। ਜਿਸ ਦਾ ਜੀ ਕਰੇ ਜਿੱਥੇ ਮਰਜ਼ੀ ਬੈਠ ਕੇ ਪੜ੍ਹੇ। ਇਥੇ ਅਸੀਂ ਰੋਜ਼ ਪੜ੍ਹਨ ਲਈ ਅਖ਼ਬਾਰਾਂ ਅਤੇ ਮੈਗਜ਼ੀਨ ਮੰਗਵਾਉਂਦੇ। ਪ੍ਰਗਤੀਵਾਦੀ ਸਾਹਿਤਕ ਧਾਰਾ ਨਾਲ ਸਬੰਧਤ ਨਾਵਲ, ਕਹਾਣੀਆਂ ਅਤੇ ਹੋਰ ਪੁਸਤਕਾਂ ਵੀ ਓਥੇ ਰੱਖੀਆਂ। ਇੱਥੇ ਪਿੰਡ ਦੇ ਲੋਕ ਆ ਕੇ ਬੈਠਦੇ। ਸਾਰੀ ਦਿਹਾੜੀ ਪੰਜ-ਸੱਤ ਪੜ੍ਹਨ ਵਾਲੇ ਬੰਦੇ ਬੈਠੇ ਰਹਿੰਦੇ। ਆਮ ਤੌਰ ਤੇ ਉਹ ਅਖ਼ਬਾਰਾਂ ਅਤੇ ਮੈਗਜ਼ੀਨ ਹੀ ਪੜ੍ਹਦੇ ਪਰ ਕੋਈ-ਕੋਈ, ਕਦੀ-ਕਦੀ ਕੋਈ ਕਿਤਾਬ ਵੀ ਮੰਗ ਕੇ ਲੈ ਜਾਂਦਾ। ਅਸੀਂ ਪਿੰਡ ਦੇ ਨੌਜਵਾਨ ਭਾਵੇਂ ਇਸ ਲਾਇਬ੍ਰੇਰੀ ਦਾ ਕੰਮ-ਕਾਜ ਰਲ-ਮਿਲ ਕੇ ਹੀ ਚਲਾਉਂਦੇ ਸਾਂ ਪਰ ਇਸ ਨੂੰ ਕਾਮਯਾਬ ਕਰਨਾ ਮੇਰੀ ਵਿਸ਼ੇਸ਼ ਜ਼ਿਮੇਵਾਰੀ ਸੀ ਕਿਉਂਕਿ ਇਹ ਲਾਇਬ੍ਰੇਰੀ ਮੇਰੀ ਸਲਾਹ ਅਤੇ ਉਦਮ ਨਾਲ ਹੀ ਬਣੀ ਸੀ। ਉਂਜ ਵੀ ਇਹ ਲਾਇਬ੍ਰੇਰੀ ਕਿਉਂਕਿ ਮੇਰੇ ਘਰ ਦੇ ਬਿਲਕੁਲ ਹੀ ਨਜ਼ਦੀਕ ਸੀ ਇਸ ਕਰ ਕੇ ਇਸ ਨੂੰ ਖੋਲ੍ਹਣ ਤੋਂ ਲੈ ਕੇ ਸ਼ਾਮ ਨੂੰ ਬੰਦ ਕਰਨ ਤੋਂ ਇਲਾਵਾ ਇਸ ਦੀ ਸਾਂਭ-ਸੰਭਾਲ ਦਾ ਬਹੁਤਾ ਕੰਮ ਮੈਨੂੰ ਹੀ ਕਰਨਾ ਪੈਂਦਾ ਸੀ। ਦੂਜੇ ਨੌਜਵਾਨਾਂ ਦੀ ਇਹ ਕੋਈ ਘੱਟ ਹਿੰਮਤ ਤਾਂ ਨਹੀਂ ਸੀ ਕਿ ਉਹ ਇਸ ਦੀ ਸਫ਼ਲਤਾ ਲਈ ਮੇਰਾ ਸਾਥ ਦੇ ਰਹੇ ਸਨ।



ਸੁਰ ਸਿੰਘ ਵਿਚ 'ਦੇਸ਼-ਭਗਤ ਯਾਦਗਾਰ ਲਾਇਬ੍ਰੇਰੀ' ਸਥਾਪਤ ਕਰਨ ਦਾ ਵੀ ਇੱਕ ਵਿਸ਼ੇਸ਼ ਪਿਛੋਕੜ ਸੀ। ਜਿਸ ਸਾਲ ਮੈਂ ਦਸਵੀਂ ਦਾ ਇਮਤਿਹਾਨ ਦੇ ਕੇ ਹਟਿਆ ਸਾਂ, ਓਸੇ ਸਾਲ 1961 ਵਿਚ ਨਾਨਕ ਸਿੰਘ ਦਾ ਨਾਵਲ 'ਇਕ ਮਿਆਨ-ਦੋ ਤਲਵਾਰਾਂ' ਛਪਿਆ। ਨਾਵਲ ਗ਼ਦਰ ਲਹਿਰ ਨਾਲ ਸਬੰਧਤ ਸੀ। ਮੈਂ ਇਸ ਤੋਂ ਪਹਿਲਾਂ ਇਸ ਲਹਿਰ ਬਾਰੇ ਬਿਲਕੁਲ ਨਹੀਂ ਸੀ ਪੜ੍ਹਿਆ-ਸੁਣਿਆ। ਮੇਰੇ ਲਈ ਇਹ ਵੀ ਇੱਕ ਅਨੋਖੀ ਲੱਭਤ ਸੀ ਕਿ ਇਸ ਲਹਿਰ ਵਿਚ ਮੇਰੇ ਹੀ ਪਿੰਡ ਦੇ ਦੋ ਇਨਕਲਾਬੀ ਗ਼ਦਰੀਆਂ ਪ੍ਰੇਮ ਸਿੰਘ ਅਤੇ ਜਗਤ ਸਿੰਘ ਦਾ ਵਿਸ਼ੇਸ਼ ਜ਼ਿਕਰ ਸੀ। ਜਗਤ ਸਿੰਘ ਦਾ ਰੋਲ ਇਸ ਨਾਵਲ ਵਿਚ ਕੁੱਝ ਇਸ ਕਰ ਕੇ ਵੀ ਵਧੇਰੇ ਸੀ ਕਿਉਂਕਿ ਉਹ ਕਰਤਾਰ ਸਿੰਘ ਸਰਾਭਾ ਨਾਲ ਫਾਂਸੀ ਲੱਗਣ ਵਾਲੇ ਸ਼ਹੀਦਾਂ ਵਿਚੋਂ ਇੱਕ ਸੀ। ਨਾਵਲ ਪੜ੍ਹ ਕੇ ਜਿੱਥੇ ਮੈਂ ਗ਼ਦਰ ਲਹਿਰ ਦੀ ਮਹਾਨ ਦੇਣ ਤੋਂ ਜਾਣੂ ਹੋਇਆ ਓਥੇ ਮੇਰੀ ਹਿੱਕ ਇਸ ਕਰ ਕੇ ਵੀ ਮਾਣ ਵਿਚ ਫੁੱਲੀ ਨਹੀਂ ਸੀ ਸਮਾਉਂਦੀ ਕਿ ਇਸ ਲਹਿਰ ਵਿਚ ਮੇਰੇ ਪਿੰਡ ਦੇ ਸ਼ਹੀਦ ਸੂਰਮਿਆਂ ਦਾ ਬੜਾ ਉਘਾ ਯੋਗਦਾਨ ਸੀ। ਜਗਤ ਸਿੰਘ ਸਾਡੇ ਪਿੰਡ ਦੀ 'ਲਹੀਆਂ ਦੀ ਪੱਤੀ' ਵਿਚ ਜੰਮਿਆਂ ਪਲਿਆ ਸੀ ਜਦ ਕਿ ਪ੍ਰੇਮ ਸਿੰਘ ਤਾਂ ਸਾਡੀ ਆਪਣੀ ਹੀ ਪੱਤੀ 'ਚੰਦੂ ਕੀ' ਦਾ ਜੰਮ-ਪਲ ਸੀ ਅਤੇ ਹੈ ਵੀ ਸੀ ਸਾਡੇ ਬੜੇ ਨਜ਼ਦੀਕੀ ਪਰਿਵਾਰ 'ਚੋਂ।

ਮੈਂ ਬਾਪੂ ਹਕੀਕਤ ਸਿੰਘ ਨੂੰ ਜਗਤ ਸਿੰਘ ਤੇ ਪ੍ਰੇਮ ਸਿੰਘ ਅਤੇ ਉਨ੍ਹਾਂ ਦੀ ਦੇਸ਼ ਲਈ ਕੀਤੀ ਕੁਰਬਾਨੀ ਬਾਰੇ ਪੁੱਛਿਆ ਤਾਂ ਉਨ੍ਹਾਂ ਦੇ ਫ਼ਾਂਸੀ ਲੱਗਣ ਤੋਂ ਬਿਨਾਂ ਉਸ ਨੂੰ ਕੋਈ ਬਹੁਤਾ ਪਤਾ-ਸੁਰ ਨਹੀਂ ਸੀ। ਜਿਹੜੀ ਗੱਲ ਨੇ ਮੈਨੂੰ ਬਹੁਤਾ ਹੀ ਉਦਾਸ ਤੇ ਨਿਰਾਸ਼ ਕੀਤਾ ਉਹ ਸੀ ਉਸ ਦਾ ਇਹ ਆਖਣਾ, "ਜਗਤ ਸੁੰਹ ਹੁਰੀਂ ਕਨੇਡਾ 'ਚੋਂ ਆਏ ਸਨ। ਐਧਰ ਆ ਕੇ ਡਾਕੇ ਡੂਕੇ ਮਾਰਨ ਕਰ ਕੇ ਫੜੇ ਗਏ ਤੇ ਫਾਹੇ ਲੱਗੇ ਸਨ।" ਮੈਨੂੰ ਦੁੱਖ ਹੋਇਆ ਕਿ ਸਾਡੇ ਇਨ੍ਹਾਂ ਮਹਾਨ ਦੇਸ਼ ਭਗਤਾਂ ਦੀ ਕੁਰਬਾਨੀ ਦੇ ਰਾਂਗਲੇ ਇਤਿਹਾਸ ਨੂੰ ਕਿਵੇਂ ਲੋਕਾਂ ਸਾਹਮਣੇ ਆਉਣ ਹੀ ਨਹੀਂ ਸੀ ਦਿੱਤਾ ਗਿਆ! ਉਨ੍ਹਾਂ ਦੀ ਦੇਣ ਨੂੰ ਅਸਲੋਂ ਭੁਲਾ ਦਿੱਤਾ ਗਿਆ ਸੀ। ਦੇਸ਼ ਭਗਤਾਂ ਦੀ ਥਾਂ ਉਨ੍ਹਾਂ ਦਾ ਬਿੰਬ ਇੱਕ ਡਾਕੂ ਵਜੋਂ ਲੋਕ-ਮਨਾਂ ਵਿਚ ਸਥਾਪਤ ਕਰ ਦਿੱਤਾ ਗਿਆ ਸੀ।

ਸਾਡੇ ਸਕੂਲ ਵਿਚ ਦਸਵੀਂ ਜਮਾਤ ਦੇ ਕਮਰੇ ਦੇ ਸਾਹਮਣੇ ਇੱਕ ਵੱਡੀ ਸਾਰੀ ਸੰਗਮਰਮਰ ਦੀ ਸਿਲ਼ ਲੱਗੀ ਹੋਈ ਸੀ, ਜਿਸ ਉਤੇ ਪਹਿਲੀ ਵੱਡੀ ਜੰਗ ਵਿਚ ਸੌ ਤੋਂ ਉਪਰ ਸੁਰ ਸਿੰਘ ਵਾਸੀਆਂ ਵੱਲੋਂ ਫੌਜ ਵਿਚ ਭਰਤੀ ਹੋ ਕੇ ਅੰਗਰੇਜ਼ੀ ਸਰਕਾਰ ਲਈ ਲੜਨ ਦਾ ਹਵਾਲਾ ਦਿੱਤਾ ਹੋਇਆ ਸੀ ਅਤੇ ਇੱਕ ਫੌਜੀ ਦੇ ਜਾਨ ਕੁਰਬਾਨ ਕਰ ਦੇਣ ਦਾ ਜ਼ਿਕਰ ਵੀ ਸੀ। ਅੰਗਰੇਜ਼ਾਂ ਨੇ ਆਪਣੇ ਲਈ ਲੜਨ ਵਾਲਿਆਂ ਦੀ ਯਾਦ ਤਾਂ ਤਾਜ਼ਾ ਰੱਖੀ ਸੀ ਪਰ ਆਜ਼ਾਦੀ ਲਈ ਲੜਨ ਵਾਲੇ ਸੂਰਮਿਆਂ ਨੂੰ ਡਾਕੂ ਤੇ ਚੋਰ ਬਣਾ ਧਰਿਆ ਸੀ! ਮੈਂ ਚਾਹੁੰਦਾ ਸਾਂ ਕਿ ਇਨ੍ਹਾਂ ਸੂਰਬੀਰਾਂ ਦੀ ਕੁਰਬਾਨੀ ਸਹੀ ਰੂਪ ਵਿਚ ਲੋਕਾਂ ਸਾਹਮਣੇ ਆਉਣੀ ਚਾਹੀਦੀ ਹੈ। ਪਿੰਡ ਵਿਚ ਉਨ੍ਹਾਂ ਦੀ ਯਾਦਗ਼ਾਰ ਵੀ ਸਥਾਪਤ ਹੋਣੀ ਚਾਹੀਦੀ ਹੈ। 'ਦੇਸ਼ ਭਗਤ ਯਾਦਗ਼ਾਰ ਲਾਇਬ੍ਰੇਰੀ' ਦੀ ਸਥਾਪਨਾ ਇਸੇ ਤਾਂਘ ਦਾ ਨਿਮਾਣਾ ਜਿਹਾ ਯਤਨ ਸੀ। ਕੁੱਝ ਸਾਲ ਪਹਿਲਾਂ ਕਨੇਡਾ ਰਹਿੰਦੇ ਸੂਰਜਜੀਤ ਸਿੰਘ ਸੰਧੂ ਅਤੇ ਪਿੰਡ ਵਾਸੀਆਂ ਦੇ ਉਦਮ ਨਾਲ ਪਿੰਡ ਵਿਚ 'ਦੇਸ਼ ਭਗਤ ਯਾਦਗ਼ਾਰ ਹਾਲ' ਦੀ ਸਥਾਪਨਾ ਵੀ ਹੋ ਚੁੱਕੀ ਹੈ। ਹਾਲ ਨਾਲ ਸਬੰਧਤ ਟਰੱਸਟ ਲਈ ਸੇਵਾ ਨਿਭਾਉਣ ਵਾਲੇ ਮੈਂਬਰਾਂ ਵਿਚ ਮੇਰਾ ਨਾਂ ਵੀ ਸ਼ਾਮਲ ਹੈ।

1961 ਵਿਚ ਹੀ ਪਿੰਡ ਦੇ ਕਿਸੇ ਮੇਲੇ ਸਮੇਂ ਨਿਕਲੇ ਧਾਰਮਿਕ ਜਲੂਸ ਵਿਚ, ਜਦੋਂ ਉਸ ਜਲੂਸ ਦਾ ਪੜਾਅ ਜਗਤ ਸਿੰਘ ਵਾਲੀ 'ਲਹੀਆਂ ਦੀ ਪੱਤੀ' ਵਿਚ ਹੋਇਆ ਤਾਂ ਮੈਂ ਉਚੇਚਾ ਟਾਈਮ ਲੈ ਕੇ ਲੋਕਾਂ ਨੂੰ ਆਪਣੇ ਪਿੰਡ ਦੇ ਇਨ੍ਹਾਂ ਮਹਾਨ ਦੇਸ਼-ਭਗਤਾਂ ਦੀ ਕੁਰਬਾਨੀ ਬਾਰੇ ਦੱਸਿਆ ਅਤੇ ਉਨ੍ਹਾਂ ਦੀ ਸ਼ਾਨਾਂਮੱਤੀ ਵਿਰਾਸਤ ਦਾ ਗੌਰਵ ਚੇਤੇ ਕਰਵਾਇਆ। ਇਸ ਸਮੇਂ ਤੱਕ ਮੈਂ ਨਾਵਲ ਵਿਚ ਵਿਸ਼ੇਸ਼ ਤੌਰ ਤੇ ਵਰਤੀ ਗਈ ਹਵਾਲਾ-ਪੁਸਤਕ ਜਗਜੀਤ ਸਿੰਘ ਦੀ ਲਿਖੀ 'ਗ਼ਦਰ ਪਾਰਟੀ ਲਹਿਰ' ਵੀ ਮੰਗਵਾ ਕੇ ਪੜ੍ਹ ਚੁੱਕਾ ਸਾਂ। ਉਸ ਪੁਸਤਕ ਦੇ ਹਵਾਲੇ ਨਾਲ ਆਪਣੇ ਪਿੰਡ ਦੇ ਹੋਰ ਗ਼ਦਰੀ ਯੋਧਿਆਂ ਦਾ ਜ਼ਿਕਰ ਵੀ ਕੀਤਾ; ਜਿਨ੍ਹਾਂ ਨੂੰ ਉਮਰ-ਕੈਦ, ਕਾਲੇ-ਪਾਣੀ ਅਤੇ ਜਾਇਦਾਦ-ਜ਼ਬਤੀ ਦੀਆਂ ਸਜ਼ਾਵਾਂ ਹੋਈਆਂ ਸਨ। ਕਾਮਾਗਾਟਾ ਮਾਰੂ ਜਹਾਜ਼ ਵਿਚ ਗ੍ਰੰਥੀ ਵਜੋਂ ਸੇਵਾ ਨਿਭਾਉਣ ਵਾਲਾ ਸਾਡੀ ਹੀ ਪੱਤੀ ਦਾ ਬਾਬਾ ਸੁੱਚਾ ਸਿੰਘ ਤਾਂ ਅਜੇ ਵੀ ਜਿਊਂਦਾ ਸੀ, ਜਿਸ ਦੀ ਲੱਤ ਉਤੇ ਬਜਬਜ ਘਾਟ ਤੇ ਲੱਗੀ ਗੋਲੀ ਦਾ ਨਿਸ਼ਾਨ ਵੀ ਅਜੇ 'ਜਿਊਂਦਾ-ਜਾਗਦਾ' ਸੀ।

20 ਦਸੰਬਰ 1968 ਨੂੰ ਬਾਬਾ ਸੋਹਣ ਸਿੰਘ ਭਕਨਾ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੀ ਮੌਤ ਤੋਂ ਪਿੱਛੋਂ ਮੈਂ ਇੱਕ ਲੇਖ ਲਿਖਿਆ ਜਿਸ ਵਿਚ ਉਨ੍ਹਾਂ ਦੀ ਬੇਮਿਸਾਲ ਕੁਰਬਾਨੀ ਦਾ ਜ਼ਿਕਰ ਕਰਦਿਆਂ, ਅੱਜ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਭੁਲਾਉਂਦੇ ਜਾ ਰਹੇ ਨੌਜਵਾਨ ਵਰਗ ਨੂੰ ਕਾਟਵਾਂ ਤਾਅਨਾ ਮਾਰਿਆ ਅਤੇ ਉਨ੍ਹਾਂ ਦੀ ਆਪਣੇ ਇਤਿਹਾਸਿਕ ਨਾਇਕਾਂ ਦੀਆਂ ਕੁਰਬਾਨੀਆਂ ਤੋਂ ਅਣਜਾਣਤਾ 'ਤੇ ਵਿਅੰਗ ਕੀਤਾ ਸੀ।

ਇਹ ਲੇਖ 'ਅਜੀਤ' ਦੇ ਮੁੱਖ-ਪੰਨੇ 'ਤੇ ਛਪਿਆ। ਇਸ ਨੂੰ ਪੜ੍ਹ ਕੇ ਇੱਕ ਨੌਜਵਾਨ ਪਾਲ ਸਿੰਘ ਮੇਰੇ ਕੋਲ ਆਇਆ। ਮੇਰੇ ਲੇਖ ਦੀ ਪ੍ਰਸ਼ੰਸਾ ਕੀਤੀ ਅਤੇ ਦੱਸਿਆ ਕਿ ਉਹ ਜਲੰਧਰ ਤੋਂ ਚਲ ਰਹੇ ਇੱਕ ਅਦਾਰੇ 'ਯੁਵਕ ਕੇਂਦਰ' ਨਾਲ ਸਬੰਧਤ ਹੈ। 'ਯੁਵਕ ਕੇਂਦਰ' ਦਾ ਨਿਸ਼ਾਨਾ ਆਪਣੇ ਆਜ਼ਾਦੀ-ਸੰਗਰਾਮ ਦੇ ਭੁੱਲੇ-ਵਿੱਸਰੇ ਸ਼ਹੀਦਾਂ ਅਤੇ ਯੋਧਿਆਂ ਦੀ ਯਾਦ ਨੂੰ ਲੋਕਾਂ ਦੇ ਮਨਾਂ ਵਿਚ ਤਾਜ਼ਾ ਕਰਨਾ ਹੈ। ਇਸ ਮਕਸਦ ਲਈ ਉਹ ਛੋਟੇ ਛੋਟੇ ਪੈਂਫਲੈਟ ਛਾਪਦੇ ਸਨ ਜਿਨ੍ਹਾਂ ਵਿਚ ਸ਼ਹੀਦਾਂ ਦੇ ਜੀਵਨ-ਸਮਾਚਾਰ ਅਤੇ ਇਨਕਲਾਬੀ ਇਤਿਹਾਸ ਦੇ ਵੇਰਵੇ ਹੁੰਦੇ। ਕੁੱਝ ਪੈਂਫਲੈਟਾਂ ਵਿਚ ਬਾਬਾ ਭਕਨਾ ਦੀਆਂ ਲਿਖ਼ਤਾਂ ਸਨ। ਲੋਕਾਂ ਨੂੰ ਆਜ਼ਾਦੀ ਘੁਲਾਟੀਆਂ ਦੀ ਦੇਣ ਤੋਂ ਜਾਣੂ ਕਰਾਉਣ ਅਤੇ ਸੌਂ ਚੁੱਕੀ ਜਾਂ ਸੰਵਾਂ ਦਿੱਤੀ ਗਈ ਇਤਿਹਾਸਕ ਸੂਝ ਨੂੰ ਜਾਗਰਤ ਕਰਨ ਲਈ ਉਹ ਵੱਖ-ਵੱਖ ਥਾਂਈਂ ਆਪਣੇ ਛਾਪੇ ਸਾਹਿਤ ਅਤੇ ਸ਼ਹੀਦਾਂ ਦੀਆਂ ਦੁਰਲਭ ਤਸਵੀਰਾਂ ਦੀਆਂ ਨੁਮਾਇਸ਼ਾਂ ਲਾਉਂਦੇ।

ਜ਼ਾਹਿਰਾ ਤੌਰ 'ਤੇ ਕਿਸੇ ਕਿਸਮ ਦੀ ਸਿਆਸੀ ਪ੍ਰਤੀਬੱਧਤਾ ਤੋਂ ਨਿਰਲੇਪ ਰਹਿ ਕੇ ਉਹ ਆਪਣੇ ਇਨਕਲਾਬੀ ਇਤਿਹਾਸ ਨੂੰ ਚੇਤੇ ਕਰਵਾਉਣ ਤੇ ਲੋਕ-ਮਨਾਂ ਵਿਚ ਵਸਾਉਣ ਦਾ ਇਤਿਹਾਸਿਕ ਕਾਰਜ ਕਰ ਰਹੇ ਸਨ। ਇੰਜੀਨੀਅਰਿੰਗ ਕਾਲਜ ਲੁਧਿਆਣੇ ਦਾ ਪ੍ਰੋਫ਼ੈਸਰ ਮਲਵਿੰਦਰਜੀਤ ਸਿੰਘ ਵੜੈਚ ਅਤੇ ਸ਼ਹੀਦ ਭਗਤ ਸਿੰਘ ਦਾ ਭਣੇਵਾਂ ਜਗਮੋਹਨ ਸਿੰਘ ਉਨ੍ਹਾਂ ਦੇ ਆਗੂ ਸਨ। ਪਾਲ ਸਿੰਘ ਨੇ ਮੈਨੂੰ ਆਖਿਆ ਕਿ ਮੈਂ ਵੀ ਇਸ ਪਵਿੱਤਰ ਫ਼ਰਜ਼ ਨੂੰ ਅਦਾ ਕਰਨ ਵਿਚ ਉਨ੍ਹਾਂ ਦਾ ਸਾਥ ਦਿਆਂ। ਮੈਨੂੰ ਕੋਈ ਉਜਰ ਨਹੀਂ ਸੀ। ਉਹ ਤਾਂ ਮੇਰੇ ਹੀ ਮਨ ਦੀ ਗੱਲ ਕਰ ਰਹੇ ਸਨ। ਸਾਹਿਤ ਰਚਨਾ ਤੋਂ ਇਲਾਵਾ ਕੁੱਝ ਹੋਰ ਸਾਰਥਕ ਕੰਮ ਕਰਨ ਲਈ ਵੀ ਮੈਨੂੰ ਮੰਚ ਮਿਲ ਰਿਹਾ ਸੀ। ਅਸੀਂ ਆਪਣੇ ਆਸੇ ਪਾਸੇ ਦੇ ਪਿੰਡਾਂ ਵਿਚ ਹੋਣ ਵਾਲੇ ਮੇਲਿਆਂ ਅਤੇ ਹੋਰ ਸਮਾਗਮਾਂ ਸਮੇਂ ਇਹ ਨੁਮਾਇਸ਼ਾਂ ਜਾ ਲਾਉਂਦੇ ਅਤੇ ਲੋਕਾਂ ਨੂੰ ਭੁੱਲੇ-ਵਿਸਰੇ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਜਾਣੂ ਕਰਵਾਉਂਦੇ। ਦੱਸਦੇ ਕਿ ਦੇਸ਼ ਦੀ ਆਜ਼ਾਦੀ ਦਾ ਇਤਿਹਾਸ ਕੇਵਲ ਓਹੋ ਹੀ ਨਹੀਂ ਜੋ ਕਿਤਾਬਾਂ ਵਿਚ ਪੜ੍ਹਾਇਆ ਜਾਂਦਾ ਹੈ ਸਗੋਂ ਇਸ ਇਤਿਹਾਸ ਨੂੰ ਸਿਰਜਣ ਵਾਲੇ ਅਸਲ ਨਾਇਕ ਤਾਂ ਇਹ ਲੋਕ ਹੀ ਹਨ, ਜਿਨ੍ਹਾਂ ਦਾ ਜ਼ਿਕਰ ਪਾਠ-ਪੁਸਤਕਾਂ ਵਿਚ ਜਾਣ-ਬੁੱਝ ਕੇ ਨਹੀਂ ਆਉਣ ਦਿੱਤਾ ਗਿਆ। ਲੋਕ ਇਹ ਨੁਮਾਇਸ਼ਾਂ ਦੇਖ ਕੇ ਖ਼ੁਸ਼ ਹੁੰਦੇ ਅਤੇ ਇਹ ਵੀ ਪੁੱਛਦੇ, "ਤੁਹਾਡਾ ਅਗਲਾ ਪ੍ਰੋਗਰਾਮ ਕੀ ਹੈ?"

ਪਰ 'ਅਗਲਾ ਪ੍ਰੋਗਰਾਮ' ਤਾਂ ਸਾਡੇ ਕੋਲ ਕੋਈ ਨਹੀਂ ਸੀ। ਮੈਂ ਵੀ ਇਹ ਅਗਲਾ ਪ੍ਰੋਗਰਾਮ ਲੋੜਦਾ ਸਾਂ। ਇਹ ਅਗਲਾ ਪ੍ਰੋਗਰਾਮ ਤਾਂ ਕੋਈ ਰਾਜਨੀਤਕ ਪਾਰਟੀ ਹੀ ਦੇ ਸਕਦੀ ਸੀ, ਪਰ ਉਹ ਕਿਹੜੀ ਪਾਰਟੀ ਸੀ? ਸਿੱਖ ਇਤਿਹਾਸ ਦਾ ਸਰੋਤਾ ਅਤੇ ਪਾਠਕ ਰਿਹਾ ਹੋਣ ਕਰ ਕੇ ਮੈਨੂੰ ਅਕਾਲੀ ਪਾਰਟੀ ਵੀ ਚੰਗੀ ਲੱਗਦੀ ਰਹੀ ਸੀ। ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਅਕਾਲੀਆਂ ਵੱਲੋਂ ਗੁਰਦੁਆਰਿਆਂ ਦੀ ਆਜ਼ਾਦੀ ਲਈ ਲਾਏ ਮੋਰਚਿਆਂ ਅਤੇ ਦਿੱਤੀਆਂ ਬੇਮਿਸਾਲ ਕੁਰਬਾਨੀਆਂ ਦਾ ਮੈਂ ਦਿਲੀ ਕਦਰਦਾਨ ਸਾਂ। ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਲੜੇ ਅਕਾਲੀਆਂ ਦੇ ਸੰਘਰਸ਼ ਨੇ ਵੀ ਮੇਰਾ ਮਨ ਮੋਹਿਆ ਹੋਇਆ ਸੀ। ਪਰ ਪਿਛਲੇ ਕੁੱਝ ਸਾਲਾਂ ਵਿਚ ਮਾਸਟਰ ਤਾਰਾ ਸਿੰਘ ਅਤੇ ਸੰਤ ਫ਼ਤਿਹ ਸਿੰਘ ਦੇ 'ਮਰਨ-ਵਰਤ' ਰੱਖਣ, ਬਿਨਾਂ ਕਿਸੇ ਪ੍ਰਾਪਤੀ ਤੋਂ ਵਰਤ ਤੋੜ ਲੈਣ ਅਤੇ ਅਕਾਲ ਤਖ਼ਤ ਉਤੇ ਅਗਨ-ਕੁੰਡ ਬਣਾ ਕੇ ਸੰਤ ਫ਼ਤਿਹ ਸਿੰਘ ਦੇ ਸੜ-ਮਰਨ ਦੇ ਐਲਾਨਾਂ ਅਤੇ ਡਰਾਮਿਆਂ ਨੇ ਅਕਾਲੀਆਂ ਦੀ ਮੌਕਾਪ੍ਰਸਤ ਰਾਜਨੀਤੀ ਤੋਂ ਮੇਰਾ ਮਨ ਖੱਟਾ ਕਰ ਦਿੱਤਾ ਸੀ। ਉਤੋਂ ਦਰਸ਼ਨ ਸਿੰਘ ਫੇਰੂਮਾਨ ਦੀ ਕੁਰਬਾਨੀ ਨੇ ਅਕਾਲੀ ਲੀਡਰਾਂ ਦੀ ਮੌਕਾਪ੍ਰਸਤੀ ਦਾ ਪੋਲ ਅਸਲੋਂ ਹੀ ਖੋਲ੍ਹ ਕੇ ਰੱਖ ਦਿੱਤਾ ਸੀ।

ਮੇਰੇ ਅੰਦਰ ਵਧ ਰਹੀ ਵਿਗਿਆਨਕ ਚੇਤਨਾ ਨੇ ਅਕਾਲੀਆਂ ਅੰਦਰਲੇ ਧਾਰਮਿਕ ਕੱਟੜਵਾਦ ਤੋਂ ਵੀ ਮੇਰਾ ਮੂੰਹ ਮੋੜਨਾ ਸ਼ੁਰੂ ਕਰ ਦਿੱਤਾ ਸੀ। ਕਾਂਗਰਸ ਤਾਂ ਭਲਾ ਕਮਿਊਨਿਸਟਾਂ ਦੇ ਕਥਨ 'ਗੋਰੇ ਦੀ ਥਾਂ ਕਾਲਾ ਆਇਆ, ਉਹ ਵੀ ਛੜੀਆਂ ਮਾਰੇ' ਮੁਤਾਬਕ 'ਛੜੀਆਂ ਮਾਰਨ ਵਾਲੀ' ਸਥਾਪਤ ਤਾਕਤ ਸੀ ਅਤੇ 'ਬਿਰਲਿਆਂ ਤੇ ਟਾਟਿਆਂ-ਬਾਟਿਆਂ' ਦੀ ਧਿਰ ਸੀ। ਪੰਜਾਬੀ ਜ਼ਬਾਨ ਦੇ ਆਧਾਰ 'ਤੇ ਸੂਬਾ ਬਣਾਉਣ ਤੋਂ ਨਾਂਹ ਕਰਨ ਕਰ ਕੇ ਕਾਂਗਰਸ ਕਦੀ ਵੀ ਮੇਰੇ ਮਨ ਦੇ ਨੇੜੇ ਨਹੀਂ ਸੀ ਆ ਸਕੀ। ਮੇਰਾ ਮਨ ਤਾਂ ਦੋਵਾਂ ਕਮਿਊਨਿਸਟ ਪਾਰਟੀਆਂ ਨੂੰ ਹੀ ਆਪਣਾ ਅਤੇ ਚੰਗਾ ਸਮਝਦਾ ਸੀ, ਬਗ਼ੈਰ ਇਹ ਜਾਣਿਆਂ ਕਿ ਉਹ ਕਿਹੜੀ ਵਿਧੀ ਨਾਲ ਇਨਕਲਾਬ ਲਿਆਉਣ ਦੀਆਂ ਇੱਛਕ ਹਨ। ਅਸਲ ਵਿਚ ਮੈਂ ਕਿਸੇ ਸਿਆਣੇ ਕਮਿਊਨਿਸਟ ਦੇ ਸੰਪਰਕ ਵਿਚ ਹੀ ਨਹੀਂ ਸਾਂ ਆਇਆ ਜੋ ਮੈਨੂੰ ਦੋਵਾਂ ਪਾਰਟੀਆਂ ਦੇ ਸਿਧਾਂਤਕ ਵਖਰੇਵੇਂ ਨੂੰ ਸਮਝਾਉਂਦਾ ਅਤੇ ਉਨ੍ਹਾਂ ਵਿਚੋਂ ਕਿਸੇ ਇੱਕ ਦੇ ਲੜ ਲਾ ਸਕਦਾ।

ਦੋਵਾਂ ਪਾਰਟੀਆਂ ਦੇ ਆਗੂ ਸਾਡੇ ਪਿੰਡ ਜਲਸੇ-ਡਰਾਮੇ ਕਰਨ ਆਉਂਦੇ, ਆਪਣੇ ਭਾਸ਼ਨ ਦਿੰਦੇ ਅਤੇ ਚਲੇ ਜਾਂਦੇ। ਸਾਡੇ ਆਪਣੇ ਪਿੰਡ ਵਿਚ ਕਮਿਊਨਿਸਟਾਂ ਦੀ ਕੋਈ ਬਹੁਤੀ ਸਾਖ਼ ਨਹੀਂ ਸੀ। ਸਾਡੇ ਪਿੰਡ ਉਸ ਵੇਲੇ ਤੱਕ ਦੋ ਹੀ ਪ੍ਰਤੀਬੱਧ ਕਾਮਰੇਡ ਸਨ। ਹਰਬੰਸ ਸਿੰਘ ਸੀ ਪੀ ਆਈ ਦਾ ਅਤੇ ਸ਼ੇਰ ਸਿੰਘ ਸੀ ਪੀ ਐਮ ਦਾ। ਦੋਵੇਂ ਹੀ ਅਨਪੜ੍ਹ ਸਨ। ਲੋਕ ਉਨ੍ਹਾਂ ਦੀਆਂ ਗੱਲਾਂ ਨੂੰ ਹਾਸੇ ਨਾਲ ਟਾਲ ਛੱਡਦੇ ਸਨ। ਜਿਸ ਦੀ ਪਾਰਟੀ ਦਾ ਜਲਸਾ ਹੋਣਾ ਹੁੰਦਾ ਉਸ ਦੇ ਆਗੂ ਇਨ੍ਹਾਂ ਦੋਵਾਂ ਵਿਚੋਂ ਕਿਸੇ ਇੱਕ ਨੂੰ ਨਾਲ ਲੈ ਕੇ ਬਾਜ਼ਾਰ ਵਿਚੋਂ ਉਗਰਾਹੀ ਕਰਦੇ। ਆਦਰ ਵਜੋਂ ਅਕਸਰ ਰਾਤ ਨੂੰ ਹੋਣ ਵਾਲੇ ਜਲਸੇ ਮੌਕੇ ਇਨ੍ਹਾਂ ਵਿਚੋਂ ਇੱਕ ਨੂੰ ਜਾਂ ਉਨ੍ਹਾਂ ਦੀ ਸਲਾਹ ਨਾਲ ਕਿਸੇ ਹੋਰ ਆਮ ਕਿਰਸਾਣ ਨੂੰ ਪ੍ਰਧਾਨਗੀ ਦੀ ਕੁਰਸੀ 'ਤੇ ਬਿਠਾ ਲੈਂਦੇ। 'ਦੇਸ਼ ਭਗਤ ਯਾਦਗਾਰ ਲਾਇਬ੍ਰੇਰੀ' ਬਣਾਉਣ ਕਰ ਕੇ ਮੈਂ ਇਨ੍ਹਾਂ ਦੋਵਾਂ ਕਾਮਰੇਡਾਂ ਨੂੰ ਹੀ ਆਪਣਾ ਬੰਦਾ ਲੱਗਦਾ ਸਾਂ। ਦੋਵੇਂ ਮੇਰੇ ਕੰਮ, ਵਿਚਾਰਾਂ ਅਤੇ ਲਗਨ ਦੀ ਪ੍ਰਸ਼ੰਸਾ ਕਰਦੇ। ਪਰ ਉਨ੍ਹਾਂ ਵਿਚ ਏਨੀ ਬੌਧਿਕ ਸਮਰੱਥਾ ਹੈ ਹੀ ਨਹੀਂ ਸੀ ਕਿ ਮੈਨੂੰ ਵਿਚਾਰਧਾਰਕ ਤੌਰ 'ਤੇ ਬਾਕਾਇਦਾ ਆਪਣੀ ਪਾਰਟੀ ਨਾਲ ਜੋੜ ਸਕਣ ਦੇ ਕਾਬਲ ਹੁੰਦੇ। ਉਂਜ ਮੈਂ ਉਨ੍ਹਾਂ ਦੋਵਾਂ ਦੀ ਸਾਫ਼-ਦਿਲੀ, ਸਾਫ਼-ਗੋਈ ਅਤੇ ਉਮਰ ਭਰ ਕਮਿਊਨਿਸਟ ਪਾਰਟੀਆਂ ਨਾਲ ਜੁੜੇ ਰਹਿਣ ਦੀ ਪ੍ਰਤੀਬੱਧਤਾ ਦਾ ਕਾਇਲ ਸਾਂ। ਉਹ ਦੋਵੇਂ ਹੀ ਚੰਗੇ ਇਨਸਾਨ ਸਨ ਪਰ ਉਨ੍ਹਾਂ ਜਾਂ ਉਨ੍ਹਾਂ ਦੀ ਪਾਰਟੀ ਦੀ ਸੀਮਾ ਸੀ ਕਿ ਉਹ ਆਪਣੇ ਨਾਲ ਹੋਰ ਲੋਕਾਂ ਨੂੰ ਵੱਡੀ ਗਿਣਤੀ ਵਿਚ ਜੋੜਨ ਦੇ ਸਮਰੱਥ ਨਾ ਹੋ ਸਕੇ। ਮੇਰੀ ਕਹਾਣੀ 'ਭੱਜੀਆਂ ਬਾਹੀਂ' ਦੇ ਅੰਤ ਉਤੇ ਜਿਹੜਾ ਬੁੱਢਾ ਤੇ ਇਕੱਲਾ ਕਾਮਰੇਡ ਡੰਗੋਰੀ ਫੜ੍ਹ ਕੇ ਤੁਰ ਰਿਹਾ ਹੈ, ਉਸ ਨੂੰ ਚਿਤਰਦਿਆਂ ਇਹ ਦੋਵੇਂ ਬਜ਼ੁਰਗ ਕਾਮਰੇਡ ਮੇਰੇ ਜ਼ਿਹਨ ਵਿਚ ਸਨ ਜੋ ਚੰਗੀ ਸੋਚ ਦੇ ਹੁੰਦਿਆਂ ਵੀ ਇਕੱਲੇ ਅਤੇ ਪ੍ਰਸੰਗਹੀਣ ਹੋ ਕੇ ਰਹਿ ਗਏ ਸਨ।

ਕਿਸੇ ਵੀ ਰਾਜਨੀਤਕ ਪਾਰਟੀ ਨਾਲ ਨਾ ਜੁੜਨ ਕਰ ਕੇ ਮੈਂ 'ਜ਼ਿੰਦਗੀ ਵਿਚ ਕੁੱਝ ਕਰਨ' ਦੇ ਆਪਣੇ ਮਕਸਦ ਨੂੰ ਸਾਹਿਤਕ, ਸਮਾਜਕ-ਸਭਿਆਚਾਰਕ ਗਤੀਵਿਧੀਆਂ ਰਾਹੀਂ ਪੂਰਾ ਕਰਨ ਦੀ ਕੋਸ਼ਿਸ਼ ਕਰਦਾ। ਅਗਲੇ ਸਾਲ ਗੁਰੂ ਨਾਨਕ ਦੇਵ ਜੀ ਦੀ ਪੰਜ ਸੌ ਸਾਲਾ ਜਨਮ ਸ਼ਤਾਬਦੀ ਉਤੇ ਮੈਂ ਆਪਣੇ ਪਿੰਡ ਦੇ ਨੌਜਵਾਨਾਂ ਨੂੰ ਇਕੱਠਾ ਕਰ ਕੇ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਬਣਾਏ 'ਮਿੱਤਰ-ਮੰਡਲ' ਤੋਂ ਪ੍ਰਭਾਵਿਤ ਹੋ ਕੇ 'ਗੁਰੂ ਨਾਨਕ ਮਿੱਤਰ-ਮੰਡਲ' ਨਾਂ ਦੀ ਸੰਸਥਾ ਕਾਇਮ ਕਰ ਲਈ। 'ਸ਼ਹੀਦ ਯਾਦਗਾਰ ਲਾਇਬ੍ਰੇਰੀ' ਤਾਂ ਚੱਲ ਹੀ ਰਹੀ ਸੀ ਪਰ ਮੈਂ ਹੁਣ ਆਪਣੇ ਸਾਥੀਆਂ ਦਾ ਘੇਰਾ ਚੌੜਾ ਅਤੇ ਵੱਡਾ ਕਰਨਾ ਚਾਹੁੰਦਾ ਸਾਂ। ਚਾਹੁੰਦਾ ਸਾਂ ਕਿ ਪਿੰਡ ਦੇ ਪੜ੍ਹੇ-ਲਿਖੇ ਨੌਜਵਾਨਾਂ ਦਾ ਵੱਡਾ ਵਰਗ ਸਾਡੇ ਨਾਲ ਜੁੜੇ। ਇਸ ਮਕਸਦ ਲਈ ਗੁਰੂ ਨਾਨਕ ਦਾ ਨਾਂ ਨਾਲ ਜੋੜਨਾ ਆਮ ਲੋਕਾਂ ਨੂੰ ਆਪਣੇ ਵੱਲ ਖਿੱਚ ਅਤੇ ਜੋੜ ਸਕਦਾ ਸੀ। ਹੁਣ ਤਾਂ ਭਾਵੇਂ ਮੈਂ ਸੁਚੇਤ ਤੌਰ ਤੇ ਇਸ ਵਿਚਾਰ ਦਾ ਧਾਰਨੀ ਹਾਂ ਕਿ ਕਮਿਊਨਿਸਟਾਂ ਨੇ ਜੇ ਪੰਜਾਬ ਵਿਚ ਪੈਰ ਲਾਉਣੇ ਸਨ ਤਾਂ ਉਨ੍ਹਾਂ ਨੂੰ ਪੰਜਾਬ ਦੇ ਇਨਕਲਾਬੀ ਇਤਿਹਾਸ ਨਾਲ ਆਪਣਾ ਸਜਿੰਦ ਨਾਤਾ ਜੋੜਨਾ ਚਾਹੀਦਾ ਸੀ ਪਰ ਉਦੋਂ ਵੀ ਮੇਰੇ ਅਚੇਤ ਮਨ ਨੂੰ ਇਹ ਲੱਗਦਾ ਸੀ ਕਿ ਗੁਰੂ ਸਾਹਿਬਾਨ ਦੀ ਪੰਜਾਬ ਦੇ ਇਤਿਹਾਸ ਨੂੰ ਦਿੱਤੀ ਲਾਸਾਨੀ ਦੇਣ ਨੂੰ ਸਵੀਕਾਰਨ ਤੋਂ ਬਿਨਾਂ ਆਮ ਲੋਕਾਂ ਨੂੰ ਆਪਣੇ ਨਾਲ ਨਹੀਂ ਜੋੜਿਆ ਜਾ ਸਕਦਾ।

ਇਸ ਦਾ ਚੰਗਾ ਅਸਰ ਹੋਇਆ। ਹੋਰ ਨੌਜਵਾਨ ਤੇ ਆਮ ਲੋਕ ਵੀ ਸਾਡੇ ਨਾਲ ਜੁੜਨੇ ਸ਼ੁਰੂ ਹੋ ਗਏ। ਕਰਤਾਰ ਸਿੰਘ ਜੋਸ਼ ਨਾਂ ਦਾ ਬਜ਼ੁਰਗ ਹਾਸੇ ਅਤੇ ਵਿਅੰਗ ਨਾਲ ਮੈਨੂੰ ਆਖਦਾ, "ਵਾਹ ਭਈ! ਗੁਰੂ ਨਾਨਕ ਦੇ ਸਿੱਖ, ਸ਼ਰਧਾਲੂ ਅਤੇ ਚੇਲੇ ਤਾਂ ਸੁਣੇ ਸਨ; ਹੁਣ ਇਹ ਗੁਰੂ ਨਾਨਕ ਦੇ 'ਮਿੱਤਰ' ਵੀ ਆ ਗਏ ਜੇ!" ਮੈਂ ਉਸ ਨੂੰ ਉਤੋਂ ਹਾਸੇ ਨਾਲ ਪਰ ਅੰਦਰੋਂ ਗੰਭੀਰ ਹੋ ਕੇ ਆਖਦਾ ਕਿ ਉਨ੍ਹਾਂ ਸ਼ਰਧਾਲੂਆਂ ਨੇ ਗੁਰੂ ਨੂੰ ਬਹੁਤ ਉਚਾ ਅਤੇ ਦੂਰ ਕਰ ਕੇ ਆਮ ਲੋਕਾਂ ਲਈ 'ਅਪਹੁੰਚ' ਬਣਾ ਛੱਡਿਆ ਹੈ; ਉਹ ਸੋਚਦੇ ਹਨ ਕਿ ਗੁਰੂ ਵਰਗਾ ਕੇਵਲ ਗੁਰੂ ਹੀ ਹੋ ਸਕਦਾ ਹੈ; ਹੋਰ ਕੋਈ ਨਹੀਂ। ਇਸ ਲਈ ਉਹ ਗੁਰੂ ਵਰਗਾ ਬਣਨ ਦੇ ਯਤਨ ਹੀ ਛੱਡ ਦਿੰਦੇ ਹਨ ਅਤੇ ਆਮ ਦੁਨਿਆਵੀ ਮੰਡਲਾਂ ਵਿਚ ਮੁੜ-ਘਿੜ ਘੁੰਮਣਾ ਸ਼ੁਰੂ ਕਰ ਦਿੰਦੇ ਹਨ। ਉਨ੍ਹਾਂ ਵਿਚ ਇਹ ਵਿਸ਼ਵਾਸ ਜਾਂ ਸਵੈ-ਭਰੋਸਾ ਹੀ ਨਹੀਂ ਰਹਿੰਦਾ ਕਿ ਉਹ ਗੁਰੂ ਦੀ ਸਖ਼ਸ਼ੀਅਤ ਦਾ ਕੋਈ ਗੁਣ ਗ੍ਰਹਿਣ ਵੀ ਕਰ ਸਕਦੇ ਹਨ ਅਤੇ ਆਮ ਸਤਹ ਤੋਂ ਉਪਰ ਵੀ ਉਠ ਸਕਦੇ ਹਨ; ਜਦ ਕਿ ਅਸੀਂ ਸਮਝਦੇ ਹਾਂ ਕਿ ਗੁਰੂ ਸਾਡਾ ਆਪਣਾ ਹੈ, ਸਾਡਾ ਪਿਆਰਾ ਸਾਥੀ ਤੇ ਆਗੂ ਹੈ। ਉਸ ਨੇ ਸਾਨੂੰ ਸੱਚ ਦਾ ਰਾਹ ਦੱਸਿਆ ਸੀ ਅਤੇ ਇਸ ਰਾਹ ਤੇ ਖੁੱਲ੍ਹੀਆਂ ਅੱਖਾਂ ਨਾਲ ਤੁਰਨ ਲਈ ਕਿਹਾ ਸੀ। ਨਿਰੋਲ ਸ਼ਰਧਾ ਨਾਲ ਮੁੰਦੀਆਂ ਅੱਖਾਂ ਨੂੰ ਇਹ ਰਾਹ ਦਿਖਾਈ ਨਹੀਂ ਦੇ ਸਕਦਾ। ਅਸੀਂ ਆਪਣੇ ਗੁਰੂ ਦੇ ਧੰਨਵਾਦੀ ਹਾਂ ਕਿ ਉਸ ਨੇ ਸਾਨੂੰ ਤੁਰਨ ਲਈ ਰਾਹ ਵੀ ਦੱਸਿਆ ਹੈ ਅਤੇ ਸੱਚ ਵੇਖਣ ਵਾਲੀ ਅੱਖ ਵੀ ਦਿੱਤੀ ਹੈ।

ਸੱਚੀ ਗੱਲ ਤਾਂ ਇਹ ਸੀ ਕਿ ਅਸੀਂ ਆਪਣੇ ਸੰਪਰਕ ਵਿਚ ਆਉਣ ਵਾਲੇ ਲੋਕਾਂ ਨੂੰ ਚੰਗੀ ਜੀਵਨ-ਜਾਚ ਦੇ ਲੜ ਲਾਉਣਾ ਚਾਹੁੰਦੇ ਸਾਂ। ਆਪਣੇ ਜਾਨਦਾਰ ਇਤਿਹਾਸ ਤੋਂ ਜਾਣੂ ਕਰਵਾ ਕੇ ਕੁੱਝ ਚੰਗਾ ਕਰਨ ਲਈ ਪ੍ਰੇਰਿਤ ਕਰਨ ਦੀ ਇੱਛਾ ਰੱਖਦੇ ਸਾਂ ਅਤੇ ਅੰਨ੍ਹੀ ਧਾਰਮਿਕ ਸ਼ਰਧਾ ਤੋਂ ਉਪਰ ਉਠ ਕੇ ਵਿਗਿਆਨਕ ਚੇਤਨਾ ਨੂੰ ਅਪਨਾਉਣ ਦੀ ਸੋਝੀ ਦੇਣਾ ਚਾਹੁੰਦੇ ਸਾਂ। ਇਸ ਮਕਸਦ ਲਈ ਅਸੀਂ ਨਾਟਕ ਵੀ ਖੇਡਦੇ-ਖਿਡਵਾਉਂਦੇ ਰਹੇ। ਆਮ ਲੋਕਾਂ ਵਿਚ ਚੌਗਿਰਦੇ ਨੂੰ ਸਾਫ਼ ਰੱਖਣ ਦੀ ਭਾਵਨਾ ਪੈਦਾ ਕਰਨ ਲਈ ਅਸੀਂ ਹਫ਼ਤੇ ਪਿਛੋਂ ਪਿੰਡ ਦੀਆਂ ਗਲੀਆਂ ਅਤੇ ਨਾਲੀਆਂ ਸਾਫ਼ ਕਰਨ ਦਾ ਉਦਮ ਵੀ ਕਰਦੇ। ਪਹਿਲਾਂ ਤਾਂ ਲੋਕਾਂ ਨੇ ਸਾਡੇ ਇਸ 'ਖ਼ਬਤ' ਦਾ ਮਜ਼ਾਕ ਵੀ ਉਡਾਇਆ। ਬਾਪੂ ਹਕੀਕਤ ਸਿੰਘ ਹੀ ਸਾਡਾ ਮਖੌਲ ਉਡਾਉਂਦਾ, "ਸ਼ਾਬਸ਼ੇ ਭਾਈ ਜਵਾਨੋ! ਹੱਟੀਆਂ ਵਾਲੇ ਆਪਣਾ ਕੂੜਾ ਕੱਠਾ ਕਰ ਛੱਡਦੇ ਨੇ। ਉਨ੍ਹਾਂ ਦੇ ਮਨ ਵਿਚ ਹੁੰਦਾ ਹੈ ਕਿ ਚਲੋ ਐਤਵਾਰ ਦੇ ਐਤਵਾਰ 'ਮਿੱਹਤਰਾਂ' ਨੇ ਆ ਕੇ ਸਫ਼ਾਈ ਕਰ ਹੀ ਜਾਣੀ ਹੈ!" ਉਹ 'ਮਿੱਤਰਾਂ' ਨੂੰ 'ਮਿਹਤਰਾਂ' ਹੀ ਆਖਦਾ। ਪਰ ਕੁੱਝ ਲੋਕਾਂ ਉਤੇ ਇਸ ਦਾ ਚੰਗਾ ਅਸਰ ਹੋਇਆ। ਸਾਡੇ ਵਿਚੋਂ ਬਹੁਤ ਸਾਰੇ ਅਧਿਆਪਕ ਸਨ ਅਤੇ ਹੋਰ ਨੌਕਰੀ-ਪੇਸ਼ਾ ਲੋਕ ਵੀ। ਇਸ ਲਈ ਲੋਕ ਹੌਲੀ ਹੌਲੀ ਸਾਡੇ ਕੰਮ ਦੇ ਪ੍ਰਸ਼ੰਸਕ ਬਣਦੇ ਗਏ। ਲੋੜ ਵੇਲੇ ਉਗਰਾਹੀ ਬੜੀ ਖ਼ੁਸ਼ੀ ਨਾਲ ਦਿੰਦੇ। ਪਿੰਡ ਵਿਚ ਸਾਡੀ ਇੱਜ਼ਤ ਵਧ ਗਈ ਸੀ।

***(ਚਲਦਾ)***

ਕਹਾਣੀ

# ਲਛਮਣ ਰੇਖਾ

***ਭਾਰਤੀ ਮਿਥਿਹਾਸ-ਇਤਿਹਾਸ ਵਿਚ 'ਲਛਮਣ ਰੇਖਾ' ਦੇ ਅਰਥ ਤੇ ਵਿਖਿਆਨ ਭਾਵੇਂ ਸੁਰੱਖਿਆ ਦੇ ਪੱਖ ਤੋਂ ਹੁੰਦੇ ਆਏ ਹਨ ਅਤੇ ਇਸ ਨੂੰ ਹੋਰ ਵੀ ਕਈ ਅਰਥਾਂ ਵਿਚ ਵਰਤਿਆ ਜਾਂਦਾ ਰਿਹਾ ਹੈ, ਪਰ ਬਲਦੇਵ ਸਿੰਘ ਧਾਲੀਵਾਲ ਦੀ ਇਸ ਕਹਾਣੀ 'ਲਛਮਣ ਰੇਖਾ' ਵਿਚ ਇਸ ਦੇ ਅਰਥ ਬਹੁਤ ਬਦਲੇ ਰੂਪ ਵਿਚ ਪੇਸ਼ ਹੋਏ ਹਨ। ਇਹ ਕਹਾਣੀ ਔਰਤ ਦੇ ਗੂੰਗੇ ਦਰਦ ਦੀ ਕਹਾਣੀ ਹੈ। ਇਸ ਵਿਚ 'ਲਛਮਣ ਰੇਖਾ' ਸੁਰੱਖਿਆ ਦੇ ਸੰਗਲ ਬਣੀ ਪਈ ਹੈ। ਇਹ ਭਾਰੇ ਸੰਗਲ ਉਸ ਪੰਜਾਬੀ ਸਮਾਜ ਲਈ ਮਿਹਣਾ ਹਨ ਜਿਸ ਬਾਰੇ ਅਸੀਂ ਸਾਰੇ ਸਦਾ ਹੀ ਬਹੁਤ ਹੁੱਬ ਹੁੱਬ ਕੇ ਗੱਲਾਂ ਕਰਦੇ ਹਾਂ। ਇਸ ਕਹਾਣੀ ਵਿਚ ਮਨੁੱਖੀ ਸਰੋਕਾਰਾਂ ਦਾ ਜੋ ਘਾਣ ਹੋਇਆ ਹੈ, ਉਸ ਨੂੰ ਅਸੀਂ ਸਾਰਿਆਂ ਨੇ, ਰਵਾਇਤਾਂ ਦੇ ਨਾਂ 'ਤੇ ਚਿਰਾਂ ਤੋਂ ਬਹੁਤ ਸਾਊ ਬਣ ਕੇ ਸਵੀਕਾਰ ਕੀਤਾ ਹੋਇਆ ਹੈ। ਕਹਾਣੀ ਦੀ ਨਾਇਕਾ ਜਦੋਂ ਇਨ੍ਹਾਂ ਸੰਗਲਾਂ ਨੂੰ ਤੋੜਨ ਦੀ ਹਿੰਮਤ ਕਰਦੀ ਹੈ ਤਾਂ ਉਸ ਦੀ ਹੋਂਦ ਹੀ ਦਾਅ 'ਤੇ ਲੱਗ ਜਾਂਦੀ ਹੈ। ਇਹ ਕਹਾਣੀ ਨਹੀਂ, ਅਤਿ-ਆਧੁਨਿਕ 21ਵੀਂ ਸਦੀ ਦੇ ਦੂਜੇ ਦਹਾਕੇ ਵਿਚ ਮਾਰਿਆ ਕੋਈ ਨਿਹੋਰਾ ਹੈ ਕਿ ਅਸੀਂ ਬੰਦੇ ਦੀ ਬੇਕਦਰੀ ਲਈ ਜ਼ਿੰਮੇਵਾਰ ਉਨ੍ਹਾਂ ਕਦਰਾਂ-ਕੀਮਤਾਂ ਨੂੰ ਤਿਆਗਣਾ ਹੈ ਜਾਂ ਮਰੇ ਸੱਪ ਵਾਂਗ ਗਲ ਵਿਚ ਲਟਕਾਈ ਫਿਰਨਾ ਹੈ ਜਿਨ੍ਹਾਂ ਨੇ ਸਦੀਆਂ ਤੋਂ ਬੰਦੇ ਨੂੰ ਬੰਦਾ ਸਮਝਣ ਤੋਂ ਵੀ ਇਨਕਾਰ ਕੀਤਾ ਹੈ।-ਸੰਪਾਦਕ***

**ਬਲਦੇਵ ਸਿੰਘ ਧਾਲੀਵਾਲ**

"ਕੁੱਤੀਏ, ਕਹੀ ਦੇ ਇਕੋ ਟੱਪੇ ਨਾਲ ਸਿਰ ਲਾਹ ਦੂੰ ਤੇਰਾ ਕਿਸੇ ਦਿਨ, ਜਿਹੜੀ ਚਾਂਭਲੀ ਐਂ ਤੂੰ ਸਾਰਾ ਟਬਰ ਟਿੰਡੀ ਦੇ ਬੀਅ 'ਤੇ ਚੜ੍ਹਾ ਛਡਿਆ ਤੂੰ, ਬਚ ਜਾ ਚਾਰ ਦਿਨ ਜੇ ਤੇਰੀ ਕਿਸਮਤ ਚੰਗੀ ਐ ਤਾਂ! ਕਿਤੇ ਹੁਣੇ ਦੇ ਦਿਆਂ ਮੁਰਬੇ ਮਿਣ ਕੇ ਤੈਨੂੰ," ਗੋਧੇ ਨੇ ਖੱਬਲ ਦੀ ਗਾਚੀ ਭੰਨਣ ਵਾਲਿਆਂ ਵਾਗੂੰ ਆਪਣੀ ਦੂਜੀ ਪਤਨੀ ਜਗਪਾਲ ਕੁਰ ਦੇ ਸਿਰ ਉਤੇ ਕਹੀ ਉਲਾਰੀ।

ਪਰ ਕਹੀ ਦੇ ਵਜਣ ਤੋਂ ਪਹਿਲਾਂ ਹੀ ਗੋਧੇ ਦੀ ਮਾਂ ਹਰਨਾਮ ਕੁਰ ਨੇ ਗੋਧੇ ਨੂੰ ਧੱਕਾ ਦੇ ਕੇ ਪਰ੍ਹੇ ਕਰ ਦਿਤਾ, "ਵੇ ਮਾਰਨੀ ਐਂ ਬਗਾਨੀ ਧੀ, ਕੋਹੜਾ ਧੂਸ਼ ਜਿਹਾ ਨਾ ਹੋਵੇ ਤਾਂ, ਸਾਰਾ ਟੱਬਰ ਬੰਨ੍ਹਾ ਕੇ ਰਖਦੇਂਗਾ ਤੂੰ-ਹੈਂ, ਫੌਰੇ 'ਚ ਜਾਹ ਜਾਂਦੀ ਕਰਤੀ ਸੀ ਬਹੂ ਵਾਲੀ।" ਹਰਨਾਮ ਕੁਰ ਦੀਆਂ ਲਤਾਂ ਕੰਬਣ ਲੱਗ ਪਈਆਂ।

"ਵਾਖਰੂ! ਕਿਵੇਂ ਕਰੋਧ ਵਧ ਗਿਐ ਦੁਨੀਆਂ ਦਾ, ਕੋਈ ਜਾਣਦੀ ਦੂਜੇ ਨੂੰ ਵੇਖ ਨ੍ਹੀਂ ਜਰਦਾ, ਹਰੇਕ ਆਂਹਦੈ ਕੱਲਾ ਈ ਹੋਵਾਂ ਦੁਨੀਆਂ 'ਚ, ਲੈ ਫੌਰੇ 'ਚ ਪਟੇ ਗਏ ਸੀ।" ਆਪਣੇ ਆਪ ਨਾਲ ਗੱਲਾਂ ਕਰਦੀ ਹਰਨਾਮ ਕੁਰ ਅਜੇ ਗੋਧੇ ਨੂੰ ਤਾਂ ਮਸਾਂ ਹਟਾ ਕੇ ਹਟੀ ਸੀ, ਉਤੋਂ ਜਗਪਾਲ ਕੁਰ ਤਮਕ ਕੇ ਬੋਲੀ, "ਤੂੰ ਵੀ ਆਵਦੇ ਪਿਓ ਦਾ ਪੁੱਤ ਨ੍ਹੀਂ ਜੇ ਸਿਰ ਵਢੇ ਤੋਂ ਬਿਨਾਂ ਰੋਟੀ ਖਾਵੇਂ ਤਾਂ, ਵਡਾ ਕਹੀਆਂ ਮਾਰਨ ਵਾਲਾ ਇਹ, ਅਜ ਈ ਮਾਰ ਲੈ ਪਰੇ ਖਹਿੜਾ ਛੁਟੇ ਏਸ ਨਰਕ 'ਚੋਂ।"

ਜਗਪਾਲ ਕੁਰ ਨੂੰ ਇਉਂ ਲਲਕਾਰ ਰਹੀ ਵੇਖ ਕੇ ਗੋਧਾ ਫੇਰ ਉਸ ਵਲ ਭਜ ਕੇ ਆਇਆ ਪਰ ਇਸ ਵਾਰੀ ਹਰਨਾਮ ਕੁਰ ਤੇ ਗੋਧੇ ਦੀ ਵਡੀ ਪਤਨੀ ਹਰਮੀਤ ਪਹਿਲਾਂ ਹੀ ਵਿਚਾਲੇ ਹੋ ਗਈਆਂ।

"ਕੁੜੇ ਤੂੰ ਈ ਹਰ ਜਾਹ ਵੈਰਨੇ ਕਿਉਂ ਮਰਨ-ਮਿੱਟੀ ਮੱਲੀ ਫਿਰਦੀ ਐਂ, ਤੀਵੀਆਂ 'ਚ ਤਾਂ ਭੋਏਂ ਵਰਗਾ ਸਬਰ ਹੁੰਦੈ, ਮੁਢ ਕਦੀਮ ਤੋਂ ਈ ਸਬਰ ਕਰਦੀਆਂ ਆਈਐਂ, ਤੂੰ ਕਿਉਂ ਐਂ ਬਰਾਬਰੀਆਂ ਕਰਨ ਬਹਿ'ਗੀ, ਕੀ ਤੈਨੂੰ ਪੁਠੀ ਭਮਾਲੀ ਦੇ'ਤੀ ਮਾਰ੍ਹਾਜ ਨੇ, ਜਾ ਵਗ ਜਾਹ ਅੰਦਰ ਮੇਰੀ ਧੀ, ਮੈਂ ਹੱਥ ਜੋੜਦੀ ਆਂ ਤੇਰੇ ਮੂਹਰੇ।"

ਜਦੋਂ ਗੋਧਾ ਤੇ ਜਗਪਾਲ ਕੁਰ ਦੋਵੇਂ ਹੀ ਇਉਂ ਅੜ ਜਾਂਦੇ ਤਾਂ ਹਰਨਾਮ ਕੁਰ ਬੇਬਸ ਹੋ ਜਾਂਦੀ ਅਤੇ ਅੰਤ ਗੁਰਬਖਸ਼ ਸਿਉਂ ਦੀ ਪੈਂਦ ਉਤੇ ਸਿਰ ਫੜ ਕੇ ਬੈਠ ਜਾਂਦੀ।

ਗੋਧੇ ਕੇ ਘਰੇ ਇਹ ਸਿਰਵੱਢਵੀਂ ਲੜਾਈ ਹੁਣ ਨਿਤ ਦੀ ਗੱਲ ਸੀ। ਮਾਮੂਲੀ ਜਿਹੀ ਗੱਲ ਵੀ ਇਸ ਲੜਾਈ ਦਾ ਕਾਰਨ ਬਣ ਜਾਂਦੀ। ਅੱਜ ਵੀ ਇਉਂ ਹੀ ਹੋਇਆ ਸੀ। ਜਗਪਾਲ ਰੋਟੀਆਂ ਪਕਾ ਰਹੀ ਸੀ ਅਤੇ ਹਰਮੀਤ ਰਸੋਈ ਦੇ ਪ੍ਰਛਾਵੇਂ ਵਿਚ ਆਪਣੀ ਸੱਸ ਹਰਨਾਮ ਕੁਰ ਕੋਲ ਬੈਠੀ ਮੁੰਡੇ ਦਾ ਜੂੜਾ ਕਰ ਰਹੀ ਸੀ। ਮੁੰਡਾ ਭਾਵੇਂ ਜਗਪਾਲ ਕੁਰ ਦੇ ਪੇਟੋਂ ਹੀ ਜਨਮਿਆ ਸੀ ਪਰ ਉਹ ਰੋਟੀ ਵੀ ਆਪਣੀ ਤਾਈ ਹਰਮੀਤ ਦੇ ਕੋਲੋਂ ਹੀ ਖਾਂਦਾ ਸੀ ਅਤੇ ਕੇਸ ਵੀ ਜਗਪਾਲ ਕੁਰ ਤੋਂ ਨਹੀਂ ਵਹਾਉਂਦਾ ਸੀ। ਬਸ ਉਹ ਜੰਮਿਆ ਹੀ ਹਰਮੀਤ ਨੇ ਨਹੀਂ ਸੀ, ਉਂਜ ਉਹ ਹੀ ਉਸ ਦੀ ਮਾਂ ਲਗਦੀ ਸੀ। ਹਰਮੀਤ ਉਸ ਦੀਆਂ ਉਲਝੀਆਂ ਜਟੂਰੀਆਂ ਵੀ ਨਿਖੇੜੀ ਜਾਂਦੀ ਸੀ ਅਤੇ ਵਾਲਾਂ ਦੀ ਪੀੜ ਵਲੋਂ ਧਿਆਨ ਹਟਾਉਣ ਵਾਸਤੇ ਇਕ ਬਾਤ ਵੀ ਸੁਣਾਈ ਜਾਂਦੀ ਸੀ।

"ਇਕ ਵਾਰੀ ਨਾ ਭਾਈ ਇਕ ਜੱਟ ਹਲ ਵਾਹੁੰਦਾ ਫਿਰਦਾ ਸੀ, ਉਹਨੂੰ ਖੇਤ ਵਿਚੋਂ ਇਕ ਲਾਲ ਥਿਆ ਗਿਆ।"

"ਮੰਮੀ ਲਾਲ ਕੀ ਹੁੰਦੈ?" ਮੁੰਡਾ ਜਿਸ ਨੂੰ ਹਰਮੀਤ ਨੇ ਮੰਮੀ ਕਹਿਣ ਆਪ ਹੀ ਗਿਝਾਇਆ ਸੀ, ਉਸ ਨੂੰ ਵਿਚੋਂ ਟੋਕ ਕੇ ਪੁੱਛਣ ਲੱਗ ਪਿਆ।

"ਲਾਲ ਨਾ ਬੰਟੇ ਵਰਗਾ ਹੁੰਦੈ ਤੇ ਰਾਤ ਨੂੰ ਬਲਬ ਵਾਂਗੂ ਚਾਨਣ ਕਰਦੈ, ਫੇਰ ਭਾਈ ਜੱਟ ਲਾਲ ਨੂੰ ਸੁਨਿਆਰੇ ਕੋਲ ਲੈ ਗਿਆ, ਉਹਨੇ ਸੋਚਿਆ ਲਾਲ ਵੇਚ ਕੇ ਪੈਸੇ ਵੱਟੂੰਗਾ ਤੇ ਅਮੀਰ ਬਣ ਜਾਊਂਗਾ।"

"ਫੇਰ!"

"ਪਰ ਬਈ ਸੁਨਿਆਰੇ ਨੇ ਤਾਂ ਜੱਟ ਨੂੰ ਡਰਾ'ਤਾ, ਕਹਿੰਦਾ ਇਹ ਤਾਂ ਰਾਜੇ ਦਾ ਐ, ਤੂੰ ਜ਼ਰੂਰ ਇਹ ਚੋਰੀ ਕੀਤੈ, ਤੂੰ ਗੱਪ ਮਾਰਦੈਂ ਕਿ ਖੇਤ ਵਿਚੋਂ ਥਿਆਇਐ, ਜੇ ਰਾਜੇ ਨੂੰ ਪਤਾ ਲੱਗ ਗਿਆ ਤਾਂ ਉਹਨੇ ਤੇਰਾ ਸਾਰਾ ਟੱਬਰ ਜੇਲ੍ਹ ਵਿਚ ਸਿੱਟ ਦੇਣੈ।"

"ਫੇਰ!"

"ਸੁਨਿਆਰਾ ਕਹਿੰਦਾ, ਤੂੰ ਐਂ ਕਰ ਲਾਲ ਮੈਨੂੰ ਫੜਾ ਜਾ, ਜਦੋਂ ਰਾਜੇ ਦੇ ਗਹਿਣੇ ਬਣਨ ਆਉਣਗੇ ਤਾਂ ਮੈਂ ਵਿਚ ਰਲਾ ਕੇ ਮੋੜ ਆਊਂਗਾ ਤੇ ਆਪਾਂ ਦੋਵੇਂ ਹੀ ਬਚ ਜਾਵਾਂਗੇ, ਇਉਂ ਭਾਈ ਸੁਨਿਆਰੇ ਨੇ ਚਲਾਕੀ ਨਾਲ ਜੱਟ ਤੋਂ ਲਾਲ ਠੱਗ ਲਿਆ।"

"ਮੰਮੀ ਫੇਰ!"

"ਫੇਰ! ਫੇਰ ਕੀ, ਫੇਰ ਸਾਵੇ ਜੱਟ ਦੀ ਜੂੜੀ ਹੋ ਗਈ," ਹਰਮੀਤ ਨੇ ਮੁੰਡੇ ਦੇ ਜੂੜੇ 'ਤੇ ਰੁਮਾਲ ਬੰਨ੍ਹਦਿਆਂ ਕਿਹਾ।

"ਮੰਮੀ ਆਪਾਂ ਵੀ ਇਕ ਲਾਲ ਲਿਆਈਏ, ਰਾਤ ਨੂੰ ਜਗਾਇਆ ਕਰਾਂਗੇ ਅੰਦਰ ਵੜ ਕੇ," ਮੁੰਡੇ ਨੇ ਹਰਮੀਤ ਦੇ ਗਲ ਬਾਹਾਂ ਪਾ ਕੇ ਝੂਟਦਿਆਂ ਮੰਗ ਕੀਤੀ।

"ਆਪਣੇ ਤਾਂ ਹੈਗਾ ਈ ਐ ਲਾਲ।"

"ਕਿਥੇ ਐ?"

"ਆਹ ਵੇਖ," ਹਰਮੀਤ ਨੇ ਮੁੰਡੇ ਦੀ ਪੱਪੀ ਲੈ ਲਈ।

ਹਰਮੀਤ ਦੇ ਮੁੰਡੇ ਨੂੰ ਇਉਂ ਲਾਡ-ਲਡਾਉਣ ਨਾਲ ਜਗਪਾਲ ਕੁਰ ਨੂੰ ਦੋਹਾਂ ਉਤੇ ਹੀ ਮਾੜੀ-ਮਾੜੀ ਖਿਝ ਚੜ੍ਹਦੀ ਰਹੀ।

"ਵੇਖ ਖਾਂ ਥਣ ਛਡਿਆ ਤੇ ਗੋਡਾ ਪਸਮਿਆਂ," ਉਸ ਨੇ ਮੂੰਹ ਵਿਚ ਹੀ ਕਿਹਾ। ਪਰ ਹਰਮੀਤ ਨੂੰ ਮੁੰਡੇ ਨਾਲ ਲਾਡੀਆਂ ਕਰਦੀ ਵੇਖ ਕੇ ਹਰਨਾਮ ਕੌਰ ਦਾ ਮਨ ਭਰ ਆਇਆ। ਇਸ ਲਈ ਉਸ ਨੇ ਅਰਦਾਸ ਕਰਨ ਵਾਲਿਆਂ ਵਾਂਗ ਉਤਾਂਹ ਨੂੰ ਵੇਖਦਿਆਂ ਕਿਹਾ, "ਤੇਰੇ ਘਰੇ ਕਾਹਦਾ ਘਾਟਾ ਸੀ ਰੱਬਾ ਜੇ ਇਕ ਲਾਲ ਏਸ ਨਿਮਾਣੀ ਦੀ ਝੋਲੀ ਪਾ ਦਿੰਦਾ, ਕਿਹੜੇ ਯੁਗ ਦਾ ਬਦਲਾ ਲੈਣ ਬਹਿ ਗਿਆ ਤੂੰ, ਕਿਵੇਂ ਵਿਚਾਰੀ ਬਿਗਾਨਿਆਂ ਨੂੰ ਲਾਡ-ਲਡਾਉਂਦੀ ਐ, ਚੰਦਰਿਆ ਜਿਨ੍ਹਾਂ ਨੂੰ ਭੋਰਾ ਕਦਰ ਨ੍ਹੀਂ ਉਨ੍ਹਾਂ ਨੂੰ ਹੇੜਾਂ ਦੀਆਂ ਹੇੜਾਂ ਦਿੰਨੈ, ਜਿਨ੍ਹਾਂ ਨੂੰ ਕਦਰ ਐ ਉਨ੍ਹਾਂ ਨੂੰ ਤਰਸਾਉਨੈਂ।"

ਹਰਨਾਮ ਕੌਰ ਦੀ ਗੱਲ ਸੁਣ ਕੇ ਜਗਪਾਲ ਨੂੰ ਜਾਪਿਆ ਜਿਵੇਂ ਉਸ ਨੂੰ ਹੀ ਬੇਕਦਰੀ ਕਿਹਾ ਹੋਵੇ। ਉਸ ਨੂੰ ਪਹਿਲਾਂ ਹੀ ਤਪੀ ਬੈਠੀ ਨੂੰ ਹੋਰ ਕਰੋਧ ਚੜ੍ਹ ਗਿਆ, "ਮਾਈ ਤੁਸੀਂ ਵਡੀ ਕਦਰ ਵਾਲੀਆਂ ਮੈਥੋਂ ਪਾਸੇ ਈ ਰਹੋ ਤੇ ਮੈਨੂੰ ਵਖ ਕਰ ਦਿਓ, ਮੇਰਾ ਮੁੰਡਾ ਤੇ ਜ਼ਮੀਨ ਮੇਰੇ ਹਵਾਲੇ ਕਰੋ ਜਿਹੜੇ ਦਬੀ ਬੈਠੇ ਆਂ, ਸ਼ਰਮ ਨ੍ਹੀਂ ਆਉਂਦੀ ਨਿਮਾਣੀਆਂ ਬਣਦੀਆਂ ਨੂੰ।" ਜਗਪਾਲ ਦੀ ਗੱਲ ਨਾਲ ਲੜਾਈ ਭਖ ਪਈ।

"ਵਾਖਰੂ ਭਾਈ ਤੂੰ ਤਾਂ ਊਂ ਈ ਪੱਲੇ ਸੇਰ ਲੂਣ ਬੰਨ੍ਹੀ ਫਿਰਦੀ ਐਂ, ਮੇਰੇ ਮੂੰਹੋਂ ਤਾਂ ਸੁਭਾਇਕੀ ਗੱਲ ਨਿਕਲਗੀ ਤੇ ਤੂੰ ਰਾਈ ਦਾ ਪਹਾੜ ਬਣਾ ਲਿਐ, ਮੈਂ ਤਾਂ ਬਾਬਾ ਅੱਗੇ ਤੋਂ ਮੂੰਹ ਨ੍ਹੀਂ ਖੋਲ੍ਹਦੀ ਤੇਰੇ ਅੱਗੇ, ਆਹ ਫੜੇ ਦੋਵੇਂ ਕੰਨ।" ਹਰਨਾਮ ਕੌਰ ਨੇ ਲੜਾਈ ਟਾਲਣ ਲਈ ਮਿੰਨਤ ਕਰਨ ਵਾਂਗ ਕਿਹਾ।

ਪੂਰੇ ਪੰਜ ਸਾਲ ਹੋ ਗਏ ਮਾਈ ਮੈਨੂੰ ਥੋਡੀਆਂ ਸੁਭਾਇਕੀ ਨਿਕਲੀਆਂ ਗੱਲਾਂ ਸੁਣਦੀ ਨੂੰ, ਹੁਣ ਹੋਰ ਨ੍ਹੀਂ ਜਰੀਆਂ ਜਾਂਦੀਆਂ ਗੁਝੀਆਂ ਨਸ਼ਤਰਾਂ, ਮੇਰਾ ਤਾਂ ਕਿਨਾਰਾ ਈ ਠੀਕ ਐ, ਮਨ ਚੋਰ ਤੇ ਗੱਲਾਂ ਹੋਰ, ਐਂ ਮੈਂ ਕੋਈ ਜਵਾਂ ਡੂੰਨ ਨ੍ਹੀਂ ਫਿਰਦੀ ਬਈ ਖਾਂਦੀ-ਖਾਂਦੀ ਟੁਕ ਦੀ ਬੁਰਕੀ ਕੰਨ ਵਿਚ ਪਾ ਲੈਨੀ ਐਂ, ਥੋਡੀ ਬਣਾਈ ਕਮਲੀ ਆਂ ਮੈਂ," ਆਪਣਾ ਗੁਬਾਰ ਕਢਦੀ ਜਗਪਾਲ ਨੂੰ ਹਰਮੀਤ ਨੇ ਆਪਣੇ ਸੁਭਾਅ ਮੁਤਾਬਕ ਮਿਠਾਸ ਨਾਲ ਸਮਝਾਉਣ ਦਾ ਯਤਨ ਕੀਤਾ ਤਾਂ ਜਗਪਾਲ ਹਰਮੀਤ ਤੇ ਵਰ੍ਹ ਪਈ, "ਤੂੰ ਵੀ ਢਕੀ ਰਹਿ, ਅਖੇ ਢਕੀ ਰਿਝੇ ਤੇ ਕੋਈ ਨਾ ਬੂਝੇ, ਆਪਦੇ ਮਿਠੇ ਪੋਚੇ ਸਾਂਭ ਕੇ ਰਖ, ਮੈਨੂੰ ਨ੍ਹੀਂ ਲੋੜ ਹੁਣ, ਮੀਸਣੀਆਂ ਨਾ ਹੋਣ ਤਾਂ, ਦਿਲਾਂ ਦੀਆਂ ਖੋਟੀਆਂ, ਇਹਦੇ ਨਾਲੋਂ ਤਾਂ ਬਾਂਹ ਕਢ ਕੇ ਲੜਨ ਵਾਲੀਆਂ ਹੁੰਦੀਆਂ ਤਾਂ ਚੰਗਾ ਸੀ, ਤੁਸੀਂ!" ਅਜੇ ਜਗਪਾਲ ਕੁਰ ਨੇ ਪਤਾ ਨਹੀਂ ਕਿੰਨਾ ਕੁ ਕੁਝ ਕਹਿਣਾ ਸੀ ਕਿ ਹਰਮੀਤ ਦੀ ਚੰਗੀ ਕਿਸਮਤ ਨੂੰ ਗੋਧਾ ਖੇਤੋਂ ਪਾਣੀ ਲਾ ਕੇ ਮੁੜ ਆਇਆ ਸੀ। ਉਸ ਨੂੰ ਕੰਧੋਲੀ ਕੋਲੋਂ ਵੇਖਦਿਆਂ ਹੀ ਰੋ ਰਹੀ ਹਰਮੀਤ ਨੇ ਵਾਹਰ ਲਾਉਣ ਵਾਂਗ ਕਿਹਾ ਸੀ, "ਆਹ ਵੇਖ ਲੋ, ਫੇਰ ਕਜੀਆ ਪਾਈ ਬੈਠੀ ਐ, ਫੇਰ ਭੈੜੀ ਤਾਂ ਮੈਂ ਈ ਵਜਦੀ ਆਂ ਅਖੇ ਸੌਂਕਣ ਤਾਂ ਆਟੇ ਦੀ ਵੀ ਮਾਣ ਨ੍ਹੀਂ ਹੁੰਦੀ, ਏਦੂੰ ਤਾਂ ਮੈਂ ਬਿਨਾ ਨਿਆਣੇ ਤੋਂ ਈ ਸੌਖੀ ਸੀ, ਕਿਸੇ ਸ਼ਰੀਕਣੀ ਦਾ ਕਾਣ ਤਾਂ ਨਹੀਂ ਸੀ, ਮੇਰਾ ਤਾਂ ਔਂਤਰਾ ਰਬ ਵੈਰੀ ਹੋ ਗਿਆ ਤੇ ਉਤੋਂ!" ਨਿਹੋਰਾ ਅਜੇ ਹਰਮੀਤ ਦੇ ਮੂੰਹ ਵਿਚ ਹੀ ਸੀ ਕਿ ਗੋਧਾ ਕਹੀ ਲੈ ਕੇ ਜਗਪਾਲ ਨੂੰ ਵੱਢਣ ਪੈ ਗਿਆ ਸੀ।

"ਕੁੜੇ ਤੂੰ ਮੁੰਡਾ ਵਰਾ ਨੀ ਕਿਵੇਂ ਹਾਲੋਂ-ਬੇਹਾਲ ਹੋਇਐ ਖੜਾ ਜੁਆਕ ਡਰ ਕੇ," ਬੇਬਸੀ ਜਿਹੀ ਵਿਚ ਹਰਨਾਮ ਕੁਰ ਨੇ ਹਰਮੀਤ ਨੂੰ ਕਿਹਾ। ਉਸ ਦੀਆਂ ਲੱਤਾਂ ਅਜੇ ਵੀ ਕੰਬ ਰਹੀਆਂ ਸਨ ਅਤੇ ਝੂਠੀਆਂ ਹੋ ਗਈਆਂ ਸਨ। ਉਹ ਚੌਂਤਰੇ ਦੇ ਕੋਲ ਹੀ ਲੱਗੇ ਨਿੰਮ ਦੇ ਥੱਲੇ ਮੰਜੇ ਉਤੇ ਬੇਚੈਨ ਜਿਹੇ ਬੈਠੇ ਆਪਣੇ ਘਰ ਵਾਲੇ ਗੁਰਬਖਸ਼ ਸਿਉਂ ਦੀ ਪੈਂਦੇ ਸਿਰ ਫੜ ਕੇ ਜਾ ਬੈਠੀ। ਉਹ ਅਜੇ ਵੀ ਪਛਤਾ ਰਹੀ ਸੀ ਕਿ ਉਸ ਨੇ "ਜਿਨ੍ਹਾਂ ਨੂੰ ਭੋਰਾ ਕਦਰ ਨੀ!" ਵਾਲੀ ਗੱਲ ਕਿਉਂ ਮੂੰਹੋਂ ਕੱਢੀ ਸੀ। ਉਸ ਨਾਲ ਅਕਸਰ ਹੀ ਇਹ ਵਾਪਰ ਜਾਂਦਾ ਸੀ। ਉਹ ਆਪਣੇ ਵਲੋਂ ਸੁਭਾਵਿਕ ਗੱਲ ਕਰਦੀ ਪਰ ਘਰ ਵਿਚ ਬੇਵਿਸ਼ਵਾਸੀ ਦੇ ਮਾਹੌਲ ਕਰਕੇ ਸਾਧਾਰਣ ਗੱਲ ਦੇ ਅਰਥ ਵੀ ਕੀ ਦੇ ਕੀ ਕੱਢ ਲਏ ਜਾਂਦੇ ਅਤੇ ਲੜਾਈ ਭੜਕ ਉਠਦੀ।

ਇਸ ਲੜਾਈ ਨੂੰ ਵੇਖ ਕੇ ਤਾਂ ਕਿਸੇ ਨੂੰ ਯਕੀਨ ਹੀ ਨਹੀਂ ਸੀ ਆਉਂਦਾ ਕਿ ਕਦੇ ਇਸ ਘਰ ਵਿਚ ਵੀ ਇਕਸਾਰ ਵਹਿੰਦੇ ਦਰਿਆ ਵਰਗੀ ਸ਼ਾਂਤੀ ਸੀ। ਇਹ ਤਾਂ ਹੁਣ ਜਿਵੇਂ ਕਿਸੇ ਲੰਘੇ ਯੁਗ ਦੀਆਂ ਗੱਲਾਂ ਲਗਦੀਆਂ ਸਨ।

ਗੁਰਬਖਸ਼ ਸਿਉਂ ਦਾ ਇਕੋ-ਇਕ ਮੁੰਡਾ ਗੋਧਾ ਤਾਂ ਵਾਹੀ ਦੇ ਕੰਮ ਵਿਚ ਹੀ ਉਲਝਿਆ ਰਹਿੰਦਾ। ਜਦੋਂ ਹਰਮੀਤ ਵਿਆਹ ਕੇ ਲਿਆਂਦੀ ਤਾਂ ਉਸ ਨੇ ਮਿਠਾਸ ਵਿਚ ਸਾਰਿਆਂ ਨੂੰ ਹੀ ਮਾਤ ਪਾ ਦਿਤੀ। ਉਸ ਦੇ ਮੂੰਹ ਵਿਚ ਤਾਂ ਜਿਵੇਂ ਬੋਲ ਹੀ ਨਹੀਂ ਸਨ। ਉਚੀ-ਲੰਮੀ, ਗੋਰੀ-ਚਿੱਟੀ ਹਰਮੀਤ ਰੱਜੇ-ਪੁੱਜੇ ਜੱਟਾਂ ਦੇ ਖਾਨਦਾਨ ਵਿਚੋਂ ਆਈ ਸੀ ਅਤੇ ਜੀ ਕਹਿ ਕੇ ਬੁਲਾਉਣ ਦਾ ਸਲੀਕਾ ਆਪਣੇ ਨਾਲ ਹੀ ਲੈ ਕੇ ਆਈ ਸੀ। ਸਿਰਫ ਸਲੀਕਾ ਹੀ ਨਹੀਂ ਦਾਜ ਵਿਚ ਫਰਿਜ, ਕੂਲਰ, ਰੰਗਦਾਰ ਟੀ.ਵੀ., ਸਕੂਟਰ, ਬਿਜਲੀ ਨਾਲ ਚਲਣ ਵਾਲੀ ਮਧਾਣੀ, ਪਰੈਸ ਅਤੇ ਹੋਰ ਬਹੁਤ ਸਾਰਾ ਨਿਕ-ਸੁਕ ਵੀ ਪਰ ਕਦੇ ਉਸ ਦੇ ਚਿਹਰੇ ਉਤੇ ਆਕੜ ਦੀ ਪਰਤ ਕਿਸੇ ਨੇ ਨਹੀਂ ਵੇਖੀ ਸੀ। ਹਰਮੀਤ ਨੇ ਆਪਣੀ ਮਿਠਤ ਨਾਲ ਸਾਰੇ ਟਬਰ ਉਤੇ ਜਿਵੇਂ ਕੁਝ ਧੂੜ ਦਿਤਾ ਸੀ। ਕੋਈ ਵੀ ਉਸ ਦੀ ਗੱਲ ਨਾ ਟਾਲਦਾ। ਉਸ ਨੇ ਪੁਰਾਣੇ ਢੰਗ ਦਾ ਘਰ ਢਾਹ ਕੇ ਆਪਣੇ ਪੇਕਿਆਂ ਦੇ ਡੀਜ਼ਾਈਨ ਦਾ ਘਰ ਪਾਉਣ ਦੀ ਖਾਹਸ਼ ਪ੍ਰਗਟ ਕੀਤੀ ਤਾਂ ਟਬਰ ਨੇ ਝਟ ਮੰਨ ਲਈ। ਉਹ ਆਪ ਵੀ ਕਦੇ ਕਿਸੇ ਗੱਲੋਂ ਪਿਛੇ ਨਹੀਂ ਹਟਦੀ ਸੀ। ਜਦੋਂ ਗੋਧਾ ਕਦੇ ਜ਼ਮੀਨਾਂ ਲੈਣਾ ਦਾ ਸੌਦਾ ਮਾਰ ਲੈਂਦਾ ਅਤੇ ਕੁਝ ਪੈਸੇ ਘਟਦੇ ਦਿਸਦੇ ਤਾਂ ਹਰਮੀਤ ਆਪਦੇ ਪੇਕਿਆਂ ਤੋਂ ਫੜ ਲਿਆਉਂਦੀ। ਹਰਮੀਤ ਤੇ ਗੋਧੇ ਨੂੰ ਇਕਸੁਰ ਵੇਖ ਕੇ ਗੁਰਬਖਸ਼ ਸਿਉਂ ਅਤੇ ਹਰਨਾਮ ਕੁਰ ਦਾ ਅੰਦਰ ਮਾਣ ਨਾਲ ਭਰ ਜਾਂਦਾ। ਉਨ੍ਹਾਂ ਨੇ ਦੋ ਕੁ ਸਾਲਾਂ ਵਿਚ ਹੀ ਸਾਰੀ ਕਬੀਲਦਾਰੀ ਗੋਧੇ ਤੇ ਹਰਮੀਤ ਨੂੰ ਸੰਭਾਲ ਦਿਤੀ। ਗੁਰਬਖਸ਼ ਸਿਉਂ ਜ਼ਮੀਨ ਗੋਧੇ ਦੇ ਨਾਂ ਕਰਵਾ ਕੇ ਬਿਲਕੁਲ ਹੀ ਸੁਰਖਰੂ ਹੋ ਗਿਆ। ਹੁਣ ਉਸ ਨੂੰ ਬੈਂਕਾਂ ਵਿਚੋਂ ਕਰਜ਼ਾ ਵਗੈਰਾ ਲੈਣ ਵਾਸਤੇ ਅੰਗੂਠਾ ਲਾਉਣ ਵੀ ਨਾਲ ਨਾ ਜਾਣਾ ਪੈਂਦਾ। ਬੇਫਿਕਰੀ ਦਾ ਜੀਵਨ ਜਿਉਂ ਰਹੇ ਗੁਰਬਖਸ਼ ਸਿਉਂ ਅਤੇ ਹਰਨਾਮ ਕੁਰ ਅੰਦਰ ਹੌਲੀ-ਹੌਲੀ ਇਕ ਨਿਕੇ ਜਿਹੇ ਫਿਕਰ ਨੇ ਜਨਮ ਲੈਣਾ ਸ਼ੁਰੂ ਕਰ ਦਿਤਾ ਅਤੇ ਦਿਨੋਂ-ਦਿਨ ਇਹ ਵਧਦਾ ਗਿਆ। ਇਹ ਫਿਕਰ ਹਰਮੀਤ ਦੇ ਬੱਚਾ ਨਾ ਹੋਣ ਦਾ ਸੀ। ਹਰਨਾਮ ਕੁਰ ਨੇ ਸਾਧਾਂ ਦੇ ਤਵੀਤਾਂ ਤੋਂ ਲੈ ਕੇ ਪੀ.ਜੀ.ਆਈ. ਹਸਪਤਾਲ ਤਕ ਹਰਮੀਤ ਦਾ ਇਲਾਜ ਕਰਵਾਇਆ ਪਰ ਮਿਹਨਤ ਪੱਲੇ ਨਹੀਂ ਪਈ। ਹਰਨਾਮ ਕੁਰ ਹੋਰਾਂ ਦਾ ਇਹ ਫਿਕਰ ਹੌਲੀ ਹੌਲੀ ਆਂਢ-ਗੁਆਂਢ, ਅੰਗਾਂ-ਸਾਕਾਂ ਅਤੇ ਗੋਧੇ ਕੋਲੋਂ ਹੁੰਦਾ ਹੋਇਆ ਅਖੀਰ ਹਰਮੀਤ ਕੋਲ ਵੀ ਪਹੁੰਚ ਗਿਆ। ਭਾਵੇਂ ਉਭਾਸਰ ਕੇ ਅਜੇ ਕਿਸੇ ਨੇ ਕੁਝ ਵੀ ਨਹੀਂ ਕਿਹਾ ਸੀ ਪਰ ਸਾਰਾ ਟਬਰ ਉਸ ਦਿਨ ਹੈਰਾਨ ਰਹਿ ਗਿਆ ਜਿਸ ਦਿਨ ਹਰਮੀਤ ਨੇ ਆਪਣੀ ਮਾਸੀ ਦੀ ਕੁੜੀ ਜਗਪਾਲ ਦਾ ਗੋਧੇ ਲਈ ਸਾਕ ਲਿਆਉਣ ਦੀ ਗੱਲ ਕਰਕੇ ਇਹ ਫਿਕਰ ਵੀ ਦੂਰ ਕਰ ਦਿਤਾ।



ਹਰਮੀਤ ਦੇ ਜਗਪਾਲ ਦਾ ਸਾਕ ਲਿਆਉਣ ਦੌਰਾਨ ਹੋਈਆਂ ਇਕ ਦੋ ਗੱਲਾਂ ਟੱਬਰ ਨੂੰ ਚੰਗੀਆਂ ਨਾ ਵੀ ਲੱਗੀਆਂ ਪਰ ਉਚਾ ਬੋਲ ਕੇ ਫੇਰ ਵੀ ਕਿਸੇ ਨੇ ਕੁਝ ਨਹੀਂ ਕਿਹਾ। ਵਿਆਹ ਤੋਂ ਪਹਿਲਾਂ ਜਗਪਾਲ ਦੇ ਨਾਂ ਪੰਜ ਕਿਲੇ ਜ਼ਮੀਨ ਲੁਆਉਣ ਵਾਲੀ ਗੱਲ ਹਰਮੀਤ ਆਪਣੇ ਵਲੋਂ ਆਪਣੇ ਮਾਸੜ ਨੂੰ ਕਹਿ ਆਈ ਸੀ, ਇਹ ਗੱਲ ਗੋਧੇ ਨੂੰ ਚੰਗੀ ਨਾ ਲਗੀ। ਪਰ ਗੋਧਾ ਚੁਪ ਰਿਹਾ ਕਿਉਂਕਿ ਹਰਮੀਤ ਦੇ ਪੇਕਿਆਂ ਦੀ ਮਦਦ ਨਾਲ ਉਹ ਪੰਦਰਾਂ ਕਿਲੇ ਬੈਅ ਖਰੀਦ ਚੁਕਾ ਸੀ। ਜਗਪਾਲ ਦਾ ਰੰਗ ਪੱਕਾ ਅਤੇ ਕਦ ਮਧਰਾ ਸੀ, ਉਹ ਧੀ ਵੀ ਝੁੜ੍ਹਾਂ ਮਾਰੇ ਪਿਓ ਦੀ ਸੀ, ਇਹ ਗੱਲ ਹਰਨਾਮ ਕੁਰ ਤੇ ਗੋਧੇ ਦੋਹਾਂ ਨੂੰ ਚੰਗੀ ਨਹੀਂ ਲਗੀ ਸੀ ਪਰ ਉਹ ਹਰਮੀਤ ਦੀ ਪਸੰਦ ਕਰਕੇ ਬੋਲੇ ਨਹੀਂ ਸਨ। ਇਸ ਕਰਕੇ ਪਰਿਵਾਰ ਦੇ ਇਕਸਾਰ ਵਹਿੰਦੇ ਦਰਿਆ ਵਿਚ ਕੋਈ ਛੱਲ ਨਹੀਂ ਉਠੀ ਸੀ।

ਜਗਪਾਲ ਨੂੰ ਵਿਆਹ ਕੇ ਲਿਆਉਣ ਤੋਂ ਇਕ ਸਾਲ ਬਾਅਦ ਤਕ ਵੀ ਇਹ ਇਕਸਾਰ ਵਹਿੰਦਾ ਦਰਿਆ ਆਪਣੀ ਤੋਰੇ ਵਗਦਾ ਰਿਹਾ ਸੀ।

ਜਗਪਾਲ ਜਦੋਂ ਵਿਆਹੀ ਆਈ ਸੀ ਤਾਂ ਕੁਝ ਦਿਨ ਉਸ ਨੂੰ ਓਪਰਾ ਓਪਰਾ ਲਗਦਾ ਰਿਹਾ ਸੀ। ਗੋਧੇ ਕੇ ਲੰਮੇ ਕੱਦਾਂ ਅਤੇ ਗੋਰੇ ਰੰਗ ਵਾਲੇ ਟੱਬਰ ਵਿਚ ਜਿਵੇਂ ਉਹ ਰਲਦੀ ਹੀ ਨਹੀਂ ਸੀ ਪਰ ਵਿਆਹ ਤੋਂ ਮਹੀਨਾ ਕੁ ਪਿਛੋਂ ਹੀ ਹਰਮੀਤ ਦੇ ਪੇਕੇ ਜਾਣ ਨਾਲ ਜਦੋਂ ਉਸ ਦੇ ਸਿਰ ਘਰ ਦੀ ਪੂਰੀ ਕਬੀਲਦਾਰੀ ਆ ਪਈ ਸੀ ਤਾਂ ਉਸ ਨੂੰ ਇਹੋ ਜਿਹੀਆਂ ਵਾਧੂ ਗੱਲਾਂ ਸੋਚਣ ਦਾ ਮੌਕਾ ਹੀ ਨਾ ਮਿਲਦਾ। ਜਦੋਂ ਘਰੇ ਆਈ ਕਿਸੇ ਗਵਾਂਢਣ ਕੋਲ ਹਰਨਾਮ ਕੁਰ, ਜਗਪਾਲ ਨੂੰ ਵਡਿਆ ਰਹੀ ਹੁੰਦੀ ਤਾਂ ਜਗਪਾਲ ਦੇ ਸਾਰੇ ਸੰਸੇ ਰੂੜ੍ਹ ਦੇ ਮੀਂਹ ਵਿਚ ਰੁੜ੍ਹਦੇ ਕਖ-ਕਾਨੇ ਵਾਂਗ ਹੀ ਵਹਿ ਜਾਂਦੇ। ਹਰਨਾਮ ਕੁਰ ਆਖਦੀ, "ਭੈਣੇ ਸਾਨੂੰ ਤਾਂ ਬਸ ਜਗਪਾਲ ਕੁਰ ਵਰਗੀ ਦੂਹਰੇ ਬੰਦ ਦੀ ਬਹੂ ਚਾਹੀਦੀ ਸੀ ਤੇ ਰਬ ਨੇ ਦੇ'ਤੀ, ਇਕੱਲੀ ਕੰਮ ਨੂੰ ਮੂਹਰੇ ਲਾਈ ਫਿਰਦੀ ਐ, ਇਹ ਕੋਈ ਚੁਗਲੀ ਨ੍ਹੀਂ ਪਰ ਸਾਡੀ ਹਰਮੀਤ ਤਾਂ ਬਾਅਲੀ ਪੋਲੀ ਪਲੀ ਐ, ਕੋਹੜੀ ਤੋਂ ਦੋ ਦਿਹਾੜੀਆਂ ਦੀ ਰੋਟੀ ਕਿਹੜਾ ਪਕਦੀ ਐ, ਓਹ ਤਾਂ ਸ਼ਹਿਰ ਵਿਚ ਵਿਆਹੁਣ ਵਾਲੀ ਸੀ ਤੇ ਵਿਆਹ 'ਤੀ ਹਮਾਤੜ ਵਾਹੀਵਾਨਾਂ ਦੇ, ਹਾਂ, ਸੁਖ ਨਾਲ ਮਿਠੀ ਬਥੇਰੀ ਐ।"

ਹਰਨਾਮ ਕੁਰ ਦੀਆਂ ਸਾਰਾ ਦਿਨ ਕੀਤੀਆਂ ਵਡਿਆਈਆਂ ਨਾਲ ਜਗਪਾਲ ਨੂੰ ਆਪਣਾ-ਆਪਾ ਚੰਗਾ-ਚੰਗਾ ਲੱਗਣ ਲੱਗ ਪਿਆ। ਉਹ ਘਰ ਵਿਚ ਰਚਮਿਚ ਗਈ। ਹਰਮੀਤ ਦੇ ਪੇਕੀਂ ਗਈ ਹੋਣ ਕਾਰਨ ਉਸ ਨੂੰ ਇਹ ਅਹਿਸਾਸ ਵੀ ਨਾ ਹੁੰਦਾ ਕਿ ਉਹ ਗੋਧੇ ਦੀ ਦੂਜੀ ਪਤਨੀ ਹੈ ਅਤੇ ਗੋਧਾ ਉਸ ਤੋਂ ਦੁਗਣੀ ਉਮਰ ਦਾ ਹੈ।

ਵਿਆਹ ਤੋਂ ਦੋ ਕੁ ਮਹੀਨੇ ਪਿਛੋਂ ਜਗਪਾਲ ਨੇ ਗਰਭ ਠਹਿਰਨ ਦੀ ਗੱਲ ਹਰਨਾਮ ਕੁਰ ਨੂੰ ਦਸੀ। ਇਸ ਨਾਲ ਘਰ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਘਰ ਦਾ ਮਾਹੌਲ ਹੋਰ ਵੀ ਸੁਖਾਵਾਂ ਹੋ ਗਿਆ। ਟੱਬਰ ਜਗਪਾਲ ਨੂੰ ਇਉਂ ਸਾਂਭ ਸਾਂਭ ਰਖਦਾ ਜਿਵੇਂ ਉਹ ਕੱਚ ਦਾ ਸਾਮਾਨ ਹੋਵੇ। ਹਰਨਾਮ ਕੁਰ ਨੇ ਉਸ ਨੂੰ ਨਲਕਾ ਗੇੜਨ ਤੋਂ ਉਕਾ ਹੀ ਰੋਕ ਦਿਤਾ। ਜੇ ਕਿਤੇ ਗੋਹੇ-ਕੂੜੇ ਵਾਲੀ ਸੀਰਨ ਟੋਕਰੀ ਚੁਕਾਉਣ ਵਾਸਤੇ ਆਵਾਜ਼ ਮਾਰਦੀ ਤਾਂ ਹਰਨਾਮ ਕੁਰ ਆਪ ਜਾਂਦੀ ਅਤੇ ਜਗਪਾਲ ਨੂੰ ਨਾ ਜਾਣ ਦਿੰਦੀ। ਹਰਮੀਤ ਵੀ ਇਹ ਖਬਰ ਸੁਣ ਕੇ ਸਹੁਰੀਂ ਆ ਗਈ ਪਰ ਦਸ ਕੁ ਦਿਨ ਰਹਿ ਕੇ ਫੇਰ ਚਲੀ ਗਈ। ਸਾਰੇ ਔਖੇ-ਭਾਰੇ ਕੰਮ ਹਰਨਾਮ ਕੁਰ ਜਾਂ ਤਾਂ ਆਪ ਕਰਦੀ ਤੇ ਜਾਂ ਕੰਮ ਵਾਲੀ ਤੋਂ ਕਰਵਾ ਲੈਂਦੀ। ਜਗਪਾਲ ਕੁਰ ਨੂੰ ਉਹ ਘਟ ਹੀ ਹਥ ਹਿਲਾਉਣ ਦਿੰਦੀ। ਜਗਪਾਲ ਦੇ ਖਾਣ-ਪੀਣ ਦਾ ਖਿਆਲ ਵੀ ਹਰਨਾਮ ਕੁਰ ਆਪ ਰੱਖਦੀ। ਗੋਧਾ ਵੀ ਜਗਪਾਲ ਨਾਲ ਨਿਕੀਆਂ ਨਿਕੀਆਂ ਸਲਾਹਾਂ ਕਰਦਾ ਰਹਿੰਦਾ ਪਰ ਪੂਰਾ ਕਦੇ ਨਾ ਖੁਲ੍ਹਦਾ। ਜਗਪਾਲ ਨੂੰ ਵੀ ਉਸ ਕੋਲ ਕੁਝ ਸੰਕੋਚ ਹੁੰਦਾ। ਉਸ ਨੂੰ ਜਾਪਦਾ ਸ਼ਾਇਦ ਇਹ ਉਮਰ ਦੇ ਫਰਕ ਕਰਕੇ ਹੈ।

ਖੁਸ਼ੀ ਦੀ ਇੰਤਹਾ ਦੇ ਇਨ੍ਹਾਂ ਦਿਨਾਂ ਵਿਚ ਹੀ ਜਗਪਾਲ ਕੁਰ ਦੀ ਖੁਸ਼ੀ ਨੂੰ ਸ਼ੱਕ ਦੀ ਨਿਕੀ ਜਿਹੀ ਚੂਹੀ ਨੇ ਕੁਤਰਨਾ ਸ਼ੁਰੂ ਕਰ ਦਿਤਾ। ਇਹ ਸ਼ੱਕ ਉਸ ਨੂੰ ਉਨ੍ਹਾਂ ਦੀ ਗੁਆਂਢਣ ਬੁੜੀ ਨੇ ਪਾਇਆ ਸੀ। ਉਸ ਨੇ ਦਸਿਆ ਸੀ ਕਿ ਜਗਪਾਲ ਦੇ ਨਾਂ ਕਰਵਾਈ ਗਈ ਜ਼ਮੀਨ ਬਰਾਨੀ ਸੀ। ਉਸ ਵਿਚ ਤਾਂ ਬੂਈਆਂ, ਲੇਹਾ ਅਤੇ ਅਕ ਹੀ ਉਗਦੇ ਸਨ, ਹੋਰ ਕੁਝ ਵੀ ਨਹੀਂ। ਜਗਪਾਲ ਉਨ੍ਹਾਂ ਦਿਨ੍ਹਾਂ ਵਿਚ ਖੁਸ਼ੀ ਦੀ ਐਨੀ ਲੋਰ ਵਿਚ ਸੀ ਕਿ ਉਸ ਨੇ ਗੁਆਂਢਣ ਦੀ ਗੱਲ ਇਹ ਕਹਿ ਕੇ ਅਣਗੌਲੀ ਕਰ ਦਿਤੀ ਸੀ, "ਚਲੋ ਮਾਂ ਜੀ ਆਪਾਂ ਕਿਹੜਾ ਖੇਤੀ ਕਰਨੀ ਐਂ ਭਾਵੇਂ ਬਰਾਨੀ ਹੋਵੇ ਭਾਵੇਂ ਰੇਜ਼, ਇਹ ਤਾਂ ਬੰਦਿਆਂ ਦਾ ਕੰਮ ਐ ਤੇ ਉਹੀ ਜਾਣਨ, ਨਾਲੇ ਬੰਦੀਂ ਸੁਖ ਚਾਹੀਦੀ ਐ ਹੋਰ ਤੀਵੀਂ ਨੇ ਜ਼ਮੀਨਾਂ ਵਿਚੋਂ ਕੀ ਕਢਣਾ-ਪਾਉਣਾ ਹੁੰਦੈ, ਬੰਦੇ ਦੀ ਨਿਗਾਹ ਸਿਧੀ ਚਾਹੀਦੀ ਐ, ਤੀਵੀਂ ਰੋਟੀ ਵੰਨੀਓਂ ਨ੍ਹੀਂ ਮਰਦੀ ਭੁਖੀ।"

ਉਦੋਂ ਤਾਂ ਜਗਪਾਲ ਨੇ ਲਾਪ੍ਰਵਾਹੀ ਨਾਲ ਇਹ ਕਹਿ ਦਿਤਾ ਪਰ ਇਹ ਗੱਲ ਉਸ ਦੇ ਮਨ ਵਿਚੋਂ ਨਿਕਲ ਨਾ ਸਕੀ। ਉਹ ਸੋਚਦੀ, "ਇਨ੍ਹਾਂ ਨੂੰ ਇਉਂ ਗੱਲ ਲੁਕਾਉਣ ਦੀ ਕੀ ਲੋੜ ਸੀ, ਮੈਂ ਕੋਈ ਬਿਗਾਨੀ ਤਾਂ ਨ੍ਹੀਂ ਸੀ, ਕਿਤੇ ਇਨ੍ਹਾਂ ਦੇ ਮਨ ਵਿਚ ਕੋਈ!" ਇਹ ਸੋਚ-ਸੋਚ ਉਹ ਬੇਚੈਨ ਜਿਹੀ ਰਹਿਣ ਲੱਗ ਪਈ। ਆਖਿਰ ਉਸ ਨੇ ਇਕ ਰਾਤ ਗੋਧੇ ਤੋਂ ਪੁਛ ਹੀ ਲਿਆ, "ਮੇਰੇ ਵਾਲੀ ਪੈਲੀ ਸਾਰੀ ਬਰਾਨੀ ਐਂ ਕਿ ਵਹਿਕ ਵੀ ਐ ਭਲਾਂ।" ਉਸ ਨੇ ਨਾਲ ਪਏ ਗੋਧੇ ਦੇ ਭਾਰੇ ਮੋਢਿਆਂ ਥਲਿਓਂ ਆਪਣੀ ਸੌਂ ਗਈ ਬਾਂਹ ਖਿਚਦਿਆਂ ਪੁਛਿਆ। "ਮੇਰੇ ਵਾਲੀ ਪੈਲੀ" ਦਾ ਬੋਲ ਜਿਵੇਂ ਗੋਧੇ ਦੇ ਤੀਰ ਵਾਂਗ ਵਜਿਆ। ਉਸ ਨੇ ਪਾਸਾ ਲੈ ਕੇ ਥੋੜ੍ਹੀ ਵਿਥ ਉਤੇ ਹੁੰਦਿਆਂ ਕਿਹਾ, "ਅੱਜ-ਕਲ੍ਹ ਕਿਥੇ ਰਹਿ'ਗੀਆਂ ਬਰਾਨੀਆਂ, ਅਗਲਾ ਟਿਬੇ ਦੀ ਟੀਸੀ ਉਤੇ ਕਰਕੇ ਟਿਊਬਵੈਲ

ਲਾ ਲੈਂਦੈ ਤੇ ਸਾਲ ਵਿਚ ਵਹਿਕ ਬਣ ਜਾਂਦੀ ਐ।"

"ਫੇਰ ਵੀ ਰੇਜ਼ ਤਾਂ ਰੇਜ਼ ਹੀ ਹੁੰਦੀ ਐ ਤੇ ਬਰਾਨੀ, ਬਰਾਨੀ ਹੁੰਦੈ ਐ," ਜਗਪਾਲ ਨੇ ਗੋਧੇ ਦੀ ਗੋਲ-ਮੋਲ ਗੱਲ ਦੀ ਰਮਜ਼ ਭਾਪਦਿਆਂ ਆਖਿਆ।

"ਲੈ ਤੂੰ ਰੇਜ਼ ਦੀ ਸੁਣ ਲੈ, ਐਧਰ ਨਹਿਰ ਵੰਨੀਂ ਆਪਣੀ ਸੱਤ ਕਿੱਲੇ ਝੋਟੇ ਦੇ ਸਿਰ ਵਰਗੀ ਭੋਏਂ ਸੀ, ਪਿਛਲੇ ਸਾਲ ਉਹਦੇ ਥੱਲੇ ਦੀ ਐਸੀ ਕੋਈ ਸੇਮ ਦੀ ਧਾਰ ਲੰਘੀ ਕਿ ਹੁਣ ਉਥੇ ਖੱਬਲ ਦੀ ਤਿੜ ਵੀ ਨ੍ਹੀਂ ਹੁੰਦੀ, ਨਿਰਾ ਕੱਲਰ ਬਣੀ ਪਈ ਐ, ਚੱਲ ਜੇ ਤੈਨੂੰ ਰੇਜ਼ ਦਾ ਚਾਅ ਐ ਤਾਂ ਤੂੰ ਉਹ ਲੈ ਲੈ ਨਹਿਰ ਵਾਲੀ।"

"ਮੈਂ ਉਹ ਬੰਜਰ ਹੋਈ ਵੀ ਕੀ ਕਰਨੀ ਐ।"

"ਚੱਲ ਜੇ ਉਹ ਨ੍ਹੀਂ ਲੈਣੀ ਤਾਂ ਆਹ ਗਵਾਂਢੀਆਂ ਦੇ ਬਿੰਦਰ ਨਾਲ ਵਟਾ ਲੈਨੇ ਆਂ, ਅਜੇ ਕੱਲ੍ਹ ਈ ਪੁੱਛਦਾ ਸੀ, ਇਕ ਲੱਖ ਕਿੱਲੇ ਦੇ ਹਿਸਾਬ ਨਾਲ ਵਾਧਾ ਮੰਗਦੈ, ਦੇ ਦੇਂਗੀ ਪੰਜ ਲੱਖ।"

"ਲੈ ਭਲਾ ਮੇਰੇ ਕੋਲ ਕਿਥੋਂ ਆਏ ਡਾਲੇ।"

"ਚਲ ਮੈਂ ਦੇ ਦੂੰ, ਕੁਸ਼ ਨਾ ਕੁਸ਼ ਹਰਮੀਤ ਨੂੰ ਖੇਚਲ ਦੇ ਦਿਆਂਗੇ, ਤੂੰ ਮੈਨੂੰ ਮੁਖਤਾਰਨਾਮਾ ਦੇ ਦੀਂ, ਬਾਕੀ ਰਿਹਾ ਮੇਰਾ ਕੰਮ।"

ਵਟਾਂਦਰੇ ਦੀ ਜਿਹੜੀ ਗੱਲ ਗੋਧਾ ਆਪ ਕਰ ਰਿਹਾ ਸੀ, ਇਹੋ ਗੱਲ ਜਦ ਬਿੰਦਰ ਨੇ ਕੀਤੀ ਸੀ ਤਾਂ ਉਹ ਲੜਨ ਉਤੇ ਉਤਾਰੂ ਹੋ ਗਿਆ ਸੀ। ਗੋਧਾ, ਬਿੰਦਰ ਹੋਰਾਂ ਨਾਲ ਬੈਠਾ ਤਾਸ਼ ਦੀ ਬਾਜ਼ੀ ਲਾ ਰਿਹਾ ਸੀ ਕਿ ਬਿੰਦਰ ਨੇ ਗੱਲ ਛੇੜ ਲਈ ਸੀ, "ਬਾਈ ਗੋਧਿਆ ਸੁਣਿਐ ਤੁਸੀਂ ਬਰਾਨੀ ਵੇਚਣ ਨੂੰ ਫਿਰਦੇ ਆਂ, ਦਸ ਤੈਥੋਂ ਪੁਛੀਏ ਕਿ ਭਰਜਾਈ ਨਾਲ ਗੱਲ ਕਰੀਏ ਸੌਦਾ ਮਾਰਨ ਵਾਸਤੇ।"

"ਕਿਉਂ ਤੇਰੀ ਭਰਜਾਈ ਕੀ ਮੈਥੋਂ ਨਾਬਰ ਐ, ਤੂੰ ਮੇਰੇ ਨਾਲ ਗੱਲ ਕਰ ਜਿਹੜੀ ਕਰਨੀ ਐ।"

"ਫੇਰ ਵੀ ਬਾਈ ਮਾਲਕ ਤਾਂ ਹੁਣ ਉਹ ਈ ਐ ਓਸ ਟੱਕ ਦੀ," ਬਿੰਦਰ ਨੇ ਮੁੱਛਾਂ ਵਿਚੋਂ ਨਿੰਮਾ ਜਿਹਾ ਹੱਸਦਿਆਂ ਕਿਹਾ। ਗੋਧੇ ਨੂੰ ਬਿੰਦਰ ਦੀ ਚੁੱਭਵੀਂ ਗੱਲ ਉਤੇ ਹਰਖ ਆ ਗਿਆ। ਇਸ ਲਈ ਉਸ ਨੇ ਕੋਰਾ ਜਵਾਬ ਦਿੰਦਿਆਂ ਕਿਹਾ, "ਅਸੀਂ ਨ੍ਹੀਂ ਵੇਚਣੀ ਤੁਸੀਂ ਕੋਈ ਹੋਰ ਘਰ ਭਾਲੋ।"

"ਇਹ ਤਾਂ ਭਾਈ ਥੋਡੀ ਚੀਜ਼ ਐ, ਵੇਚ ਭਾਵੇਂ ਨਾ ਵੇਚ, ਮੈਂ ਤਾਂ ਇਉਂ ਸੋਚਦਾਂ ਬਈ ਤੂੰ ਕੱਲਾ-ਕੈਹਰਾ ਬੰਦਾ ਹੈਗਾਂ, ਤੈਥੋਂ ਬਰਾਨੀ ਸੰਭਾਲੀ ਨ੍ਹੀਂ ਜਾਣੀ ਤੇ ਅਸੀਂ ਪੰਜੇ ਭਾਈ ਵਿਹਲੇ ਆਂ, ਅਸੀਂ ਤਾਂ ਲੱਗ ਪਈਏ ਤਾਂ ਆਥਣ ਨੂੰ ਬੁੱਕਾਂ ਨਾਲ ਝੱਟ-ਝੱਟ ਕੇ ਸੂਰਜ ਤੇ ਪਾਣੀ ਚੜ੍ਹਾ ਦੀਏ ਭਾਵੇਂ, ਚੱਲ ਵੇਚਣੀ ਨ੍ਹੀਂ ਤਾਂ ਵਟਾਂਦਰਾ ਕਰ ਲੈ," ਬਿੰਦਰ ਨੇ ਆਖਰੀ ਚਾਰਾ ਮਾਰਿਆ ਪਰ ਗੋਧਾ ਨਾ ਮੰਨਿਆ। ਤਾਸ਼ ਦੀ ਢਾਣੀ ਵਿਚੋਂ ਗੋਧਾ ਛੇਤੀ ਹੀ ਉਠ ਕੇ ਆ ਗਿਆ ਪਰ ਜਦੋਂ ਉਸ ਨੇ ਘਰ ਆ ਕੇ ਬਿੰਦਰ ਦੀ ਗੱਲ ਬਾਰੇ ਦੁਬਾਰਾ ਸੋਚਿਆ ਤਾਂ ਇਕ ਨਵੇਂ ਖਿਆਲ ਨਾਲ ਉਸ ਦਾ ਚਿਹਰਾ ਖਿੜ ਉਠਿਆ। ਉਸ ਨੇ ਵਟਾਂਦਰੇ ਦੀ ਗੱਲ ਅੰਦਰੋਂ-ਅੰਦਰੀ ਸਵੀਕਾਰ ਕਰ ਲਈ। ਜਗਪਾਲ ਨੇ ਆਪ ਹੀ ਜ਼ਮੀਨ ਦੀ ਗੱਲ ਕਰਕੇ ਗੋਧੇ ਦਾ ਕੰਮ ਸੁਖਾਲਾ ਕਰ ਦਿੱਤਾ।

ਗੋਧੇ ਦੀਆਂ ਗੱਲਾਂ ਸੁਣ ਕੇ ਜਗਪਾਲ ਦਾ ਮਨ ਟਿਕਾਣੇ ਆ ਗਿਆ। ਉਹ ਖੁਸ਼ੀ ਨਾਲ ਭਰੀ-ਭਕੁੰਨੀ ਜਣੇਪਾ ਕਟਣ ਪੇਕੀਂ ਗਈ ਅਤੇ ਉਸੇ ਟਹਿਕ ਨਾਲ ਸਵਾ ਮਹੀਨੇ ਦਾ ਮੁੰਡਾ ਲੈ ਕੇ ਮੁੜੀ। ਜਣੇਪੇ ਵੇਲੇ ਉਸ ਦੇ ਮੂੰਹ ਉਤੇ ਪਈਆਂ ਸਿਆਹੀਆਂ ਦੀ ਕਲਤਣ ਨਾਲ ਉਸ ਦਾ ਰੰਗ ਭਾਵੇਂ ਕੁਝ ਵਧੇਰੇ ਪੱਕਾ ਲੱਗਣ ਲੱਗ ਪਿਆ ਸੀ ਪਰ ਪੰਜ ਕਿੱਲੋ ਘਿਓ ਦੀ ਪੰਜੀਰੀ ਖਾ ਕੇ ਉਸ ਦੀਆਂ ਗੱਲ੍ਹਾਂ ਉਤੇ ਉਭਾਰ ਜਿਹੇ ਆ ਗਏ ਸਨ। ਉਹ ਹਸਦੀ ਤਾਂ ਇਹ ਉਭਾਰ ਇਉਂ ਲਗਦੇ ਜਿਵੇਂ ਨਰਮੇ ਦਾ ਉਗ ਰਿਹਾ ਬੂਟਾ ਆਪਣੇ ਚੌੜੇ ਪੱਤੇ ਨਾਲ ਭੁਰਭਰੀ ਮਿਠੀ ਰੂੰ ਸਿਰ ਉਤੇ ਚੁਕੀ ਖੜ੍ਹਾ ਹੋਵੇ।

ਮੁੰਡੇ ਦੀ ਖੁਸ਼ੀ ਵਿਚ ਅਖੰਡ ਪਾਠ ਕਰਾਉਣ ਤਕ ਜਗਪਾਲ ਕਿਸੇ ਅਧ-ਅਸਮਾਨ ਵਿਚ ਉਡਦੀ ਪਤੰਗ ਵਾਂਗ ਖੁਸ਼ੀ ਵਿਚ ਤਾਰੀਆਂ ਲਾਉਂਦੀ ਰਹੀ ਪਰ ਅਚਾਨਕ ਜਿਵੇਂ ਉਡਦੀ ਪਤੰਗ ਦਾ ਧਾਗਾ ਵਢਿਆ ਗਿਆ ਹੋਵੇ ਅਤੇ ਉਹ ਗੋਤੇ ਖਾਂਦੀ ਧਰਤੀ ਵਲ ਆ ਰਹੀ ਹੋਵੇ, ਕੁਝ ਇਹੋ ਜਿਹਾ ਅਹਿਸਾਸ ਜਗਪਾਲ ਨੂੰ ਉਸ ਵੇਲੇ ਹੋਣ ਲੱਗਾ ਜਦੋਂ ਉਸ ਦੀ ਸੱਸ ਹਰਨਾਮ ਕੌਰ ਨੇ ਪੁਛਿਆ, "ਜਗਪਾਲ ਕੁਰੇ ਤੇਰੇ ਪੇਕੀਂ ਕੋਈ ਸ਼ੂਸ਼ਕ ਬਾਰੇ ਗੱਲ ਹੋਈ ਸੀ ਕਿ ਘਰੋਂ ਈ ਵਿਛਾਈਏ?" ਇਹ ਸੁਣ ਕੇ ਜਗਪਾਲ ਨੂੰ ਹੈਰਾਨੀ ਹੋਈ। ਉਸ ਨੇ ਸੋਚਿਆ ਜਿਹੜੇ ਵਿਆਹ ਸਮੇਂ ਆਪਣੇ ਤਿੰਨੇ ਲੀੜੇ ਪਾ ਕੇ ਲਿਆਉਣ ਦੀਆਂ ਗੱਲਾਂ ਕਰਦੇ ਸਨ, ਉਹੀ ਹੁਣ ਸ਼ੂਸ਼ਕ ਦੀਆਂ ਗੱਲਾਂ ਕਰਦੇ ਹਨ।

"ਨਹੀਂ ਬੇਬੇ ਉਥੇ ਤਾਂ ਕੋਈ ਗੱਲ ਨ੍ਹੀਂ ਹੋਈ। ਉਸ ਨੇ ਨਿਝੱਕ ਕਹਿ ਦਿੱਤਾ।

"ਚਲੋ ਛੱਡੋ ਪਰ੍ਹੇ ਕਿਹੋ ਜੀਆਂ ਗੱਲਾਂ ਕਰਨ ਲੱਗ ਪਈਆਂ ਤੁਸੀਂ, ਸ਼ੂਸ਼ਕ ਤਾਂ ਮੈਂ ਕਦੋਂ ਦੀ ਤਿਆਰ ਕਰੀ ਬੈਠੀ ਆਂ," ਕੋਲ ਖੜ੍ਹੀ ਹਰਮੀਤ ਨੇ ਗੱਲ ਨੂੰ ਨਵਾਂ ਮੋੜ ਦਿੰਦਿਆਂ ਕਿਹਾ।

ਸੱਚਮੁਚ ਹੀ ਹਰਮੀਤ ਨੇ ਗੁੱਝਾ-ਗੁੱਝਾ ਸਾਰਾ ਕੁਝ ਤਿਆਰ ਕੀਤਾ ਹੋਇਆ ਸੀ। ਉਸ ਨੇ ਜਗਪਾਲ ਨੂੰ ਆਪਣੀਆਂ ਪੇਟੀਆਂ ਕੋਲ ਪਏ ਪਲੰਘ ਉਤੇ ਬਿਠਾ ਲਿਆ ਤੇ ਉਸ ਦੇ ਦੁਆਲੇ ਖੇਸਾਂ, ਕੰਬਲਾਂ ਤੇ ਸੂਟਾਂ ਦੇ ਢੇਰ ਲਾ ਦਿਤੇ। ਕਪੜਿਆਂ ਦੇ ਕਿਲੇ ਵਿਚ ਘਿਰੀ ਬੈਠੀ ਜਗਪਾਲ ਨੂੰ ਸਮਝ ਨਾ ਆਈ ਕਿ ਹਰਮੀਤ ਇਹ ਕਪੜੇ ਉਸ ਦੀ ਮਾਸੀ ਦੀ ਧੀ ਬਣ ਕੇ ਉਸ ਨੂੰ ਨਮੋਸ਼ੀ ਤੋਂ ਬਚਾਉਣ ਲਈ ਦੇ ਰਹੀ ਸੀ ਕਿ ਸੌਂਕਣ ਬਣ ਕੇ ਨੱਕ ਵਢਣ ਲਈ। ਇਹ ਸੋਚਦੀ ਉਹ ਚੁਪ-ਚਾਪ ਬੈਠੀ ਰਹੀ। ਹਰਮੀਤ ਨੇ ਮੁੰਡੇ ਲਈ ਇਕ ਸੋਨੇ ਦਾ ਕੜਾ, ਇਕ ਚੈਨੀ, ਚਾਂਦੀ ਦੇ ਸਗਲੇ ਅਤੇ ਸੁੱਚੇ ਨਗਾਂ ਵਾਲੀਆਂ ਪਹੁੰਚੀਆਂ ਬਣਵਾਈਆਂ ਸਨ। ਇਸ ਸਭ ਕੁਝ ਦਾ ਹਰਨਾਮ ਕੁਰ ਨੂੰ ਪਹਿਲੀ ਵਾਰੀ ਪਤਾ ਲਗਿਆ ਸੀ।

ਸ਼ੂਸ਼ਕ ਵਿਛਾਉਣ ਵਾਲੇ ਦਿਨ ਹਰਮੀਤ ਨੇ ਆਪ ਖਰੀਦ ਕੇ ਲਿਆਂਦੇ ਖਰਗੋਸ਼ ਦੀ ਫਰ ਵਾਲਾ ਸੂਟ ਤੇ ਟੋਪੀ ਮੁੰਡੇ ਦੇ ਪਾਏ। ਉਸ ਨੂੰ ਚੁਕ ਕੇ ਬੁੜੀਆਂ ਨੂੰ ਵਿਖਾਉਂਦੀ ਫਿਰਦੀ ਹਰਮੀਤ ਨੂੰ ਜਗਪਾਲ ਨੇ ਹਾਸੇ ਨਾਲ ਕਿਹਾ, "ਭੈਣ ਮੁੰਡਾ ਤਾਂ ਵਿਚ ਦਿਸਦਾ ਨ੍ਹੀਂ ਤੇਰੇ ਸੂਟ-ਟੋਪੀਆਂ ਈ ਦਿਸਦੇ ਐ 'ਕੱਲੇ।"

"ਹੋਰ ਪਈ ਸਾਰਾ ਵਿਖਾ ਕੇ ਨਜ਼ਰ ਤਾਂ ਨ੍ਹੀਂ ਲੁਆਉਣੀ, ਮੈਂ ਆਪਣੇ ਗੋਭਲੇ ਜਿਹੇ ਨੂੰ।" ਹਰਮੀਤ ਦੇ ਬੋਲੇ "ਆਪਣੇ" ਸ਼ਬਦ ਤੋਂ ਜਗਪਾਲ ਨੂੰ ਇਉਂ ਲਗਿਆ ਜਿਵੇਂ ਮੁੰਡਾ ਸੱਚੀਂ ਮੁੱਚੀਂ ਹਰਮੀਤ ਦਾ ਹੀ ਹੋਵੇ, ਉਸੇ ਵਰਗਾ ਗੋਰਾ ਰੰਗ ਤੇ ਗੋਧੇ ਵਰਗੇ ਖੁੱਲ੍ਹੇ ਹੱਡ-ਪੈਰ। ਨੱਕ ਤਾਂ ਮੂਲੋਂ ਹੀ ਹਰਮੀਤ ਵਾਂਗ ਤਿੱਖਾ ਸੀ। ਜਗਪਾਲ ਨੂੰ ਅੰਦਰੋ-ਅੰਦਰੀ ਇਹ ਸੋਚ ਕੇ ਖੁਸ਼ੀ ਹੋਈ ਕਿ ਮੁੰਡੇ ਦਾ ਰੰਗ ਉਸ ਵਾਂਗ ਪੱਕਾ ਨਹੀਂ ਸੀ ਪਰ ਨਾਲ ਹੀ ਮੁੰਡਾ ਕੁਝ ਓਪਰਾ ਜਿਹਾ ਲਗਿਆ।

ਉਸ ਦਿਨ ਤੋਂ ਪਿਛੋਂ ਮੁੰਡਾ ਸਾਰਾ ਦਿਨ ਹਰਮੀਤ ਕੋਲ ਹੀ ਰਹਿੰਦਾ। ਸਿਰਫ ਦੁਧ ਚੁੰਘਾਉਣ ਵੇਲੇ ਹੀ ਉਹ ਜਗਪਾਲ ਕੋਲ ਹੁੰਦਾ, ਨਹੀਂ ਤਾਂ ਹਰਮੀਤ ਹੀ ਉਸ ਨੂੰ ਨਹਾਉਂਦੀ, ਕਪੜੇ ਪਾਉਂਦੀ ਅਤੇ ਖਿਡਾਉਂਦੀ। ਹਰਮੀਤ ਦੀ ਹਿਕ ਉਤੇ ਪਿਆ ਹੀ ਮੁੰਡਾ ਸੌਂ ਜਾਂਦਾ ਅਤੇ ਸੁਤੇ ਨੂੰ ਉਹ ਜਗਪਾਲ ਨਾਲ ਪਾ ਆਉਂਦੀ। ਸਵੇਰੇ ਉਠਦੇ ਨੂੰ ਹੀ ਫੇਰ ਚੁਕ ਲੈਂਦੀ। ਜੇ ਜਗਪਾਲ ਕਿਤੇ ਮੁੰਡੇ ਨੂੰ ਨੁਹਾਉਣ ਲੱਗ ਪੈਂਦੀ ਅਤੇ ਮੁੰਡਾ ਰੋ ਪੈਂਦਾ ਤਾਂ ਹਰਮੀਤ ਭਜ ਕੇ ਆਪ ਜਾ ਫੜਦੀ, "ਰੁਆਉਣਾ ਨ੍ਹੀਂ ਬਈ ਮੇਰੇ ਗਗਨੇ-ਮਗਨੇ ਨੂੰ।" ਉਹ ਮੁੰਡੇ ਨੂੰ ਵਰਾਉਂਦੀ।

ਮੁੰਡੇ ਨੂੰ ਉਸ ਦੇ ਹਥੋਂ ਇਉਂ ਖੋਹਣ ਨਾਲ ਜਗਪਾਲ ਨੂੰ ਖਿਝ ਚੜ੍ਹ ਜਾਂਦੀ, ਉਹ ਸੋਚਦੀ, "ਦੂਜੇ ਨੂੰ ਤਾਂ ਬਿਲਕੁਲ ਉਲੂ ਈ ਸਮਝਦੀ ਐ, ਆਪ ਵੱਡੀ ਚਾਤਰ ਨੂੰ ਐਨਾ ਵੀ ਨ੍ਹੀਂ ਪਤਾ ਕਿ ਸੌਣਾ ਕਿਥੇ ਐ, ਸੰਦੇਹਾਂ ਈ ਚੁਬਾਰੇ ਜਾ ਚੜ੍ਹਦੀ ਐ ਜਿਵੇਂ ਜੌੜੇ ਜੰਮਣੇ ਹੋਣ।"

ਜਗਪਾਲ ਨੂੰ ਉਮੀਦ ਸੀ ਕਿ ਹਰਮੀਤ ਆਪ ਹੀ ਥੱਲੇ ਹਰਨਾਮ ਕੁਰ ਕੋਲ ਸੌਣ ਲੱਗ ਪਵੇਗੀ ਜਾਂ ਗੋਧਾ ਕਿਸੇ ਦਿਨ ਉਸ ਨੂੰ (ਜਗਪਾਲ) ਨੂੰ ਖੁਦ ਕਹੇਗਾ ਚੁਬਾਰੇ ਵਿਚ ਸੌਣ ਵਾਸਤੇ ਪਰ ਇਹ ਨਾ ਹੋਇਆ। ਕੁਝ ਦਿਨਾਂ ਵਿਚ ਹੀ ਉਸ ਨੂੰ ਇਹ ਲੱਗਣ ਲੱਗ ਪਿਆ ਜਿਵੇਂ ਗੋਧਾ ਉਸ ਤੋਂ ਅੱਖ ਚੁਰਾ ਕੇ ਲੰਘਦਾ ਹੋਵੇ। ਜਗਪਾਲ ਰੋਟੀ-ਪਾਣੀ ਜਾਂ ਲੀੜਾ-ਕੱਪੜਾ ਦੇਣ ਦੇ ਬਹਾਨੇ ਗੋਧੇ ਕੋਲ ਜਾਣਾ ਚਾਹੁੰਦੀ ਪਰ ਹਰਮੀਤ ਪਹਿਲਾਂ ਹੀ ਅੱਗਾ ਵਲ ਲੈਂਦੀ। ਜਗਪਾਲ ਅਗਲੇ ਮੌਕੇ ਦੀ ਉਡੀਕ ਵਿਚ ਫੇਰ ਪਿਛੇ ਹਟ ਜਾਂਦੀ। ਗੋਧੇ ਦੇ ਕੱਪੜੇ ਹਰਮੀਤ ਦੀਆਂ ਅਲਮਾਰੀਆਂ ਵਿਚ ਹੀ ਹੁੰਦੇ। ਉਹ ਹੀ ਪ੍ਰੈਸ ਕਰਦੀ ਅਤੇ ਗੁਸਲਖਾਨੇ ਵਿਚੋਂ ਨਹਾ ਕੇ ਨਿਕਲਦੇ ਗੋਧੇ ਨੂੰ ਫੜਾ ਆਉਂਦੀ। ਸ਼ਾਮ ਨੂੰ ਜਦੋਂ ਗੋਧੇ ਦੇ ਖਾਣ-ਪੀਣ ਦਾ ਸਮਾਂ ਹੁੰਦਾ ਤਾਂ ਹਰਮੀਤ ਪਰਦੇ ਨਾਲ ਆਪਣੀ ਅਲਮਾਰੀ ਵਿਚੋਂ ਬੋਤਲ ਕੱਢ ਕੇ ਨਾਲ ਵਾਲੀ ਬੈਠਕ ਵਿਚ ਰੱਖ ਆਉਂਦੀ। ਬਰਫ, ਗਿਲਾਸ, ਪਾਣੀ ਤੇ ਸਬਜ਼ੀ ਲਿਜਾ ਕੇ ਉਸ ਦੇ ਕੋਲ ਬੈਠੀ ਗੱਲਾਂ ਕਰਦੀ ਰਹਿੰਦੀ।

ਜਗਪਾਲ ਨੂੰ ਇਹ ਸਭ ਓਪਰਾ ਜਿਹਾ ਲਗਦਾ। ਇਸ ਕਰਕੇ ਉਹ ਆਪਣੀ ਗਵਾਂਢਣ ਨਾਲ ਇਹ ਕੁਝ ਸਾਂਝਾ ਕਰਦੀ, "ਭੈਣੇ ਉਹ ਲਖ ਆਪਦਾ ਮਨੁਖ ਐ ਪਰ ਐਂ ਕੰਜਰੀ-ਨਾਚ ਤਾਂ ਨ੍ਹੀਂ ਨਚਿਆ ਜਾਂਦਾ ਉਹਦੇ ਅੱਗੇ ਜਿਵੇਂ ਸਾਡੀ ਹਰਮੀਤ ਕਰਦੀ ਐਂ, ਸਾਰਿਆਂ ਦੇ ਸਾਹਮਣੇ ਇਉਂ ਪੂਛਕੀ ਮਾਰਦਿਆਂ ਤਾਂ ਊਂਅ ਈ ਸ਼ਰਮ ਆਉਂਦੀ ਐ।" ਇਸ ਗੱਲੋਂ ਜਗਪਾਲ ਨੂੰ ਗੋਧੇ ਉਤੇ ਵੀ ਗੁੱਸਾ ਆਉਂਦਾ, ਉਹ ਸੋਚਦੀ, ਢਿਡ ਦਾ ਸਕਾ ਨਾ ਹੋਵੇ ਤਾਂ, ਕਿਵੇਂ ਗੋਰੀ ਚਮੜੀ ਉਤੇ ਕਮਲਾ ਹੋਇਆ ਫਿਰਦੈ, ਗੋਰੇ ਰੰਗ ਦੇ ਕੌੜਤੁੰਮੇ ਥੋੜ੍ਹੇ ਪਏ ਹੁੰਦੇ ਐ ਖੇਤਾਂ ਵਿਚ ਜਿਨ੍ਹਾਂ ਨੂੰ ਗਦੋਂ ਵੀ ਨ੍ਹੀਂ ਪਛਾਣਦੀ, ਤੂੰ ਏਸ ਫੰਡਰ ਤੋਂ ਜੰਮਾ ਲੀਂ ਜੌੜੇ।"

ਜਗਪਾਲ ਦੀ ਇਹ ਕੁੜਿੱਤਣ ਉਸ ਦਿਨ ਹੋਰ ਵੀ ਵਧ ਗਈ ਜਿਸ ਦਿਨ ਉਸ ਨੂੰ ਪਤਾ ਲਗਿਆ ਕਿ ਉਸ ਵਾਲੀ ਜ਼ਮੀਨ ਦੇ ਵਟਾਂਦਰੇ ਵਿਚ ਬਿੰਦਰ ਹੋਰਾਂ ਤੋਂ ਮਿਲੀ ਜ਼ਮੀਨ ਗੋਧੇ ਨੇ ਆਪਣੇ ਨਾਂ ਕਰਵਾ ਲਈ ਸੀ।

"ਮੈਂ ਵੀ ਆਖਾਂ ਇਹ ਇਉਂ ਅੱਖਾਂ ਕਿਉਂ ਚਰਾਉਂਦਾ ਫਿਰਦੈ, ਹਾਅ ਪਾਪ ਸੀ ਅੰਦਰ," ਇਹ ਸੋਚਦੀ ਦੇ ਜਗਪਾਲ ਅੰਦਰ ਕਈ ਸਵਾਲ ਉਭਰੇ।

"ਏਸ ਬੰਦੇ ਦੀ ਮਨਸ਼ਾ ਕੀ ਐ? ਇਉਂ ਚਾਰ ਸੌ ਵੀਹਾਂ ਕਿਉਂ ਕਰਦੈ ਇਹ? ਮੈਂ ਜ਼ਮੀਨ ਕਿਤੇ ਬਾਹਰ ਵੇਚਣੀ ਸੀ? ਅਖੀਰ ਤਾਂ ਏਸੇ ਦੀ ਸੀ ਤੇ ਇਉਂ ਤਾਂ ਮੈਂ ਕੀਹਦੀ ਆਂ? ਮੈਂ ਵੀ ਤਾਂ ਏਸੇ ਦੀ ਆਂ?" ਕਿਸੇ ਗੁੱਝੇ ਡਰ ਨਾਲ ਜਗਪਾਲ ਦਾ ਅੰਦਰ ਦਹਿਲ ਗਿਆ। ਉਸ ਦੇ ਚਿਹਰੇ ਉਤੇ ਕਲੱਤਣ ਦਾ ਪੋਚਾ ਹੋਰ ਗੂੜ੍ਹਾ ਹੋ ਗਿਆ ਜਿਵੇਂ ਜੇਠ-ਹਾੜ੍ਹ ਦੀਆਂ ਧੁੱਪਾਂ ਨਾਲ ਧੁਆਂਖੀ ਧਰਤੀ ਹੋਵੇ। ਉਸ ਦਾ ਅੰਦਰ ਇਉਂ ਸੇਕ ਨਾਲ ਭਰ ਗਿਆ ਜਿਵੇਂ ਤੰਦੂਰ ਤਪਿਆ ਹੋਵੇ। ਉਸ ਤੋਂ ਵਧੇਰੇ ਸਬਰ ਨਾ ਹੋਇਆ ਅਤੇ ਉਹ ਸ਼ਾਮ ਨੂੰ ਦਾਰੂ ਪੀ ਰਹੇ ਗੋਧੇ ਨੂੰ ਪੁਛਣ ਜਾਂਦੀ ਰਹੀ। ਉਸ ਨੂੰ ਗੁੱਸੇ ਵਿਚ ਵੇਖ ਕੇ ਹਰਮੀਤ ਗੋਧੇ ਕੋਲੋਂ ਉਠ ਕੇ ਬਾਹਰ ਆ ਗਈ। ਜਗਪਾਲ ਪਹਿਲਾਂ ਤਾਂ ਝਿਜਕ ਵਿਚ ਖੜ੍ਹੀ ਰਹੀ ਅਤੇ ਫੇਰ ਗੋਧੇ ਦੇ ਬਰਾਬਰ ਸੋਫੇ ਉਤੇ ਬੈਠ ਗਈ। ਉਸ ਨੇ ਸਿੱਧੇ ਸਪਸ਼ਟ ਸ਼ਬਦਾਂ ਵਿਚ ਰੋਹ ਨਾਲ ਕਿਹਾ,

"ਮੈਂ ਸੁਣਿਐਂ, ਤੂੰ ਮੇਰੇ ਵਾਲੀ ਪੈਲੀ ਵੀ ਆਵਦੇ ਨਾਂ ਕਰਾ'ਲੀ।"

"ਮੇਰੇ ਵਾਲੀ ਪੈਲੀ!" ਬੋਲ ਨਸ਼ੇ ਵਿਚ ਬੈਠੇ ਗੋਧੇ ਦੇ ਅੰਦਰ ਵਰਮੇ ਵਾਂਗ ਛੇਕ ਕਰਦਿਆਂ ਲੰਘ ਗਿਆ।

ਉਸ ਨੇ ਏਸੇ ਛੇਕ ਦੀ ਪੀੜ੍ਹ ਨਾਲ ਮੋੜਾ ਦਿੱਤਾ, "ਮੇਰੇ ਵਾਲੀ ਤਾਂ ਇਉਂ ਆਖ'ਤਾ ਜਿਵੇਂ ਆਵਦੇ ਬਾਪੂ ਤੋਂ ਲੈ ਕੇ ਆਈ ਹੁੰਨੀ ਐਂ।"

ਗੱਲ ਵਿਚ ਆਪਣੇ ਬਾਪੂ ਦਾ ਨਾਂ ਆਉਣ ਕਰਕੇ ਜਗਪਾਲ ਵੀ ਤਮਕ ਉਠੀ, "ਬਾਪੂ ਨੇ ਦੁਹਾਜੂ ਨੂੰ ਕੁੜੀ ਦੇ'ਤੀ ਥੋੜ੍ਹੀ ਐ, ਨਾਲ ਜ਼ਮੀਨਾਂ ਵੀ ਭਾਲਦੇ ਐਂ।"



"ਕੁੜੀ ਬੜੀ ਗਾਂਹ ਨੂੰ ਸਿਆਲਾਂ ਦੀ ਹੀਰ ਦੇ'ਤੀ, ਇਹੋ ਜਿਹਾ ਤੰਦੂਰ ਦਾ ਕੁੱਢਣ ਹੋਰ ਤਾਂ ਜਿਵੇਂ ਮੈਨੂੰ ਜੁੜਨਾ ਈ ਨ੍ਹੀਂ ਸੀ।"

"ਏਹੋ ਤੰਦੂਰ ਦਾ ਕੁੱਢਣ ਉਦੋਂ ਸਾਰੇ ਟੱਬਰ ਨੂੰ ਖੰਡ-ਖੀਰ ਲਗਦੀ ਸੀ, ਅਖੇ ਗੌਂ ਭੁਨਾਵੇ ਜੌਂ ਭਾਵੇਂ ਗਿੱਲੇ ਹੋਣ, ਹੁਣ ਮਤਲਬ ਕੱਢ ਕੇ... ਅਖੇ ਕੋਠਾ ਉਸਰਿਆ ਤੇ ਤਰਖਾਣ ਵਿਸਰਿਆ।"

"ਕਮਜ਼ਾਤੇ ਖੰਡ-ਖੀਰ ਲੱਗਣ ਨੂੰ ਹੁਣ ਕੀ ਤੇਰੇ ਕਿਸੇ ਨੇ ਗੋਲੀ ਮਾਰ'ਤੀ? ਆ ਗਈ ਐਂ ਤੋਪ ਬਣ ਕੇ, ਅਖੇ ਹਮਕੀ ਜ਼ਮੀਨ ਨਾਂ ਕਰਾ ਲੀ, ਤੂੰ ਅਰਾਮ ਨਾਲ ਰੋਟੀ-ਪਾਣੀ ਛਕ ਤੇ ਰਾਮ ਰਾਮ ਕਰ, ਤੂੰ ਆਂਡੇ ਲੈਣੇ ਐਂ ਜ਼ਮੀਨਾਂ ਵਿਚੋਂ, ਗੋਧੇ ਨੇ ਨਸ਼ੇ ਨਾਲ ਗਹਿਗੀਆਂ ਹੋਈਆਂ ਅੱਖਾਂ ਨਾਲ ਜਗਪਾਲ ਨੂੰ ਘੁਰਕੀ ਦਿਤੀ।

"ਜੇ ਇਉਂ ਥੁਕ ਕੇ ਚਟਣਾ ਸੀ ਫੇਰ ਪਹਿਲਾਂ ਕੀ ਲੋੜ ਸੀ ਥੁਕਣ ਦੀ!" ਜਗਪਾਲ ਨੂੰ ਗੋਧੇ ਦੀ 'ਨਾਲੇ ਚੋਰ ਨਾਲੇ ਚਾਤਰ ਦੀ ਨੀਤੀ' ਉਤੇ ਅੰਤਾਂ ਦਾ ਕਰੋਧ ਆਇਆ।

"ਹੈਂ ਮਾਂ ਦੀ! ਥੁਕ ਚੱਟਣਾ ਈ ਦਸਦੀ ਐ, ਜਿਵੇਂ ਪਿਛੋਂ ਜ਼ਮੀਨਾਂ ਦੀ ਮਾਲਕ ਆਈ ਹੁੰਦੀ ਐ, ਸਾਲੀ ਨੰਗ ਕੌਮ," ਗੋਧੇ ਨੇ ਜਗਪਾਲ ਦੇ ਕੰਨ ਉਤੇ ਚੁਪੇੜ ਮਾਰ ਕੇ ਉਸ ਨੂੰ ਸੋਫੇ ਥਲੇ ਸੁਟ ਦਿਤਾ।

"ਤੜੀ ਤਾਂ ਮੈਂ ਸਕੇ ਪਿਓ ਦੀ ਨਾ ਸਹਾਂ, ਤੇ ਇਹ ਆ ਗਈ ਐ ਵਡੀ ਰੋਹਬ ਜਮਾਉਣ ਵਾਲੀ, ਸਾਲੀ ਕਬੈੜ ਜਿਹੀ ਨਾ ਹੋਵੇ ਤਾਂ, ਮਾਰ ਕੇ ਦੋ ਕੰਨ 'ਤੇ ਪੁਠੀ ਰਾਹ ਪਾ ਦੂੰਗਾ, ਕਿਤੇ ਭੁਲੀ ਫਿਰਦੀ ਹੋਵੇਂ!" ਗੋਧੇ ਨੇ ਜਗਪਾਲ ਨੂੰ ਗੁੱਤੋਂ ਫੜ ਕੇ ਘੜੀਸਦਿਆਂ ਕਿਹਾ। ਏਨੇ ਨੂੰ ਹਰਨਾਮ ਕੁਰ ਤੇ ਹਰਮੀਤ ਭੱਜ ਕੇ ਆ ਗਈਆਂ ਅਤੇ ਉਨ੍ਹਾਂ ਨੇ ਗੋਧੇ ਨੂੰ ਫੜ ਲਿਆ।

ਇਸ ਘਟਨਾ ਤੋਂ ਪਿਛੋਂ ਕਈ ਦਿਨ ਜਗਪਾਲ ਸੁੰਨ ਵਟ ਕੇ ਤੁਰੀ ਫਿਰੀ। ਉਸ ਦਾ ਕਿਸੇ ਨਾਲ ਬੋਲਣ ਨੂੰ ਮਨ ਨਾ ਕਰਦਾ। 'ਰੋਟੀ ਪਾਣੀ ਛਕ ਤੇ ਰਾਮ ਰਾਮ ਕਰ' ਵਾਲਾ ਬੋਲ ਕਈ ਦਿਨ ਉਸ ਨੂੰ ਅੰਦਰੋਂ ਕੁਰੇਦਦਾ ਰਿਹਾ। ਬਰਾਨੀ ਜ਼ਮੀਨ 'ਚ ਉਗੇ ਲੇਹੇ, ਭਖੜੇ, ਬੂਈਆਂ, ਅੱਕਾਂ ਵਾਂਗ ਉਸ ਦੇ ਵਿਰਾਨ ਮਨ 'ਚ ਕਈ ਗੰਦੇ-ਮੰਦੇ ਖਿਆਲ ਉਭਰਦੇ ਰਹੇ।

ਗੁਰਬਖਸ਼ ਸਿਉਂ ਨੇ ਗੋਧੇ ਨੂੰ ਬਹੁਤ ਲਾਹਨਤ ਪਾਈ ਅਤੇ ਜਗਪਾਲ ਕੁਰ ਨੂੰ ਵੀ ਧਰਵਾਸਾ ਦਿਤਾ ਪਰ ਉਸ ਦੇ ਮਨ 'ਚ ਫੇਰ ਵੀ ਟਿਕਾ ਨਾ ਆਇਆ। ਉਸ ਨੂੰ ਗੋਧੇ ਨਾਲ ਅੰਦਰੋ-ਅੰਦਰੀ ਏਨੀ ਘ੍ਰਿਣਾ ਹੋ ਗਈ ਕਿ ਉਸ ਦਾ ਗੋਧੇ ਵਲ ਝਾਕਣ ਨੂੰ ਵੀ ਮਨ ਨਾ ਕਰਦਾ। ਉਹ ਅਕਸਰ ਗੋਧੇ ਦੇ ਜ਼ਮੀਨ ਦੇ ਲੋਭ ਬਾਰੇ ਸੋਚਣ ਲਗਦੀ, "ਜ਼ਮੀਨਾਂ ਦਾ ਭੁਖਾ ਨਾ ਹੋਵੇ ਤਾਂ, ਵੇਖੂੰਗੀ ਜਦੋਂ ਜ਼ਮੀਨ ਤੇਰੇ ਨਾਲ ਪਰਲੋਕ 'ਚ ਜਾਂਦੀ ਰਹੂ।"

ਕਦੇ ਕਦੇ ਜਗਪਾਲ 'ਰੋਟੀ ਪਾਣੀ ਛਕ ਅਤੇ ਰਾਮ ਰਾਮ ਕਰ' ਵਾਲੀ ਗੱਲ ਉਤੇ ਸੱਚੀ-ਮੁਚੀਂ ਅਮਲ ਸ਼ੁਰੂ ਕਰ ਦਿੰਦੀ ਅਤੇ ਵੈਰਾਗੀ ਸਾਧੂਆਂ ਵਾਂਗ ਗੁੰਮ-ਸੁੰਮ ਤੁਰੀ ਫਿਰਦੀ। ਫੇਰ ਵੀ ਉਹਦੇ ਅੰਦਰ ਧੁਖਦੀ ਇਕ ਧੂਣੀ ਜਿਹੀ ਉਸ ਨੂੰ ਬੇਚੈਨ ਕਰੀ ਰਖਦੀ। ਉਸ ਨੂੰ ਜਾਪਦਾ, "ਇਉਂ ਤਾਂ ਮਨਾ ਚਿੜੀ-ਜਨੌਰ ਵੀ ਨ੍ਹੀਂ ਜਿਉਂਦੇ ਹੋਣੇ, ਜੇ ਬੰਦੇ ਦਾ ਮਨ ਈ ਮਰਜੇ ਫੇਰ ਰੋਟੀ-ਪਾਣੀ ਛਕ ਕੇ ਕੀ ਕਰਨੈ, ਏਦੂੰ ਤਾਂ ਬੰਦਾ ਮਰ ਈ ਜਾਵੇ।"

ਜਗਪਾਲ ਨੂੰ ਇਉਂ ਗਿਣਤੀਆਂ-ਮਿਣਤੀਆਂ ਵਿਚ ਪਈ ਨੂੰ ਕਦੇ ਕਦੇ ਹਰਮੀਤ ਡਰਦੀ ਡਰਦੀ ਬੁਲਾਉਂਦੀ ਅਤੇ ਧਰਵਾਸ ਦੇਣ ਲਗਦੀ, "ਭੈਣ ਜੀ ਤੁਸੀਂ ਈ ਨਿਵ ਜੋ, ਇਹ ਤਾਂ ਪਹਿਲੇ ਦਿਨੋਂ ਈ ਇਹੋ ਜਿਹੇ ਐ, ਇਕ ਵਾਰੀ ਭਾਈ ਏਵੇਂ ਮੇਰੇ ਨਾਲ ਗੁੱਸੇ ਹੋ ਗਿਆ, ਮਾੜੀ ਜਿਹੀ ਗੱਲ ਤੋਂ ਈ, ਆਪਣੇ ਐਥੇ ਲਵੇਰਾ ਹੈਨੀ ਸੀ ਤੇ ਮੇਰੇ ਭਾਪਾ ਜੀ ਅਮਰੀਕਨ ਗਾਂ ਛਡ ਗਏ ਏਥੇ, ਬਗਾਨੇ ਥਾਂ ਆ ਕੇ ਉਹ ਟੈਮ-ਕੁਟੈਮ ਜਿਹਾ ਕਰਨ ਲਗ ਪਈ, ਏਨ੍ਹਾਂ ਨੇ ਤਾਂ ਭਾਈ ਇਕ ਦਿਨ ਚਕਿਆ ਫੌੜਾ ਤੇ ਤਿੰਨ ਚਾਰ ਮਾਰੇ ਢੂਈ 'ਚ, ਗਾਂ ਦੀ ਤਾਂ ਢੂਈ ਟੁਟ'ਗੀ, ਹੌਲੀ ਹੌਲੀ ਪਿਛਲੀਆਂ ਲਤਾਂ ਘੜੀਸ ਘੜੀਸ ਮਾੜੀ ਮੋਟੀ ਤੁਰਨ ਤਾਂ ਲੱਗ ਪਈ ਪਰ ਅਗਾਂਹ ਵਾਸਤੇ ਸੰਵਰਨ ਵਾਲੀ ਨਾਲ ਰਹੀ। ਜਿੰਨੇ ਦਿਨ ਤਾਂ ਵਛੀ ਨੂੰ ਦੁੱਧ ਚੁੰਘਾਉਂਦੀ ਰਹੀ, ਓਨੇ ਦਿਨ ਤਾਂ ਰੱਖ ਲਈ ਤੇ ਫੇਰ ਜਿਉਂ ਚੜ੍ਹਾਈ ਟਰਾਲੀ ਵਿਚ ਤੇ ਬੀੜ ਵਿਚ ਛਡ ਆਏ। ਮੈਂ ਤੇ ਬਾਪੂ ਜੀ ਨੇ ਬਥੇਰਾ ਕਿਹਾ ਕਿ ਪਠਿਆਂ ਦੀ ਟੋਕਰੀ ਪਾਈ ਜਾਵਾਂਗੇ ਗਊ ਦੀ ਜਾਈ ਐ ਪਰ ਇਹ ਕਿਥੇ ਮੰਨਦੇ ਸੀ ਸਾਡੀ, ਮੈਂ ਮਾੜਾ ਜਿਹਾ ਰੋਸ ਵਿਖਾਇਆ ਤਾਂ ਇਹ ਗੁੱਸੇ ਵਿਚ ਦਾਰੂ ਨਾਲ ਅੰਨ੍ਹੇ ਹੋਣ ਲੱਗ ਪਏ। ਫੇਰ ਆਪ ਈ ਹਾਰ ਕੇ ਸੋਚਿਆ ਕਿ ਮਨਾ ਛੱਡ ਹਰਖ ਪਰ੍ਹੇ ਐਵੇਂ ਗਾਂ ਪਿੱਛੇ ਆਵਦੇ ਵਿਚ ਫਰਕ ਪਾ ਕੇ ਬੈਠ ਜਾਂ-ਗੇ, ਉਦੋਂ ਤੋਂ ਆਪਾਂ ਤਾਂ ਲਾ ਲਏ ਕੰਨਾਂ ਨੂੰ ਹਥ, ਮੇਰੀ ਆਖੀ ਮੰਨੋ ਤਾਂ ਤੁਸੀਂ ਵੀ ਏਸ ਰਿੱਛ ਅੱਗੇ ਕੁਸਕਿਆ ਈ ਨਾ ਕਰੋ, ਆਪੇ ਟਲ ਜੂ ਇਹ ਵੀ।"

ਹਰਮੀਤ ਦੀ ਗੱਲ ਜਗਪਾਲ ਦੇ ਬਹੁਤੀ ਮਨ ਨਾ ਲੱਗਦੀ ਅਤੇ ਉਸ ਨੂੰ ਬਿਨਾਂ ਗਲਤੀ ਤੋਂ ਨਿਵਣਾ ਚੰਗਾ ਨਾ ਲਗਦਾ। ਇਸ ਲਈ ਨਾ ਉਹ ਝੁਕੀ ਅਤੇ ਨਾ ਗੋਧਾ। ਏਨਾ ਜ਼ਰੂਰ ਹੋ ਗਿਆ ਕਿ ਸਮਾਂ ਪੈਣ ਨਾਲ ਦੋਵਾਂ ਵਿਚ ਮਾੜਾ-ਮੋਟਾ ਬੋਲ-ਚਾਲ ਹੋ ਗਿਆ ਪਰ ਖਿਝ ਨਹੀਂ ਗਈ। ਕਿਸੇ ਮਾਮੂਲੀ ਘਟਨਾ ਨਾਲ ਵੀ ਇਹ ਖਿਝ ਦੀ ਬਧਰੀ ਤਣ ਜਾਂਦੀ ਅਤੇ ਫੇਰ ਪਹਿਲਾਂ ਵਾਲੀ ਹਾਲਤ ਵਿਚ ਆ ਜਾਂਦੀ। ਅਤੇ ਜਦੋਂ ਜਗਪਾਲ ਇਕ ਦਿਨ ਪੇਕੀਂ ਜਾਣ ਲੱਗੀ ਤਾਂ ਗੋਧੇ ਨੇ ਮੁੰਡਾ ਨਾਲ ਨਾ ਲਿਜਾਣ ਦਿਤਾ। ਇਸ ਨਾਲ ਕਈ ਦਿਨ ਘਰ ਵਿਚ ਖਿਝ ਦਾ ਵਾਸਾ ਰਿਹਾ।

ਗੋਧੇ ਅਤੇ ਜਗਪਾਲ ਵਿਚ ਦਿਨੋ-ਦਿਨ ਵਧਦੀ ਜਾਂਦੀ ਇਸ ਖਿਝ ਨਾਲ ਸਾਰਾ ਟੱਬਰ ਹੀ ਦੁਖੀ ਰਹਿਣ ਲੱਗ ਪਿਆ। ਹਰਨਾਮ ਕੁਰ ਕਦੇ ਗੋਧੇ ਨੂੰ ਅਤੇ ਕਦੇ ਜਗਪਾਲ ਕੁਰ ਨੂੰ ਮਨਾ ਕੇ ਘਰ ਵਿਚਲੇ ਖਿਝ ਦੇ ਮਾਹੌਲ ਨੂੰ ਸਾਵਾਂ ਕਰਨ ਦਾ ਯਤਨ ਕਰਦੀ ਪਰ ਕਈ ਵਾਰ ਉਸ ਦੇ ਇਹ ਯਤਨ ਹੀ ਲੜਾਈ ਦਾ ਕਾਰਨ ਬਣ ਜਾਂਦੇ। ਅਜਿਹੇ ਯਤਨ ਵਜੋਂ ਹੀ ਇਕ ਦਿਨ ਉਸ ਨੇ ਹਰਮੀਤ ਨੂੰ ਪੇਕੀਂ ਭੇਜ ਕੇ ਜਗਪਾਲ ਤੇ ਗੋਧੇ ਵਿਚ ਕੁਝ ਨੇੜਤਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਪਰ ਹਰਮੀਤ ਮੁੰਡਾ ਵੀ ਆਪਣੇ ਨਾਲ ਲੈ ਗਈ ਤਾਂ ਜਗਪਾਲ ਦੀ ਖਿਝ ਹੋਰ ਵਧ ਗਈ।

ਪਰ ਹਰਨਾਮ ਕੁਰ ਫੇਰ ਵੀ ਯਤਨ ਕਰਦੀ ਰਹਿੰਦੀ। ਪੋਤਰਿਆਂ ਦੀ ਜੋੜੀ ਦਾ ਸੁਪਨਾ ਉਸ ਨੂੰ ਟਿਕਣ ਨਾ ਦਿੰਦਾ ਅਤੇ ਉਹ ਜਗਪਾਲ ਨੂੰ ਆਖਦੀ, "ਕੁੜੇ ਤੁਸੀਂ ਤੀਵੀਂ-ਪੁਰਸ਼ ਨੇ ਇਉਂ ਚੜ੍ਹਦੇ-ਲਹਿੰਦੇ ਨੂੰ ਮੂੰਹ ਕਰ ਛਡੇ ਆ, ਐਂ ਗੱਡੀ ਕਿਵੇਂ ਚੱਲੂ, ਐਂ ਲੋਹੇ ਦੀ ਕੰਧ ਕੱਢ ਕੇ ਨ੍ਹੀਂ ਸਰਦਾ ਹੁੰਦਾ ਤੀਵੀਂ-ਬੰਦੇ ਦਾ, ਲੜਦੇ-ਭਿੜਦੇ ਤਾਂ ਅਸੀਂ ਵੀ ਸੌ ਵਾਰੀ ਸਾਂ ਪਰ ਆਥਣ ਦੇ ਲੜੇ ਤੜਕੇ ਨੂੰ ਓਹੋ ਜੇ ਦੇ ਓਹੋ ਜੇ ਫੇਰ ਹੋ ਜਾਂਦੇ ਸਾਂ, ਭਾਈ ਬੰਦੇ ਦੀ ਆਕੜ ਤਾਂ ਪੁਗ-ਜੂ, ਤੀਵੀਂ ਦੀ ਨ੍ਹੀਂ ਪੁਗਦੀ, ਤੈਨੂੰ ਕੁਸ਼ ਨਿਮਰ ਜੁੱਸੇ ਦੀ ਹੋਣਾ ਚਾਹੀਦੈ, ਸੋਡੀ ਤਾਂ ਦੋਹਾਂ ਦੀ ਸਾਡੇ ਪਿੰਡ ਵਿਚਲੇ ਜੌੜਿਆਂ ਦੇ ਘਰ ਵਾਲੀ ਗੱਲ ਐ। ਸਾਡੇ ਪਿੰਡ ਇਕ ਸਰਦਾ-ਪੁਜਦਾ ਜ਼ਿਮੀਂਦਾਰ ਸੀ, ਪੂਰੇ ਬਾਰ੍ਹਾਂ ਵਰ੍ਹੇ ਔਲਾਦ ਨਾ ਹੋਈ ਤਾਂ ਵੈਰਾਗਿਆ ਗਿਆ। ਆਂਹਦੇ ਐ ਭਾਈ ਬਾਰ੍ਹੀਂ ਵਰ੍ਹੀਂ ਰੂੜੀ ਦੀ ਵੀ ਸੁਣੀ ਜਾਂਦੀ ਐ ਅਤੇ ਭਾਈ ਉਹਦੀ ਵੀ ਸੁਣੀ ਗਈ, ਮਹਾਰਾਜ ਨੇ ਜੌੜੇ ਪੁੱਤ ਦੇ'ਤੇ। 'ਕੱਠੇ ਇਕੋ ਕੁਖ ਵਿਚ ਪਲੇ ਸੀ ਪਰ ਵਡੇ ਹੋ ਕੇ ਉਨ੍ਹਾਂ ਵਿਚ ਇਟ ਕੁੱਤੇ ਦਾ ਵੈਰ ਬਝ ਗਿਆ। ਪਾਣੀ ਲਾਉਣ ਜਾਣ ਪਿਛੇ ਲੜ ਪੈਣਾ ਤੇ ਵਾਰੀ ਲੰਘਾ ਲੈਣੀ। ਰੌਣੀ ਲਾ ਲੈਣੀ, ਇਉਂ ਈ ਦੋਵਾਂ ਦੀ ਖਹਿਬੜਬਾਜ਼ੀ ਨੇ ਘਰ ਨੂੰ ਪਿਛਲੇ ਪੈਰੀਂ ਲਿਆ'ਤਾ, ਅੰਤ ਨੂੰ ਦਰ-ਦਰ ਮੰਗ ਕੇ ਮਰੇ ਫੇਰ।"

ਬਸ ਬੇਬੇ ਜਿੰਨੀ ਨਾਤੀ ਓਨਾ ਪੁੰਨ ਈ ਬਥੇਰਾ, ਜਦੋਂ ਇਕ ਨਾਲ ਕਦਰ ਨਾ ਪਈ ਤਾਂ ਦੂਜੇ ਵਾਰੀ ਕੀ ਮੈਨੂੰ ਉਹ ਪਾਲਕੀ ਝੂਟਾ ਦੂ!" ਜਗਪਾਲ ਕੁਰ, ਹਰਨਾਮ ਕੁਰ ਦੀਆਂ ਬੁਝਾਰਤਾਂ ਇਕ ਕੰਨ ਪਾ ਕੇ ਦੂਜੇ ਕੰਨੋਂ ਕੱਢਦੀ ਆਖ ਦਿੰਦੀ।

"ਜਾਹ ਪਰੇ ਕਮਲੀ ਡੁੰਨ ਨਾ ਹੋਵੇ ਤਾਂ, ਐਵੇਂ ਸਾਰਾ ਦਿਨ ਜਬਲੀਆਂ ਮਾਰਦੀ ਰਹਿੰਦੀ ਐ, ਕਿਸੇ ਨੇ ਆਖਿਐ, ਅਖੇ 'ਕੱਲੀ ਹੋਵੇ ਨਾ ਵਣਾਂ ਦੀ ਲਕੜੀ, 'ਕੱਲਾ ਨਾ ਹੋਵੇ ਪੁੱਤ ਜੱਟ ਦਾ, ਮੇਰੇ ਵੰਨੀਂ ਵੇਖ ਇਕ ਵਾਲੀ ਵੰਨੀਂ, ਬਾਹਰ ਜਾਂਦੈ, ਤਾਂ ਘਰੇ ਹਨੇਰਾ ਹੋ ਜਾਂਦੈ, ਤੂੰ ਤਾਂ ਕੁੜੇ ਜਾਣੀ ਦੀ ਤੀਵੀਆਂ ਵਾਲੀ ਮਿੱਟੀ ਦੀ ਬਣੀ ਹੀ ਨਹੀਂ, ਨਹੀਂ ਤਾਂ ਸਿਆਣਿਆਂ ਦੀ ਕਹਾਵਤ ਐ ਕਿ ਮਾਂ ਨ੍ਹੀਂ ਰੱਜੀ ਪੁੱਤਾਂ ਨਾਲ ਤੇ ਚੁਲ੍ਹਾ ਨ੍ਹੀਂ ਰਜਦਾ ਅੱਗ ਨਾਲ," ਹਰਨਾਮ ਕੁਰ ਉਸ ਨੂੰ ਮਿਠੀ ਝਿੜਕ ਨਾਲ ਮਨਾਉਣ ਦਾ ਯਤਨ ਕਰਦੀ।

ਜਗਪਾਲ ਉਤੇ ਤਾਂ ਉਸ ਦੀਆਂ ਗੱਲਾਂ ਦਾ ਵਧੇਰੇ ਅਸਰ ਨਾ ਹੋਇਆ ਪਰ ਗੋਧੇ ਉਤੇ ਕੁਝ ਨਾ ਕੁਝ ਹੋ ਗਿਆ। ਉਹ ਸ਼ਾਮ ਨੂੰ ਰੋਜ਼ ਵਾਂਗ ਬੈਠਕ ਵਿਚ ਪੀਣ ਲਈ ਬੈਠਾ ਤਾਂ ਉਸ ਨੇ ਜਗਪਾਲ ਨੂੰ ਬਰਫ ਲਿਆਉਣ ਵਾਸਤੇ ਆਵਾਜ਼ ਮਾਰੀ। ਬੜੇ ਚਿਰਾਂ ਪਿਛੋਂ ਉਸ ਨੇ ਇਉਂ ਸਿਧੇ ਮੂੰਹ ਜਗਪਾਲ ਤੋਂ ਕੁਝ ਮੰਗਿਆ ਸੀ। ਨਹੀਂ ਤਾਂ ਹਰਮੀਤ ਦੇ ਜਾਣ ਪਿਛੋਂ ਹਰਨਾਮ ਕੁਰ ਹੀ ਉਸ ਨੂੰ ਰੋਟੀ-ਪਾਣੀ ਫੜਾਉਂਦੀ ਰਹੀ ਸੀ।

"ਮੈਨੂੰ ਸੋਡਾ ਉਹ ਬਰਫ ਵਾਲਾ ਭਾਂਡਾ ਜਿਹਾ ਤਾਂ ਥਿਆਇਆ ਨਹੀਂ ਮੈਂ ਤਾਂ ਪਲੇਟ 'ਚ ਹੀ ਪਾ ਲਿਆਈ ਹਾਰ ਕੇ।" ਜਗਪਾਲ ਨੇ 'ਸੋਡਾ' ਸ਼ਬਦ ਉਤੇ ਇਉਂ ਜ਼ੋਰ ਦਿੱਤਾ ਜਿਵੇਂ ਉਹ ਦੋ ਘਰਾਂ ਦੇ ਵਾਸੀ ਹੋਣ।

"ਚਲ ਆਪਾਂ ਨੂੰ ਬਰਫ ਈ ਚਾਹੀਦੀ ਐ ਭਾਂਡਾ ਕੀ ਖਾਣੈ, ਕੋਈ ਹੋਵੇ," ਗੋਧੇ ਨੇ ਬਰਫ ਰਖਣ ਲੱਗੀ ਜਗਪਾਲ ਨੂੰ ਬਾਹੋਂ ਫੜ ਕੇ ਇਉਂ ਬਿਠਾਉਣ ਲਈ ਖਿਚਿਆ ਜਿਵੇਂ ਉਹ ਬਗਾਨੀ ਜ਼ਨਾਨੀ ਹੋਵੇ। ਜਗਪਾਲ ਬੈਠ ਤਾਂ ਗਈ ਪਰ ਉਸ ਨੂੰ ਸੋਫੇ ਦੇ ਉਸੇ ਥਾਂ ਉਤੇ ਬੈਠਦਿਆਂ ਜਿਥੇ ਉਸ ਦੇ ਚਪੇੜ ਵੱਜੀ ਸੀ, ਕੁਝ ਗਿਲਾਨੀ ਜਿਹੀ ਹੋਈ।

ਰਾਤ ਨੂੰ ਉਹ ਗੋਧੇ ਨੂੰ ਦੁਧ ਫੜਾਉਣ ਚੁਬਾਰੇ ਵਿਚ ਵੀ ਗਈ ਅਤੇ ਫੇਰ ਰੋਟੀ ਵੀ ਪਰੋਸਣ ਲੱਗ ਪਈ। ਹਫਤੇ ਕੁ ਵਿਚ ਹੀ ਜਗਪਾਲ ਦੇ ਮੂੰਹ ਉਤੇ ਇਕ ਰੌਣਕ ਜਿਹੀ ਭਾਹ ਮਾਰਨ ਲਗ ਪਈ ਜਿਵੇਂ ਜੇਠ-ਹਾੜ ਦੀਆਂ ਧੁਪਾਂ ਨਾਲ ਸੜੀ ਧਰਤੀ ਉਤੇ ਸਾਉਣ ਦੇ ਪਹਿਲੇ ਮੀਂਹ ਨਾਲ ਮੁਰਕ ਫੁਟ ਪਈ ਹੋਵੇ।

ਜਗਪਾਲ ਨੂੰ ਫੇਰ ਗਰਭ ਹੋ ਗਿਆ ਪਰ ਉਸ ਨੇ ਮਹੀਨਾ ਕੁ ਠਹਿਰ ਕੇ ਦਸਿਆ। ਗੋਧਾ ਕਣਕ ਦੀ ਬਿਜਾਈ 'ਚ ਰੁਝਿਆ ਸੀ ਇਸ ਲਈ ਗੱਲ ਨੂੰ ਘਟ ਗੌਲਿਆ। ਬਿਜਾਈ ਤੋਂ ਵਿਹਲਾ ਹੋ ਕੇ ਉਹ ਹਰਮੀਤ ਨੂੰ ਲੈਣ ਜਾਂਦਾ ਰਿਹਾ ਅਤੇ ਤਿੰਨਾਂ

(ਬਾਕੀ ਅਗਲੇ ਸਫੇ 'ਤੇ)

# ਲਛਮਣ ਰੇਖਾ

*(ਪਿਛਲੇ ਸਫੇ ਤੋਂ ਜਾਰੀ)*

ਦਿਨਾਂ ਪਿਛੋਂ ਮੁੜਿਆ। ਸਹੁਰਿਆਂ ਤੋਂ ਆਉਂਦਿਆਂ ਹੀ ਗੋਧੇ ਨੇ ਪੰਜ ਕਿਲੇ ਜ਼ਮੀਨ ਗਹਿਣੇ ਹੋਰ ਲੈ ਲਈ। ਜਗਪਾਲ ਨਾਲ ਭਾਵੇਂ ਉਸ ਨੇ ਗੱਲ ਨਹੀਂ ਕੀਤੀ ਸੀ ਪਰ ਉਸ ਨੇ ਭਾਂਪ ਲਿਆ ਸੀ ਕਿ ਗੋਧਾ ਸਹੁਰਿਆਂ ਤੋਂ ਪੈਸੇ ਫਤਨ ਗਿਆ ਸੀ।

ਹਰਮੀਤ ਦੇ ਆਉਂਦਿਆਂ ਹੀ ਗੋਧੇ ਦਾ ਰਵੱਈਆ ਫੇਰ ਬਦਲਣਾ ਸ਼ੁਰੂ ਹੋ ਗਿਆ। ਜਿਸ ਦਿਨ ਹਰਮੀਤ ਆਈ, ਉਹ ਸਾਰਾ ਦਿਨ ਚੁਬਾਰੇ ਦੀ ਸਾਫ-ਸਫਾਈ ਇਉਂ ਕਰਦੀ ਰਹੀ ਜਿਵੇਂ ਹਰ ਚੀਜ਼ ਭਿੱਟੀ ਪਈ ਹੋਵੇ। ਉਸ ਨੇ ਇਕ ਇਕ ਚੀਜ਼ ਨੂੰ ਆਪਣੇ ਢੰਗ ਨਾਲ ਸਜਾਇਆ। ਉਸ ਨੂੰ ਆਪਣੇ ਦਾਜ ਦੇ ਪਲੰਘਾਂ ਦੇ ਪਾਵਿਆਂ ਨੂੰ ਰਗੜ ਰਗੜ ਸਾਫ ਕਰਦਿਆਂ ਵੇਖ ਅਤੇ ਗਦਿਆਂ ਨੂੰ ਧੁੱਪ ਲੁਆਉਂਦਿਆਂ ਵੇਖ ਜਗਪਾਲ ਨੂੰ ਹੀਣਤਾ ਜਿਹੀ ਹੋਈ। ਉਸ ਨੇ ਪਛਤਾਵੇ ਨਾਲ ਸੋਚਿਆ,

"ਕਾਹਨੂੰ ਸ਼ਰੀਕਣੀ ਦੇ ਗੱਦਿਆਂ ਉਤੇ ਸੌਂ ਕੇ ਹਸਾਣ ਕਰਾਉਣਾ ਸੀ, ਏਦੂੰ ਤਾਂ ਥੱਲੇ ਬੈਠਕ ਵਿਚ ਹੀ ਮੰਜੇ ਡਾਹ ਲੈਂਦੇ।"

ਜਗਪਾਲ ਨੇ ਉਸੇ ਦਿਨ ਬੈਠਕ ਵਿਚ ਦਿਨੇ ਹੀ ਦੋ ਮੰਜੇ ਡਾਹ ਦਿਤੇ। ਉਹ ਤਾਂ ਅਜੇ ਕੰਮ ਤੋਂ ਵਿਹਲੀ ਨਹੀਂ ਹੋਈ ਸੀ ਪਰ ਉਸ ਨੇ ਵੇਖਿਆ ਗੋਧਾ ਫੇਰ ਚੁਬਾਰੇ ਦੀਆਂ ਪੌੜੀਆਂ ਚੜ੍ਹ ਰਿਹਾ ਸੀ। ਥੋੜ੍ਹੀ ਦੇਰ ਬਾਅਦ ਦੁਧ ਦਾ ਜਗ ਲੈ ਕੇ ਹਰਮੀਤ ਵੀ ਚੁਬਾਰੇ ਵਿਚ ਜਾਂਦੀ ਰਹੀ। ਉਸ ਨੂੰ ਵੇਖ ਕੇ ਜਗਪਾਲ ਅੰਦਰ ਗੁੱਸੇ ਦਾ ਭਮੂਕਾ ਉਠਿਆ। ਉਸ ਨੇ ਆਪਣੇ ਆਪ ਨੂੰ ਕਿਹਾ, "ਜੀਓ-ਜੀਅ ਪੈਸੇ ਦਾ ਮਿਤ ਹੋ ਗਿਆ। ਜਗਪਾਲ ਕੁਰੇ, ਚੁਬਾਰੇ ਤਾਂ ਉਹੀ ਸੌਂਵੇ ਜਿਹੜੀ ਸੋਨੇ ਦੇ ਆਂਡੇ ਦੇਵੇ।"

ਜਗਪਾਲ ਹਰਨਾਮ ਕੁਰ ਕੋਲੇ ਸੌਣ ਦੀ ਥਾਂ ਇਕਲੀ ਹੀ ਬੈਠਕ ਵਿਚ ਪੈ ਗਈ। ਉਸ ਦੀ ਇਸ ਗੱਲ ਵਲ ਕਿਸੇ ਦਾ ਧਿਆਨ ਨਹੀਂ ਗਿਆ। ਹਰਨਾਮ ਕੁਰ ਨੂੰ ਘਰ ਵਿਚ ਕੁਝ ਦਿਨ ਲਈ ਜਿਹੜੀ ਟਹਿਕ ਵੇਖਣ ਨੂੰ ਮਿਲੀ ਸੀ, ਉਹ ਫੇਰ ਖਤਮ ਹੋਣ ਲੱਗ ਪਈ। ਕੋਈ ਵੀ ਕਿਸੇ ਨੂੰ ਬੋਲ ਕੇ ਤਾਂ ਕੁਝ ਨਾ ਆਖਦਾ ਪਰ ਅੰਦਰੋ-ਅੰਦਰੀ ਫੇਰ ਖਿਝ ਪਸਰਨ ਲੱਗ ਪਈ।

ਜਗਪਾਲ ਨੂੰ ਇਕ ਦਿਨ ਗੁੱਸੇ ਦਾ ਅਜਿਹਾ ਗੁਬਾਰ ਚੜ੍ਹਿਆ ਕਿ ਉਸ ਨੇ ਚੋਰੀਓਂ ਗਰਮ ਕਾੜ੍ਹਾ ਬਣਾਇਆ ਅਤੇ ਪੀ ਕੇ ਅੰਦਰ ਪੈ ਗਈ। ਹਰਨਾਮ ਕੁਰ ਨੂੰ ਦੂਜੇ ਦਿਨ ਉਸ ਦੇ ਚਿਹਰੇ ਉਤੇ ਛਾਈ ਮੁਰਦੇਹਾਣੀ ਅਤੇ ਗੁਸਲਖਾਨੇ ਵਿਚ ਡਿਗੇ ਖੂਨ ਦੇ ਥਿਕਿਆਂ ਤੋਂ ਪਤਾ ਲੱਗਿਆ ਕਿ ਜਗਪਾਲ ਕੁਰ ਨੇ ਗਰਭਪਾਤ ਕਰ ਲਿਆ ਸੀ। ਉਹ ਪਹਿਲਾਂ ਗੁਥੀ-ਗੁਥੀ ਰੋਂਦੀ ਰਹੀ ਅਤੇ ਇਕ-ਦੋ ਦਿਨਾਂ ਵਿਚ ਸਾਰੇ ਘਰ ਵਿਚ ਪਤਾ ਲੱਗ ਗਿਆ। ਗੋਧੇ ਨੂੰ ਪਤਾ ਲੱਗਣ ਦੀ ਦੇਰ ਸੀ ਕਿ ਉਹ ਡਾਂਗ ਲੈ ਕੇ ਜਗਪਾਲ ਦੇ ਦੁਆਲੇ ਹੋ ਗਿਆ। ਉਹ ਫੜਦਿਆਂ-ਫੜਦਿਆਂ ਵੀ ਦੋ-ਤਿੰਨ ਮਾਰ ਗਿਆ। ਜਗਪਾਲ ਪੂਰੇ ਪੰਦਰਾਂ ਦਿਨ ਸੱਟਾਂ ਦੀ ਭੰਨੀ ਪਈ ਰਹੀ। ਉਸ ਦੀ ਰੀੜ੍ਹ ਦੀ ਹੱਡੀ ਨੂੰ ਜਰਬ ਆ ਗਈ ਸੀ। ਤੁਰਨ ਵੇਲੇ ਉਸ ਦੇ ਢੂਈ ਵਿਚ ਚੀਸਾਂ ਪੈਂਦੀਆਂ।

ਗੋਧਾ ਅਜੇ ਵੀ ਹਟਦਾ ਨਹੀਂ ਸੀ। ਬਸ ਮਾੜਾ ਜਿਹਾ ਬਹਾਨਾ ਬਣਨ ਦੀ ਦੇਰ ਹੁੰਦੀ ਕਿ ਉਹ ਜਗਪਾਲ ਨੂੰ ਕੁਟਣ ਪੈ ਜਾਂਦਾ। ਉਹ ਅਗੋਂ ਬੋਲਣੋਂ ਨਾ ਹਟਦੀ ਤੇ ਉਹ ਕੁੱਟਣੋਂ ਨਾ ਹਟਦਾ।

ਹਰ ਲੜਾਈ ਤੋਂ ਪਿਛੋਂ ਘਰ ਵਿਚ ਮਹੀਨਿਆਂ-ਬਧੀ ਸੋਗ ਪਿਆ ਰਹਿੰਦਾ। ਇਸ ਗਹਿਰੀ ਚੁਪ ਨੂੰ ਆਖਿਰ ਹਰਨਾਮ ਕੁਰ ਤੋੜਨ ਦਾ ਯਤਨ ਕਰਦਿਆਂ ਜਗਪਾਲ ਕੁਰ ਨੂੰ ਆਖਦੀ, "ਕੁੜੇ ਤੂੰ ਚਾਰ ਦਿਨ ਪੇਕੀਂ ਲਾਇਆ, ਤੇਰੀ ਹਵਾ-ਪਾਣੀ ਬਦਲੀ ਜਾਊ, ਇਕ ਪਾਸੇ ਪਈ ਤਾਂ ਰੋਟੀ ਵੀ ਸੜ ਜਾਂਦੀ ਐ, ਰੋਗ ਨਾ ਲੱਗੀ ਕੋਈ ਚੰਦਨ ਵਰਗੀ ਦੇਹੀ ਨੂੰ।"

"ਮੈਂ ਕਿਤੇ ਨੀਂ ਜਾਣਾ ਮਾਈ, ਮੇਰੇ ਲਈ ਤਾਂ ਸਾਰਾ ਜੱਗ ਮਰਿਆਂ ਬਰੋਬਰ ਐ, ਮੈਂ ਤਾਂ ਹੁਣ ਐਥੇ ਹੀ ਮਰੂੰ, ਭਾਵੇਂ ਕੋਈ ਫੂਕੇ ਭਾਵੇਂ ਬੀੜ ਵਿਚ ਕਾਵਾਂ ਕੁੱਤਿਆਂ ਅਗੇ ਸਿੱਟ ਦੇਵੇ, ਕਿਤੇ ਜਾਇਆਂ ਕਿਹੜਾ ਨਸੀਬ ਬਦਲਦੇ ਐ, ਅਖੇ ਤੁਰਜਾ ਬਰ੍ਹਮਾ ਨੂੰ ਲੇਖ ਜਾਣਗੇ ਨਾਲੇ," ਜਗਪਾਲ ਦਾ ਕੋਰਾ ਜਵਾਬ ਸੁਣ ਕੇ ਹਰਨਾਮ ਕੁਰ ਹੋਰ ਕੁਝ ਨਾ ਆਖਦੀ ਅਤੇ ਫੇਰ ਕਦੇ ਗੋਧੇ ਨੂੰ, ਕਦੇ ਹਰਮੀਤ ਨੂੰ ਸਮਝੌਤੀਆਂ ਦੇਣ ਲੱਗ ਜਾਂਦੀ। ਜਦੋਂ ਕੋਈ ਵੀ ਨਾ ਸੁਣਦਾ ਤਾਂ ਅੰਤ ਨੂੰ ਹਾਰ ਕੇ ਗੁਰਬਖਸ਼ ਸਿਉਂ ਦੀ ਪੈਂਦ ਸਿਰ ਫੜ ਕੇ ਬੈਠ ਜਾਂਦੀ ਕਿ ਸ਼ਾਇਦ ਉਹ ਹੀ ਕੋਈ ਰਾਹ ਕੱਢ ਲਵੇ।

ਅਜ ਵੀ ਉਹ ਦੋਵਾਂ ਹਥੇਲੀਆਂ ਨਾਲ ਸਿਰ ਫੜੀ ਗੁਰਬਖਸ਼ ਸਿਉਂ ਦੀ ਪੈਂਦ ਬੈਠੀ ਸੀ, "ਵਾਖਰੂ, ਚਹੁੰ ਚਾਲਾਂ 'ਚ ਸਿਵਿਆਂ ਹਾਰ ਬਣ ਗਿਆ, ਆਵਦੇ ਘਰੇ ਰੰਗੀਂ ਵਸਦੇ ਸਾਂ, ਖਬਰੇ ਕਿਹੜੇ ਔਂਤਰੇ ਦੀ ਨਜ਼ਰ ਲੱਗ'ਗੀ, ਕਿਹੜੀ ਔਤ ਜਾਣੀ ਨੇ ਏਥਰ ਸਵਾਹ ਦੀ ਮੁਠ ਸਟਵਾ'ਤੀ!" ਹਰਨਾਮ ਕੁਰ ਪਹਿਲਾਂ ਤਾਂ ਜਿਵੇਂ ਆਪਣੇ ਆਪ ਨਾਲ ਹੀ ਗੱਲਾਂ ਕਰਦੀ ਰਹੀ ਅਤੇ ਫੇਰ ਉਸ ਨੇ ਗੁੰਮ ਸੁੰਮ ਬੈਠੇ ਗੁਰਬਖਸ਼ ਸਿਉਂ ਦੀ ਲਤ ਨੂੰ ਹਲੂਣ ਕੇ ਕਿਹਾ, "ਤੂੰ ਤਾਂ ਜਵਾਂ ਈ ਨਿਰਫਿਕਰ ਹੋ ਕੇ ਬੈਹ ਗਿਆ। ਹੈਂਅ ਮੂੰਹ-ਪਟੀਆਂ (ਜੈਨ-ਮੁਨੀ) ਬਣ ਕੇ, ਮਿੰਟ ਵਿਚ ਉਜੜਗੇ ਸਾਂ ਜੇ ਕਹੀ ਦਾ ਵਾਰ ਹੋ ਜਾਂਦਾ ਤਾਂ, ਤੂੰ ਈ ਪੁੱਛ ਕੇ ਵੇਖ ਲੈ ਏਨ੍ਹਾਂ ਨੂੰ ਇਉਂ ਝੋਟਿਆਂ ਵਾਲਾ ਖੋਰ ਬੰਨ੍ਹ ਲਿਆ? ਅਖੇ ਸਾਨ੍ਹਾਂ ਦਾ ਭੇੜ ਤੇ ਫਸਲਾਂ ਦਾ ਨਾਸ, ਸਾਡਾ ਵੀ ਬੁਢਾਪਾ ਰੋਲ'ਤਾ ਏਨ੍ਹਾਂ ਦੇ ਕਲੇਸ਼ ਨੇ ਤਾਂ, ਉਠ ਤੂੰ, ਐਂ ਬੈਠ ਨੀਂ ਸਰਨਾ, ਹਾੜੇ ਲਾ ਡੁਬਦੀ ਬੇੜੀ ਤਣ-ਪਤਣ।"

"ਮੇਰੀ ਕਿਹੜਾ ਉਹਨੇ ਮੰਨਣੀ ਐਂ, ਵੀਰ ਵਾਰੀ ਗੱਲੀਂ ਗੱਲੀਂ ਕੁੱਤੇ ਖਾਣੀ ਕੀਤੀ ਐ, ਕੋਈ ਅਸਰ ਹੁੰਦੈ ਓਸ ਪੱਥਰ 'ਤੇ, ਜੇ ਬਰਾਬਰ ਦੇ ਨੂੰ ਜ਼ਿਆਦਾ ਆਖੂੰਗਾ ਤਾਂ ਉਹ ਘਰੋਂ ਨਿਕਲ ਜੂ, ਫੇਰ ਦੋ ਆਟੇ ਦੀਆਂ ਤੌਣਾਂ ਨੂੰ ਕਿੱਥੇ ਲੁਕੋਵਾਂਗੇ, ਮੈਂ ਵੇਖਿਐ ਜਿਹੜੇ ਬੰਦੇ ਨੂੰ ਕੋਈ ਝੱਲ ਚੜ੍ਹ ਜੇ, ਓਹ ਮਰੇ-ਮਰਾਏ ਬਿਨਾ ਓਧਰੋਂ ਨੀਂ ਮੁੜਦਾ ਹੁੰਦਾ, ਐਵੇਂ ਨੀਂ ਕਿਸੇ ਨੇ ਆਖਿਆ ਅਖੇ ਹੜ੍ਹ ਦੀ ਛੱਲ ਤੇ ਜੱਟ ਦਾ ਝੱਲ ਦੋਵੇਂ ਕਰਨ ਤਬਾਹੀ ਦੀ ਗੱਲ," ਗੁਰਬਖਸ਼ ਸਿਉਂ ਨੇ ਆਪਣੀ ਬੇਬਸੀ ਦੱਸੀ।

ਹਰਨਾਮ ਕੁਰ ਦੇ ਜ਼ਿਆਦਾ ਆਖਣ 'ਤੇ ਉਸ ਨੇ ਜਗਪਾਲ ਕੁਰ ਨੂੰ ਸਮਝਾਉਣ ਵਾਸਤੇ ਆਵਾਜ਼ ਮਾਰੀ, "ਭਾਈ ਜਗਪਾਲ ਕੁਰੇ ਗੱਲ ਸੁਣ ਮਾੜੀ ਜਿਹੀ ਉਰੇ ਆ ਕੇ।" ਨੇੜੇ ਆ ਖੜ੍ਹੀ ਜਗਪਾਲ ਕੁਰ ਨੂੰ ਗੁਰਬਖਸ਼ ਸਿਉਂ ਨੇ ਕਿਹਾ, "ਭਾਈ ਨਿੱਤ ਦਾ ਕਲੇਸ਼ ਤਾਂ ਰਾਜੇ-ਰਾਣੀਆਂ ਦੇ ਰਾਜ-ਭਾਗ ਨੂੰ ਲੈ ਡੁਬਦੈ, ਆਪਾਂ ਵਿਚਾਰੇ ਤਾਂ ਕਿਸ ਗਿਣਤੀ ਵਿਚ ਆਉਨੇ ਆਂ, ਪੁੱਤ ਤੂੰ ਈ ਦੱਸ ਦੇ ਤੇਰਾ ਚਿਤ ਕਿਵੇਂ ਰਾਜ਼ੀ ਐ, ਜੇ ਕਿਸੇ ਬਿਧ ਉਲਝੀ ਤਾਣੀ ਹੱਥ ਆ ਜੇ ਤਾਂ।"

"ਬਾਪੂ ਜੀ ਸਾਰਾ ਕੁਸ ਸੋਡੇ ਸਾਹਮਣੇ ਈ ਐ, ਇਹ ਬੰਦਾ ਆਪਣੀ ਕਿਸੇ ਆਖੀ ਉਤੇ ਪੂਰਾ ਨੀਂ ਉਤਰਿਆ, ਮੈਨੂੰ ਇਹਨੇ ਜਵਾਂ ਚੂਹੜੀ ਸਮਝ ਛਡਿਐ, ਐਂ ਮੈਂ ਕੋਈ ਔਂਤਰੀ ਗਾਂ-ਮੈਂਹ ਤਾਂ ਨੀਂ ਖਰੀਦ ਕੇ ਲਿਆਂਦੀ ਵੀ, ਸੌ ਜੁੜੀ ਜੁੜੀ 'ਚ ਲਾਵਾਂ ਲੈ ਕੇ ਲਿਆਏ ਸੀ, ਫੇਰ ਮੈਂ ਏਸ ਘਰ ਦਾ ਕੀ ਮਾੜਾ ਕਰ'ਤਾ, ਸਾਰਾ ਦਿਨ ਕਾਲੇ ਬਲਦ ਵਾਂਗ ਕਮਾਉਣੀ ਆਂ, ਬਾਪੂ ਜੀ ਮੈਂ ਤਾਂ ਹੁਣ ਬਾਅਲੀਆਂ ਗੱਲਾਂ ਕਰਨੀਆਂ ਨੀ, ਸੌ ਹੱਥ ਰੱਸਾ ਤੇ ਸਿਰੇ 'ਤੇ ਗੰਢ, ਮੈਨੂੰ ਤਾਂ ਅੱਡ ਕਰ ਦਿਓ, ਮੈਂ ਨੀਂ ਏਸ ਨਰਕ ਵਿਚ ਰਹਿਣਾ ਹੁਣ, ਮੇਰੇ ਹਿੱਸੇ ਦੀ ਦਬੀ ਪੈਲੀ ਮੈਨੂੰ ਮੁੜਵਾ ਦਿਓ, ਮੈਂ ਉਹਦੇ ਨਾਲ ਆਵਦਾ ਜੁਆਕ ਪਾਲ ਲੂੰ-ਗੀ," ਗੁੱਸੇ ਵਿਚ ਉਬਲਦੀ ਜਗਪਾਲ ਨੇ ਆਪਣਾ ਅੰਤਮ ਫੈਸਲਾ ਬਿਨਾ ਕਿਸੇ ਸੰਕੋਚ ਤੋਂ ਸੁਣਾ ਦਿਤਾ। ਇਹ ਸੁਣ ਕੇ ਗੁਰਬਖਸ਼ ਸਿਉਂ ਦੇ ਤਾਂ ਜਿਵੇਂ ਸਿਰ ਸੌ ਘੜਾ ਪਾਣੀ ਦਾ ਪੈ ਗਿਆ। ਉਹ ਅਵਾਕ ਬੈਠਾ ਸੋਚਦਾ ਰਿਹਾ, "ਮਨਾਂ ਆਹ ਕੀ ਜੱਗੋਂ ਤੇਰ੍ਹਵੀਂ ਗੱਲ ਹੋ-ਗੀ, ਪੁਤਾਂ-ਨੋਂਹਾਂ ਨੂੰ ਤਾਂ ਸਾਰੀ ਦੁਨੀਆਂ ਈ ਅੱਡ ਕਰਦੀ ਆਈ ਐ ਪਰ ਕੱਲੀ ਨੋਂਹ ਨੂੰ ਅੱਡ ਕਰ'ਤਾ ਤਾਂ ਲੋਕ ਕੀ ਆਖਣਗੇ?" ਗੁਰਬਖਸ਼ ਸਿਉਂ ਨੂੰ ਜਗਪਾਲ ਕੁਰ ਨੂੰ ਕਹਿਣ ਵਾਸਤੇ ਕੋਈ ਗੱਲ ਨਾ ਸੁੱਝੀ। ਉਹਦੇ ਸਿਰ ਵਿਚ ਜਗਪਾਲ ਕੁਰ ਦਾ "ਮੈਨੂੰ ਤਾਂ ਅੱਡ ਕਰ ਦਿਓ" ਵਾਕ ਵਾਰ ਵਾਰ ਹਥੌੜੇ ਵਾਂਗ ਵਜਦਾ ਰਿਹਾ। ਗੁਰਬਖਸ਼ ਸਿਉਂ ਨੂੰ ਜਾਪਿਆ ਜਿਵੇਂ ਉਹ ਜਗਪਾਲ ਕੁਰ ਅਤੇ ਉਸ ਦੇ ਪਿਓ ਨੂੰ ਦਿਤੇ ਉਸ ਵਚਨ ਤੋਂ ਝੂਠਾ ਪੈ ਗਿਆ ਹੋਵੇ ਜਿਹੜਾ ਜਗਪਾਲ ਨੂੰ ਪਹਿਲੀ ਵਾਰ ਲੈਣ ਆਏ ਪ੍ਰਤਾਪ ਸਿਉਂ ਅੱਗੇ ਕੀਤਾ ਸੀ।

"ਆਪਾਂ ਆਹ ਅਣਤੋਲੀ ਮਿੱਟੀ ਉਤੇ ਖੜੇ ਆਂ ਪ੍ਰਤਾਪ ਸਿਆਂ, ਬੰਦਾ ਔਲਾਦ ਦੀ ਖਾਤਰ ਸੌ ਸੌ ਖੂਹੀਂ ਜਾਲ ਪਾਉਂਦਾ ਐ, ਪਰ ਤੂੰ ਮਨ ਵਿਚ ਕੋਈ ਧੁੜਕੂ ਨਾ ਰਖੀਂ, ਹੁਣ ਇਹ ਤੇਰੀ ਧੀ ਪਿਛੋਂ ਐਂ ਤੇ ਮੇਰੀ ਪਹਿਲਾਂ, ਕਦੇ ਭੋਰਾ ਦਵੈਤ ਹੋਈ ਸੁਣ ਲਏਂ ਤਾਂ ਆ ਕੇ ਮੈਨੂੰ ਨੀਵੇਂ ਤਾਂ ਬਠਾ'ਲੀਂ।" ਫੇਰ ਉਸ ਨੇ ਆਪਣੇ ਪੈਰੀਂ ਹੱਥ ਲਾਉਂਦੀ ਜਗਪਾਲ ਕੁਰ ਨੂੰ ਸਿਰ ਪਲੋਸ ਕੇ ਵਿਦਾ ਕਰਦਿਆਂ ਆਖਿਆ ਸੀ, "ਜਗਪਾਲ ਕੁਰੇ ਪੁੱਤ ਜੇ ਤੇਰੇ ਕੰਡਾ ਵੀ ਚੁਭੇ ਨਾ ਤਾਂ ਪ੍ਰਤਾਪ ਸਿਉਂ ਨੂੰ ਮਗਰੋਂ ਦੱਸੀਂ ਤੇ ਪਹਿਲਾਂ ਮੈਨੂੰ ਦੱਸੀਂ।"

ਗੁਰਬਖਸ਼ ਸਿਉਂ ਨੂੰ ਲੱਗਿਆ ਜਿਵੇਂ ਜਗਪਾਲ ਕੁਰ ਨੇ ਤਾਂ ਆਪਣਾ ਦੁਖ ਪ੍ਰਤਾਪ ਸਿਉਂ ਕੋਲੋਂ ਲੁਕਾ ਕੇ ਆਪਣਾ ਵਚਨ ਪੂਰਾ ਕਰ ਦਿਤਾ ਸੀ ਅਤੇ ਉਹ ਆਪ ਝੂਠਾ ਪੈ ਗਿਆ ਸੀ, ਜਿਹੜਾ ਸਾਰਾ ਕੁਝ ਅੱਖੀਂ ਵੇਖ ਕੇ ਵੀ ਚੁਪ ਕਰਕੇ ਬੈਠਾ ਰਿਹਾ ਸੀ। ਹੁਣ ਉਸ ਦੀ ਪੈਂਦ ਕੋਲ ਖੜ੍ਹੀ ਜਗਪਾਲ ਜਿਵੇਂ ਦੁੱਖਾਂ ਦੀਆਂ ਸੂਲਾਂ ਨਾਲ ਪਰੁਚੇ ਪੈਰ ਲਈ ਉਸ ਨੂੰ ਆਖ ਰਹੀ ਸੀ, "ਕੁਸ਼ ਤਾਂ ਬੋਲੋ ਬਾਪੂ ਜੀ, ਵੇਖ ਲੋ ਮੈਂ ਤਾਂ ਆਪਣੇ ਬਾਪੂ ਨਾਲੋਂ ਪਹਿਲਾਂ ਸੋਡੇ ਕੋਲੇ ਈ ਆਈ ਆਂ ਤੇ ਉਹ ਵੀ ਪੂਰੇ ਚਹੁੰ ਸਾਲਾਂ ਪਿਛੋਂ, ਹੁਣ ਕਰੋ ਇਨਸਾਫ।"

ਗੁਰਬਖਸ਼ ਸਿਉਂ ਨੇ ਕਿਸੇ ਦਰਗਾਹ ਉਤੇ ਮੰਨਤ ਮੰਨਣ ਵਾਲਿਆਂ ਵਾਂਗੂੰ ਉਸ ਵਲ ਇਕ ਟਕ ਵੇਖਦਿਆਂ ਖੜ੍ਹੀ ਅਤੇ ਉਸ ਦੇ ਮੂੰਹੋਂ ਨਿਕਲੇ ਬੋਲ ਨੂੰ ਉਡੀਕਦੀ ਜਗਪਾਲ ਕੁਰ ਵਲ ਵੇਖਿਆ ਅਤੇ ਅੰਦਰੋਂ ਕੰਬ ਗਿਆ। ਉਸ ਨੇ ਹਾਰ ਕੇ ਆਖਿਆ, "ਤੂੰ ਤਾਂ ਭਾਈ ਮੇਰੇ ਵਰਗੇ ਛੋਟੇ ਬੰਦੇ ਤੋਂ ਬਾਅਲਾ ਵਡਾ ਵਰ ਮੰਗ ਲਿਆ, ਜੇ ਮੈਂ ਓਦੋਂ ਆਵਦਾ ਹਿੱਸਾ ਵੀ ਰਖਿਆ ਹੁੰਦਾ ਤਾਂ ਤੇਰੇ ਨਾਂ ਕਰਾਉਂਦਿਆਂ ਅੱਖ ਦੇ ਫੋਰ ਜਿੰਨਾ ਚਿਰ ਨਾ ਲਾਉਂਦਾ, ਮੈਂ ਤਾਂ ਆਪ ਹੱਥ ਵਢਾਈ ਬੈਠੈਂ ਤੇਰੇ ਵਾਂਗੂੰ, ਭਾਈ ਮੇਰੀ ਤਾਂ ਬੇਵਾਹ ਐ, ਓਸ ਭੜੂਏ ਤੋਂ ਪੁੱਛ ਕੇ ਵੇਖਦੇਂ ਜੇ ਮੰਨ ਲਏ ਤਾਂ, ਗੁਰਬਖਸ਼ ਸਿਉਂ ਮਲਕੜੇ ਜਿਹੇ ਮੰਜੇ ਤੋਂ ਉਠਿਆ ਅਤੇ ਬਾਹਰਲੇ ਬੂਹੇ ਦੀ ਚੌਕੜੀ ਉਤੇ ਬੈਠੇ ਗੋਧੇ ਵਲ ਤੁਰ ਪਿਆ। ਉਸ ਦੇ ਪੈਰਾਂ ਨਾਲ ਜਿਵੇਂ ਪਹਾੜ ਬੱਝ ਗਏ ਹੋਣ, ਇਉਂ ਪੈਰ ਚੁਕਦਾ ਉਹ ਗੋਧੇ ਕੋਲ ਗਿਆ ਅਤੇ ਉਨ੍ਹੀਂ ਪੈਰੀਂ ਮੁੜ ਆਇਆ। ਗੋਧੇ ਦਾ ਗਾਲ੍ਹ ਦੇਣ ਵਰਗਾ ਗਿਆਰਾਂ ਫੈਸਲਾ ਸਭ ਨੂੰ ਸੁਣ ਗਿਆ, "ਏਹ ਜਿਥੇ ਮਰਜ਼ੀ ਭੌਂਕਦੀ ਫਿਰੇ ਜੇ ਇਹਨੂੰ ਰੋਟੀ ਨਹੀਂ ਪਚਦੀ ਤਾਂ, ਜੇ ਇਹਨੇ ਮੁੰਡੇ ਨੂੰ ਹੱਥ ਲਾਇਆ ਤਾਂ ਮੈਂ ਗੁੱਟ ਛਾਂਗ ਦੂੰ, ਇਕ ਓੜ ਨੀਂ ਦਿੰਦਾ ਜ਼ਮੀਨ ਦੀ, ਜਿਹੜਾ ਜ਼ੋਰ ਲਗਦੈ ਲਾ ਲਵੇ।" ਇਸ ਲਈ ਮੂੰਹ ਲਟਕਾਈ ਆਉਂਦੇ ਗੁਰਬਖਸ਼ ਸਿਉਂ ਨੂੰ ਗੋਧੇ ਦਾ ਫੈਸਲਾ ਦੱਸਣ ਦੀ ਲੋੜ ਨਾ ਰਹੀ।

ਗੋਧੇ ਦਾ ਫੈਸਲਾ ਸੁਣਦਿਆਂ ਹੀ ਜਗਪਾਲ ਕੁਰ ਨੂੰ ਹਰਖ ਨਾਲ ਜਿਵੇਂ ਚੰਡੀ ਚੜ੍ਹ ਗਈ ਹੋਏ। ਉਸ ਨੇ ਗੋਧੇ ਵਾਂਗ ਹੀ ਖੜਕਵੀਂ ਆਵਾਜ਼ ਵਿਚ ਬਾਂਹ ਕਢ ਕੇ ਭਾਵੇਂ ਗੁਰਬਖਸ਼ ਸਿਉਂ ਨੂੰ ਕਿਹਾ ਪਰ ਸੁਣਾਇਆ ਗੋਧੇ ਨੂੰ, "ਮੈਂ ਵੀ ਪਿਓ ਦੀ ਧੀ ਨੀਂ ਜੇ ਇਹਦੀ ਮੁਤ ਨਾਲ ਦਾੜ੍ਹੀ ਨਾ ਮੁੰਨਵਾਈ ਤਾਂ, ਮੈਨੂੰ ਭਾਵੇਂ ਸ਼ਰੀਕਾਂ ਦੀ ਗੋਹੇ ਦੀ ਟੋਕਰੀ ਚਕਣੀ ਪਵੇ ਪਰ ਏਸ ਬੇਕਦਰੇ ਜੱਟ ਦੀ ਦੇਹਲੀ ਵਿਚ ਪੈਰ ਨੀਂ ਪਾਉਣਾ ਮੁੜ ਕੇ।" ਉਹ ਕਾਹਲੇ ਕਦਮੀਂ ਚੌਂਤਰੇ ਵਲ ਗਈ ਅਤੇ ਰਸੋਈ ਦੇ ਪ੍ਰਛਾਵੇਂ ਵਿਚ ਬੈਠੀ ਹਰਮੀਤ ਦੀ ਝੋਲੀ ਵਿਚੋਂ ਮੁੰਡੇ ਨੂੰ ਖਿਚ ਲਿਆ। ਚੰਘਿਆੜਾਂ ਮਾਰਦੇ ਮੁੰਡੇ ਨੂੰ ਘੜੀਸਦੀ ਉਹ ਬਾਹਰਲੇ ਬੂਹੇ ਵਲ ਭੱਜ ਪਈ।

ਮੁੰਡੇ ਦੀਆਂ ਚੀਕਾਂ ਸੁਣ ਕੇ ਗੋਧਾ ਵੀ ਚੌਂਕੜੀ ਤੋਂ ਉਠ ਕੇ ਬੂਹੇ ਵਿਚ ਆ ਗਿਆ। ਉਸ ਨੇ ਦਰਵਾਜ਼ੇ ਦੀ ਓਟ ਵਿਚੋਂ ਫੌੜਾ ਚੁਕ ਲਿਆ ਅਤੇ ਉਸ ਨਾਲ ਬੂਹੇ ਵਿਚ ਲਛਮਣ-ਰੇਖਾ ਵਾਹ ਕੇ ਕਿਹਾ, "ਲੈ ਜੇ ਪਿਓ ਦੀ ਐਂ?" ਜਗਪਾਲ ਨੇ ਜਿਵੇਂ ਗੋਧੇ ਦੀ ਗੱਲ ਸੁਣੀ ਹੀ ਨਾ ਹੋਵੇ। ਉਸ ਦੇ ਕੰਨਾਂ ਵਿਚ ਤਾਂ ਗੁੱਸੇ ਦੀ ਸਾਂ-ਸਾਂ ਤੋਂ ਇਲਾਵਾ ਹੋਰ ਕੁਝ ਸੁਣਦਾ ਹੀ ਨਹੀਂ ਸੀ। ਉਹ ਬੰਦੂਕ ਦੀ ਨਾਲੀ ਵਾਂਗ ਅੱਖਾਂ ਗੋਧੇ ਵਲ ਸੇਧਦਿਆਂ ਨਿਧੜਕ ਤੁਰੀ ਗਈ। ਗੋਧੇ ਦੀ ਵਾਹੀ 'ਲਛਮਣ ਰੇਖਾ' ਤੋਂ ਉਸ ਨੇ ਅਜੇ ਇਕ ਪੈਰ ਹੀ ਬਾਹਰ ਰਖਿਆ ਸੀ ਕਿ ਦਾਅੜ ਕਰਦਾ ਫੌੜਾ ਉਸ ਦੀ ਪੁਰਪੜੀ ਵਿਚ ਵਜਿਆ ਉਹ ਭੰਬਾਲੀ ਖਾ ਕੇ ਉਥੇ ਹੀ ਡਿਗ ਪਈ। ਉਸ ਦੇ ਹਥੋਂ ਮੁੰਡੇ ਦੀ ਬਾਂਹ ਛੁਟੀ ਤਾਂ ਮੁੰਡਾ ਚੀਕਾਂ ਮਾਰਦਾ ਪਿਛੇ ਆਉਂਦੀ ਹਰਮੀਤ ਦੀਆਂ ਲੱਤਾਂ ਨੂੰ ਡਰ ਕੇ ਚੁੰਬੜ ਗਿਆ। ਗੁਰਬਖਸ਼ ਸਿਉਂ ਤੇ ਹਰਨਾਮ ਕੁਰ ਫੁਲੇ ਸਾਹ ਨਾਲ ਜਿਵੇਂ ਜੰਮ ਗਏ। "ਮਾਰਤੇ ਵੇ ਲੋ-ਕੋ" ਦੀ ਲੇਰ ਹਰਨਾਮ ਕੁਰ ਦੇ ਸੰਘ ਵਿਚ ਹੀ ਅੜ ਗਈ।

ਡਿੱਗੀ ਪਈ ਜਗਪਾਲ ਦੀਆਂ ਲੱਤਾਂ ਅਤੇ ਬਾਹਾਂ ਨੂੰ ਚਾਰ ਕੁ ਵਾਰੀ ਅਕੜਾ ਜਿਹਾ ਚੜ੍ਹਿਆ ਅਤੇ ਫੇਰ ਉਸ ਦਾ ਸਿਰ, ਜਿਧਰ ਗੋਧਾ ਖੜ੍ਹਾ ਸੀ, ਉਸ ਤੋਂ ਦੂਜੀ ਦਿਸ਼ਾ ਵਲ ਲੁੜਕ ਗਿਆ ਜਿਵੇਂ ਉਹ ਕਹਿ ਰਹੀ ਹੋਵੇ, "ਏਸ ਬੇਕਦਰੇ!" ਉਸ ਦੀਆਂ ਖੁੱਲ੍ਹੀਆਂ ਅੱਖਾਂ ਡਰਾਉਣੀ ਚਮਕ ਨਾਲ ਅਜੇ ਵੀ ਇਕ ਟਕ ਵੇਖਦੀਆਂ ਜਾਪਦੀਆਂ ਸਨ। ਮਰਨ ਵੇਲੇ ਤਰੀੜਾਂ ਲੈ ਲੈ ਉਛਲਦਾ ਉਸ ਦਾ ਧੜ ਗੋਧੇ ਦੀ ਵਾਹੀ 'ਲਛਮਣ-ਰੇਖਾ' ਤੋਂ ਬਹੁਤ ਸਾਰਾ ਬਾਹਰ ਜਾ ਪਿਆ ਸੀ, ਸਿਰਫ ਪੈਰ ਹੀ ਅੰਦਰ ਰਹਿ ਗਏ ਸਨ।

---

# ਰੁੱਤ ਉਦਘਾਟਨਾਂ ਦੀ ਆਈ

ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ:916-687-3536

ਪੰਜਾਬ ਦੀ ਪੰਥਕ ਸਰਕਾਰ ਬਣੀ ਨੂੰ ਪੂਰੇ ਚਾਰ ਸਾਲ ਨੌਂ ਮਹੀਨੇ ਹੋ ਗਏ। ਨਾ ਕਿਧਰੇ ਕੋਈ ਨੀਂਹ ਪੱਥਰ ਰੱਖਿਆ ਗਿਆ ਤੇ ਨਾ ਕੋਈ ਉਦਘਾਟਨ ਹੀ ਹੋਇਆ। ਪੰਜਾਬ ਦੇ ਲੋਕ ਹੈਰਾਨ ਸਨ ਕਿ ਸਰਕਾਰ ਨੂੰ ਹੋਇਆ ਕੀ ਹੈ? ਕੀ ਸੱਪ ਸੁੰਘ ਗਿਆ ਹੈ? ਕਿਤੇ ਰਤਕਦੀ ਹੀ ਨਹੀਂ? ਕਿਧਰੇ ਸੌਂ ਤਾਂ ਨਹੀਂ ਗਈ? ਪਰ ਜਿਉਂ ਹੀ ਚਾਰ ਸਾਲ ਤੇ ਨੌਂ ਮਹੀਨੇ ਪੂਰੇ ਹੋਏ, ਤੇ ਨਵੰਬਰ ਦਾ ਮਹੀਨਾ ਚੜ੍ਹਿਆ, ਪੰਜਾਬ ਦੀ ਸਰਕਾਰ ਪੂਰੇ ਬੈਂਡ-ਵਾਜਿਆਂ ਤੇ ਨੱਚਣ ਵਾਲਿਆਂ ਨਾਲ ਸ਼ਾਹੀ ਮਹਿਲਾਂ ਵਿਚੋਂ ਇਵੇਂ ਬਾਹਰ ਨਿਕਲ ਆਈ ਜਿਵੇਂ ਕਿਸੇ ਜ਼ਮਾਨੇ ਵਿਚ ਮੱਕੜੀ ਫਸਲਾਂ 'ਤੇ ਧਾਵਾ ਬੋਲਦੀ ਹੁੰਦੀ ਸੀ।

ਲੋਕੀਂ ਹੈਰਾਨ ਰਹਿ ਗਏ ਕਿ ਇਹ ਕਿਥੋਂ ਨਿਕਲ ਆਏ ਨੇ? ਕਿਸੇ ਸਿਆਣੇ ਨੇ ਦੱਸਿਆ ਕਿ ਇਹ ਆਰਾਮ ਕਰ ਰਹੇ ਸਨ, ਹੁਣੇ ਨੀਂਦ ਖੁੱਲ੍ਹੀ ਹੈ, ਹੁਣ ਕੁਝ ਨਾ ਕੁਝ ਪੁੱਠਾ-ਸਿਧਾ ਜ਼ਰੂਰ ਕਰਨਗੇ।...ਤੇ ਲਉ ਜੀ! ਉਹੋ ਈ ਗੱਲ ਹੋ ਗਈ!! ਸਰਕਾਰ ਨੇ ਫਟਾ-ਫਟ ਐਲਾਨ ਕਰ ਦਿੱਤਾ ਕਿ ਹੁਣ ਸਰਕਾਰ ਜਾਗ ਉਠੀ ਹੈ, ਹੁਣ ਪਿਛਲੀਆਂ ਸਾਰੀਆਂ ਕਸਰਾਂ ਪੂਰੀਆਂ ਕਰ ਦੇਵਾਂਗੇ। ਜਿਹੜੀਆਂ ਇਮਾਰਤਾਂ ਜਾਂ ਯਾਦਗਾਰਾਂ ਦੇ ਉਦਘਾਟਨ ਪਹਿਲਾਂ ਵੀ ਹੋ ਚੁੱਕੇ ਹਨ, ਉਨ੍ਹਾਂ ਸਾਰੀਆਂ ਦੇ ਉਦਘਾਟਨ ਦੁਬਾਰਾ ਕੀਤੇ ਜਾਣਗੇ। ਜਿਹੜੀਆਂ ਇਮਾਰਤਾਂ ਅਜੇ ਅਧੂਰੀਆਂ ਹਨ ਜਾਂ ਬਣ ਰਹੀਆਂ ਹਨ, ਉਨ੍ਹਾਂ ਦੇ ਉਦਘਾਟਨ ਵੀ ਫੌਰਨ ਕਰਾਂਗੇ। ਇਮਾਰਤਾਂ ਤਾਂ ਬਣ ਰਹੀਆਂ ਹਨ ਅਤੇ ਆਪੇ ਬਣਦੀਆਂ ਰਹਿਣਗੀਆਂ। ਨਹੀਂ ਤਾਂ ਆਉਣ ਵਾਲੀ ਅਗਲੀ ਸਰਕਾਰ ਆਪੇ ਹੀ ਬਣਾਉਂਦੀ ਰਹੇਗੀ। ਸਾਨੂੰ ਕੀ? ਸਾਡਾ ਕੰਮ ਹੈ ਉਦਘਾਟਨ ਕਰਨੇ। ਉਦਘਾਟਨ ਅਸੀਂ ਸਾਰੇ ਕਰਕੇ ਹੀ ਜਾਵਾਂਗੇ ਅਤੇ ਅਸੀਂ ਐਸੀ ਕੋਈ ਵੀ ਬਣ ਰਹੀ ਇਮਾਰਤ ਨਹੀਂ ਛੱਡਣੀ ਜਿਥੇ ਆਪਣੇ ਨਾਂ ਦਾ ਪੱਥਰ ਲਾ ਕੇ ਉਦਘਾਟਨ ਨਾ ਕਰ ਜਾਈਏ। ਇਸ ਕਰਕੇ ਅਸੀਂ ਹੁਣ ਦਿਨ ਰਾਤ ਇਕ ਕਰਕੇ ਸ਼ਹੀਦਾਂ ਦੇ ਨਾਂਵਾਂ 'ਤੇ ਬਣ ਰਹੀਆਂ ਜੰਗੀ ਯਾਦਗਾਰਾਂ ਨੂੰ ਵੀ, ਭਾਵੇਂ ਉਹ ਅੱਧੀਆਂ-ਅਧੂਰੀਆਂ ਹੀ ਹੋਣ, ਉਨ੍ਹਾਂ ਦੇ ਉਦਘਾਟਨ ਵੀ ਬੜੀ ਸ਼ਾਨੋ-ਸ਼ੌਕਤ ਤੇ ਸ਼ਾਹੀ ਠਾਠ ਨਾਲ ਕਰਾਂਗੇ। ਜੇ ਚਾਰ ਸਾਲ ਨੌਂ ਮਹੀਨੇ ਅਸੀਂ ਸੁੱਤੇ ਵੀ ਰਹੇ ਹਾਂ ਤਾਂ ਕਿਹੜਾ ਹਨ੍ਹੇਰ ਪੈ ਗਿਆ ਹੈ? ਸਾਡਾ ਸੌਣ ਦਾ ਮਤਲਬ ਵੀ ਇਹੀ ਸੀ ਕਿ ਜੇ ਅਸੀਂ ਸਾਲ ਦੋ ਸਾਲ ਪਹਿਲਾਂ ਇਨ੍ਹਾਂ ਯਾਦਗਾਰਾਂ ਦੀਆਂ ਇਮਾਰਤਾਂ ਨੂੰ ਪੂਰਾ ਕਰਕੇ ਉਦੋਂ ਕੰਮ ਨਿਬੇੜ ਦਿੰਦੇ ਤਾਂ ਹੁਣ ਸਾਡੇ ਕਰਨ ਜੋਗਾ ਕੀ ਬਚਣਾ ਸੀ?

ਸੋ, ਇਹ ਤਾਂ ਸਾਡੀ ਸਰਕਾਰ ਦੀ ਰਣਨੀਤੀ ਸੀ ਜੋ ਅਸੀਂ ਪਹਿਲਾਂ ਹੀ ਤਿਆਰ ਕਰਕੇ ਰੱਖੀ ਹੋਈ ਸੀ, ਤੇ ਬਾਕੀ ਭਾਈ, ਜੇ ਅਸੀਂ ਚਾਰ ਸਾਲ ਆਰਾਮ ਵੀ ਕਰ ਲਿਆ ਹੈ ਤਾਂ ਕਿਸੇ ਦਾ ਕੀ ਵਿਗਾੜਿਆ ਹੈ? ਖਵਰੇ ਪੰਜਾਬ ਵਾਰੀ ਤਾਂ ਅਸੀਂ ਬਾਹਰਲੇ ਮੁਲਕਾਂ ਦੇ ਗੇੜੇ ਲਾ ਆਏ ਹਾਂ। ਗਰਮੀਆਂ ਦੀਆਂ ਛੁੱਟੀਆਂ ਕਦੀ ਕੈਨੇਡਾ ਤੇ ਕਦੀ ਅਮਰੀਕਾ। ਇਹ ਵੀ ਤਾਂ ਦੇਸ਼ ਦੇ ਹੀ ਕੰਮ ਕਰਦੇ ਰਹੇ ਹਾਂ। ਕੀ ਹੋਇਐ ਜੇ ਪੰਜਾਬ ਦਾ ਖਜ਼ਾਨਾ ਖਾਲੀ ਹੋ ਗਿਐ? ਅਸੀਂ ਤਾਂ ਗੁਰੂ ਦੀਆਂ ਗੋਲਕਾਂ ਖਾਲੀ ਕਰ ਛੱਡੀਆਂ ਹਨ! ਗੁਰੂਘਰਾਂ ਦਾ ਬਜਟ ਕਿਤੇ ਐਵੇਂ ਤਾਂ ਨਹੀਂ ਘਾਟੇ ਵਿਚ ਜਾ ਵੜਿਆ? ਅਸੀਂ ਕਈ ਕਰੋੜਾਂ ਦਾ ਪੈਟਰੋਲ ਪੀ ਗਏ ਤੇ ਬਜਰੀ-ਰੇਤਾ ਖਾ ਕੇ ਇਕ ਵੀ ਡਕਾਰ ਨਹੀਂ ਮਾਰਿਆ। ਕੀ ਇਹ ਕੰਮ ਨਹੀਂ? ਇਹ ਵੀ ਬਹੁਤ ਜ਼ਰੂਰੀ ਕੰਮ ਸਨ ਜੋ ਅਸੀਂ ਦਿਨ ਰਾਤ ਇਕ ਕਰਕੇ ਪੂਰੇ ਕੀਤੇ ਹਨ। ਬਾਕੀ ਯਾਦਗਾਰਾਂ ਦੀਆਂ ਇਮਾਰਤਾਂ ਤਾਂ ਕਦੇ ਵੀ ਬਣਦੀਆਂ ਰਹਿਣਗੀਆਂ। ਸਾਡੇ ਲਈ ਤਾਂ ਉਦਘਾਟਨਾਂ ਦੇ ਕੰਮ ਜ਼ਰੂਰੀ ਹਨ। ਉਹ ਅਸੀਂ ਪਹਿਲ ਦੇ ਆਧਾਰ 'ਤੇ ਕਰ ਰਹੇ ਹਾਂ।

ਇਕ ਕੰਮ ਜੋ ਉਦਘਾਟਨਾਂ ਦੇ ਨਾਲ-ਨਾਲ ਅਸੀਂ ਹੋਰ ਵੀ ਕਰ ਰਹੇ ਹਾਂ, ਉਹ ਹੈ ਨੀਂਹ ਪੱਥਰ ਰੱਖਣ ਦਾ। ਸਾਡੀ ਸਰਕਾਰ ਦੀ ਇਹ ਨਵੀਂ ਸਕੀਮ ਹੈ ਕਿ ਸਾਥੋਂ ਪਹਿਲੀ ਕਾਂਗਰਸ ਸਰਕਾਰ ਦੇ ਜਿੰਨੇ ਵੀ ਨੀਂਹ ਪੱਥਰ ਉਨ੍ਹਾਂ ਰੱਖੇ ਸਨ, ਉਨ੍ਹਾਂ 'ਤੇ ਬਣਾਇਆ ਤਾਂ ਅਸੀਂ ਕੁਝ ਵੀ ਨਹੀਂ, ਸੋ ਅਸੀਂ ਉਹ ਸਾਰੇ ਨੀਂਹ ਪੱਥਰ ਪੁੱਟ ਦੇਵਾਂਗੇ। ਹੁਣ ਸਾਰੇ ਨੀਂਹ ਪੱਥਰ ਨਵੇਂ ਰੱਖਣ ਦਾ ਕੰਮ ਕੀਤਾ ਜਾਵੇਗਾ ਅਤੇ ਲੋਕਾਂ ਦੀਆਂ ਅੱਖਾਂ ਵਿਚ ਟੋਕਰੇ ਭਰ-ਭਰ ਕੇ ਮਿੱਟੀ ਤੇ ਮਿਰਚਾਂ ਪਾਵਾਂਗੇ। ਲੋਕਾਂ ਨੂੰ ਪਤਾ ਵੀ ਨਾ ਲੱਗ ਜਾਵੇ, ਇਸ ਲਈ ਸਾਡੇ ਸਰਕਾਰੀ ਕਰਮਚਾਰੀ ਰਾਤ ਨੂੰ ਨੀਂਹ ਪੱਥਰ ਪੁੱਟ ਲਿਆਇਆ ਕਰਨਗੇ। ਫਿਰ ਸਵੇਰੇ ਰੌਲਾ ਪਿਆ ਕਰੇਗਾ ਅਤੇ ਅਸੀਂ ਸਾਰਾ ਸਰਕਾਰੀ ਅਮਲਾ-ਫੈਲਾ ਲੈ ਕੇ ਉਥੇ ਨਵਾਂ ਨੀਂਹ ਪੱਥਰ ਲਾ ਆਇਆ ਕਰਾਂਗੇ। ਹੈ ਨਾ ਇਕ ਪੰਥ ਤੇ ਦੋ ਕਾਜ। ਬਾਕੀ ਭਾਈ ਅਸੀਂ ਵੀਹ ਸਾਲ ਤੋਂ ਪੰਜਾਬ 'ਤੇ ਰਾਜ ਕੀਤਾ ਹੈ। ਬਥੇਰੀਆਂ ਲੜਾਈਆਂ ਕਰਾਈਆਂ ਹਨ ਅਤੇ ਸਿੱਖਾਂ ਦੀ ਦੁਸ਼ਮਣ ਬੀ.ਜੇ.ਪੀ. ਨਾਲ ਯਾਰੀ ਵੀ ਪੂਰੀ ਨਿਭਾਈ ਹੈ।

ਆਹ, ਹੁਣੇ ਦੇਖ ਲਓ, ਸਿੱਖ ਕੌਮ ਦਾ ਦੋਖੀ ਅਤੇ ਬੀ.ਜੇ.ਪੀ. ਦਾ ਆਗੂ ਲਾਲ ਕ੍ਰਿਸ਼ਨ ਅਡਵਾਨੀ ਪੰਜਾਬ ਵਿਚ ਆਪਣੀ ਜਨ ਚੇਤਨਾ ਯਾਤਰਾ ਲੈ ਕੇ ਆਇਆ ਸੀ, ਅਸੀਂ ਤਾਂ ਭਾਈ ਆਪਣੀ ਨੂੰਹ ਰਾਣੀ ਨੂੰ ਉਸ ਦਾ ਸਵਾਗਤ ਕਰਨ ਲਈ ਭੇਜ ਦਿੱਤਾ, ਤੇ ਉਹਦੀ ਜੈ-ਜੈ ਕਾਰ ਵੀ ਗੱਜ-ਵੱਜ ਕੇ ਕੀਤੀ ਪਰ ਮਾੜੀ ਕਿਸਮਤ ਨੂੰ ਅੰਮ੍ਰਿਤਸਰ ਜਾ ਕੇ ਸਾਰਾ ਕੰਮ ਖਰਾਬ ਹੋ ਗਿਆ। ਉਂਜ ਤਾਂ ਵੱਡੇ ਜਥੇਦਾਰਾਂ ਤੋਂ ਲੈ ਕੇ ਛੋਟੇ ਸੇਵਾਦਾਰਾਂ ਤੱਕ ਸਾਡੇ ਅੱਗੇ ਕੋਈ ਸਿਰ ਨਹੀਂ ਚੁੱਕਦਾ ਪਰ ਆਹ ਇਕ ਭਾਈ ਕੁਲਵਿੰਦਰ ਸਿੰਘ ਨੂੰ ਪਤਾ ਨਹੀਂ ਕੀ ਹੋ ਗਿਆ, ਉਹਨੇ ਸਾਡੀ ਸਾਰੀ ਕੀਤੀ ਕਰਾਈ 'ਤੇ ਪਾਣੀ ਫੇਰ ਕੇ ਰੱਖ ਦਿੱਤਾ, ਤੇ ਸਾਡੇ ਅਡਵਾਨੀ ਨੂੰ ਸਿਰੋਪਾਓ ਨਾ ਦੇ ਕੇ ਸਾਨੂੰ ਸ਼ਰਮਿੰਦੇ ਕਰ ਛੱਡਿਆ। ਵੈਸੇ ਤਾਂ ਅਸੀਂ ਸਾਰੀ ਸਿੱਖ ਕੌਮ ਨੂੰ ਆਪਣੇ ਬਾਦਲਸ਼ਾਹੀ ਦੇ ਸੰਗਲਾਂ ਵਿਚ ਕੱਸ ਕੇ ਬੰਨ੍ਹ ਰੱਖਿਆ ਹੈ ਪਰ ਪਤਾ ਨਹੀਂ, ਕਈ ਸਿੰਘ ਫਿਰ ਵੀ ਅਣਹੋਣੀ ਕਰ ਹੀ ਜਾਂਦੇ ਹਨ, ਤੇ ਸਾਨੂੰ ਪਤਾ ਵੀ ਨਹੀਂ ਲੱਗਣ ਦਿੰਦੇ। ਅਸੀਂ ਲੋਕਾਂ ਦਾ ਬਹੁਤਾ ਖਿਆਲ ਇਹੋ ਜਿਹੀਆਂ ਗੱਲਾਂ ਵੱਲ ਜਾਣ ਹੀ ਨਹੀਂ ਦਿੰਦੇ। ਉਨ੍ਹਾਂ ਨੂੰ ਨਸ਼ੇ-ਪੱਤੇ 'ਤੇ ਲਾ ਰੱਖੀਦਾ ਐ। ਜੇ ਕੋਈ ਨਸ਼ਾ ਕਰਕੇ ਵੀ ਰੌਲਾ ਪਾਵੇ ਤਾਂ ਉਨ੍ਹਾਂ ਨੂੰ ਕੰਜਰ ਨਾਚ ਅਤੇ ਲੱਚਰ ਗਾਣੇ ਸੁਣਾ ਕੇ ਖੁਸ਼ ਕਰ ਛੱਡੀਦਾ ਹੈ। ਉਦਾਂ ਸਾਡਾ ਕਾਕਾ ਸੁਖਬੀਰ ਸਿੰਘ ਬਥੇਰਾ ਲੋਕਾਂ ਦਾ ਮਨੋਰੰਜਨ ਵੀ ਕਰ ਰਿਹਾ ਹੈ। ਪਹਿਲਾਂ ਤਾਂ ਮੈਚ ਜਿੱਤ ਚੁੱਕੀਆਂ ਕੁੜੀਆਂ ਨੂੰ ਉਹ ਆਟੋ ਰਿਕਸ਼ਿਆਂ 'ਤੇ ਘਰਾਂ ਨੂੰ ਤੋਰਦਾ ਹੈ ਅਤੇ ਜਦੋਂ ਕੁੜੀਆਂ ਦੀ ਜੇਤੂ ਟੀਮ ਨੇ ਰੌਲਾ ਪਾਇਆ ਤਾਂ ਪੰਜਾਬ ਦੀਆਂ ਬੇਟੀਆਂ ਦੇ ਸਿਰ ਇਲਜ਼ਾਮ ਲਾ ਦਿੱਤਾ ਕਿ ਉਹ ਜਿਹੜੇ ਹੋਟਲ ਵਿਚ ਠਹਿਰੀਆਂ ਸਨ, ਉਥੇ ਉਹ ਗਿਆਰਾਂ ਹਜ਼ਾਰ ਦੀ ਸ਼ਰਾਬ ਹੀ ਪੀ ਗਈਆਂ। ਉਧਰ ਖਿਡਾਰਨਾਂ ਦੇ ਬਿਆਨ ਹਨ ਕਿ ਕੁੜੀਆਂ ਦੇ ਨਾਮ 'ਤੇ ਸ਼ਰਾਬ ਮੰਗਵਾ-ਮੰਗਵਾ ਕੇ ਬਾਦਲਕਿਆਂ ਦੇ ਚੇਲੇ-ਚਾਟੜੇ ਪੀਂਦੇ ਰਹੇ ਹਨ।


ਦੇਖੋ, ਸਾਡੀ ਸਰਕਾਰ ਕਿੰਨੀ ਮਹਾਨ ਅਤੇ ਧਾਰਮਿਕ ਹੈ ਜੋ ਆਪਣੀਆਂ ਹੀ ਬੇਟੀਆਂ ਨੂੰ ਸ਼ਰਾਬੀ ਆਖ ਕੇ ਆਪਣਾ ਅਤੇ ਆਪਣੀਆਂ ਬੇਟੀਆਂ ਦਾ ਨਾਮ ਰੌਸ਼ਨ ਕਰ ਰਹੀ ਹੈ। ਇਹ ਹੈ ਸਾਡਾ ਰੰਗਲਾ, ਸੋਹਣਾ ਤੇ ਗੁਰੂਆਂ-ਪੀਰਾਂ ਦਾ ਦੇਸ਼ ਪੰਜਾਬ, ਤੇ ਇਹ ਹੈ ਸਾਡੀ ਉਚੀ-ਸੁੱਚੀ ਸਰਕਾਰ ਜਿਸ ਨੇ ਪਹਿਲਾਂ ਤਾਂ ਪੰਜਾਬ ਦੀ ਨਵੀਂ ਪੀੜ੍ਹੀ ਨੂੰ ਨਸ਼ਿਆਂ ਦੇ ਸਮੁੰਦਰ ਵਿਚ ਸੁੱਟ ਦਿੱਤਾ ਅਤੇ ਹੁਣ ਆਪ ਹੀ ਰੋ ਪਿੱਟ ਵੀ ਰਹੇ ਹਨ।

ਹੁਣ ਆਓ, ਕੁਝ ਹੋਰ ਵੀ ਵਿਚਾਰ ਕਰੀਏ। ਜਦੋਂ ਗੁਰੂ ਦੇ ਸਿੱਖ ਅਰਦਾਸ ਕਰਦੇ ਹਨ ਤਾਂ ਮੂਰਖ ਤੋਂ ਮੂਰਖ ਬੰਦਾ ਵੀ ਆਪਣੇ ਪੈਰਾਂ ਤੋਂ ਜੋੜਾ ਲਾਹ ਕੇ ਬੜੇ ਅਦਬ ਨਾਲ ਅਰਦਾਸ ਵਿਚ ਸ਼ਾਮਲ ਹੁੰਦਾ ਹੈ ਪਰ ਜਦੋਂ 'ਵਿਰਾਸਤ-ਏ-ਖਾਲਸਾ' ਦੇ ਉਦਘਾਟਨ ਦੀ ਅਰਦਾਸ ਜਥੇਦਾਰ ਤਰਲੋਚਨ ਸਿੰਘ ਕਰ ਰਹੇ ਸਨ ਤਾਂ ਸਿਵਾਏ ਪੰਜ-ਸੱਤ ਬੰਦਿਆਂ ਦੇ ਜੋੜੇ ਲਾਹੁਣ ਤੋਂ, ਬਾਕੀ ਛੋਟੇ ਬਾਦਲ ਸਮੇਤ ਸਾਰੇ ਹੀ ਜੁੱਤੀਆਂ ਪਾ ਕੇ ਅਰਦਾਸ ਵਿਚ ਸ਼ਾਮਲ ਹੋਏ। ਕਿੰਨਾ ਚੰਗਾ ਹੁੰਦਾ, ਜੇ ਅਰਦਾਸ ਕਰਨ ਤੋਂ ਪਹਿਲਾਂ ਸਟੇਜ ਤੋਂ ਇਹ ਐਲਾਨ ਕੀਤਾ ਜਾਂਦਾ ਕਿ ਸਿੰਘ ਸਾਹਿਬ ਅਰਦਾਸ ਕਰਨ ਲੱਗੇ ਹਨ, ਹਰ ਆਦਮੀ ਆਪਣੇ ਪੈਰਾਂ ਤੋਂ ਜੋੜੇ ਉਤਾਰ ਕੇ ਅਰਦਾਸ ਵਿਚ ਸ਼ਾਮਲ ਹੋਵੇ, ਪਰ ਇਨ੍ਹਾਂ ਗੱਲਾਂ ਲਈ ਸਰਕਾਰ ਕੋਲ ਟਾਈਮ ਹੀ ਕਿੱਥੇ ਹੈ? ਵੱਡੇ ਬਾਦਲ ਜੀ ਨੂੰ ਤਾਂ ਸੰਤ ਆਸਾ ਰਾਮ ਤੇ ਸ੍ਰੀ ਸ੍ਰੀ ਦੀ ਫਿਕਰ ਖਾ ਰਹੀ ਸੀ। ਇਹ ਉਹੀ ਸੰਤ ਆਸਾ ਰਾਮ ਹੈ ਜਿਸ ਉਤੇ ਮਾਸੂਮ ਬੱਚਿਆਂ ਨਾਲ ਬਦਫੈਲੀ ਕਰਨ ਅਤੇ ਉਨ੍ਹਾਂ ਨੂੰ ਜਾਨੋਂ ਮਾਰਨ ਦੇ ਮੁਕੱਦਮੇ ਚੱਲ ਰਹੇ ਹਨ; ਉਸੇ ਆਸਾ ਰਾਮ ਦਾ ਉਦਘਾਟਨ 'ਤੇ ਆਉਣ ਲਈ ਵਾਰ ਵਾਰ ਧੰਨਵਾਦ ਕੀਤਾ ਜਾ ਰਿਹਾ ਸੀ। ਉਂਜ, ਇਹ ਕਿਹੜੀ ਨਵੀਂ ਗੱਲ ਹੈ? ਬਾਦਲ ਸਾਹਿਬ ਤਾਂ ਕਾਤਲਾਂ ਨੂੰ ਵੀ ਨਾਲ ਲਈ ਫਿਰਦੇ ਹਨ, ਉਨ੍ਹਾਂ ਨੂੰ ਬਚਾਉਂਦੇ ਵੀ ਹਨ ਅਤੇ ਚੋਣਾਂ ਵੀ ਲੜਾਉਂਦੇ ਹਨ। ਇਹੀ ਨਹੀਂ ਉਚੇ ਅਹੁਦੇ ਵੀ ਦਿੰਦੇ ਹਨ। ਚਲੋ, ਇਹ ਤਾਂ ਰੋਜ਼ ਦੀਆਂ ਗੱਲਾਂ ਹਨ! ਸੋ, ਪੰਜਾਬ ਦੇ ਵਾਸੀਓ! ਅੱਜ-ਕੱਲ੍ਹ ਉਦਘਾਟਨਾਂ ਦੀ ਰੁੱਤ ਹੈ, ਤੇ ਤੁਸੀਂ ਵੀ ਉਦਘਾਟਨ ਦੇਖੋ ਤੇ ਤਿਆਰੀਆਂ ਕਰੋ ਫਰਵਰੀ ਮਹੀਨੇ ਦੀਆਂ।

## ਤੁਹਾਡੀ ਗੱਲ

# ਖ਼ੂਬ ਕਬਾੜਾ ਹੋਇਆ ਪੰਜਾਬੀ ਗਾਇਕੀ ਦਾ 2011 'ਚ

ਸਾਲ 2011 ਕਿਹੜੇ ਖੇਤਰ ਲਈ ਭਾਗਾਂ ਭਰਿਆ ਸਾਬਤ ਹੋਇਆ ਤੇ ਕਿਹੜੇ ਲਈ ਸਾੜ-ਸੱਤੀ ਵਾਲਾ, ਬਰੀਕੀ ਨਾਲ ਦੇਖਿਆਂ ਬੜਾ ਕੁੱਝ ਸਾਹਮਣੇ ਆ ਖਲੋਂਦੈ। ਪੰਜਾਬੀ ਸੰਗੀਤ ਜਗਤ ਲਈ ਇਹ ਵਰ੍ਹਾ ਖੁਸ਼ੀਆਂ ਵਾਲਾ ਘੱਟ ਤੇ ਗ਼ਮਾਂ ਵਾਲਾ ਵੱਧ ਸਾਬਤ ਹੋਇਆ। ਕੁਝ ਕਲਾਕਾਰਾਂ ਨੇ ਗੀਤ-ਸੰਗੀਤ ਵਿਚਲੀ ਪਾਕੀਜ਼ਗੀ ਦਾ ਰੱਜ ਕੇ ਦੀਵਾਲਾ ਕੱਢਿਆ। ਚੰਗੇ ਕਲਾਕਾਰ ਚੁੱਪ ਵੱਟੀ ਘਰ ਬੈਠੇ ਰਹੇ ਤੇ ਜੋ 'ਮਸ਼ਹੂਰੀ' ਨੂੰ 'ਮਹਾਨਤਾ' ਦਾ ਦਰਜਾ ਦੇਈ ਬੈਠੇ ਨੇ, ਉਨ੍ਹਾਂ ਨੰਗੇ ਸ਼ਬਦਾਂ ਵਾਲੇ ਗੀਤ ਗਾ-ਗਾ ਅਜਿਹਾ ਭਾਂਬੜ ਬਾਲਿਆ ਕਿ



*ਜਗਜੀਤ ਸਿੰਘ*

ਜਵਾਨੀ ਸੁੱਧ-ਬੁੱਧ ਗੁਆ ਬੈਠੀ। ਕਈ ਕਲਾਕਾਰਾਂ ਨੇ ਤਾਂ ਅੱਖ ਦੀ ਸ਼ਰਮ ਉਕਾ ਹੀ ਤਿਆਗ ਦਿੱਤੀ। ਉਨ੍ਹਾਂ ਇਕੋ ਰਟ ਲਾਈ ਰੱਖੀ ਕਿ ਚੰਗਾ ਗਾਉਣ ਨੂੰ ਅੱਜ-ਕੱਲ੍ਹ ਕੋਈ ਨਹੀਂ ਪੁੱਛਦਾ, ਜੇ ਜਵਾਨੀ ਦੀ ਪਸੰਦ ਵਾਲਾ ਗਾਵਾਂਗੇ ਤਾਂ ਹੀ ਕਮਾਈ ਹੋ ਸਕੇਗੀ।

ਇਸ ਵਰ੍ਹੇ ਦੋਗਾਣਿਆਂ ਦਾ ਪੰਜਾਬ ਵਿਚੋਂ ਪੂਰੀ ਤਰ੍ਹਾਂ ਸਫ਼ਾਇਆ ਹੋ ਗਿਆ ਅਤੇ ਸੋਲੋ ਗਾਇਕੀ ਨੇ ਮੁੜ ਖੰਭ ਖਿਲਾਰਨੇ ਸ਼ੁਰੂ ਕਰ ਦਿੱਤੇ। ਇਹ ਵੱਖਰੀ ਗੱਲ ਹੈ ਕਿ ਜਿੰਨੀਆਂ ਕੁ ਸੋਲੋ ਕੈਸਿਟਾਂ ਆਈਆਂ, ਉਨ੍ਹਾਂ ਵਿਚੋਂ ਮਸਾਂ ਪੰਜ ਫ਼ੀਸਦੀ ਸਰੋਤਿਆਂ ਦੇ ਚੇਤੇ ਵਿਚ ਥੋੜ੍ਹੀ-ਬਹੁਤ ਥਾਂ ਬਣਾ ਸਕੀਆਂ। ਗਾਇਕਾਵਾਂ ਨਾਲ ਦੋਗਾਣੇ ਗਾਉਣ ਦੀ ਥਾਂ ਇੱਕੜ-ਦੁੱਕੜ ਗਾਇਕਾਂ ਨੇ ਮਿੱਤਰਾਂ ਨਾਲ ਗਾਉਣ ਦਾ ਸਿਲਸਿਲਾ ਅਰੰਭਿਆ ਪਰ ਬਹੁਤੀ ਦਾਲ਼ ਨਾ ਗਲ਼ ਸਕੀ। ਜਿੰਨੇ ਕੁ ਸੋਲੋ ਗੀਤ ਹਿੱਟ ਹੋਏ, ਉਨ੍ਹਾਂ 'ਚੋਂ ਬਹੁਤੇ ਅਜਿਹੇ ਸਨ, ਜਿਨ੍ਹਾਂ ਵਿਚ ਇਸ਼ਕ ਦੀ ਥਾਂ ਅੱਯਾਸ਼ੀ ਭਾਰੂ ਸੀ। ਵੱਢ-ਵਢਾਂਗੇ, ਕਾਲਜਾਂ ਨੂੰ ਅੱਗ ਲਾਉਣ ਅਤੇ ਰਾਤ ਦੇ ਹਨੇਰੇ ਵਿਚ ਕੁਕਰਮ ਕਰਨ ਵਾਲੀ ਸੋਚ ਬਿਆਨਦੇ ਗੀਤਾਂ ਨੂੰ ਜਵਾਨ ਤਬਕੇ ਨੇ ਅਜਿਹਾ ਪਿਆਰ ਦਿੱਤਾ ਕਿ ਸਭ ਕੁੱਝ ਉਲਟ-ਪੁਲਟ ਹੋ ਗਿਆ। ਚਾਲੂ ਵਰ੍ਹੇ ਕੀ ਕੀ ਖਾਸ ਹੋਇਆ ਤੇ ਕੀ-ਕੀ ਹੁੰਦਾ ਰਹਿ ਗਿਆ, ਇਸ 'ਤੇ ਇੱਕ ਸਰਸਰੀ ਜਿਹੀ ਝਾਤ ਮਾਰਦੇ ਹਾਂ।

ਕਲਾਕਾਰਾਂ ਦਾ ਵਿਛੋੜਾ: 2011 ਵਿਚ ਸਭ ਤੋਂ ਪਹਿਲਾਂ ਮਸ਼ਹੂਰ ਅਦਾਕਾਰ ਵਿਵੇਕ ਸ਼ੌਕ ਦਾ ਵਿਛੋੜਾ ਪੈ ਗਿਆ, ਜਿਸ ਨਾਲ ਪੰਜਾਬੀ ਸਿਨੇਮੇ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਵਿਵੇਕ ਸ਼ੌਕ ਨੇ 'ਚੱਕ ਦੇ ਫੱਟੇ' ਵਰਗੀਆਂ ਕਾਮੇਡੀ ਫ਼ਿਲਮਾਂ ਵਿਚ ਕੰਮ ਕਰਨ ਦੇ ਨਾਲ-ਨਾਲ ਕਈ ਵੱਡੇ ਬੱਜਟ ਵਾਲੀਆਂ ਹਿੰਦੀ ਫ਼ਿਲਮਾਂ ਵਿਚ ਵੀ ਕੰਮ ਕੀਤਾ ਸੀ, ਜਿਨ੍ਹਾਂ ਵਿਚੋਂ ਸੰਨੀ ਦਿਓਲ ਵਾਲੀ 'ਗ਼ਦਰ' ਨੂੰ ਸਦਾ ਚੇਤੇ ਕੀਤਾ ਜਾਵੇਗਾ। ਵਿਵੇਕ ਸ਼ੌਕ ਤੋਂ ਕੁੱਝ ਸਮੇਂ ਬਾਅਦ ਹੀ 'ਉਡ ਕੇ ਸੋਹਣਿਆਂ ਆਜਾ ਵੇ' ਵਰਗੇ ਗੀਤ ਗਾਉਣ ਵਾਲੀ ਉਘੀ ਗਾਇਕਾ ਪਰਮਿੰਦਰ ਸੰਧੂ ਤੁਰ ਗਈ।

ਇਸ ਵਰ੍ਹੇ ਮਹਾਨ ਗ਼ਜ਼ਲ ਗਾਇਕ ਜਗਜੀਤ ਸਿੰਘ ਦੇ ਵਿਛੋੜੇ ਨਾਲ ਪੂਰੇ ਵਿਸ਼ਵ ਵਿਚ ਸੋਗ ਦੀ ਲਹਿਰ ਦੌੜ ਗਈ। ਗ਼ਜ਼ਲ ਗਾਇਕੀ ਨੂੰ ਪਿਆਰ ਕਰਨ ਵਾਲੇ ਸਰੋਤਿਆਂ ਮੂੰਹੋਂ ਸਹਿਜ ਸੁਭਾਅ ਨਿਕਲਿਆ, 'ਗ਼ਜ਼ਲ ਗਾਇਕੀ ਨੂੰ ਨਵਾਂ ਮੁਕਾਮ ਦਿਵਾਉਣ ਵਾਲੇ ਇਸ ਸ਼ਖ਼ਸ ਦੇ ਤੁਰ ਜਾਣ ਨਾਲ ਇਹ ਪਿੜ ਸੁੰਨਾ ਹੋ ਕੇ ਰਹਿ ਗਿਆ ਹੈ।' ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੇ ਵਿਛੋੜੇ ਨੇ ਸਭ ਨੂੰ ਗਮ ਦੇ ਸਾਗਰ ਵਿਚ ਡੋਬ ਦਿੱਤਾ। ਉਨ੍ਹਾਂ ਦੀ ਮੌਤ 'ਤੇ ਸਮੁੱਚੇ ਪੰਜਾਬੀਆਂ ਨੇ ਏਨਾ ਸੋਗ ਮਨਾਇਆ ਕਿ ਹਰ ਪਾਸੇ ਮਾਣਕ ਦੀਆਂ ਗੱਲਾਂ ਹੁੰਦੀਆਂ ਰਹੀਆਂ।



*ਸ਼ੈਰੀ ਮਾਨ*

ਨੌਜਵਾਨ ਗੀਤਕਾਰ ਨੀਲੇ ਖ਼ਾਨ ਦੀ ਇਸੇ ਵਰ੍ਹੇ ਕਰੰਟ ਲੱਗਣ ਨਾਲ ਮੌਤ ਹੋ ਗਈ ਅਤੇ 'ਚੰਨ ਨਾਲੋਂ ਸੋਹਣੀ' ਵਰਗੀ ਹਿੱਟ ਕੈਸਿਟ ਦੇ ਗਾਇਕ ਸੰਦੀਪ ਅਖ਼ਤਰ ਦੀ ਬੇਵਕਤੀ ਮੌਤ ਨੇ ਪੰਜਾਬੀ ਸੰਗੀਤ ਨੂੰ ਤਕੜਾ ਝਟਕਾ ਲਾਇਆ।

ਜੈਜ਼ੀ, ਗਿੱਪੀ ਤੇ ਅਮਰਿੰਦਰ ਦੀ ਤੂਤੀ ਬੋਲੀ: ਇਸ ਸਾਲ ਜੈਜ਼ੀ ਬੀ ਦੀ 'ਮਹਾਰਾਜਾ' ਨੇ ਸੋਹਣੀ ਸਫ਼ਲਤਾ ਹਾਸਲ ਕੀਤੀ। ਜੈਜ਼ੀ ਨੇ ਆਪਣੇ ਉਸਤਾਦ ਕੁਲਦੀਪ ਮਾਣਕ ਅਤੇ ਉਨ੍ਹਾਂ ਦੇ ਸਪੁੱਤਰ ਯੁੱਧਵੀਰ ਮਾਣਕ ਨੂੰ ਨਾਲ ਲੈ ਕੇ ਛੇ ਗੀਤ ਗਾਏ। ਲੋਕ ਗਾਥਾਵਾਂ ਵਾਲੀ ਇਸ ਕੈਸਿਟ ਵਿਚ ਤਿੰਨਾਂ ਦੇ ਗਾਏ ਗੀਤਾਂ ਨੂੰ ਸਰੋਤਿਆਂ ਖ਼ੂਬ ਪਸੰਦ ਕੀਤਾ।

ਗਿੱਪੀ ਗਰੇਵਾਲ ਪੂਰਾ ਸਾਲ ਸਰੋਤਿਆਂ ਦੇ ਮਨਾਂ ਦਾ ਮਹਿਰਮ ਬਣਿਆ ਰਿਹਾ। ਉਸ ਦਾ ਹਰ ਗੀਤ ਹਿੱਟ ਹੋਇਆ, ਏਥੋਂ ਤੱਕ ਕਿ ਉਸ ਦੀ ਫ਼ਿਲਮ ਨੇ ਵੀ ਕਾਰੋਬਾਰ ਦਾ ਨਵਾਂ ਰਿਕਾਰਡ ਕਾਇਮ ਕੀਤਾ। ਗਿੱਪੀ ਦੀ ਐਲਬਮ 'ਦੇਸੀ ਰੌਕਸਟਾਰ' ਦੇ ਸਾਰੇ ਗੀਤ ਹਿੱਟ ਹੋਣ ਦੇ ਨਾਲ-ਨਾਲ ਉਸ ਦੀ ਫ਼ਿਲਮ 'ਜੀਹਨੇ ਮੇਰਾ ਦਿਲ ਲੁੱਟਿਆ' ਦੇ ਗੀਤ ਵੀ ਖ਼ੂਬ ਮਕਬੂਲ ਹੋਏ। ਏਸੇ ਤਰ੍ਹਾਂ ਦਿਲਜੀਤ ਨੇ ਪੂਰਾ ਸਾਲ ਵੰਨ-ਸੁਵੰਨੇ ਗੀਤਾਂ ਨਾਲ ਅੱਲ੍ਹੜ ਉਮਰ ਦੇ ਸਰੋਤਿਆਂ ਨੂੰ ਆਪਣੇ ਨਾਲ ਜੋੜੀ ਰੱਖਿਆ।

ਗੀਤਾ ਜ਼ੈਲਦਾਰ ਦੇ ਕੁੱਝ ਗੀਤ ਭਾਵੇਂ ਕਿੰਤੂ ਕਰਨ ਵਾਲੇ ਸਨ ਪਰ ਉਨ੍ਹਾਂ ਨੂੰ ਵੀ ਨੌਜਵਾਨ



*ਗਿੱਪੀ ਗਰੇਵਾਲ*

ਵਰਗ ਨੇ ਚੰਗਾ ਪਿਆਰ ਦਿੱਤਾ। ਸੂਝਵਾਨ ਤਬਕੇ ਨੇ ਭਾਵੇਂ ਸੈਰ ਬਹਾਨੇ ਲੋਕਾਂ ਦੀਆਂ ਧੀਆਂ-ਭੈਣਾਂ ਨੂੰ ਵਰਗਲਾਉਣ ਵਾਲੇ ਗੀਤ ਗਾਉਣ ਬਦਲੇ ਉਸ ਨੂੰ ਭੰਡਿਆ ਵੀ ਪਰ ਉਹ ਆਪਣੀ ਧੁਨ 'ਚ ਮਸਤ ਰਿਹਾ। ਸਾਲ ਦੇ ਅਖੀਰ 'ਚ ਅਮਰਿੰਦਰ ਗਿੱਲ ਦੀ ਐਲਬਮ 'ਜੁਦਾ' ਨੇ ਕਾਮਯਾਬੀ ਪੱਖੋਂ ਨਵਾਂ ਮਾਅਰਕਾ ਮਾਰਨ 'ਚ ਸਫ਼ਲਤਾ ਹਾਸਲ ਕੀਤੀ।

'ਪੰਜਾਬੀ ਵਿਰਸਾ' ਸ਼ੋਆਂ ਦੀ ਚੜ੍ਹਤ: ਇਸ ਸਾਲ ਕਮਲ ਹੀਰ ਦਾ ਗੀਤ 'ਰਾਤੀਂ ਉਹਦੀ ਫੋਟੋ ਦੇਖੀ ਫੇਸਬੁਕ 'ਤੇ ਮੈਂ' ਨੌਜਵਾਨਾਂ ਨੇ ਖ਼ੂਬ ਪਸੰਦ ਕੀਤਾ। ਵਾਰਿਸ ਭਰਾਵਾਂ ਦੀ ਭਾਵੇਂ ਪੂਰੀ ਕੈਸਿਟ ਨਹੀਂ ਆਈ ਪਰ ਵੱਖ-ਵੱਖ ਮੁਲਕਾਂ ਵਿਚ ਉਨ੍ਹਾਂ ਦੇ 'ਪੰਜਾਬੀ ਵਿਰਸਾ' ਸ਼ੋਆਂ ਦੀ ਚੜ੍ਹਤ ਰਹੀ। ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿਚ 'ਪੰਜਾਬੀ ਵਿਰਸਾ' ਸ਼ੋਆਂ ਨੇ ਰਿਕਾਰਡਤੋੜ ਸਫ਼ਲਤਾ ਹਾਸਲ ਕੀਤੀ। ਨਵੰਬਰ ਮਹੀਨੇ ਦੁਬਈ ਵਿਚ ਹੋਏ 'ਪੰਜਾਬੀ ਵਿਰਸਾ ਦੁਬਈ ਲਾਈਵ' ਸ਼ੋਅ ਨੇ ਸਫ਼ਲਤਾ ਦਾ ਨਵਾਂ ਰਿਕਾਰਡ ਬਣਾਇਆ। ਵਾਰਿਸ ਭਰਾਵਾਂ ਦੀ ਸੰਜੀਦਾ ਗਾਇਕੀ ਨੂੰ ਹਰ ਉਮਰ ਦੇ ਸਰੋਤਿਆਂ ਨੇ ਪ੍ਰਭਾਵਤ ਕੀਤਾ ਅਤੇ ਉਨ੍ਹਾਂ ਗਾਇਕਾਂ ਲਈ ਚੁਣੌਤੀ ਪੇਸ਼ ਕੀਤੀ, ਜਿਹੜੇ ਆਖਦੇ ਨੇ ਕਿ ਅਸੀਂ ਸਿਰਫ਼ 15 ਤੋਂ 22 ਸਾਲ ਤੱਕ ਦੇ ਸਰੋਤਿਆਂ ਦੇ ਪਸੰਦ ਆਉਣ ਵਾਲੀ ਗਾਇਕੀ ਹੀ ਪੇਸ਼ ਕਰਨੀ ਹੈ। ਪਤਾ ਲੱਗਾ ਹੈ ਕਿ ਬਹੁਤ ਜਲਦ ਵਾਰਿਸ ਭਰਾਵਾਂ ਦਾ ਮੈਲਬੌਰਨ ਸ਼ੋਅ ਸੀ.ਡੀ. ਦੇ ਰੂਪ ਵਿਚ ਆ ਰਿਹਾ ਹੈ।

'ਯਾਰ ਅਣਮੁੱਲੇ' ਦਾ ਜਾਦੂ: ਇਸ ਵਰ੍ਹੇ ਸ਼ੈਰੀ ਮਾਨ ਦੇ ਗੀਤ 'ਯਾਰ ਅਣਮੁੱਲੇ' ਦਾ ਜਾਦੂ ਪੰਜਾਬੀਆਂ ਦੇ ਸਿਰ ਚੜ੍ਹ ਕੇ ਬੋਲਿਆ। ਇਸ ਇਕੋ ਗਾਣੇ ਕਰਕੇ ਉਹ ਇਕਦਮ ਹਿੱਟ ਕਲਾਕਾਰਾਂ ਦੇ ਬਰਾਬਰ ਪਹੁੰਚ ਗਿਆ ਪਰ ਉਸ ਦੀ ਕੈਸਿਟ ਵਿਚਲੇ ਬਾਕੀ ਗਾਣਿਆਂ ਨੇ ਖਾਸ ਜਲਵਾ ਨਾ ਦਿਖਾਇਆ। ਇਸ ਇੱਕੋ ਗਾਣੇ ਦੀ ਬਦੌਲਤ ਉਸ ਨੇ ਕਈ ਮੁਲਕਾਂ ਦੀ ਸੈਰ ਵੀ ਕਰ ਲਈ ਤੇ 'ਬੜੇ ਚੇਤੇ ਆਉਂਦੇ ਨੇ ਯਾਰ ਅਣਮੁੱਲੇ, ਹਵਾ ਦੇ ਬੁੱਲੇ' ਸਤਰਾਂ ਉਸ ਦੇ ਨਾਂ ਨਾਲ ਜੁੜ ਗਈਆਂ। ਇਸੇ ਕੈਸਿਟ ਦਾ ਇੱਕ ਹੋਰ ਗੀਤ 'ਯਾਰੋ ਆਉਂਦੀਆਂ ਰਹਿੰਦੀਆਂ ਕੁੜੀਆਂ ਤੇ ਬੱਸਾਂ' ਵਿਵਾਦ ਵਿਚ ਵੀ

## ਲੇਖਾ ਜੋਖਾ

ਰਿਹਾ, ਕਿਉਂਕਿ ਗਾਉਣ ਤੇ ਲਿਖਣ ਵਾਲੇ ਨੇ ਪੰਜਾਬ ਦੀਆਂ ਮਾਣਮੱਤੀਆਂ ਮੁਟਿਆਰਾਂ ਦੀ ਤੁਲਨਾ ਬੱਸਾਂ ਨਾਲ ਕਰਨ ਵਾਲੀ ਸ਼ਰਮਨਾਕ ਕਾਰਵਾਈ ਕਰ ਦਿਖਾਈ। ਬਾਅਦ ਵਿਚ 'ਯਾਰ ਅਣਮੁੱਲੇ' ਫ਼ਿਲਮ ਆਈ ਤਾਂ ਉਹ ਵੀ ਕਾਮਯਾਬ ਹੋ ਗਈ। ਇਹ ਵੱਖਰੀ ਗੱਲ ਹੈ ਕਿ ਇਸ ਵਿਚ ਗਾਇਕ ਦਾ ਸਿਰਫ਼ ਇਹ ਗੀਤ ਸ਼ਾਮਲ ਸੀ, ਜਦੋਂ ਕਿ ਫ਼ਿਲਮ ਵਿਚ ਹੋਰ ਕਲਾਕਾਰ ਸਨ।

ਸਰਤਾਜ ਨੂੰ ਮਿਲਦਾ ਰਿਹਾ ਪਿਆਰ: ਇਸ ਸਾਲ ਸਤਿੰਦਰ ਸਰਤਾਜ ਨੇ ਨਵੀਂ ਐਲਬਮ 'ਚੀਰੇ ਵਾਲਾ ਸਰਤਾਜ' ਨਾਲ ਹਾਜ਼ਰੀ ਲਵਾਈ ਤੇ ਇਸ ਵਿਚਲੇ ਕੁੱਝ ਗੀਤਾਂ ਨੂੰ ਚੰਗਾ ਹੁੰਗਾਰਾ ਮਿਲਿਆ। ਭਾਵੇਂ ਇਹ ਐਲਬਮ 'ਸਾਈਂ' ਵਾਲੀ ਸਫ਼ਲਤਾ ਹਾਸਲ ਨਾ ਕਰ ਸਕੀ ਪਰ ਉਸ ਦੀ ਪਾਏਦਾਰ ਸ਼ਾਇਰੀ ਨੂੰ ਪਸੰਦ ਕੀਤਾ ਗਿਆ। 'ਚੀਰੇ ਵਾਲਿਆ' ਤੇ 'ਮੋਤੀਆ ਚਮੇਲੀ' ਗੀਤਾਂ ਨੂੰ ਚੰਗੀ ਸ਼ਾਇਰੀ ਕਰਕੇ ਦਾਦ ਮਿਲੀ। ਸਰਤਾਜ 'ਤੇ ਲੱਗੇ ਗ਼ਜ਼ਲ ਚੋਰੀ ਦੇ ਇਲਜ਼ਾਮ ਕੁੱਝ ਜ਼ਿਆਦਾ ਹੀ ਵਧ ਗਏ। ਇੱਕ ਵੇਲ਼ਾ ਅਜਿਹਾ ਆਇਆ ਕਿ ਉਸ ਨੇ ਸ਼ਾਇਰ ਤਰਲੋਕ ਜੱਜ ਦੇ ਘਰ ਜਾ ਕੇ ਮੁਆਫ਼ੀ ਮੰਗ ਲਈ ਪਰ ਬਾਅਦ ਵਿਚ ਉਸ 'ਤੇ ਮੁੜ ਇਕਰਾਰ ਤੋੜਨ ਦਾ ਦੋਸ਼ ਲੱਗਣ ਕਰਕੇ ਮਾਮਲਾ ਅਦਾਲਤ ਤੱਕ ਪਹੁੰਚ ਗਿਆ। ਇਸੇ ਸਾਲ ਸਰਤਾਜ 'ਤੇ ਸ਼ਾਇਰ ਸੁਰਿੰਦਰਪ੍ਰੀਤ ਘਣੀਆਂ ਨੇ ਆਪਣੀ ਗ਼ਜ਼ਲ ਦੇ ਸ਼ੇਅਰ ਚੋਰੀ ਕਰਨ ਦਾ ਇਲਜ਼ਾਮ ਲਾਇਆ।

ਮਿਸ ਪੂਜਾ: ਦੋਗਾਣਿਆਂ ਦਾ ਪੂਰੀ ਤਰ੍ਹਾਂ ਸਫ਼ਾਇਆ ਹੋਣ ਕਰਕੇ ਮਿਸ ਪੂਜਾ, ਸੁਦੇਸ਼ ਕੁਮਾਰੀ ਅਤੇ ਹੋਰ ਗਾਇਕਾਵਾਂ ਦਾ ਗ੍ਰਾਫ਼ ਕਾਫੀ ਥੱਲੇ ਆਇਆ। ਪੂਜਾ ਨੇ ਪੰਜਾਬ ਵਿਚ ਪ੍ਰੋਗਰਾਮ ਕਰਨ ਦਾ ਸਿਲਸਿਲਾ ਸ਼ੁਰੂ ਕਰ ਲਿਆ। ਉਸ ਦੇ ਪ੍ਰੋਗਰਾਮਾਂ ਦੇ ਇੰਚਾਰਜ ਵਜੋਂ ਰਣਧੀਰ ਧੀਰਾ ਨੇ ਜ਼ਿੰਮੇਵਾਰੀ ਸੰਭਾਲੀ ਤੇ ਪਤਾ ਲੱਗਾ ਕਿ ਉਸ ਦੀ ਬੇਹਤਰੀਨ ਕਾਰਗੁਜ਼ਾਰੀ ਕਰਕੇ ਪ੍ਰੋਗਰਾਮ ਮਿਲਣੇ ਸ਼ੁਰੂ ਵੀ ਹੋ ਗਏ। ਵੱਖਰੀ ਗੱਲ ਹੈ ਕਿ ਪਹਿਲਾਂ ਮਿਸ ਪੂਜਾ ਦਾ ਕਹਿਣਾ ਸੀ ਕਿ ਮੈਂ ਪੰਜਾਬ ਵਿਚ ਕਦੇ ਪ੍ਰੋਗਰਾਮ ਨਹੀਂ ਕਰਾਂਗੀ, ਪਰ ਵਕਤ ਨਾਲ ਉਸ ਨੂੰ ਆਪਣੀ ਸੋਚ ਬਦਲਣੀ ਪਈ।

ਹਨੀ ਸਿੰਘ ਦਾ ਖਰੂਦ: ਪੰਜਾਬੀ ਸੰਗੀਤ ਪ੍ਰੇਮੀਆਂ ਨੇ ਭੇਡਚਾਲ ਦਾ ਸਬੂਤ ਦਿੰਦਿਆਂ ਹਨੀ ਸਿੰਘ ਨੂੰ ਅੱਖਾਂ ਦਾ ਤਾਰਾ ਬਣਾ ਛੱਡਿਆ। ਗ਼ੈਰਤਮੰਦ ਅਖਵਾਉਣ ਵਾਲੇ ਕਿਸੇ ਪੰਜਾਬੀ ਨੇ ਇਹ ਨਾ ਸੋਚਿਆ ਕਿ ਇਹ ਉਹੀ ਹਨੀ ਹੈ, ਜਿਸ ਨੇ 'ਯੂ ਟਿਊਬ' 'ਤੇ ਅਸ਼ਲੀਲ ਗਾਉਣ ਦਾ ਰਿਕਾਰਡ ਤੋੜ ਛੱਡਿਆ। ਹਨੀ ਤੋਂ ਆਪਣੀ ਕੈਸਿਟ ਦਾ ਸੰਗੀਤ ਤਿਆਰ ਕਰਾਉਣ ਲਈ ਕਲਾਕਾਰਾਂ ਦੀ ਲਾਈਨ ਲੰਮੀ ਹੋ ਗਈ ਤੇ ਜਿਸ ਤਰ੍ਹਾਂ ਉਹਨੇ ਇੱਕ ਤੋਂ ਬਾਅਦ ਇੱਕ ਕੈਸਿਟ ਦਾ ਸੰਗੀਤ ਤਿਆਰ ਕੀਤਾ, ਉਸ ਵੱਲ ਦੇਖ ਸਰੋਤੇ ਕਹਿਣ ਲਈ ਮਜਬੂਰ ਹੋ ਗਏ ਕਿ ਇਹ ਸਪੀਡ ਵੀ ਬਹੁਤ ਜਲਦ ਠੰਢੀ ਹੋ ਜਾਵੇਗੀ।

ਵੱਢ-ਵਢਾਂਗੇ ਵਾਲੇ ਗੀਤ: ਬਹੁਗਿਣਤੀ ਗਾਇਕਾਂ ਨੇ ਇਸ ਧਾਰਨਾ ਨੂੰ ਝੁਠਲਾਈ ਰੱਖਿਆ ਕਿ ਪੰਜਾਬੀ ਸੰਗੀਤ ਤਪਦੀ ਰੂਹ ਨੂੰ ਸ਼ਾਂਤ ਕਰਨ ਦਾ ਜ਼ਰੀਆ ਹੈ। ਕਿਸੇ ਨੇ ਅਗਵਾ ਕਰਨ ਦੀ ਗੱਲ ਕੀਤੀ ਤੇ ਕਿਸੇ ਨੇ ਬੰਦਾ ਵੱਢ ਦੇਣ ਦੀ। ਕਿਸੇ ਨੇ ਆਪਣੇ ਪਿਆਰ ਬਦਲੇ ਸਭ ਦੇ ਖਿਲਾਰੇ ਪਾਉਣ ਦੀ ਗੱਲ ਕਰ ਛੱਡੀ ਤੇ ਕਿਸੇ ਨੇ ਧੱਕੇ ਨਾਲ ਮੰਗ ਵਿਆਹ ਕੇ ਲਿਜਾਣ ਦੀ। ਹੈਰਾਨੀ ਦੀ ਗੱਲ ਇਹ ਰਹੀ ਕਿ ਤੀਲਿਆਂ ਵਰਗੇ ਸਰੀਰਾਂ ਦੇ ਮਾਲਕ ਗਾਇਕਾਂ ਨੇ ਮੋਢੇ 'ਤੇ ਬੰਦੂਕਾਂ ਰੱਖ ਕੇ ਫੁਕਰਾਗਰਦੀ ਦੇ ਅਜਿਹੇ ਨਮੂਨੇ ਪੇਸ਼ ਕੀਤੇ ਕਿ ਲੋਕ ਉਨ੍ਹਾਂ 'ਤੇ ਹੱਸੇ ਬਿਨਾਂ ਨਾ ਰਹਿ ਸਕੇ।

ਜਦੋਂ ਅਜਿਹੇ ਗਾਇਕਾਂ ਨੂੰ ਪੁੱਛਿਆ ਜਾਂਦਾ ਕਿ ਤੁਸੀਂ ਇਹ ਸਭ ਗਾ ਕੇ ਸਾਬਤ ਕੀ ਕਰਨਾ ਚਾਹੁੰਦੇ ਹੋ ਤਾਂ ਉਹ ਪਹਿਲਾਂ ਮਕਬੂਲ ਹੋਏ ਦੋ-ਚਾਰ ਗੀਤਾਂ ਦੀਆਂ ਮਿਸਾਲਾਂ ਦੇ ਛੱਡਦੇ ਕਿ ਉਨ੍ਹਾਂ ਦੇ ਬੰਦੇ ਮਾਰਨ ਵਾਲੇ ਗੀਤ ਗਾਏ ਤੇ ਮਸ਼ਹੂਰ ਹੋ ਗਏ, ਸਿੱਟੇ ਵਜੋਂ ਅਸੀਂ ਵੀ ਇਹ ਤਜਰਬਾ ਕਰਕੇ ਦੇਖ ਰਹੇ ਹਾਂ। ਵੱਡੀ ਹੈਰਾਨੀ ਇਸ ਗੱਲ ਦੀ ਰਹੀ ਕਿ ਸੈਂਸਰ ਬੋਰਡ ਗੀਤਾਂ ਵਿਚ ਚੱਲਦੀਆਂ ਗੋਲੀਆਂ ਵਾਲੇ ਦ੍ਰਿਸ਼ਾਂ ਨੂੰ ਅਸਾਨੀ ਨਾਲ ਪਾਸ ਕਰਦਾ ਰਿਹਾ, ਸਿੱਟੇ ਵਜੋਂ ਇਸ ਦੀ ਕਾਰਗੁਜ਼ਾਰੀ 'ਤੇ ਲਗਾਤਾਰ ਸਵਾਲੀਆ ਨਿਸ਼ਾਨ ਲੱਗਦਾ ਰਿਹਾ।

ਕਈ ਕੈਸਿਟਾਂ ਚੱਲੀਆਂ: ਇਸ ਸਾਲ ਗੁਰਦਾਸ ਮਾਨ ਦੀ 'ਜੋਗੀਆ', ਸਰਬਜੀਤ ਚੀਮਾ ਦੀ 'ਦਿਲਬਰ', ਰਵਿੰਦਰ ਗਰੇਵਾਲ ਦੀ 'ਦੇਸੀ ਜੰਕਸ਼ਨ', ਰੌਸ਼ਨ ਪ੍ਰਿੰਸ ਦੀ 'ਦ ਹਾਰਟ ਹੈਕਰ:ਦਿਲ ਦਾ ਚੋਰ', ਸਲੀਮ ਦੀ 'ਜਿੰਦ ਮਾਹੀ', ਜੈਲੀ ਦੀ 'ਲੰਡਨ', ਲਖਵਿੰਦਰ ਵਡਾਲੀ ਦੀ 'ਨੈਣਾਂ ਦੇ ਬੂਹੇ',



*ਹਰਭਜਨ ਸ਼ੇਰਾ*

ਹਰਭਜਨ ਸ਼ੇਰਾ ਦੀ 'ਖ਼ਜ਼ਾਨਾ', ਗਿੱਪੀ ਗਰੇਵਾਲ ਦੀ 'ਤਲਵਾਰ', ਸੁਰਜੀਤ ਭੁੱਲਰ ਦੀ 'ਅੰਬਰਾਂ ਦਾ ਚੰਨ', ਬਾਈ ਅਮਰਜੀਤ ਦੀ 'ਹਾਰਡ ਵਰਕ', ਰਾਏ ਜੁਝਾਰ ਦੀ 'ਸਮਵੰਨ ਸਪੈਸ਼ਲ', ਭੁਪਿੰਦਰ ਗਿੱਲ ਦੀ 'ਸੰਗਦਾ ਚੰਨ', ਮਿਸ ਨੀਲਮ ਦੀ 'ਪਰਪੋਜ਼', ਬੈਨੀ ਏ ਦੀ 'ਡਾਰਕ ਸਾਈਡ', ਪੰਮੀ ਬਾਈ ਦੀ 'ਪੰਜਾਬੀਆਂ ਦੀ ਬੱਲੇ ਬੱਲੇ', ਸੁਖਵਿੰਦਰ ਸੁੱਖੀ ਦੀ 'ਔਖੀ ਘੜੀ ਨਾ ਦੇਖਣ ਦੇਈਂ', ਹਰਜੀਤ ਹਰਮਨ ਦੀ 'ਸ਼ਾਨ-ਏ-ਕੌਮ', ਹਰਦੇਵ ਮਾਹੀਨੰਗਲ ਦੀ 'ਰੱਬਾ ਖੈਰ ਕਰੀਂ', ਧਰਮਪ੍ਰੀਤ ਦੀ 'ਪਰੀਆਂ ਦੀ ਪਟਰਾਣੀ', ਪ੍ਰੀਤ ਬਰਾੜ ਦੀ 'ਰਾਈਸ ਆਫ਼ ਜੱਟ', ਨਛੱਤਰ ਗਿੱਲ ਦੀ 'ਅੱਖੀਆਂ 'ਚ ਪਾਣੀ', ਰਾਜ ਬਰਾੜ ਦੀ 'ਮਾਈ ਲੌਸਟ ਲਵ', ਬੱਲੀ ਰਿਆੜ ਦੀ 'ਨੈਵਰ ਡੰਨ ਬੀਫੋਰ', ਗੈਰੀ ਹੋਠੀ ਦੀ 'ਜੱਟ ਸੂਰਮੇ', ਜਸਵਿੰਦਰ ਬਰਾੜ ਦੀ 'ਪਿਆਰ', ਮਨਿੰਦਰ ਮੰਗਾ ਦੀ 'ਪੰਗਾ', ਸ਼ੇਰਾ ਬੋਹੜਵਾਲੀਆ ਦੀ 'ਜਜ਼ਬਾਤ', ਬੈਨੀ ਧਾਲੀਵਾਲ ਦੀ 'ਵਾਹ ਬਈ ਵਾਹ', ਬਲਬੀਰ ਸੂਫ਼ੀ ਦੀ 'ਵਣਜਾਰਾ', ਕੰਠ ਕਲੇਰ ਦੀ 'ਅਣਮੋਲ', ਭਿੰਦਾ ਔਜਲਾ ਦੀ 'ਡਰਾਮੇਬਾਜ਼ੀ', ਦੁਰਗਾ ਰੰਗੀਲਾ ਦੀ 'ਕਰੋ ਨਾ ਪਿਆਰ ਮਿੱਤਰੋ', ਲਹਿੰਬਰ ਹੁਸੈਨਪੁਰੀ ਦੀ 'ਫੋਕ ਅਟੈਕ 2' ਤੇ ਕਈ ਹੋਰਾਂ ਨੂੰ ਚੰਗਾ ਹੁੰਗਾਰਾ ਮਿਲਿਆ। ਕੈਸਿਟਾਂ ਦੇ ਨਾਂ ਅੰਗਰੇਜ਼ੀ 'ਚ ਰੱਖਣ ਦਾ ਰਿਵਾਜ਼ ਵੀ ਵਧਿਆ।

ਦੂਜੇ ਪਾਸੇ ਸਰਦੂਲ ਸਿਕੰਦਰ, ਸਾਬਰਕੋਟੀ, ਸਤਵਿੰਦਰ ਬੁੱਗਾ, ਸਲੀਮ, ਸੁਰਜੀਤ ਖ਼ਾਨ, ਗੁਰਕ੍ਰਿਪਾਲ ਸੂਰਾਪੁਰੀ, ਬਲਕਾਰ ਸਿੱਧੂ, ਗੁਰਸੇਵਕ ਮਾਨ, ਅੰਮ੍ਰਿਤਾ ਵਿਰਕ, ਬੂਟਾ ਮੁਹੰਮਦ ਤੇ ਕਈ ਹੋਰਾਂ ਦੀਆਂ ਕੈਸਿਟਾਂ ਨਹੀਂ ਆਈਆਂ।

ਪੰਜਾਬੀ ਫ਼ਿਲਮਾਂ ਦੀ ਭਰਮਾਰ: ਹਰਭਜਨ



*ਕਮਲ ਹੀਰ ਤੇ ਮਨਮੋਹਨ ਵਾਰਿਸ*

ਮਾਨ ਨੇ 'ਯਾਰਾ ਓ ਦਿਲਦਾਰਾ' ਫ਼ਿਲਮ ਕੀਤੀ ਤੇ ਜਸਬੀਰ ਜੱਸੀ ਨੇ 'ਖੁਸ਼ੀਆਂ' ਜ਼ਰੀਏ ਵੱਡੇ ਪਰਦੇ 'ਤੇ ਹਾਜ਼ਰੀ ਲਵਾਈ। ਜਿੰਮੀ ਸ਼ੇਰਗਿੱਲ ਦੀ ਫ਼ਿਲਮ 'ਧਰਤੀ' ਨੇ ਪੰਜਾਬ ਦੀ ਸਿਆਸਤ ਵੱਲ ਝਾਤ ਪਵਾਉਣ ਦੇ ਨਾਲ-ਨਾਲ ਕਾਮਯਾਬੀ ਪੱਖੋਂ ਚੰਗਾ ਮਾਅਰਕਾ ਮਾਰਿਆ। ਗਿੱਪੀ ਗਰੇਵਾਲ ਤੇ ਦਿਲਜੀਤ ਦੀ ਫ਼ਿਲਮ 'ਜੀਹਨੇ ਮੇਰਾ ਦਿਲ ਲੁੱਟਿਆ' ਨੇ ਕਾਮਯਾਬੀ ਦਾ ਨਵਾਂ ਇਤਿਹਾਸ

## ਕੀ ਮੈਂ ਝੂਠ ਬੋਲਿਐ...



**ਸਵਰਨ ਸਿੰਘ ਟਹਿਣਾ**
*ਫੋਨ:91-98141-78883*

ਸਿਰਜਿਆ। ਏਸੇ ਤਰ੍ਹਾਂ ਤਿੰਨ ਨਵੇਂ ਮੁੰਡਿਆਂ 'ਤੇ ਆਧਾਰਤ ਫ਼ਿਲਮ 'ਯਾਰ ਅਣਮੁੱਲੇ' ਨੇ ਵੀ ਕਮਾਲ ਦਾ ਕਾਰੋਬਾਰ ਕੀਤਾ। 'ਯਾਰ ਅਣਮੁੱਲੇ' ਜ਼ਰੀਏ ਪ੍ਰਸਿੱਧ ਗਾਇਕ ਹੰਸ ਰਾਜ ਹੰਸ ਦੇ ਸਪੁੱਤਰ ਯੁਗਰਾਜ ਹੰਸ ਨੇ ਬਤੌਰ ਅਦਾਕਾਰ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ।

ਦਿਲਜੀਤ ਦੀ 'ਜੀਹਨੇ ਮੇਰਾ ਦਿਲ ਲੁੱਟਿਆ' ਤੋਂ ਪਹਿਲਾਂ ਆਈ ਫ਼ਿਲਮ 'ਲਾਇਨ ਆਫ਼ ਪੰਜਾਬ' ਨੂੰ ਦਰਸ਼ਕਾਂ ਨੇ ਫਿਟਕਾਰ ਦਿੱਤਾ। ਏਸੇ ਤਰ੍ਹਾਂ 'ਏਕਨੂਰ' ਫ਼ਿਲਮ ਵੀ ਬਹੁਤੀ ਸਫ਼ਲ ਨਾ ਹੋ ਸਕੀ। ਵੱਖਰੀ ਗੱਲ ਇਹ ਹੋਈ ਕਿ ਉਨ੍ਹਾਂ ਪੰਜਾਬੀ ਕਲਾਕਾਰਾਂ ਨੇ ਵੀ ਫ਼ਿਲਮਾਂ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ, ਜਿਨ੍ਹਾਂ ਦੇ ਹਾਲੇ ਤੱਕ ਮਸੀਂ ਇੱਕ-ਇੱਕ, ਦੋ-ਦੋ ਗਾਣੇ ਹਿੱਟ ਹੋਏ ਨੇ। ਦਰਸ਼ਕ ਸੋਚਣ ਲਈ ਮਜਬੂਰ ਹੋ ਗਏ ਕਿ ਜਿਹੜੇ ਕਲਾਕਾਰਾਂ ਦੀ ਗਾਇਕੀ ਵਿਚ ਹਾਲੇ ਪੱਕੀ ਥਾਂ ਨਹੀਂ ਬਣ ਸਕੀ, ਉਨ੍ਹਾਂ ਦੀਆਂ ਫ਼ਿਲਮਾਂ ਨੂੰ ਦੇਖਣ ਕੌਣ ਜਾਵੇਗਾ?

ਪਾਇਰੇਸੀ ਨੇ ਗਾਹ ਪਾਈ ਰੱਖਿਆ: 2010 ਵਿਚ ਪੰਜਾਬੀ ਕਲਾਕਾਰਾਂ ਤੇ ਕੰਪਨੀਆਂ ਨੇ ਪਾਇਰੇਸੀ ਅਤੇ ਨਜਾਇਜ਼ ਚੱਲਦੇ ਸੱਭਿਆਚਾਰਕ ਗਰੁਪਾਂ ਨੂੰ ਸਿੱਧੇ ਕਰਨ ਲਈ ਕਾਫੀ ਯਤਨ ਕੀਤੇ ਸਨ ਪਰ 2011 ਵਿਚ ਕਲਾਕਾਰ ਤੇ ਕੰਪਨੀਆਂ





*ਜੈਜ਼ੀ ਬੀ*


ਵਾਲੇ ਥੱਕੇ-ਥੱਕੇ ਨਜ਼ਰ ਆਏ। ਉਨ੍ਹਾਂ ਦੀ ਮੰਗ ਮੁਤਾਬਕ ਨਾ ਤਾਂ ਪੰਜਾਬ ਵਿਚ ਤਾਮਿਲਨਾਡੂ ਵਾਂਗ ਗੁੰਡਾ ਐਕਟ ਲਾਗੂ ਹੋ ਸਕਿਆ ਤੇ ਨਾ ਹੀ ਪਾਇਰੇਟਰਾਂ ਦੀ ਸੰਘੀ ਘੁੱਟਣ ਲਈ ਕੋਈ ਹੋਰ ਕਾਨੂੰਨ ਬਣ ਸਕਿਆ। ਸਿੱਟਾ ਇਹ ਕਿ ਸੀ.ਡੀ. ਬਾਜ਼ਾਰ ਵਿਚ ਆਉਣ ਤੋਂ ਇੱਕ ਦਿਨ ਪਹਿਲਾਂ ਹੀ ਇੰਟਰਨੈਟ 'ਤੇ ਆਉਂਦੀ ਰਹੀ। ਪਾਇਰੇਟਰਾਂ ਨੇ ਸ਼ਰੇਆਮ ਕੰਪਨੀਆਂ ਨੂੰ ਅੱਖਾਂ ਦਿਖਾਉਣੀਆਂ ਸ਼ੁਰੂ ਕਰ ਦਿੱਤੀਆਂ। ਕਈ ਨਾਮਣੇ ਵਾਲੇ ਕਲਾਕਾਰਾਂ ਦੀ ਸੀ.ਡੀ ਵਿਕਰੀ ਪੱਖੋਂ ਦਸ ਹਜ਼ਾਰ ਦਾ ਅੰਕੜਾ ਨਾ ਪਾਰ ਕਰ ਸਕੀ।

ਗੰਦੇ ਗੀਤ: ਭਾਵੇਂ 2011 ਵਿਚ ਮਾੜੇ ਗੀਤਾਂ ਦੀ ਖਿਲਾਫ਼ਤ ਕਰਨ ਦੀ ਗੱਲ ਹੁੰਦੀ ਰਹੀ ਪਰ ਇਹ ਕਿਸੇ ਸਿਰੇ ਨਾ ਲੱਗ ਸਕੀ। ਮਾੜੇ ਗੀਤਾਂ ਖਿਲਾਫ਼ ਲਿਖੇ ਲੇਖ ਪੜ੍ਹ ਕੇ ਲੋਕ ਲਿਖਣ ਵਾਲਿਆਂ ਨੂੰ ਫੋਨ ਕਰਕੇ ਹੌਸਲਾ ਦਿੰਦੇ ਰਹੇ ਪਰ ਕਿਸੇ ਨੇ ਵੀ ਆਪਣੇ ਪੱਧਰ 'ਤੇ ਕੋਈ ਜ਼ਿੰਮੇਵਾਰੀ ਨਾ ਨਿਭਾਈ। ਇੱਥੋਂ ਤੱਕ ਕਿ ਜਦੋਂ ਧਰਮਪ੍ਰੀਤ ਨੇ 'ਮਿੱਤਰਾਂ ਦੇ ਪਿੰਡ 'ਚੋਂ ਪਟੋਲੇ ਮੁੱਕ ਗਏ' ਵਰਗਾ ਬੇਹੂਦਾ ਗੀਤ ਗਾ ਮਾਰਿਆ ਤਾਂ ਕਿਸੇ ਮਾਈ ਦੇ ਲਾਲ ਨੇ ਉਸ ਨੂੰ ਚੁਣੌਤੀ ਨਾ ਦਿੱਤੀ।


2012 ਵਿਚ ਪੰਜਾਬੀਆਂ ਦੀ ਗ਼ੈਰਤ ਏਸੇ ਤਰ੍ਹਾਂ ਮਰੀ ਰਹੇਗੀ ਜਾਂ ਉਹ ਮਾੜਿਆਂ ਨੂੰ ਮਾੜਾ ਕਹਿਣ ਲਈ ਇਕਜੁਟ ਹੋਣਗੇ, ਇਹ ਗੱਲ ਹਾਲੇ ਭਵਿੱਖ ਦੀ ਕੁੱਖ ਵਿਚ ਲੁਕੀ ਹੋਈ ਹੈ। ਪਰ ਜੇ ਊਟ-ਪਟਾਂਗ ਗਾਉਣ ਵਾਲਿਆਂ ਦੇ ਹੌਸਲੇ ਵਧਦੇ ਰਹੇ ਤਾਂ ਪੰਜਾਬੀ ਗਾਇਕੀ ਦੀ ਮਰਿਆਦਾ ਦਾ ਬੇੜਾ ਹੋਰ ਗਰਕੇਗਾ।

## ਸੂਰਿਆਂ ਦੀ ਵਾਰ ਦਾ ਧੀਮਾ ਸੁਰ

# ਹਜ਼ਾਰ ਚੌਰਾਸੀ ਕੀ ਮਾਂ


'ਹਜ਼ਾਰ ਚੌਰਾਸੀ ਕੀ ਮਾਂ' ਵਿਚ ਜਯਾ ਬੱਚਨ

*ਫ਼ਿਲਮ 'ਹਜ਼ਾਰ ਚੌਰਾਸੀ ਕੀ ਮਾਂ' ਨਾਬਰ ਮੁੰਡੇ ਕੁੜੀਆਂ ਦੇ ਸੁਫਨਿਆਂ ਅਤੇ ਹੋਣੀ ਦੀ ਕਹਾਣੀ ਹੈ। ਇਹ ਫ਼ਿਲਮ ਮਸ਼ਹੂਰ ਲੇਖਕ ਮਹਾਸ਼ਵੇਤਾ ਦੇਵੀ ਦੇ ਇਸੇ ਨਾਮ ਵਾਲੇ ਨਾਵਲ 'ਤੇ ਆਧਾਰਤ ਹੈ ਅਤੇ ਫਿਲਮਸਾਜ਼ ਗੋਬਿੰਦ ਨਿਹਲਾਨੀ ਨੇ ਬਣਾਈ ਹੈ। ਫ਼ਿਲਮ ਦਾ ਮੁੱਢ ਹਿਲਾ ਦੇਣ ਵਾਲੀਆਂ ਤਸਵੀਰਾਂ ਨਾਲ ਬੱਝਦਾ ਹੈ। ਤਸਵੀਰਾਂ ਲਹਿਰ ਦੇ ਫ਼ਲਸਫ਼ੇ ਅਤੇ ਪੁਲਿਸ ਵੱਲੋਂ ਢਾਹੇ ਤਸ਼ੱਦਦ ਨੂੰ ਬਿਆਨ ਕਰਦੀਆਂ ਹਨ। ਇਕ ਤਸਵੀਰ 'ਚ ਔਰਤ ਉੱਤੇ ਪੁਲਿਸ ਵਾਲੇ ਬੰਦੂਕਾਂ ਤਾਣੀ ਖੜ੍ਹੇ ਹਨ। ਔਰਤ ਦਾ ਮੁਹਾਂਦਰਾ ਅਤੇ ਅਦਾ ਸਿੰਧੂ ਘਾਟੀ ਸੱਭਿਅਤਾ ਦੇ ਮਸ਼ਹੂਰ ਬੁੱਤ 'ਨਾਚੀ' ਨਾਲ ਮਿਲਦੀ-ਜੁਲਦੀ ਹੈ।*



**ਪਹਿਲੀ ਗੱਲ**

ਜਤਿੰਦਰ ਮੌਹਰ

ਫੋਨ: +91 97799 34747


ਵੀਹਵੀਂ ਸਦੀ ਦਾ ਛੇਵਾਂ ਤੇ ਸੱਤਵਾਂ ਦਹਾਕਾ ਇਨਕਲਾਬੀ ਜੋਸ਼ ਨਾਲ ਭਰਿਆ ਸਮਾਂ ਸੀ। ਆਲਮੀ ਇਨਕਲਾਬੀ ਲਹਿਰਾਂ ਉਬਾਲ 'ਤੇ ਸਨ। ਇਨਕਲਾਬ ਬਰੂਹਾਂ 'ਤੇ ਆਇਆ ਜਾਪਦਾ ਸੀ। ਲਾਤੀਨੀ ਅਮਰੀਕਾ ਤੋਂ ਲੈ ਕੇ ਏਸ਼ੀਆ ਤੱਕ ਇਨਕਲਾਬ ਦਾ ਨਾਹਰਾ ਗੂੰਜ ਰਿਹਾ ਸੀ। ਮਾਓ, ਫੀਦਲ ਅਤੇ ਚੀ ਗੁਵੇਰਾ ਇਸ ਦੀ ਪਛਾਣ ਬਣ ਚੁੱਕੇ ਸਨ। ਅਮਰੀਕਾ ਅਤੇ ਯੂਰਪ 'ਚ ਜੰਗ ਅਤੇ ਸਾਮਰਾਜ ਦੇ ਖ਼ਿਲਾਫ਼ ਲੱਖਾਂ ਦੇ ਇਕੱਠ ਹੋ ਰਹੇ ਸਨ। ਫ਼ਲਸਤੀਨੀ ਮੁੰਡੇ ਜਰਮਨ ਦੇ ਸ਼ਹਿਰੀ ਛਾਪਾਮਾਰਾਂ ਨੂੰ ਛੁਡਵਾਉਣ ਆਉਂਦੇ ਅਤੇ ਮਨੁੱਖਤਾ ਦੀ ਇੱਕਮੁਠਤਾ ਦਾ ਸਬੂਤ ਦਿੰਦੇ ਸਨ। ਮਨੁੱਖਤਾ ਦੀ ਬਰਾਬਰੀ ਦਾ ਸੁਪਨਾ ਲੈ ਕੇ ਅਣਗਿਣਤ ਨਾਬਰ ਮੁੰਡੇ-ਕੁੜੀਆਂ ਜੰਗਲ ਦਾ ਰਸਤਾ ਫੜ ਰਹੇ ਸਨ।

ਇਹ ਉਹ ਸਮਾਂ ਸੀ ਜਦੋਂ ਭਾਰਤ ਵਿਚ ਕੌਮੀ ਮੁਕਤੀ ਲਹਿਰ ਦਾ ਹੁਸੀਨ ਸੁਫਨਾ ਚਕਨਾਚੂਰ ਹੋ ਚੁੱਕਿਆ ਸੀ। ਕਾਲੇ ਅੰਗਰੇਜ਼ਾਂ ਨੇ ਆਪਣਾ ਰੰਗ ਚਿਰੋਕਣਾ ਦਿਖਾ ਦਿੱਤਾ ਸੀ। ਉਦੋਂ ਸੰਨ 1967 ਦੀ 'ਬਸੰਤ ਦੀ ਗੜ੍ਹਕ' ਨੇ ਟੁੱਟੇ ਸੁਫਨਿਆਂ ਨੂੰ ਨਵਾਂ ਰਾਹ ਦਿਖਾ ਦਿੱਤਾ। ਮਨੁੱਖੀ ਹਮਦਰਦੀ ਨਾਲ ਲਬਰੇਜ਼ ਮੁੰਡੇ-ਕੁੜੀਆਂ ਆਵਾਮ ਦੇ ਗਲ ਪਈ ਰੱਸੀ ਦਾ ਸਿਰਾ ਲੱਭਣ ਤੁਰ ਪਏ। ਉਹ ਸਾਰੀਆਂ ਪੁਰਾਣੀਆਂ ਧਾਰਨਾਵਾਂ ਉਲਟ ਦੇਣੀਆਂ ਚਾਹੁੰਦੇ ਸਨ ਜੋ ਮਨੁੱਖ ਨੂੰ ਇਕ ਹੋਣ ਤੋਂ ਰੋਕਦੀਆਂ ਸਨ ਅਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਲਈ ਜ਼ਿੰਮੇਵਾਰ ਸਨ। ਉਹ ਗ਼ਰੀਬੀ, ਜਾਤ-ਪਾਤ, ਪ੍ਰਬੰਧਕੀ-ਸਿਆਸੀ ਹਿੰਸਾ, ਸਫ਼ੈਦਪੋਸ਼ ਕਦਰਾਂ-ਕੀਮਤਾਂ ਅਤੇ ਰੂੜੀਵਾਦੀ ਸਮਾਜ ਨੂੰ ਮਿੱਟੀ ਵਿਚ ਮਿਲਾ ਦੇਣਾ ਚਾਹੁੰਦੇ ਸਨ। ਉਹ ਤਾਂ ਨਵਾਂ ਆਲਮ ਸਿਰਜਣ ਤੁਰੇ ਸਨ ਜਿੱਥੇ ਮਨੁੱਖ ਨੂੰ ਮਨੁੱਖ ਦੇ ਰੂਪ 'ਚ ਦੇਖਿਆ ਜਾਣਾ ਸੀ। ਉਨ੍ਹਾਂ ਨੂੰ ਬਿਖੜੇ ਪੈਂਡੇ ਅਤੇ ਆਪਣੀ ਹੋਣੀ ਦਾ ਪਤਾ ਸੀ ਪਰ ਬਹੁਤ ਕੁਝ ਸੋਚੇ ਮੁਤਾਬਕ ਹੋ ਨਾ ਸਕਿਆ। ਉਂਝ, ਇਨ੍ਹਾਂ ਨਾਬਰਾਂ ਨੇ ਜ਼ਿੰਦਗੀ ਦੇ ਗੀਤ ਆਪਣੇ ਲਹੂ ਨਾਲ ਸਿੰਜ ਦਿੱਤੇ ਜਿਹਦੇ ਬਾਰੇ ਪਾਸ਼ ਕਹਿੰਦਾ ਹੈ ਕਿ ਉਹ ਆਉਂਦੇ ਰਹੇ ਤੇ ਡੋਲਦੇ ਰਹੇ ਮਿੱਟੀ 'ਚ ਲਹੂ ਦੇ ਤੁਬਕੇ। ਇਨ੍ਹਾਂ ਤੁਬਕਿਆਂ ਨਾਲ ਹੀ ਦਰਿਆਵਾਂ ਨੇ ਦਿਸ਼ਾ ਫੜਨੀ ਸੀ। ਫ਼ਿਲਮ 'ਹਜ਼ਾਰ ਚੌਰਾਸੀ ਕੀ ਮਾਂ' ਅਜਿਹੇ ਹੀ ਨਾਬਰ ਮੁੰਡੇ ਕੁੜੀਆਂ ਦੇ ਸੁਫਨਿਆਂ ਅਤੇ ਹੋਣੀ ਦੀ ਕਹਾਣੀ ਹੈ। ਇਹ ਫ਼ਿਲਮ ਮਸ਼ਹੂਰ ਲੇਖਕ ਮਹਾਸ਼ਵੇਤਾ ਦੇਵੀ ਦੇ ਇਸੇ ਨਾਮ ਵਾਲੇ ਨਾਵਲ 'ਤੇ ਆਧਾਰਤ ਹੈ ਅਤੇ ਫਿਲਮਸਾਜ਼ ਗੋਬਿੰਦ ਨਿਹਲਾਨੀ ਨੇ ਬਣਾਈ ਹੈ। ਫ਼ਿਲਮ ਦਾ ਮੁੱਢ ਹਿਲਾ ਦੇਣ ਵਾਲੀਆਂ ਤਸਵੀਰਾਂ ਨਾਲ ਬੱਝਦਾ ਹੈ। ਤਸਵੀਰਾਂ ਲਹਿਰ ਦੇ ਫ਼ਲਸਫ਼ੇ ਅਤੇ ਪੁਲਿਸ ਵੱਲੋਂ ਢਾਹੇ ਤਸ਼ੱਦਦ ਨੂੰ ਬਿਆਨ ਕਰਦੀਆਂ ਹਨ। ਇਕ ਤਸਵੀਰ 'ਚ ਔਰਤ ਉਤੇ ਪੁਲਿਸ ਵਾਲੇ ਬੰਦੂਕਾਂ ਤਾਣੀ ਖੜ੍ਹੇ ਹਨ। ਔਰਤ ਦਾ ਮੁਹਾਂਦਰਾ ਅਤੇ ਅਦਾ ਸਿੰਧੂ ਘਾਟੀ ਸੱਭਿਅਤਾ ਦੇ ਮਸ਼ਹੂਰ ਬੁੱਤ 'ਨਾਚੀ' ਨਾਲ ਮਿਲਦੀ-ਜੁਲਦੀ ਹੈ। ਉਨ੍ਹਾਂ ਸਮਿਆਂ ਵਿਚ ਔਰਤ ਨੂੰ ਕਰਤਾ ਦੇ ਰੂਪ ਵਿਚ ਦੇਖਿਆ ਜਾਂਦਾ ਸੀ ਅਤੇ ਸਮਾਜ ਔਰਤ-ਪ੍ਰਧਾਨ ਹੋਣ ਦਾ ਜ਼ਿਕਰ ਵੀ ਮਿਲਦਾ ਹੈ। ਤਸਵੀਰ ਵਾਲੀ ਔਰਤ ਦੇ ਸਿਰ ਕੋਲ ਲਾਲ ਰੰਗ ਦੇ ਹਵਾ ਵਿਚ ਵੱਟੇ ਮੁੱਕੇ ਦਿਖਾਈ ਦਿੰਦੇ ਹਨ। ਤਸਵੀਰ ਨੂੰ ਦੇਖ ਕੇ ਹਿੰਦੀ ਕਵੀ ਗੋਰਖ ਪਾਂਡੇ ਦੀ ਕਵਿਤਾ ਚੇਤੇ ਆਉਂਦੀ ਹੈ:

ਸਦੀਆਂ ਪੁਰਾਣਾ ਹੈ ਉਨ੍ਹਾਂ ਦਾ ਗੁੱਸਾ
ਸਦੀਆਂ ਪੁਰਾਣੀ ਹੈ ਉਨ੍ਹਾਂ ਦੀ ਨਫ਼ਰਤ
ਮੈਂ ਤਾਂ ਉਨ੍ਹਾਂ ਦੇ ਸ਼ਬਦਾਂ ਨੂੰ
ਲੈਅ ਅਤੇ ਤਾਲ ਵਿਚ ਸੁਣਾ ਰਿਹਾ ਹਾਂ
ਤੁਹਾਨੂੰ ਲਗਦਾ ਹੈ ਕਿ ਅੱਗ ਭੜਕਾ ਰਿਹਾ ਹਾਂ।

ਇਨ੍ਹਾਂ ਬੰਦੂਕਾਂ ਨੇ ਹੀ ਕਰਤਾ ਦੇ ਔਰਤ ਰੂਪ ਨੂੰ ਪੈਰ ਦੀ ਜੁੱਤੀ ਬਣਾਇਆ। ਸਿਆਸਤ ਨੂੰ ਮਾਂ ਵਰਗੀ ਨਾ ਰਹਿਣ ਦਿੱਤਾ। ਮਹਾਂਬਲੀ ਮਨੁੱਖ ਦੇ ਸਿਰ ਵਿਚੋਂ ਨਾਬਰੀ ਦਾ ਕਣ ਕੱਢਣ ਲਈ ਬੰਦੂਕਾਂ ਤੋਂ ਲੈ ਕੇ ਗ੍ਰੰਥਾਂ ਨੂੰ ਪਲੀਤ ਕੀਤਾ। ਤਸਵੀਰ ਵਿਚਲੀ ਔਰਤ ਕਦੇ ਨਾਬਰ ਕੁੜੀ ਨੰਦਨੀ (ਨੰਦਿਤਾ ਦਾਸ), ਕਦੇ ਸੁਜਾਤਾ ਚੈਟਰਜੀ (ਜਯਾ ਬੱਚਨ) ਅਤੇ ਕਦੇ ਪੁਲਿਸ ਤੇ ਗੁੰਡਿਆਂ ਹੱਥੋਂ ਮਾਰੇ ਗਏ ਸੋਮੂ ਮੰਡਲ ਦੀ ਮਾਂ ਅਤੇ ਭੈਣ ਦੇ ਰੂਪ ਵਿਚ ਦਿਸਣ ਲੱਗਦੀ ਹੈ। ਸੁਜਾਤਾ ਦਾ ਮੁੰਡਾ ਬ੍ਰਤੀ ਬ੍ਰਤੀ ਚੈਟਰਜੀ ਲਾਲ ਰੰਗ ਦੇ ਮੁੱਕਿਆਂ ਵਿਚੋਂ ਦਿਸਦਾ ਹੈ ਜਿਸ ਨੂੰ ਸੋਮੂ ਮੰਡਲ ਦੇ ਨਾਲ ਮਾਰ ਦਿੱਤਾ ਗਿਆ ਸੀ। ਕਲਕੱਤੇ ਦੀਆਂ ਬਸਤੀਆਂ ਵਿਚ ਸੈਂਕੜੇ ਬ੍ਰਤੀਆਂ ਅਤੇ ਸੋਮੂ ਮੰਡਲਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ। ਇਕ ਹੱਲੇ ਵਿਚ ਤਾਂ ਬਸਤੀ ਨੂੰ ਘੇਰ ਕੇ ਹਜ਼ਾਰ ਦੇ ਲਗਭਗ ਕਤਲ ਕੀਤੇ ਗਏ ਸਨ। ਉਨ੍ਹਾਂ ਨੂੰ ਜਰਾਇਮ-ਪੇਸ਼ਾ ਅਤੇ ਸਿਰਫ਼ਿਰੇ ਕਰਾਰ ਦਿੱਤਾ ਗਿਆ ਜੋ ਮਨੁੱਖਤਾ ਦੇ ਗਲ ਪਏ ਸੰਗਲਾਂ ਦਾ ਜੂੜ ਵੱਢਣ ਤੁਰੇ ਸਨ। ਉਨ੍ਹਾਂ ਨੌਜਵਾਨਾਂ ਦੀ ਕਵਿਤਾ ਵੀ ਜੁਰਮ ਸਮਝ ਕੇ ਪੁਲਿਸ ਹਿਰਾਸਤ 'ਚ ਰੱਖੀ ਗਈ। ਉਨ੍ਹਾਂ ਭਿਆਨਕ ਸਮਿਆਂ ਵਿਚ ਬੰਦੇ ਦੀ ਪਛਾਣ ਦੇ ਮਾਇਨੇ ਗੁੰਮ ਹੋ ਗਏ ਅਤੇ ਉਨ੍ਹਾਂ ਨੂੰ ਲਾਸ਼ ਦੇ ਹਿੰਦਸੇ ਨਾਲ ਹੀ ਜਾਣਿਆ ਜਾਣ ਲੱਗਾ। ਉਸੇ ਕੜੀ ਵਿਚ ਬ੍ਰਤੀ ਚੈਟਰਜੀ ਦੇ ਹਿੱਸੇ ਹਜ਼ਾਰ ਚੌਰਾਸੀ (1084) ਦਾ ਹਿੰਦਸਾ ਆਇਆ। ਸੁਜਾਤਾ ਚੈਟਰਜੀ ਦੀ ਪਛਾਣ ਵੀ ਉਸ ਹਿੰਦਸੇ ਦੀ ਮਾਂ ਦੇ ਰੂਪ ਵਿਚ ਕੀਤੀ ਗਈ। ਫ਼ਿਲਮ ਸਫ਼ੈਦਪੋਸ਼ ਮੱਧ ਵਰਗ ਦੇ ਦੰਭੀ ਕਿਰਦਾਰ ਨੂੰ ਸੂਖ਼ਮ ਤਹਿਆਂ 'ਚ ਉਜਾਗਰ ਕਰਦੀ ਹੈ। ਬ੍ਰਤੀ ਦਾ ਪਿਉ (ਜਿਸ ਨੂੰ ਉਹ ਬੌਸ ਕਹਿ ਕੇ ਬੁਲਾਉਂਦਾ ਹੈ), ਭਾਈ, ਭੈਣ, ਭਾਬੀ ਅਤੇ ਜੀਜਾ ਇਸੇ ਦੰਭੀ ਕਿਰਦਾਰ ਦੀ ਨੁਮਾਇੰਦਗੀ ਕਰਦੇ ਹਨ ਜਿਨ੍ਹਾਂ ਨੂੰ ਆਪਣੇ ਮੁੰਡੇ ਦੇ ਇਨਕਲਾਬਪਸੰਦ ਹੋਣ 'ਤੇ ਸ਼ਰਮ ਮਹਿਸੂਸ ਹੁੰਦੀ ਹੈ। ਉਹ ਬ੍ਰਤੀ ਦੇ ਦੋਸਤਾਂ ਨੂੰ ਅਪਰਾਧੀ ਕਹਿਣ ਤੱਕ ਜਾਂਦੇ ਹਨ ਪਰ ਬ੍ਰਤੀ ਦਾ ਕਹਿਣਾ ਹੈ ਕਿ ਉਸਦੇ ਦੋਸਤ ਮਿਹਨਤ-ਮਜ਼ਦੂਰੀ ਕਰਦੇ ਹਨ। ਉਹ ਸਾਡੀ ਤਰ੍ਹਾਂ ਰਿਸ਼ਵਤ, ਲੁੱਟ ਅਤੇ ਬੇਈਮਾਨੀ ਨਾਲ ਕਾਰੋਬਾਰ ਨਹੀਂ ਪਾਲਦੇ। ਮੱਧ-ਵਰਗੀ ਜਮਾਤ ਪੈਸੇ ਅਤੇ ਪੇਸ਼ੇਵਰ ਜੀਵਨ ਨੂੰ ਤਰਜੀਹ ਦਿੰਦੀ ਹੈ ਅਤੇ ਮੁਲਕ ਦੀ ਬਹੁਗਿਣਤੀ ਦੀ ਮਾੜੀ ਹਾਲਤ ਵੱਲ ਸਾਜ਼ਸ਼ੀ ਨੀਤ ਨਾਲ ਅੱਖਾਂ ਮੁੰਦ ਲੈਂਦੀ ਹੈ। ਇਹ ਜਮਾਤ ਲਗਾਤਾਰ ਇਨ੍ਹਾਂ ਕਦਰਾਂ-ਕੀਮਤਾਂ ਨੂੰ ਅੱਗੇ ਵਧਾਉਂਦੀ ਰਹਿੰਦੀ ਹੈ। ਬ੍ਰਤੀ ਦਾ ਕਹਿਣਾ ਹੈ ਕਿ ਉਸ ਨੂੰ ਬੌਸ ਨਾਲ ਨਫ਼ਰਤ ਨਹੀਂ ਹੈ। ਉਹ ਬੌਸ ਦੇ ਜਮਾਤੀ ਕਿਰਦਾਰ ਨੂੰ ਨਫ਼ਰਤ ਕਰਦਾ ਹੈ। ਸਾਡੇ ਸਮਿਆਂ 'ਚ ਇਸ ਜਮਾਤ ਨੂੰ ਹੋਰ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਇਨ੍ਹਾਂ ਦੀਆਂ ਤਨਖਾਹਾਂ ਅਤੇ ਭੱਤੇ ਲਗਾਤਾਰ ਵਧ ਰਹੇ ਹਨ। ਪੱਕੀ ਭਰਤੀ ਅਤੇ ਠੇਕਾ ਭਰਤੀ ਵਾਲੇ ਕਾਮਿਆਂ ਦੀਆਂ ਤਨਖਾਹਾਂ ਅਤੇ ਭੱਤਿਆਂ ਵਿਚਲਾ ਫਰਕ ਪਾੜੇ ਨੂੰ ਹੋਰ ਮੋਕਲਾ ਕਰਦਾ ਹੈ। ਗ਼ਰੀਬ ਮਜ਼ਦੂਰ ਅਤੇ ਕਿਸਾਨ ਦੀ ਤਾਂ ਗੱਲ ਛੱਡ ਦੇਵੋ। ਮੱਧ-ਵਰਗ ਨੂੰ ਮੁਲਕ 'ਤਰੱਕੀ ਦੀ ਸਿਖ਼ਰ' ਉਤੇ ਚੜ੍ਹਿਆ ਜਾਪਦਾ ਹੈ। ਵੀਹ ਰੁਪਏ ਤੋਂ ਹੇਠਾਂ ਗੁਜ਼ਾਰਾ ਕਰਦੀ ਮੁਲਕ ਦੀ ਸਤੱਤਰ ਫ਼ੀਸਦੀ ਆਬਾਦੀ 'ਤਰੱਕੀ ਦੇ ਮੀਨਾਰ' ਉਤੇ ਚੜ੍ਹਿਆਂ ਨੂੰ ਦਿਸਣੀ ਬੰਦ ਹੋ ਜਾਂਦੀ ਹੈ। ਇਹ ਵਰਗ ਆਪਣੇ ਨਿੱਜੀ ਅਤੇ ਮਨਸੂਈ ਆਲਮ 'ਚ ਜਿਉਂਦਾ ਰਹਿੰਦਾ ਹੈ ਜਿਨ੍ਹਾਂ ਦੀ ਤੰਦ ਮੁਲਕ ਦੀ ਬਹੁਗਿਣਤੀ ਤੋਂ ਤੋੜ ਦਿੱਤੀ ਗਈ ਹੈ। ਫ਼ਿਲਮ ਇਸ ਜਮਾਤ ਦੇ ਦੰਭੀ ਕਿਰਦਾਰ ਨੂੰ ਨੰਗਾ ਕਰਦੀ ਹੈ।

ਬ੍ਰਤੀ ਦੀ ਲਾਸ਼ ਕਾਂਤਾਕੁਕਰ ਨਾਂ ਦੀ ਥਾਂ 'ਤੇ ਰੱਖੀ ਜਾਂਦੀ ਹੈ ਜਿੱਥੇ ਸੁਜਾਤਾ ਨੂੰ ਲਾਸ਼ ਦੀ ਸ਼ਨਾਖਤ ਲਈ ਬੁਲਾਇਆ ਜਾਂਦਾ ਹੈ। ਕਾਂਤਾਕੁਕਰ ਦੇ ਨਾਮ ਤੋਂ ਪੰਜਾਬੀ ਸੰਗਤ ਨੂੰ ਲੱਧਾ-ਕੋਠੀ ਵਰਗੇ ਕਈ ਬੁੱਚੜਖਾਨਿਆਂ ਦਾ ਚੇਤਾ ਦਿਮਾਗ 'ਚ ਉਭਰਦਾ ਹੈ। ਅਣਪਛਾਤੀਆਂ ਲਾਸ਼ਾਂ ਕਰਾਰ ਦੇ ਕੇ ਸਮਸ਼ਾਨਘਾਟਾਂ 'ਚ ਜਾਲੇ ਗਏ ਮੁੰਡੇ ਯਾਦ ਆਉਂਦੇ ਹਨ ਅਤੇ 'ਪੱਚੀ ਹਜ਼ਾਰ ਇਕਵੀ' ਲਾਸ਼ ਬਣਿਆ ਜਸਵੰਤ ਸਿੰਘ ਖਾਲੜਾ ਅੱਖਾਂ ਸਾਹਵੇਂ ਖੜ੍ਹਾ ਹੋ ਜਾਂਦਾ ਹੈ। ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੀ ਲੜਾਈ ਅਜੇ ਵੀ ਜਾਰੀ ਹੈ। ਇਹ ਲੜਾਈ ਫ਼ਿਲਮ ਦੇ ਪਿਛਲੇ ਅੱਧ ਦਾ ਹਿੱਸਾ ਹੈ। ਸਮੁੱਚੇ ਰੂਪ ਵਿਚ ਫ਼ਿਲਮ ਇਤਿਹਾਸ ਦੇ ਉਨ੍ਹਾਂ ਪੰਨਿਆਂ ਦਾ ਜ਼ਿਕਰ ਛੇੜਦੀ ਹੈ ਜਦੋਂ 'ਜਮਹੂਰੀ' ਕਹਾਉਣ ਵਾਲੀ ਸਰਕਾਰ ਨੇ ਆਪਣੇ ਹੀ ਲੋਕਾਂ ਦੇ ਖ਼ਿਲਾਫ਼ ਜੰਗ ਛੇੜੀ ਅਤੇ ਮੁਲਕ ਦੇ ਸੰਵਿਧਾਨ ਨੂੰ ਪਿੱਠ ਦਿਖਾ ਦਿੱਤੀ। ਹੱਕ ਅਤੇ ਰੋਟੀ ਮੰਗਦੀ ਆਵਾਮ 'ਤੇ ਬਾਰੂਦ ਛਿੜਕਿਆ ਗਿਆ ਅਤੇ ਮੁਲਕ ਦੇ ਕੀਮਤੀ ਸਰਮਾਏ (ਜਵਾਨੀ) ਨੂੰ ਬੁੱਚੜਖਾਨਿਆਂ ਦਾ ਰਸਤਾ ਦਿਖਾਇਆ ਗਿਆ।


ਗੋਬਿੰਦ ਨਿਹਲਾਨੀ






ਮਹਾਸ਼ਵੇਤਾ ਦੇਵੀ

## ਪ੍ਰਿਅੰਕਾ ਦੇ ਚਰਚੇ

ਸ਼ਾਹਰੁਖ ਦੇ ਬੰਗਲੇ 'ਮੰਨਤ' 'ਚ ਪਾਰਟੀ ਦੌਰਾਨ ਪ੍ਰਿਅੰਕਾ ਚੋਪੜਾ ਨੂੰ ਦੇਖ ਕੇ ਸ਼ਾਹਰੁਖ ਦੀ ਪਤਨੀ ਗੌਰੀ ਖਾਨ ਦੀਆਂ ਭਵਾਂ ਤਣ ਗਈਆਂ। ਅਸਲ 'ਚ ਪ੍ਰਿਅੰਕਾ ਚੋਪੜਾ ਵੀ ਕਿੰਗ ਖਾਨ ਨੂੰ ਦੇਖ ਕੇ ਰੁਮਾਂਟਿਕ ਹੋ ਜਾਂਦੀ ਹੈ। ਅਰਜਨ ਰਾਮਪਾਲ ਦੀ ਪਤਨੀ ਮੇਹਰ ਜੇਸੀਆ ਇਸ ਗੱਲ ਦੀ ਗਵਾਹ ਹੈ ਕਿ ਪ੍ਰਿਅੰਕਾ ਨਾਲ ਗੋਰੀ ਦੀ ਕਾਫ਼ੀ ਨੋਕ-ਝੋਕ ਹੋਈ ਸੀ।

ਕਮਾਲ ਦੀ ਅਦਾਕਾਰਾ ਤੇ ਚੁਣੌਤੀ ਭਰਪੂਰ ਭੂਮਿਕਾਵਾਂ ਲਈ ਹਮੇਸ਼ਾ ਤਿਆਰ ਰਹਿਣ ਵਾਲੀ ਪ੍ਰਿਅੰਕਾ ਅੱਜਕਲ੍ਹ ਆਪਣੀ ਫ਼ਿਲਮ 'ਬਰਫ਼ੀ' 'ਤੇ ਕਾਫ਼ੀ ਧਿਆਨ ਦੇ ਰਹੀ ਹੈ। ਗੌਰੀ ਦੀ ਪ੍ਰਵਾਹ ਕੀਤੇ ਬਗੈਰ ਪ੍ਰਿਅੰਕਾ ਤਾਂ ਸ਼ਾਹਰੁਖ ਦੇ ਨੇੜੇ-ਤੇੜੇ ਹੀ ਰਹੀ। 'ਫੈਸ਼ਨ', 'ਏਤਰਾਜ਼', 'ਸਾਤ ਖ਼ੂਨ ਮਾਫ਼' ਮਰਦ ਨਾਇਕ ਦੇ ਹੁੰਦਿਆਂ ਉਸ ਦੀਆਂ ਦੋ ਫ਼ਿਲਮਾਂ ਸਨ ਜਿਨ੍ਹਾਂ ਦਾ ਭਾਰ ਪ੍ਰਿਅੰਕਾ ਦੇ ਮੋਢਿਆਂ 'ਤੇ ਟਿਕਿਆ ਹੋਇਆ ਸੀ। ਪ੍ਰਿਅੰਕਾ ਨੇ ਪਾਰਟੀ 'ਚ ਸਭ ਨੂੰ ਕਿਹਾ ਕਿ ਉਹ ਸ਼ਾਹਰੁਖ ਦੀ ਮਿੱਤਰ ਹੈ ਤੇ ਨਿੱਕੀਆਂ ਗੱਲਾਂ 'ਤੇ ਗੁੱਸਾ ਨਹੀਂ ਕਰਦੀ। ਉਧਰ ਰਿਤਿਕ ਦੀ ਪਤਨੀ ਸੁਜੇਨ ਦੇ ਕਹਿਣ 'ਤੇ ਰਿਤਿਕ ਨੇ ਪਾਰਟੀ 'ਚ ਪ੍ਰਿਅੰਕਾ ਨੂੰ ਨਹੀਂ ਬੁਲਾਇਆ। ਹਾਲਾਂਕਿ ਫ਼ਿਲਮ 'ਅਗਨੀਪੱਥ' 'ਚ ਰਿਤਿਕ ਨਾਲ ਪ੍ਰਿਅੰਕਾ ਹੀ ਨਾਇਕਾ ਹੈ।



## ਮਰਜ਼ੀ ਦੀ ਮਾਲਕ ਮਲਿਕਾ ਸ਼ੇਰਾਵਤ

'ਬਿਨ ਬੁਲਾਏ ਬਰਾਤੀ' ਦੇ ਨਿਰਮਾਤਾਵਾਂ ਨੂੰ ਨਖ਼ਰਿਆਂ ਨਾਲ ਸਤਾਉਣ ਵਾਲੀ ਮਲਿਕਾ ਸ਼ੇਰਾਵਤ ਹਾਲੀਵੁੱਡ 'ਚ ਹਰ ਸ਼ਰਤ ਮੰਨਦੀ ਹੈ। ਕਹਿ ਲਓ ਕਿ ਹਾਲੀਵੁੱਡ ਵਾਲੇ ਮਲਿਕਾ ਨੂੰ ਆਪਣੇ ਇਸ਼ਾਰਿਆਂ 'ਤੇ ਨਚਾਉਂਦੇ ਹਨ। 'ਸ਼ਾਲੂ ਦੇ ਠੁਮਕੇ' ਆਈਟਮ ਗੀਤ ਨਾਲ ਫਿਰ ਕਈਆਂ ਲਈ ਖਤਰਾ ਬਣੀ ਮਲਿਕਾ ਨੇ ਆਪਣੀ ਫਿਟਨੈਸ ਕਾਇਮ ਰੱਖੀ ਹੈ।

ਹੁਣ ਮਲਿਕਾ ਆਪਣੇ-ਆਪ ਨੂੰ ਬਿਹਤਰ ਨਾਚ ਨਿਰਦੇਸ਼ਕਾ ਵੀ ਮੰਨ ਰਹੀ ਹੈ। ਨਾਚ ਨਿਰਦੇਸ਼ਕ ਹੋਰ ਸਟੈਪ ਕਰਨ ਨੂੰ ਕਹਿੰਦਾ ਹੈ ਪਰ ਉਹ ਆਪਣੀ ਮਰਜ਼ੀ ਦੀ ਮਾਲਕ ਹੈ ਤੇ ਇਸ ਤਰ੍ਹਾਂ ਮਲਿਕਾ ਆਪਣੇ ਹੀ ਇਜਾਦ ਕੀਤੇ ਡਾਂਸ ਸਟੈਪ ਕਰ ਰਹੀ ਹੈ। ਹਾਲੀਵੁੱਡ 'ਚ ਕਿਸੇ ਨੇ ਉਸ ਨੂੰ ਸ਼ਾਦੀ ਦੇ ਬਾਬਤ ਪੁੱਛਿਆ ਤਾਂ ਉਸ ਦਾ ਜਵਾਬ ਸੀ ਕਿ ਵਿਆਹ ਇਕ ਖਾਸ ਸਮਝੌਤਾ ਹੈ ਤੇ ਸਮਰਪਣ ਹੈ ਪਰ ਇਹ ਸਮਰਪਣ ਜੀਵਨ ਸਾਥੀ ਪ੍ਰਤੀ ਨਹੀਂ ਖ਼ੁਦ ਦੇ ਲਈ ਹੁੰਦਾ ਹੈ।

ਇਸ ਤਰ੍ਹਾਂ ਜਦ ਉਹ ਖ਼ੁਦ ਪ੍ਰਤੀ ਆਪਣੇ-ਆਪ ਨੂੰ ਵਫਾਦਾਰ ਮਹਿਸੂਸ ਕਰੇਗੀ ਤਦ ਵਿਆਹ ਕਰਵਾ ਲਏਗੀ। ਕਿਹਾ ਜਾ ਰਿਹਾ ਹੈ ਕਿ ਮਲਿਕਾ ਤੇ ਸੁਸ਼ਮਿਤਾ ਸੇਨ ਦੇ ਵਿਚਾਰਾਂ ਦਾ ਕਾਫ਼ੀ ਅਸਰ ਹੈ। ਇਧਰ ਬਿਨ ਬੁਲਾਏ ਬਰਾਤੀ ਦੇ ਐਡੀਟਰ ਨੇ ਕਿਹਾ ਕਿ ਦੂਸਰੇ ਸਿਤਾਰੇ ਨਾਲ ਮਲਿਕਾ ਦੇ ਡਾਂਸ ਸਟੈਪ ਜੋੜਨੇ ਉਸ ਲਈ ਆਫਤ ਹੀ ਰਹੇ ਤੇ ਉਹ ਇਹ ਆਫ਼ਤ ਕਦੇ ਨਹੀਂ ਭੁੱਲੇਗਾ।




vista
CCTV TECHNOLOGY
A leader of worldwide CCTV surveillance
PROFESSIONAL GRADE SECURITY SYSTEM
for
HOTELS, GAS STATIONS,
STORES, HOMES & ANY KIND OF BUSINESS.
UPGRADE PIXIM SERIES FOR FRONT DOOR @$129.00
UPGRADE ANY HD SERIES CAMERA 700 TV LINES @$49.00 EACH IN PACKAGES
3RD GENERATION ARRAY TECHNOLOGY CAMERA UPGRADATION @$89.00 EACH
WE INSTALL ANYWHERE IN USA
2 YEARS WARRANTY
14 YEARS EXPERIENCE IN CCTV BUSINESS
4 Cameras with 4Ch DVR
Just @ $949.00 + TAX
Special Offer
8 Cameras with 8Ch DVR
Just @ $1799.00 + TAX
Special Offer
INSTALLATION INCLUDED
Buy Online
www.eZchase.com
DIRECT ACCESS FROM Smart i Phone
SPECIAL OFFER
$2499.00 + TAX
12 Cameras Packages with 16Ch DVR
SPECIAL OFFER
$3649.00 + TAX
16 Cameras Packages with 16Ch DVR
THERE IS NO PROBLEM ONLY SOLUTION
Call :- SUKHPAL@ 661-586-5080
Customer Services :- 1-800-235-1391
Email :- sales@ezchase.com
A LEADER OF WORLDWIDE CCTV SURVEILLANCE

# Punjab NRI Council, USA

*Appointed by Capt. Amrinder Singh, PPCC President, Ref.#3299/11, Dated: September 24, 2011*

# ਪੰਜਾਬ ਬਚਾਓ ਕਿਉਂ?



ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠਲੀ ਮੌਜੂਦਾ ਅਕਾਲੀ-ਭਾਜਪਾ ਸਰਕਾਰ ਵਲੋਂ ਲੋਕਾਂ ਦੇ ਜਮਹੂਰੀ ਹੱਕਾਂ ਦਾ ਕਤਲ ਕੀਤਾ ਜਾ ਰਿਹਾ ਹੈ। ਆਪਣੇ ਹੱਕਾਂ ਲਈ ਲੜ ਰਹੇ ਮੁਲਾਜ਼ਮਾਂ, ਅਧਿਆਪਕਾਂ ਅਤੇ ਕਿਸਾਨਾਂ ਉਪਰ ਤਸ਼ੱਦਦ ਢਾਹਿਆ ਜਾ ਰਿਹਾ। ਭੂਤਰੇ ਹੋਏ ਅਕਾਲੀ ਸਰਪੰਚ ਆਪਣੇ ਹੱਕਾਂ ਲਈ ਮੁਜਾਹਰਾ ਕਰ ਰਹੀਆਂ ਅਧਿਆਪਕਾਵਾਂ ਨੂੰ ਥੱਪੜ ਮਾਰ ਰਹੇ ਹਨ, ਇਸ ਉਤੇ ਕਿਸੇ ਨੂੰ ਕੋਈ ਪੱਛੋਤਾਵਾ ਨਹੀਂ। ਅਮਨ ਕਾਨੂੰਨ ਦੀ ਬੇਹਦ ਬੁਰੀ ਹਾਲਤ ਹੈ।

> ਆਰਥਿਕ ਤਬਾਹੀ: ਇਸ ਸਰਕਾਰ ਨੇ ਪੰਜਾਬ ਨੂੰ ਆਰਥਿਕ ਤਬਾਹੀ ਦੇ ਕੰਢੇ ਲਿਆ ਖੜ੍ਹਾ ਕੀਤਾ ਹੈ। ਇਸ ਸਮੇਂ ਡੇਢ ਲੱਖ ਕਰੋੜ ਰੁਪਏ ਤੋਂ ਵੱਧ ਦਾ ਸਿੱਧਾ ਅਤੇ ਅਸਿੱਧਾ ਕਰਜਾ ਚੜ੍ਹਿਆ ਹੋਇਆ ਹੈ। ਦੂਜੇ ਸ਼ਬਦਾਂ ਵਿਚ ਪੰਜਾਬ ਦਾ ਵਾਲ ਵਾਲ ਕਰਜਾਈ ਹੋ ਚੁਕਾ ਹੈ ਅਤੇ ਇਹ ਬਹੁਤੇ ਸੂਬਿਆਂ ’ਚੋਂ ਤਰੱਕੀ ’ਚ ਪਿਛੇ ਰਹਿ ਗਿਆ ਹੈ।

> ਪਰਵਾਸੀ ਪੰਜਾਬੀਆਂ ਨੂੰ ਲੁੱਟਿਆ-ਮਾਰਿਆ ਜਾ ਰਿਹਾ ਹੈ-ਝੂਠੇ ਕੇਸਾਂ ਵਿਚ ਫਸਾਇਆ ਜਾ ਰਿਹਾ ਹੈ ਅਤੇ ਇਥੋਂ ਤੱਕ ਕੇ ਉਨ੍ਹਾਂ ਨੂੰ ਕਤਲ ਕੀਤਾ ਜਾ ਰਿਹਾ ਹੈ। ਕੀ ਅਸੀਂ ਅਜਿਹੇ ਮਾਹੌਲ ਵਿਚ ਆਪਣੇ ਪਰਿਵਾਰਾਂ ਨੂੰ ਪੰਜਾਬ ਭੇਜ ਕੇ ਬੇਫਿਕਰ ਰਹਿ ਸਕਦੇ ਹਾਂ?

## ਕੀ?

ਆਓ, ਪੰਜਾਬ ਨੂੰ ਬਚਾਈਏ। ਆ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਕਾਂਗਰਸ ਪਾਰਟੀ ਨੂੰ ਜਿਤਾਈਏ ਅਤੇ ਪੰਜਾਬ ਨੂੰ ਤਰੱਕੀ ਦੇ ਰਾਹ ਉਤੇ ਨਵੇਂ ਸਿਰਿਓਂ ਪਾਈਏ। ਉਨ੍ਹਾਂ ਕੋਲ ਪੰਜਾਬ ਲਈ ਦਿਭ-ਦ੍ਰਿਸ਼ਟੀ ਹੈ, ਗੱਲ ਕਹਿਣ ਦੀ ਦਲੇਰੀ ਹੈ ਅਤੇ ਦੂਰ-ਦ੍ਰਿਸ਼ਟੀ ਹੈ। ਕੈਪਟਨ ਸਾਹਿਬ ਨੇ ਵਾਅਦਾ ਕੀਤਾ ਹੈ ਕਿ ਪਰਵਾਸੀ ਮਸਲੇ ਉਹ ਪਹਿਲ ਦੇ ਆਧਾਰ ਉਤੇ ਸਰਬਪੱਖੀ ਪਹੁੰਚ ਨਾਲ ਹੱਲ ਕਰਨਗੇ।

ਇਹ ਨਾ ਸੋਚੋ ਕਿ ਤੁਹਾਡੀ ਮਦਦ ਦਾ ਕੋਈ ਅਸਰ ਨਹੀਂ ਪਵੇਗਾ। ਸਾਲ 2007 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਘੱਟੋ ਘੱਟ 15 ਸੀਟਾਂ ਅਜਿਹੀਆਂ ਸਨ ਜਿਥੇ ਔਸਤਨ 950 ਵੋਟਾਂ ਤੋਂ ਵੀ ਘੱਟ ਫਰਕ ਨਾਲ ਜਿੱਤ ਹਾਰ ਦਾ ਫੈਸਲਾ ਹੋਇਆ। ਚੇਤੇ ਰੱਖੋ, ਹਰ ਵੋਟ ਦੀ ਕੀਮਤ ਹੈ।

ਪਰਵਾਸੀ ਪੰਜਾਬੀ ਜਰਾ ਕੁ ਸਰਗਰਮ ਹੋ ਕੇ ਪੰਜਾਬ ਦੇ ਬਹੁਤ ਸਾਰੇ ਵਿਧਾਨ ਸਭਾ ਹਲਕਿਆਂ ਵਿਚ ਕੁਝ ਹਜ਼ਾਰ ਵੋਟਾਂ ਦਾ ਫਰਕ ਪਾ ਕੇ ਪੰਜਾਬ ਚੋਣਾਂ ਵਿਚ ਵੱਡਾ ਅਸਰ ਪਾ ਸਕਦੇ ਹਨ। ਐਨ ਆਰ ਆਈ ਕੌਂਸਲ (ਯੂ ਐਸ ਏ) ਦੇ ਮੈਂਬਰ ਬਣੋ, ਪੰਜਾਬ ਨੂੰ ਬਚਾਓ ਅਤੇ ਇਸ ਨੂੰ ਮੁੜ ਦੇਸ਼ ਦਾ ਅੱਵਲ ਨੰਬਰ ਸੂਬਾ ਬਣਾਓ।

## ਮਦਦ ਕਿਵੇਂ ਕੀਤੀ ਜਾਵੇ?

ਪੰਜਾਬ ਕਾਂਗਰਸ ਅਤੇ ਕੈਪਟਨ ਅਮਰਿੰਦਰ ਸਿੰਘ ਪ੍ਰਤੀ ਹਮਾਇਤ ਇਨ੍ਹਾਂ ਤਰੀਕਿਆਂ ‘ਚੋਂ ਕੋਈ ਵੀ ਅਪਨਾ ਕੇ ਰਜਿਸਟਰ ਕਰਵਾਓ।

ਵੈਬ ਸਾਈਟ: www.punjabnricouncilusa.com
ਈ-ਮੇਲ ਕਰੋ: info@punjabnricouncilusa.com
ਫੋਨ:847-557-0558
ਫੈਕਸ:847-350-6436